19-JAN-PAGE-1.qxd 1/18/2025 10:48 PM Page 1

ਐਤਵਾਰ, 19 ਜਨਵਰੀ, 2025
6 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 230

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 19 JANUARY, 2025 ਜਲੰਧਰ

| 'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6

## ਏਕਤਾ ਵੱਲ ਕਦਮ ਹੋਰ ਵਧੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕਿਸਾਨੀ ਮੰਗਾਂ ਨੂੰ ਲੈ ਕੇ ਪੰਜਾਬ-ਹਰਿਆਣਾ ਬਾਰਡਰ ਉੱਤੇ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਕਿਸਾਨੀ ਏਕਤਾ ਦੇ ਮੱਦੇਨਜ਼ਰ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਐੱਸ ਕੇ ਐੱਮ (ਗੈਰ ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚੇ ਵਿੱਚ ਸ਼ਾਮਲ ਤਿੰਨਾਂ ਧਿਰਾਂ ਦੀ ਸਾਂਝੀ ਮੀਟਿੰਗ ਸ਼ਨਿਚਰਵਾਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ। ਮੀਟਿੰਗ ਵਿੱਚ ਤਿੰਨਾਂ ਫੋਰਮਾਂ ਦੇ ਵੱਡੇ ਆਗੂ ਸੰਯੁਕਤ ਕਿਸਾਨ ਮੋਰਚਾ ਵੱਲੋਂ ਬਣਾਈ ਗਈ ਛੇ ਮੈਂਬਰੀ ਤਾਲਮੇਲ ਕਮੇਟੀ ਦੇ ਮੈਂਬਰ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ, ਕ੍ਰਿਸ਼ਨਾ ਪ੍ਰਸ਼ਾਦ ਕੇਰਲਾ, ਹਰਿੰਦਰ ਸਿੰਘ ਲੱਖੋਵਾਲ ਅਤੇ ਡਾਕਟਰ ਦਰਸ਼ਨਪਾਲ ਤੋਂ ਇਲਾਵਾ ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ੍ਹ, ਝੰਡਾ ਸਿੰਘ ਜੇਠੂਕੇ ਸ਼ਾਮਲ ਹੋਏ, ਜਦੋਂ ਕਿ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਵੱਲੋਂ ਸੁਖਜੀਤ ਸਿੰਘ ਹਰਦੋ ਝੰਡਾ, ਲਖਵਿੰਦਰ ਸਿੰਘ ਔਲਖ, ਗੁਰਿੰਦਰ ਸਿੰਘ ਭੰਗੂ ਅਤੇ ਕਿਸਾਨ-ਮਜ਼ਦੂਰ ਮੋਰਚੇ ਵੱਲੋਂ ਸਰਵਨ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਮਲਕੀਤ ਸਿੰਘ, ਮਨਜੀਤ ਸਿੰਘ ਰਾਏ, ਰਾਜੂ ਰਾਜਸਥਾਨ ਅਤੇ ਅਮਰਜੀਤ ਸਿੰਘ ਮੋਹੜੀ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਕਰਕੇ ਵਿਗੜ ਰਹੀ ਸਿਹਤ ਦੀ ਸਥਿਤੀ ਉੱਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਏਕਤਾ ਦੇ ਹਾਮੀ ਹੋਣ ਦਾ ਦਾਅਵਾ ਕੀਤਾ ਗਿਆ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ 20 ਜਨਵਰੀ ਨੂੰ ਦੇਸ਼ ਭਰ ਵਿੱਚ ਪਾਰਲੀਮੈਂਟ ਮੈਂਬਰਾਂ ਨੂੰ ਮੰਗ ਪੱਤਰ ਦੇਣ ਅਤੇ 26 ਜਨਵਰੀ ਨੂੰ ਦੋਨਾਂ ਮੋਰਚਿਆਂ ਵੱਲੋਂ ਟਰੈਕਟਰ ਮਾਰਚ ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਮੀਟਿੰਗ ਉਪਰੰਤ ਦੋਵਾਂ ਧੜਿਆਂ ਵੱਲੋਂ ਵੱਖੋ ਵੱਖਰੀਆਂ ਪ੍ਰੈੱਸ ਕਾਨਫਰੰਸਾਂ ਕੀਤੀਆਂ ਗਈਆਂ।





ਦੋਵਾਂ ਫੋਰਮਾਂ ਦੇ ਆਗੂ ਅੱਡ-ਅੱਡ ਪ੍ਰੈੱਸ ਕਾਨਫਰੰਸਾਂ ਨੂੰ ਸੰਬੋਧਨ ਕਰਦੇ ਹੋਏ।

ਮੀਟਿੰਗ ਵਿੱਚੋਂ ਬਾਹਰ ਆ ਕੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚੇ ਦੇ ਆਗੂਆਂ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ, ਲਖਵਿੰਦਰ ਸਿੰਘ ਔਲਖ ਅਤੇ ਗੁਰਵਿੰਦਰ ਸਿੰਘ ਭੰਗੂ ਨੇ ਕਿਹਾ ਕਿ ਮੋਰਚਾ ਏਕਤਾ ਦਾ ਹਾਮੀ ਹੈ ਅਤੇ ਉਸ ਨੇ ਏਕਤਾ ਲਈ ਸਾਰੇ ਦਰਵਾਜ਼ੇ ਖੁੱਲ੍ਹੇ ਰੱਖੇ ਹਨ ਪਰ ਕੁਝ ਕੁ ਮੰਗਾਂ ਉੱਤੇ ਵਿਚਾਰ-ਵਟਾਂਦਰੇ ਦੇ ਮਕਸਦ ਨਾਲ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਸਮਾਂ ਮੰਗਿਆ ਗਿਆ ਹੈ। ਉਹਨਾਂ ਦਾਅਵਾ ਕੀਤਾ ਕਿ ਦੋਵਾਂ ਮੋਰਚਿਆਂ ਦੇ ਆਗੂ ਘੱਟੋ-ਘੱਟ ਸਾਂਝੇ ਪ੍ਰੋਗਰਾਮ ਉੱਤੇ ਏਕਤਾ ਲਈ ਦ੍ਰਿੜ ਹਨ। ਦੂਜੇ ਪਾਸੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ ਅਤੇ ਕ੍ਰਿਸ਼ਨਾ ਪ੍ਰਸ਼ਾਦ ਕੇਰਲਾ ਨੇ ਕਿਹਾ ਕਿ ਦੋਵੇਂ ਮੋਰਚੇ ਏਕਤਾ ਲਈ ਵਚਨਬੱਧ ਹਨ। ਕੇਂਦਰ ਸਰਕਾਰ ਵੱਲੋਂ ਵਾਪਸ ਕੀਤੇ ਗਏ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਨਵੇਂ ਰੂਪ ਵਿੱਚ ਲਾਗੂ ਕਰਦਿਆਂ ਖੇਤੀਬਾੜੀ ਮੰਡੀਕਰਨ ਕਾਨੂੰਨ ਦਾ ਖਰੜਾ ਰਾਜ ਸਰਕਾਰਾਂ ਨੂੰ ਭੇਜ ਕੇ ਟੇਢੇ ਢੰਗ ਨਾਲ ਕਾਨੂੰਨਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਖਰੜੇ ਦੀ ਵਾਪਸੀ ਦੀ ਮੰਗ ਅਤੇ ਕਿਸਾਨ ਅੰਦੋਲਨ ਦੌਰਾਨ ਇਸ ਮੰਗ ਨੂੰ ਕਿਸਾਨੀ ਮੰਗਾਂ ਵਿੱਚ ਥਾਂ ਦਿੱਤੇ ਜਾਣ ਨੂੰ ਲੈ ਕੇ ਦੋਨੋਂ ਫੋਰਮਾਂ ਨੇ ਸਮਾਂ ਮੰਗਿਆ ਹੈ ਜਦੋਂ ਕਿ ਸੰਯੁਕਤ ਕਿਸਾਨ ਮੋਰਚਾ ਇਸ ਖੇਤੀ ਮੰਡੀਕਰਨ ਖਰੜੇ ਨੂੰ ਸਭ ਤੋਂ ਵੱਡਾ ਹਮਲਾ ਮੰਨਦਾ ਹੈ। ਇਸ ਤੋਂ ਇਲਾਵਾ ਦੋਨਾਂ ਫੋਰਮਾਂ ਵੱਲੋਂ ਉਠਾਏ ਗਏ ਕੁਝ ਹੋਰ ਮੁੱਦਿਆਂ ਉੱਤੇ ਸੰਯੁਕਤ ਕਿਸਾਨ ਮੋਰਚੇ ਦੀ 24 ਜਨਵਰੀ ਨੂੰ ਦਿੱਲੀ ਵਿਖੇ ਹੋ ਰਹੀ ਜਨਰਲ ਬਾਡੀ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਜਿਸ ਮਗਰੋਂ ਤਿੰਨਾਂ ਫੋਰਮਾਂ ਦੀ ਅਗਲੀ ਸਾਂਝੀ ਮੀਟਿੰਗ ਕਰਕੇ ਸੰਘਰਸ਼ ਦੀ ਰੂਪਰੇਖਾ ਦਾ ਐਲਾਨ ਕੀਤਾ ਜਾਵੇਗਾ। ਇਸ ਦੌਰਾਨ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਦਾਅਵਾ ਕੀਤਾ ਕਿ ਸੰਯੁਕਤ ਕਿਸਾਨ ਮੋਰਚਾ ਦਿੱਲੀ ਅੰਦੋਲਨ ਉਪਰੰਤ ਲਗਾਤਾਰ ਕਿਸਾਨ ਅੰਦੋਲਨ ਨੂੰ ਤਿੱਖਾ ਕਰ ਰਿਹਾ ਹੈ। ਹੁਣ ਤੱਕ ਦੇਸ਼ ਪੱਧਰੀ 25 ਦੇ ਕਰੀਬ ਪ੍ਰੋਗਰਾਮ ਕਰ ਚੁੱਕਿਆ ਹੈ ਅਤੇ ਅੱਗੋਂ ਵੀ ਕਿਸਾਨ ਅੰਦੋਲਨ ਤਹਿਤ ਤਿੱਖੇ ਪ੍ਰੋਗਰਾਮ ਕੀਤੇ ਜਾਣਗੇ।

## ਟਰੰਪ ਦੇ ਸਹੁੰ ਚੁੱਕ ਸਮਾਗਮ ਲਈ ਅੰਬਾਨੀ ਜੋੜੇ ਨੂੰ ਸੱਦਾ

**ਮੁੰਬਈ :** ਅਰਬਪਤੀ ਸਨਅਤਕਾਰ ਮੁਕੇਸ਼ ਅੰਬਾਨੀ ਤੇ ਉਨ੍ਹਾ ਦੀ ਪਤਨੀ ਨੀਤਾ ਅੰਬਾਨੀ ਸੋਮਵਾਰ ਰੋਨਾਲਡ ਟਰੰਪ ਵੱਲੋਂ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਦੇ ਗਵਾਹ ਬਣਨਗੇ। ਉਹ ਉੱਥੇ ਬੈਠਣਗੇ, ਜਿੱਥੇ ਟਰੰਪ ਦੇ ਮੰਤਰੀ ਤੇ ਹੋਰ ਉੱਘੇ ਮਹਿਮਾਨ ਬੈਠਣਗੇ। ਸਹੁੰ ਚੁੱਕ ਸਮਾਗਮ ਦੇ ਜਸ਼ਨ ਰਿਸੈਪਸ਼ਨ ਤੇ ਆਤਿਸ਼ਬਾਜ਼ੀ ਨਾਲ ਸ਼ਨਿੱਚਰਵਾਰ ਸ਼ੁਰੂ ਹੋ ਗਏ। ਅਮਰੀਕਾ ਰਵਾਨਾ ਹੋ ਚੁੱਕਾ ਅੰਬਾਨੀ ਜੋੜਾ ਟਰੰਪ ਵੱਲੋਂ ਸਹੁੰ ਚੁੱਕਣ ਤੋਂ ਪਹਿਲਾਂ ਦਿੱਤੇ ਜਾਣ ਵਾਲੇ ਕੈਂਡਲਲਾਈਟ ਡਿਨਰ 'ਚ ਵੀ ਸ਼ਿਰਕਤ ਕਰੇਗਾ। ਭਾਰਤ ਵੱਲੋਂ ਸਰਕਾਰੀ ਤੌਰ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਸਹੁੰ ਚੁੱਕ ਸਮਾਗਮ 'ਚ ਮੌਜੂਦ ਹੋਣਗੇ।



## ਹਾਦਸੇ 'ਚ ਜ਼ਖਮੀ ਕੋਠਾਗੁਰੂ ਦੇ ਪੰਜਵੇਂ ਕਿਸਾਨ ਦੀ ਮੌਤ

**ਭਗਤਾ ਭਾਈਕਾ :** ਚਾਰ ਜਨਵਰੀ ਨੂੰ ਟੋਹਾਣਾ ਵਿਖੇ ਮਹਾਂ ਕਿਸਾਨ ਪੰਚਾਇਤ ਵਿੱਚ ਸ਼ਾਮਲ ਹੋਣ ਜਾਂਦੇ ਸਮੇਂ ਬਰਨਾਲਾ ਵਿਖੇ ਵਾਪਰੇ ਬੱਸ ਹਾਦਸੇ ਦੌਰਾਨ ਜ਼ਖਮੀ ਹੋਏ ਪਿੰਡ ਕੋਠਾਗੁਰੂ ਦੇ ਬੀ ਕੇ ਯੂ ਏਕਤਾ ਉਗਰਾਹਾਂ ਦੇ ਸਰਗਰਮ ਨੌਜਵਾਨ ਕਿਸਾਨ ਕਰਮ ਸਿੰਘ ਟੇਲਰ ਦਾ ਇਲਾਜ ਦੌਰਾਨ ਡੀ ਐੱਮ ਸੀ ਹਸਪਤਾਲ ਲੁਧਿਆਣਾ 'ਚ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ 4 ਸਾਲ ਦਾ ਬੇਟਾ, 6 ਸਾਲ ਦੀ ਬੇਟੀ ਅਤੇ ਪਤਨੀ ਛੱਡ ਗਿਆ। ਹਾਦਸੇ ਵੇਲੇ ਇਸੇ ਪਿੰਡ ਦੀ ਬਲਵੀਰ ਕੌਰ ਪਤਨੀ ਬੰਤ ਸਿੰਘ, ਸਰਬਜੀਤ ਕੌਰ ਪਤਨੀ ਸੁੱਖਾ ਸਿੰਘ ਅਤੇ ਜਸਵੀਰ ਕੌਰ ਪਤਨੀ ਜੀਤ ਸਿੰਘ ਦੀ ਮੌਤ ਹੋ ਗਈ ਸੀ, ਜਦਕਿ 9 ਕਿਸਾਨ ਮਰਦ-ਔਰਤਾਂ ਨੂੰ ਏਮਜ਼ ਹਸਪਤਾਲ ਬਠਿੰਡਾ ਲਿਜਾਇਆ ਗਿਆ ਸੀ। ਇਨ੍ਹਾਂ ਵਿੱਚੋਂ ਯੂਨੀਅਨ ਦੇ ਸੀਨੀਅਰ ਆਗੂ ਬਸੰਤ ਸਿੰਘ ਕੋਠਾਗੁਰੂ ਦੀ 13 ਜਨਵਰੀ ਨੂੰ ਮੌਤ ਹੋ ਗਈ ਸੀ।



## ਸੈਫ਼ ਦਾ ਹਮਲਾਵਰ ਫੜਿਆ ?

**ਰਾਏਪੁਰ :** ਸੈਫ ਅਲੀ ਖਾਨ 'ਤੇ ਹਮਲੇ ਦੇ ਸੰਬੰਧ 'ਚ ਸ਼ਨਿੱਚਰਵਾਰ ਬਾਅਦ ਦੁਪਹਿਰ ਕਰੀਬ 1.30 ਵਜੇ ਦੁਰਗ ਸਟੇਸਨ 'ਤੇ ਮੁੰਬਈ ਤੋਂ ਹਾਵੜਾ ਜਾ ਰਹੀ ਗਿਆਨੇਸ਼ਵਰੀ ਐਕਸਪ੍ਰੈੱਸ ਸੁਪਰ ਫਾਸਟ ਤੋਂ ਇੱਕ ਸ਼ੱਕੀ ਵਿਅਕਤੀ ਨੂੰ ਹਿਰਾਸਤ 'ਚ ਲਿਆ ਗਿਆ। ਉਹ ਡੋਂਗਰਗੜ੍ਹ, ਜ਼ਿਲ੍ਹਾ ਰਾਜਨੰਦਗਾਓਂ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ।

## ਮਾਂ ਹੁੰਦੀ ਏ ਮਾਂ...







**ਇਸਤੰਬੁਲ :** ਤੁਰਕੀ ਦੀ ਰਾਜਧਾਨੀ ਇਸਤੰਬੁਲ 'ਚ ਮਾਂ ਦੇ ਮੋਹ ਦਾ ਦਿਲਟੁੰਬਵਾਂ ਨਜ਼ਾਰਾ ਦੇਖਣ ਵਿੱਚ ਆਇਆ, ਜਦੋਂ ਸੜਕ ਕੰਢੇ ਰਹਿਣ ਵਾਲੀ ਇੱਕ ਕੁੱਤੀ ਆਪਣੇ ਬਿਮਾਰ ਪਿੱਲੇ ਨੂੰ ਲੈ ਕੇ ਕਲੀਨਿਕ ਪੁੱਜੀ। ਯੱਖ ਠੰਢ ਤੇ ਮੀਂਹ ਵਿੱਚ ਜਦੋਂ ਉਹ ਪਿੱਲੇ ਨੂੰ ਆਪਣੇ ਮੂੰਹ ਨਾਲ ਚੁੱਕ ਕੇ ਕਲੀਨਿਕ ਦੇ ਦਰਵਾਜ਼ੇ 'ਤੇ ਪੁੱਜੀ ਤਾਂ ਵੈਟਰਨਰੀ ਟੈਕਨੀਸ਼ੀਅਨ ਅਮੀਰ ਨੇ ਸਭ ਤੋਂ ਪਹਿਲਾਂ ਉਸ ਨੂੰ ਦੇਖਿਆ ਤੇ ਮਹਿਸੂਸ ਕੀਤਾ ਕਿ ਮਾਮਲਾ ਗੰਭੀਰ ਹੈ। ਵੈਟਰਨੇਰੀਅਨ ਬਾਤੂਰਪ ਡੋਗਨ ਨੇ ਕਿਹਾ— ਕੁੱਤੀ ਨੇ ਬੱਚਾ ਦਰਵਾਜ਼ੇ ਮੂਹਰੇ ਡਰਾਪ ਕੀਤਾ ਤੇ ਅਮੀਰ ਉਸ ਨੂੰ ਤੁਰੰਤ ਅੰਦਰ ਲੈ ਆਇਆ। ਪਹਿਲਾਂ ਤਾਂ ਅਸੀਂ ਸੋਚਿਆ ਕਿ ਇਹ ਮਰ ਚੁੱਕਾ ਹੈ। ਪਿੱਲਾ ਬਰਫ ਵਾਂਗ ਜੰਮਿਆ ਪਿਆ ਸੀ। ਸਟੈਥੋਸਕੋਪ ਨਾਲ ਚੈੱਕ ਕੀਤਾ ਤਾਂ ਧੜਕਣ ਸੁਣਾਈ ਨਹੀਂ ਦਿੱਤੀ। ਸੂਈ ਚੋਭੀ ਤਾਂ ਪਤਾ ਲੱਗਾ ਕਿ ਦਿਲ ਧੜਕ ਰਿਹਾ ਹੈ। ਫਿਰ ਅਸੀਂ ਉਸ ਨੂੰ ਬਚਾਉਣ ਦੀ ਜੰਗ ਸ਼ੁਰੂ ਕਰ ਦਿੱਤੀ। ਤੁਰੰਤ ਐਡਰੇਨੈਲੀਨ ਦਾ ਟੀਕਾ ਲਾਇਆ ਤੇ ਹੇਅਰਡਰਾਇਰ ਨਾਲ ਉਸ ਨੂੰ ਸੇਕ ਦੇਣਾ ਸ਼ੁਰੂ ਕੀਤਾ। ਮਾਂ ਸਾਹ ਰੋਕ ਕੋਲ ਖੜ੍ਹੀ ਰਹੀ। ਇਲਾਜ ਕਾਮਯਾਬ ਰਿਹਾ ਤੇ ਉਹ ਬਚ ਗਿਆ। ਡੋਗਨ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇੱਕ ਬੰਦਾ ਇਸੇ ਕੁੱਤੀ ਦੇ ਇੱਕ ਹੋਰ ਪਿੱਲੇ ਨੂੰ ਲੈ ਕੇ ਕਲੀਨਿਕ ਆਇਆ ਸੀ। ਕੁੱਤੀ ਨੇ ਛੇ ਪਿੱਲੇ ਦਿੱਤੇ ਸਨ ਤੇ ਉਨ੍ਹਾਂ ਵਿੱਚੋਂ ਦੋ ਹੀ ਬਚੇ ਸਨ। ਦੋਨੋਂ ਠੀਕ ਹਨ।

## 2 ਨੌਜਵਾਨਾਂ ਦੀ ਮੌਤ, 3 ਗੰਭੀਰ ਜ਼ਖਮੀ

**ਪਟਿਆਲਾ. (ਰਾਜਿੰਦਰ ਸਿੰਘ ਥਿੰਦ) :** ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਪਾਤੜਾਂ ਕੋਲ ਪਿੰਡ ਦੁਗਾਲ ਕਲਾਂ ਨੇੜੇ ਸ਼ੁੱਕਰਵਾਰ ਦੇਰ ਰਾਤ ਵਰਨਾ ਕਾਰ ਡਿਵਾਈਡਰ ਨਾਲ ਟਕਰਾ ਕੇ ਪਲਟਣ ਕਾਰਨ 2 ਨੌਜਵਾਨਾਂ ਦੀ ਮੌਤ ਹੋ ਗਈ ਅਤੇ 3 ਜ਼ਖਮੀ ਹੋ ਗਏ। ਸੜਕ ਸੁਰੱਖਿਆ ਫੋਰਸ ਦੇ ਦਸਤੇ ਨੇ ਦੱਸਿਆ ਹੈ ਕਿ ਰਾਤ ਕਰੀਬ ਡੇਢ ਵਜੇ ਇਹ ਵਿਅਕਤੀ ਦਿੜ੍ਹਬੇ ਤੋਂ ਵਿਆਹ ਦੇਖ ਕੇ ਹਰਿਆਣਾ ਦੇ ਸ਼ਹਿਰ ਜਾਖਲ ਪਰਤ ਰਹੇ ਸਨ। ਅੰਸ਼ੁਲ ਗਰਗ (23) ਤੇ ਅਤੁਲ (27) ਦੀ ਮੌਤ ਹੋ ਗਈ, ਜਦੋਂ ਕਿ ਹਿਮਾਂਸ਼ੂ ਗਰਗ ਅਤੇ ਸਾਹਿਲ ਸਮੇਤ ਤਿੰਨ ਨੌਜਵਾਨਾਂ ਨੂੰ ਪਟਿਆਲਾ ਦੇ ਹਸਪਤਾਲ ਲਿਜਾਇਆ ਗਿਆ।



## ਬੱਸ-ਬਾਈਕ ਟੱਕਰ 'ਚ ਭਲਵਾਨ ਦੀ ਮੌਤ

**ਧਾਰੀਵਾਲ. (ਮਨਦੀਪ ਸਿੰਘ ਵਿੱਕੀ)**-ਸਕੂਲ ਬੱਸ ਅਤੇ ਮੋਟਰਸਾਈਕਲ ਦੀ ਟੱਕਰ 'ਚ ਗੰਭੀਰ ਜ਼ਖਮੀ ਹੋਏ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਵਿੱਚੋਂ ਇਕ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਮਲਜੀਤ ਸਿੰਘ (43) ਪੁੱਤਰ ਮਹਿੰਦਰ ਸਿੰਘ ਅਤੇ ਜ਼ਖਮੀ ਦੀ ਰਮੇਸ਼ ਕੁਮਾਰ ਪੁੱਤਰ ਕਰਤਾਰ ਚੰਦ ਵਾਸੀਆਨ ਬੱਬੇਹਾਲੀ ਵਜੋਂ ਹੋਈ ਹੈ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਇਕ ਛੋਟਾ ਬੇਟਾ ਛੱਡ ਗਿਆ। ਕਮਲਜੀਤ ਸਿੰਘ ਨਾਮਵਰ ਭਲਵਾਨ ਸੀ। ਉਸ ਦੇ ਭਰਾ ਰਮਨਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਕਮਲਜੀਤ ਸਿੰਘ ਤੇ ਉਸ ਦਾ ਦੋਸਤ ਰਮੇਸ਼ ਕੁਮਾਰ ਨਾਲ ਮੋਟਰਸਾਈਕਲ 'ਤੇ ਪਿੰਡ ਬੱਬੇਹਾਲੀ ਤੋਂ ਪਿੰਡ ਮਾਨ ਚੋਪੜਾ ਨੂੰ ਜਾਂਦੇ ਸਮੇਂ ਜਦੋਂ ਅਕਾਲ ਅਕੈਡਮੀ ਤਿੱਬੜ ਦੇ ਸਾਹਮਣੇ ਪੁੱਜੇ ਤਾਂ ਕਾਹਨੂੰਵਾਨ ਸਾਇਡ ਤੋਂ ਸਕੂਲ ਬੱਸ ਦੇ ਡਰਾਇਵਰ ਨੇ ਬੱਸ ਨੂੰ ਸਕੂਲ ਵੱਲ ਮੋੜ ਦਿੱਤਾ, ਜਿਸ ਕਰਕੇ ਮੋਟਰਸਾਈਕਲ ਬੱਸ ਦੇ ਅਗਲੇ ਪਾਸੇ ਜ਼ੋਰ ਨਾਲ ਜਾ ਵੱਜਾ। ਦੋਵਾਂ ਦੇ ਕਾਫੀ ਸੱਟਾਂ ਲੱਗੀਆਂ। ਇਨ੍ਹਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ ਗੁਰਦਾਸਪੁਰ ਵਿਖੇ ਦਾਖਲ ਕਰਵਾਇਆ ਗਿਆ। ਦੌਰਾਨੇ ਇਲਾਜ ਕਮਲਜੀਤ ਸਿੰਘ ਦੀ ਮੌਤ ਹੋ ਗਈ। ਥਾਣਾ ਤਿੱਬੜ ਨੇ ਸਕੂਲ ਬੱਸ ਦੇ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਇਧਰਲੇ 65 ਸਾਹਿਤਕਾਰ ਲਾਹੌਰ ਪੁੱਜੇ

**ਅੰਮ੍ਰਿਤਸਰ :** ਲਾਹੌਰ ਵਿਖੇ 19 ਤੋਂ 21 ਜਨਵਰੀ ਤੱਕ ਹੋਣ ਵਾਲੀ 34ਵੀਂ ਵਿਸ਼ਵ ਪੰਜਾਬੀ ਕਾਨਫਰੰਸ 'ਚ ਹਿੱਸਾ ਲੈਣ ਵਾਸਤੇ ਭਾਰਤ ਤੋਂ 65 ਮੈਂਬਰੀ ਵਫਦ ਸਨਿੱਚਰਵਾਰ ਵਾਹਗਾ-ਅਟਾਰੀ ਸਰਹੱਦ ਰਸਤੇ ਪਾਕਿਸਤਾਨ ਪੁੱਜ ਗਿਆ। ਇਹ ਵਫਦ ਪਾਕਿਸਤਾਨ ਦੇ ਸਾਬਕਾ ਵਜ਼ੀਰ ਫਖਰ ਜਮਾਨ ਦੇ ਸੱਦੇ ਉੱਪਰ ਗਿਆ ਹੈ। ਵਫਦ ਦੀ ਅਗਵਾਈ ਵਿਸ਼ਵ ਪੰਜਾਬੀ ਕਾਨਫਰੰਸ ਦੇ ਭਾਰਤੀ ਚੈਪਟਰ ਦੇ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ, ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਅਤੇ ਉੱਘੇ ਕਵੀ ਤੇ ਪੰਜਾਬੀ ਵਿਰਾਸਤ ਲੋਕ ਅਕਾਡਮੀ ਦੇ ਚੇਅਰਮੈਨ ਗੁਰਭਜਨ ਸਿੰਘ ਗਿੱਲ ਕਰ ਰਹੇ ਹਨ। ਇਸ ਵਾਰ ਕਾਨਫਰੰਸ ਸੂਫੀਇਜ਼ਮ ਬਾਰੇ ਹੋਵੇਗੀ। ਵਫਦ 'ਚ ਗੁਰਭਜਨ ਸਿੰਘ ਗਿੱਲ, ਸਹਿਜਪ੍ਰੀਤ ਸਿੰਘ ਮਾਂਗਟ, ਤ੍ਰੈਲੋਚਨ ਲੋਚੀ ਤੇ ਨਵਦੀਪ ਸਿੰਘ ਗਿੱਲ ਦੀਆਂ ਗੁਰਮੁਖੀ ਦੇ ਨਾਲ ਸ਼ਾਹਮੁਖੀ 'ਚ ਪ੍ਰਕਾਸ਼ਤ ਨਵੀਆਂ ਪੁਸਤਕਾਂ ਵੀ ਰਿਲੀਜ਼ ਹੋਣਗੀਆਂ। ਵਫਦ 'ਚ ਦਰਸ਼ਨ ਸਿੰਘ ਬੁੱਟਰ, ਡਾ. ਸੁਖਦੇਵ ਸਿਰਸਾ, ਕਾਹਨ ਸਿੰਘ ਪੰਨੂੰ, ਗੁਰਪ੍ਰੀਤ ਸਿੰਘ ਤੂਰ, ਜੰਗ ਬਹਾਦਰ ਗੋਇਲ, ਅੰਮ੍ਰਿਤ ਕੌਰ ਗਿੱਲ, ਪੰਮੀ ਬਾਈ, ਡੌਲੀ ਗੁਲੇਰੀਆ, ਸੁਨੀਤਾ ਧੀਰ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਹਨ। ਵਫਦ ਲਾਹੌਰ ਦੇ ਨਾਲ-ਨਾਲ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ, ਗੁਜਰਾਂਵਾਲਾ ਤੇ ਕਸੂਰ ਦਾ ਵੀ ਦੌਰਾ ਕਰੇਗਾ।



## ਕੇਜਰੀਵਾਲ ਦੀ ਕਾਰ 'ਤੇ ਪਥਰਾਅ

**ਨਵੀਂ ਦਿੱਲੀ :** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਕਾਰ 'ਤੇ ਸਨਿੱਚਰਵਾਰ ਉਨ੍ਹਾ ਦੇ ਨਵੀਂ ਦਿੱਲੀ ਹਲਕੇ 'ਚ ਇੱਟਾਂ-ਪੱਥਰ ਚੱਲਣ ਤੋਂ ਬਾਅਦ 'ਆਪ' ਨੇ ਕਿਹਾ ਕਿ ਪੰਜ ਫਰਵਰੀ ਨੂੰ ਹੋਣ ਵਾਲੀਆਂ ਅਸੈਂਬਲੀ ਚੋਣਾਂ ਵਿੱਚ ਹਾਰ ਨੂੰ ਦੇਖਦਿਆਂ ਭਾਜਪਾ ਨੇ ਕੇਜਰੀਵਾਲ ਦੀ ਜਾਨ ਲੈਣ ਦੀ ਸਾਜ਼ਿਸ਼ ਘੜੀ ਹੈ। ਇਸੇ ਦੌਰਾਨ ਕੇਜਰੀਵਾਲ ਦੇ ਮੁਕਾਬਲੇ ਖੜ੍ਹੇ ਭਾਜਪਾ ਉਮੀਦਵਾਰ ਪ੍ਰਵੇਸ਼ ਵਰਮਾ ਨੇ ਕਿਹਾ ਹੈ ਕਿ ਕੇਜਰੀਵਾਲ ਦੀ ਕਾਰ ਦੋ ਨੌਜਵਾਨਾਂ ਵਿੱਚ ਵੱਜੀ ਜਦੋਂ ਉਹ ਉਨ੍ਹਾ ਤੋਂ ਦਿੱਲੀ ਦੇ ਵਿਕਾਸ ਬਾਰੇ ਸਵਾਲ ਕਰ ਰਹੇ ਸਨ। ਦੋਹਾਂ ਨੌਜਵਾਨਾਂ ਨੂੰ ਲੇਡੀ ਹਾਰਡਿੰਗ ਹਸਪਤਾਲ ਲਿਜਾਣਾ ਪਿਆ।



## ਕੇਜਰੀਵਾਲ ਦਾ ਕਿਰਾਏਦਾਰਾਂ ਨਾਲ ਵਾਅਦਾ

**ਨਵੀਂ ਦਿੱਲੀ :** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਨਿੱਚਰਵਾਰ ਨੂੰ ਐਲਾਨ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ ਦੁਬਾਰਾ ਦਿੱਲੀ 'ਚ ਸੱਤਾ 'ਚ ਆਉਂਦੀ ਹੈ ਤਾਂ ਕਿਰਾਏਦਾਰਾਂ ਨੂੰ ਵੀ ਮੁਫਤ ਬਿਜਲੀ ਅਤੇ ਪਾਣੀ ਦਾ ਲਾਭ ਦੇਣ ਲਈ ਫੈਸਲਾਕੁੰਨ ਕਦਮ ਚੁੱਕੇਗੀ। ਉਨ੍ਹਾ ਪ੍ਰੈੱਸ ਕਾਨਫਰੰਸ 'ਚ ਕਿਹਾ-ਮੈਂ ਜਿੱਥੇ ਵੀ ਜਾਂਦਾ ਹਾਂ, ਕਿਰਾਏ 'ਤੇ ਰਹਿਣ ਵਾਲੇ ਲੋਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਚੰਗੇ ਸਕੂਲਾਂ ਅਤੇ ਹਸਪਤਾਲਾਂ ਦਾ ਲਾਭ ਮਿਲਦਾ ਹੈ, ਪਰ ਮੁਫਤ ਬਿਜਲੀ ਅਤੇ ਪਾਣੀ ਦੀਆਂ ਯੋਜਨਾਵਾਂ ਤੋਂ ਉਹ ਵਾਂਝੇ ਹਨ।

## ਟਰੇਨੀ ਡਾਕਟਰ ਦੇ ਜਬਰ-ਜ਼ਨਾਹ ਤੇ ਕਤਲ 'ਚ ਸੰਜੇ ਰਾਏ ਦੋਸ਼ੀ ਕਰਾਰ, ਪਰ ਅੰਦੋਲਨਕਾਰੀ ਡਾਕਟਰ ਫੈਸਲੇ ਤੋਂ ਸੰਤੁਸ਼ਟ ਨਹੀਂ

**ਕੋਲਕਾਤਾ :** ਸਥਾਨਕ ਸਰਕਾਰੀ ਆਰ ਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ 'ਚ 9 ਅਗਸਤ ਨੂੰ 31 ਸਾਲਾ ਟਰੇਨੀ ਡਾਕਟਰ ਨਾਲ ਜਬਰ-ਜ਼ਨਾਹ ਅਤੇ ਹੱਤਿਆ ਦੇ ਮਾਮਲੇ 'ਚ ਸਿਆਲਦਾਹ ਦੀ ਸਪੈਸ਼ਲ ਸੀ ਬੀ ਆਈ ਕੋਰਟ ਦੇ ਜੱਜ ਅਨਿਰਬਾਨ ਦਾਸ ਨੇ ਸ਼ਨਿੱਚਰਵਾਰ ਸੰਜੇ ਰਾਏ ਨੂੰ ਦੋਸ਼ੀ ਕਰਾਰ ਦਿੱਤਾ। ਸਜ਼ਾ 20 ਜਨਵਰੀ ਨੂੰ ਸੁਣਾਈ ਜਾਵੇਗੀ। 13 ਅਗਸਤ ਨੂੰ ਕੋਲਕਾਤਾ ਪੁਲਸ ਤੋਂ ਕੇਸ ਲੈਣ ਤੋਂ ਬਾਅਦ ਸੀ ਬੀ ਆਈ ਨੇ 120 ਤੋਂ ਵੱਧ ਗਵਾਹਾਂ ਦੇ ਬਿਆਨ ਲੈ ਕੇ ਚਾਰਜਸ਼ੀਟ ਪੇਸ਼ ਕੀਤੀ ਸੀ। ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਰਾਏ ਨੇ ਕੋਰਟ 'ਚ ਉੱਚੀ ਅਵਾਜ਼ 'ਚ ਚੀਕ ਕੇ ਕਿਹਾ ਕਿ ਉਹ ਦੋਸ਼ੀ ਨਹੀਂ ਹੈ।

ਇਸ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਵੱਡਾ ਅੰਦੋਲਨ ਕਰਨ ਵਾਲੇ ਜੂਨੀਅਰ ਡਾਕਟਰ ਕੋਰਟ ਦੇ ਬਾਹਰ ਮੌਜੂਦ ਸਨ। ਉਨ੍ਹਾ ਕਿਹਾ ਕਿ ਉਹ ਫੈਸਲੇ ਤੋਂ ਸੰਤੁਸ਼ਟ ਨਹੀਂ। ਉਨ੍ਹਾਂ ਕਿਹਾ ਕਿ ਸੀ ਬੀ ਆਈ ਨੇ ਕਈ ਸਵਾਲਾਂ ਨੂੰ ਹੱਲ ਨਹੀਂ ਕੀਤਾ। ਅੰਦੋਲਨਕਾਰੀ ਜੂਨੀਅਰ ਡਾਕਟਰਾਂ ਦੇ ਆਗੂ ਡਾ. ਅਨਿਕੇਤ ਮਹਾਤੋ ਨੇ ਕਿਹਾ—ਅਸੀਂ ਪਹਿਲੇ ਦਿਨ ਤੋਂ ਕਹਿੰਦੇ ਆਏ ਹਾਂ ਕਿ ਅਪਰਾਧ ਵਿੱਚ ਸਿਰਫ ਇੱਕ ਬੰਦਾ ਹੀ ਸ਼ਾਮਲ ਨਹੀਂ। ਅਸੀਂ ਮੰਨ ਲੈਂਦੇ ਹਾਂ ਕਿ ਰਾਏ ਮੁੱਖ ਮੁਲਜ਼ਮ ਸੀ, ਪਰ ਇਹ ਕਾਰਾ ਉਹ ਇਕੱਲਾ ਨਹੀਂ ਕਰ ਸਕਦਾ ਸੀ। ਸੀ ਬੀ ਆਈ ਨੇ ਆਪਣੀ ਮੁਢਲੀ ਚਾਰਜਸ਼ੀਟ ਵਿੱਚ ਕਿਹਾ ਸੀ ਕਿ ਸਬੂਤਾਂ ਨਾਲ ਛੇੜਛਾੜ ਕੀਤੀ ਗਈ। ਦੱਸਿਆ ਜਾਵੇ ਕਿ ਉਸ ਦਾ ਕੀ ਹੋਇਆ ? ਕੀ ਕਾਲਜ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ ਦੁੱਧ ਧੋਤਾ ਨਿਕਲਿਆ ਹੈ ? ਜ਼ਿਮਨੀ ਚਾਰਜਸ਼ੀਟ ਕਿਉਂ ਨਹੀਂ ਦਾਖਲ ਕੀਤੀ ਗਈ। ਕਦੋਂ ਦਾਖਲ ਕੀਤੀ ਜਾਵੇਗੀ ? ਰਾਏ ਤੋਂ ਇਲਾਵਾ ਇਸ ਘਿਨਾਉਣੇ ਕਾਰੇ ਵਿੱਚ ਹੋਰ ਕੌਣ ਸ਼ਾਮਲ ਸਨ ? ਅਸੀਂ ਜਾਣਨਾ ਚਾਹੁੰਦੇ ਹਾਂ।



## ਹੋਣਹਾਰ ਖੋਜਾਰਥਣ ਪ੍ਰੋਫ਼ੈਸਰ ਜਸਵੰਤ ਕੌਰ ਮਣੀ ਦਾ ਦੇਹਾਂਤ

**ਬਠਿੰਡਾ :** ਪੰਜਾਬੀ ਯੂਨੀਵਰਸਿਟੀ ਦੀ ਹੋਣਹਾਰ ਖੋਜਾਰਥਣ ਜਸਵੰਤ ਕੌਰ ਮਣੀ (33) ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਗੁਰਤੇਜ ਸਿੰਘ ਦੀ ਧੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ 'ਚ ਉੱਚ ਸਿੱਖਿਆ ਪ੍ਰਾਪਤ ਕੀਤੀ ਸੀ ਤੇ ਹੁਣੇ-ਹੁਣੇ ਚੰਡੀਗੜ੍ਹ ਦੇ ਸਿੱਖਿਆ ਵਿਭਾਗ 'ਚ ਬਤੌਰ ਲੈਕਚਰਾਰ ਚੁਣੀ ਗਈ ਸੀ ਅਤੇ ਉਸ ਨੇ ਆਪਣੀ ਡਿਊਟੀ 'ਤੇ ਜਲਦੀ ਹੀ ਹਾਜ਼ਰ ਹੋਣਾ ਸੀ। ਉਸ ਦੇ ਖੋਜ ਭਰਪੂਰ ਤੇ ਮੁੱਲਵਾਨ ਮਜ਼ਮੂਨ ਅਤੇ ਹੋਰ ਲਿਖਤਾਂ ਪੰਜਾਬੀ ਦੀਆਂ ਪ੍ਰਸਿੱਧ ਅਖਬਾਰਾਂ-ਰਸਾਲਿਆਂ 'ਚ ਅਕਸਰ ਛਪਦੀਆਂ ਰਹਿੰਦੀਆਂ ਸਨ। ਪੱਤਰਕਾਰ ਅੰਗਰੇਜ਼ ਸਿੰਘ ਵਿੱਕੀ ਦੀ ਭਤੀਜੀ ਮਣੀ ਨਮਿਤ ਅੰਤਮ ਅਰਦਾਸ ਪਿੰਡ ਕੋਟਗੁਰੂ (ਬਠਿੰਡਾ) ਵਿਖੇ 21 ਜਨਵਰੀ ਨੂੰ ਸਵੇਰੇ 10 ਤੋਂ ਬਾਅਦ ਦੁਪਹਿਰ 1 ਵਜੇ ਵਿਚਕਾਰ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।



## ਅੱਜ-ਨਾਮਾ

ਏਕਾ ਹੋਇਆ ਕਿਸਾਨਾਂ ਦਾ ਫੇਰ ਸੁਣਿਆ,
ਲੱਗੇ ਆ ਸਾਂਝ ਸੰਘਰਸ਼ ਦੀ ਕਰਨ ਬੇਲੀ।
ਜਿਹੜੇ ਮੁੱਦੇ ਸਰਕਾਰ ਕੁਝ ਗੌਲਦੀ ਨਹੀਂ,
ਲੱਗੇ ਫਿਰ ਮੂਹਰੇ ਸਮਾਜ ਦੇ ਧਰਨ ਬੇਲੀ।
ਸੁਣਿਆ ਜਾਂਦਾ ਕਿ ਦਿੱਲੀ ਵੀ ਜਾਣਗੇ ਈ,
ਜਾਵਣ ਬਾਝ ਨਹੀਂ ਲੱਗਾ ਹੈ ਸਰਨ ਬੇਲੀ।
ਨਹੀਂ ਇਹ ਮੁੱਦੇ ਸਿਆਸਤ ਦੇ ਨਾਲ ਬੱਝੇ,
ਕਿਸਾਨੀ ਲਈ ਹੈ ਜੀਵਣ ਤੇ ਮਰਨ ਬੇਲੀ।
ਮੰਨੀਆਂ ਮੰਗਾਂ ਸੀ ਮੋਦੀ ਨੇ ਆਪ ਪਹਿਲਾਂ,
ਫਿਰ ਉਸ ਲਾਗੂ ਨਾ ਕੋਈ ਹੈ ਕਰੀ ਬੇਲੀ।
ਲੜਿਆ ਡਾਢਾ ਸੰਘਰਸ਼ ਉਹ ਬੜਾ ਲੋਕਾਂ,
ਉਹ ਹੀ ਪੀੜ ਫਿਰ ਹੋਈ ਆ ਹਰੀ ਬੇਲੀ।

-ਤੀਸ ਮਾਰ ਖਾਂ

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਪੋਲਿੰਗ ਅੱਜ



ਦੀਦਾਰ ਸਿੰਘ ਨਲਵੀ | ਜਗਦੀਸ਼ ਸਿੰਘ ਝੀਂਡਾ | ਬਲਦੇਵ ਸਿੰਘ ਕਿਆਮਪੁਰੀ | ਬਲਜੀਤ ਸਿੰਘ ਦਾਦੂਵਾਲ

**ਚੰਡੀਗੜ੍ਹ :** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ ਐੱਸ ਜੀ ਪੀ ਸੀ) ਦੀ 19 ਜਨਵਰੀ ਨੂੰ ਹੋ ਰਹੀ ਚੋਣ 'ਚ ਸੂਬੇ ਦੇ 22 ਜ਼ਿਲ੍ਹਿਆਂ ਦੇ 40 ਵਾਰਡਾਂ ਦੇ 4 ਲੱਖ ਸਿੱਖ ਵੋਟਰ 164 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਰਾਜ ਗੁਰਦੁਆਰਾ ਚੋਣ ਕਮਿਸ਼ਨ ਨੇ ਕਿਸੇ ਵੀ ਸਿਆਸੀ ਪਾਰਟੀ ਨੂੰ ਚੋਣਾਂ ਲੜਨ ਦੀ ਇਜਾਜ਼ਤ ਨਹੀਂ ਦਿੱਤੀ ਹੈ। ਇਸ ਲਈ ਚਾਰ ਪ੍ਰਮੁੱਖ ਟਕਸਾਲੀ ਦਲਾਂ ਵੱਲੋਂ ਵੱਖ-ਵੱਖ ਨਾਵਾਂ ਨਾਲ ਜਥੇਬੰਦੀਆਂ ਬਣਾ ਕੇ ਚੋਣਾਂ ਲੜੀਆਂ ਜਾ ਰਹੀਆਂ ਹਨ।

2013-14 ਤੋਂ ਬਾਅਦ ਪਹਿਲੀ ਵਾਰ ਐੱਚ ਐੱਸ ਜੀ ਪੀ ਸੀ ਚੋਣਾਂ ਹੋਣ ਜਾ ਰਹੀਆਂ ਹਨ। ਚੋਣਾਂ 'ਚ ਚਾਰ ਪ੍ਰਮੁੱਖ ਸਿੱਖ ਆਗੂਆਂ ਬਲਜੀਤ ਸਿੰਘ ਦਾਦੂਵਾਲ, ਜਗਦੀਸ਼ ਸਿੰਘ ਝੀਂਡਾ, ਬਲਦੇਵ ਸਿੰਘ ਕਿਆਮਪੁਰੀ ਅਤੇ ਦੀਦਾਰ ਸਿੰਘ ਨਲਵੀ ਦੇ ਧੜਿਆਂ ਦਾ ਵੱਕਾਰ ਦਾਅ 'ਤੇ ਹੈ। ਦਾਦੂਵਾਲ ਦੀ ਟੀਮ ਸ਼੍ਰੋਮਣੀ ਅਕਾਲੀ ਦਲ (ਹਰਿਆਣਾ) ਆਜ਼ਾਦ ਦੇ ਬੈਨਰ ਹੇਠ ਚੋਣ ਲੜ ਰਹੀ ਹੈ, ਜਦੋਂ ਕਿ ਝੀਂਡਾ ਨੇ ਪੰਥਕ ਦਲ (ਝੀਂਡਾ), ਕਿਆਮਪੁਰੀ ਹਰਿਆਣਾ ਸਿੱਖ ਪੰਥਕ ਦਲ ਤੇ ਦੀਦਾਰ ਸਿੰਘ ਨਲਵੀ ਸਿੱਖ ਸਮਾਜ ਸੰਗਠਨ ਦੇ ਬੈਨਰ ਹੇਠ ਚੋਣ ਲੜ ਰਹੇ ਹਨ। ਦਾਦੂਵਾਲ ਗਰੁੱਪ ਨੂੰ ਭਾਜਪਾ ਸਰਕਾਰ ਦਾ ਸਮਰਥਨ ਦੱਸਿਆ ਜਾਂਦਾ ਹੈ, ਜਦਕਿ ਝੀਂਡਾ ਨੂੰ ਸ਼ੁਰੂ 'ਚ ਕਾਂਗਰਸ ਦੀ ਹਮਾਇਤ ਹਾਸਲ ਸੀ। ਨਲਵੀ ਭਾਜਪਾ ਅਤੇ ਕਾਂਗਰਸ ਦੋਵਾਂ ਦੇ ਨੇੜੇ ਮੰਨੇ ਜਾਂਦੇ ਹਨ। ਇਸ ਦੇ ਬਾਵਜੂਦ ਸੂਬੇ ਦੀ ਸਿੱਖ ਸੰਗਤ ਨੇ ਇਨ੍ਹਾਂ ਧੜਿਆਂ ਤੋਂ ਇਲਾਵਾ ਆਪਣੀ ਪਸੰਦ ਦੇ ਉਮੀਦਵਾਰ ਖੜ੍ਹੇ ਕੀਤੇ ਹਨ, ਜੋ ਬਿਨਾਂ ਕਿਸੇ ਬੈਨਰ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

ਨਵੇਂ ਚੁਣੇ 40 ਮੈਂਬਰ ਪ੍ਰਧਾਨ, ਜਨਰਲ ਸਕੱਤਰ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨਗੇ। ਇਨ੍ਹਾਂ ਮੈਂਬਰਾਂ ਵੱਲੋਂ ਨੌਂ ਮੈਂਬਰ ਨਾਮਜ਼ਦ ਕੀਤੇ ਜਾਣਗੇ, ਜਿਨ੍ਹਾਂ 'ਚ ਦੋ ਬੀ ਸੀ, ਦੋ ਐੱਸ ਸੀ, ਦੋ ਔਰਤਾਂ ਅਤੇ ਤਿੰਨ ਜਨਰਲ ਮੈਂਬਰ ਸ਼ਾਮਲ ਹੋਣਗੇ।

## ਆਈ ਜੀ ਜ਼ੈਦੀ ਤੇ 7 ਹੋਰ ਪੁਲਸਕਰਮੀ ਦੋਸ਼ੀ ਕਰਾਰ

**ਚੰਡੀਗੜ੍ਹ :** ਸੀ ਬੀ ਆਈ ਕੋਰਟ ਨੇ ਸ਼ਨਿੱਚਰਵਾਰ ਹਿਮਾਚਲ ਦੇ ਕੋਟਖਾਈ 'ਚ 2017 ਵਿੱਚ ਸਕੂਲੀ ਵਿਦਿਆਰਥਣ ਦੇ ਗੈਂਗਰੇਪ ਤੇ ਕਤਲ ਦੇ ਸੰਬੰਧ 'ਚ ਫੜੇ ਮੁਲਜ਼ਮ ਦੀ ਪੁਲਸ ਹਿਰਾਸਤ 'ਚ ਮੌਤ ਹੋਣ ਦੇ ਮਾਮਲੇ ਵਿੱਚ ਆਈ ਜੀ ਜ਼ਹੂਰ ਹੈਦਰ ਜ਼ੈਦੀ ਤੇ 7 ਹੋਰਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਹੋਰਨਾਂ ਵਿੱਚ ਵੇਲੇ ਦੇ ਡੀ ਐੱਸ ਪੀ ਮਨੋਜ ਜੋਸ਼ੀ, ਐੱਸ ਆਈ ਰਜਿੰਦਰ ਸਿੰਘ, ਏ ਐੱਸ ਆਈ ਦੀਪ ਚੰਦ ਸ਼ਰਮਾ, ਐੱਚ ਐੱਚ ਸੀ ਮੋਹਨ ਲਾਲ, ਐੱਚ ਐੱਚ ਸੀ ਸੂਰਤ ਸਿੰਘ, ਐੱਚ ਸੀ ਰਫੀ ਮੁਹੰਮਦ ਤੇ ਕਾਂਸਟੇਬਲ ਰਨੀਤ ਸਟੇਟਾ ਸ਼ਾਮਲ ਹਨ। ਕੋਰਟ ਨੇ ਸਾਬਕਾ ਐੱਸ ਪੀ ਡੀ ਡਬਲਿਊ ਨੇਗੀ ਨੂੰ ਬਰੀ ਕਰ ਦਿੱਤਾ। ਕੋਰਟ ਸਜ਼ਾ 27 ਜਨਵਰੀ ਨੂੰ ਸੁਣਾਏਗੀ। 16 ਸਾਲਾ ਕੁੜੀ ਚਾਰ ਜੁਲਾਈ 2017 ਨੂੰ ਲਾਪਤਾ ਹੋ ਗਈ ਸੀ ਤੇ ਉਸਦੀ ਲਾਸ਼ ਦੋ ਦਿਨਾਂ ਬਾਅਦ ਜੰਗਲ 'ਚ ਮਿਲੀ ਸੀ। ਪੋਸਟਮਾਰਟਮ ਵਿੱਚ ਰੇਪ ਤੇ ਕਤਲ ਦੀ ਪੁਸ਼ਟੀ ਹੋਈ ਸੀ। ਜ਼ੋਰਦਾਰ ਗੁੱਸੇ ਦਰਮਿਆਨ ਜ਼ੈਦੀ ਦੀ ਅਗਵਾਈ ਵਿੱਚ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਟੀਮ ਨੇ ਛੇ ਵਿਅਕਤੀ ਫੜੇ ਸਨ। ਇਨ੍ਹਾਂ ਵਿੱਚੋਂ ਇੱਕ ਸੂਰਜ ਦੀ 8 ਜੁਲਾਈ ਦੀ ਰਾਤ ਕੋਟਖਾਈ ਥਾਣੇ 'ਚ ਮੌਤ ਹੋਣ 'ਤੇ ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਦੋਹਾਂ ਮਾਮਲਿਆਂ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਸੀ ਬੀ ਆਈ ਨੇ 22 ਜੁਲਾਈ ਨੂੰ ਕੇਸ ਦਰਜ ਕਰਨ ਤੋਂ ਬਾਅਦ ਜ਼ੈਦੀ ਤੇ ਹੋਰਨਾਂ ਪੁਲਸਕਰਮੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਸੀ ਬੀ ਆਈ ਦੇ ਵਕੀਲ ਨੇ ਕੋਰਟ ਨੂੰ ਦੱਸਿਆ ਸੀ ਕਿ ਸੂਰਜ ਦੀ ਮੌਤ ਜੁਰਮ ਕਬੂਲ ਕਰਾਉਣ ਲਈ ਦਿੱਤੇ ਤਸੀਹਿਆਂ ਕਾਰਨ ਹੋਈ। ਸੁਪਰੀਮ ਕੋਰਟ ਨੇ 2019 ਵਿੱਚ ਹਿਰਾਸਤੀ ਮੌਤ ਦਾ ਮਾਮਲਾ ਸ਼ਿਮਲਾ ਤੋਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਸੀ। ਸੀ ਬੀ ਆਈ ਨੇ ਕੋਰਟ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਡੀ ਜੀ ਪੀ ਨੂੰ ਗਲਤ ਰਿਪੋਰਟ ਦਿੱਤੀ ਸੀ ਕਿ ਸੂਰਜ ਨੂੰ ਹਿਰਾਸਤ ਦੌਰਾਨ ਰਜਿੰਦਰ ਉਰਫ ਰਾਜੂ ਨੂੰ ਮਾਰਿਆ ਸੀ।



# ਪਬਲਿਕ ਸਕੂਲ/ਕਾਲਜ ਦਾ ਸੱਭਿਆਚਾਰਕ ਸਮਾਗਮ ਯਾਦਗਾਰੀ ਹੋ ਨਿੱਬੜਿਆ

## * ਸਰੱਬਤ ਦਾ ਭਲਾ ਟਰੱਸਟ ਵੱਲੋਂ ਦੋ ਲੱਖ ਦੀ ਵਿੱਤੀ ਸਹਾਇਤਾ ਦਾ ਐਲਾਨ



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ/ ਨਿਸ਼ਾਨ ਸਿੰਘ ਬਣਵਾਲਾ ) ਪ੍ਰਸਿੱਧ ਸਮਾਜ ਸੇਵੀ ਸਵਰਗੀ ਕਾਮਰੇਡ ਹਰਪਾਲ ਸਿੰਘ ਘੱਗਾ ਵੱਲੋਂ ਵਰਸੋਈ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਕਾਲਜ (ਟਰਸੱਟ) ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਅਤੇ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪ੍ਰਸਿੱਧ ਸਮਾਜ ਸੇਵੀ ਐਸ ਪੀ ਐਸ ਓਬਰਾਏ ਵੱਲੋਂ ਚਲਾਏ ਜਾ ਰਹੇ ਸਰਬੱਤ ਦਾ ਭਲਾ ਟਰੱਸਟ ਦੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਨੇ ਸ਼ਿਰਕਤ ਕੀਤੀ। ਜਦੋਂ ਕਿ ਵਿਸ਼ੇਸ਼ ਮਹਿਮਾਨਾਂ ਵਜੋਂ ਏਟਕ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਸੇਵਾ ਮੁਕਤ ਐਸਪੀ ਪੰਜਾਬ ਪੁਲਿਸ ਸੁਖਦੇਵ ਸਿੰਘ ਵਿਰਕ ਸ਼ਾਮਲ ਹੋਏ। ਸਮਾਗਮ ਦੌਰਾਨ ਚਾਲੂ ਵਿਦਿਅਕ ਸੈਸ਼ਨ ਦੌਰਾਨ ਪੜ੍ਹਾਈ ਖੇਡਾਂ ਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸੱਭਿਆਚਾਰਕ ਸਮਾਗਮ ਦੀ ਸ਼ੁਰੂਆਤ ਕਾਲਜ ਵਿਦਿਆਰਥਣਾਂ ਵੱਲੋਂ ਧਾਰਮਿਕ ਸ਼ਬਦ ਨਾਲ ਕੀਤੀ ਗਈ, ਜਿਸ ਮਗਰੋਂ ਰਾਸ਼ਟਰੀ ਗਾਇਨ ਉਪਰੰਤ ਨਾਟਕ ਗੀਤ ਕਵਿਤਾਵਾਂ ਸੋਲੋ ਗੀਤ ਅਤੇ ਕੋਰਿਓਗ੍ਰਾਫੀਆਂ ਦੀ ਸਫਲ ਪੇਸ਼ਕਾਰੀ ਕੀਤੀ ਗਈ। ਵਿਦਿਆਰਥਣ ਵੱਲੋਂ ਪੇਸ਼ ਕੀਤੀਆਂ ਗਈਆਂ ਇਹਨਾਂ ਸੱਭਿਆਚਾਰਕ ਵੰਨਗੀਆਂ ਰਾਹੀਂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਉੱਤੇ ਤਿੱਖੀਆਂ ਚੋਟਾਂ ਕਰਨ ਦੇ ਨਾਲ-ਨਾਲ ਮੌਜੂਦਾ ਸਮੇਂ ਵਿੱਚ ਪੇਸ਼ ਚੁਣੌਤੀਆਂ ਸਬੰਧੀ ਵਿਚਾਰ ਪੇਸ਼ ਕੀਤੇ ਗਏ। ਅਖੀਰ ਵਿੱਚ ਮੁਟਿਆਰਾਂ ਦਾ ਗਿੱਦਾ ਅਤੇ ਭੰਗੜਾ ਸਮਾਗਮ ਦੀ ਸ਼ਾਨ ਹੋਰ ਨਿਬੜੇ। ਮੁੱਖ ਮਹਿਮਾਨ ਜੱਸਾ ਸਿੰਘ ਸੰਧੂ ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਸਬੰਧੀ ਜਾਣਕਾਰੀ ਦਿੰਦਿਆਂ ਪਬਲਿਕ ਐਜੂਕੇਸ਼ਨ ਟਰੱਸਟ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਸ਼ਲਾਘਾ ਕਰਦਿਆਂ ਲੋੜਵੰਦ ਵਿਦਿਆਰਥੀਆਂ ਟਰੱਸਟ ਵੱਲੋਂ 2 ਲੱਖ ਅੱਠ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ। ਟਰੱਸਟ ਦੇ ਪ੍ਰਧਾਨ ਕੀਮਤ ਰਾਏ ਸਿੰਗਲਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਪ੍ਰਿੰਸੀਪਲ ਗੁਰਵਿੰਦਰ ਕੌਰ ਸੰਧੂ ਨੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕਰਦਿਆਂ ਪਿਛਲੇ ਸਮੇਂ ਵਿੱਚ ਹਾਸਲ ਕੀਤੀਆਂ ਉਪਲੱਬਧੀਆਂ ਦੇ ਨਾਲ ਨਾਲ ਅਗਲੇ ਸਮੇਂ ਲਈ ਮਿੱਥੇ ਗਏ ਟੀਚੀਆਂ ਸਬੰਧੀ ਜਾਣਕਾਰੀ ਦਿੱਤੀ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰੋਫੈਸਰ ਜੋਗਾ ਸਿੰਘ, ਸੇਵਾ ਮੁਕਤ ਪ੍ਰੋਫੈਸਰ ਬਲਵੀਰ ਸਿੰਘ ਬੱਲੀ, ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ੍ਹ, ਤਰਸੇਮ ਚੰਦ ਬਾਂਸਲ, ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ, ਸਾਬਕਾ ਪ੍ਰਧਾਨ ਨਰਿੰਦਰ ਸਿੰਗਲਾ, ਸੀਨੀਅਰ ਕਾਂਗਰਸੀ ਆਗੂ ਚਿਮਨ ਲਾਲ ਕਲਵਾਣੂ, ਗੁਰਬਚਨ ਸਿੰਘ ਮਾਨ, ਟਰੱਸਟੀ ਕੇਵਲ ਸ਼ਰਮਾ, ਪਵਿੱਤਰ ਸਿੰਘ ਘੱਗਾ, ਸੰਤੋਸ਼ ਕੁਮਾਰ ਸਿੰਗਲਾ, ਗਗਨ ਘੱਗਾ, ਕਾਮਰੇਡ ਰੇਸ਼ਮ ਸਿੰਘ ਅਤੇ ਪ੍ਰਿੰਸੀਪਲ ਗੁਰਤੇਜ ਸਿੰਘ ਆਦਿ ਹਾਜ਼ਰ ਸਨ।

## ਪੀ ਐੱਸ ਪੀ ਸੀ ਐੱਲ ਵੱਲੋਂ ਸਿਖਲਾਈ ਤੇ ਜਾਗਰੂਕਤਾ ਪ੍ਰੋਗਰਾਮ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਟੀ ਟੀ ਆਈ, ਲੈਕਚਰ ਹਾਲ, ਪੀ ਐਸ ਪੀ ਸੀ ਐਲ ਪਟਿਆਲਾ ਵਿਖੇ ਨੂੰ ਡਿਮਾਂਡ ਸਾਈਡ ਮੈਨੇਜਮੈਂਟ ਅਤੇ ਊਰਜਾ ਕੁਸ਼ਲਤਾ 'ਤੇ ਸਿਖਲਾਈ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਪੇਡਾ ਵੱਲੋਂ ਬੀ ਈ ਈ ਦੁਆਰਾ ਆਯੋਜਿਤ ਪੀ ਐਸ ਪੀ ਸੀ ਐਲ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਇੰਜੀ. ਇੰਦਰਜੀਤ ਸਿੰਘ ਬਾਜਵਾ, ਮੁੱਖ ਇੰਜੀਨੀਅਰ/ਟੀ ਏ ਐਂਡ ਆਈ ਨੇ ਕੀਤੀ, ਜਿਸ ਵਿੱਚ ਇੰਜੀ. ਇੰਦਰਪਾਲ ਸਿੰਘ, ਮੁੱਖਇੰਜੀਨੀਅਰ/ਈ ਏ ਐਂਡ ਇਨਫੋਰਸਮੈਂਟ ਮੁੱਖ ਮਹਿਮਾਨ ਸਨ। ਇੰਜੀ. ਸਲੀਮ ਮੁਹੰਮਦ, ਡਿਪਟੀ ਸੀਈ/ਡੀ ਐਸ ਐਮ, ਇੰਜੀ. ਹਰਪ੍ਰੀਤ ਰਾਜ ਸਿੰਘ ਸੰਧੂ, ਏ ਐਸ ਈ/ਡੀ ਐਸ ਐਮ, ਇੰਜੀ. ਭੁਪਿੰਦਰ ਸਿੰਘ, ਏ ਈ ਈ/ਡੀ ਐਸ ਐਮ ਅਤੇ ਇੰਜੀ. ਹੇਨਾ ਗਰਗ, ਏ ਈ ਈ/ਡੀ ਐਸ ਐਮ ਨੇ ਵੀ ਪੀ ਐਸ ਪੀ ਸੀ ਐਲ ਦੇ ਡਿਮਾਂਡ ਸਾਈਡ ਮੈਨੇਜਮੈਂਟ ਵੱਲੋਂ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ ਦੇ 50+ ਭਾਗੀਦਾਰਾਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪ੍ਰੋਗਰਾਮ ਪੇਡਾ, ਚੰਡੀਗੜ੍ਹ ਵੱਲੋਂ ਡਾ. ਐਚ.ਕੇ ਸਿੰਘ ਦੁਆਰਾ ਦਿੱਤਾ ਗਿਆ। ਊਰਜਾ ਸੰਭਾਲ ਐਕਟਾਂ ਦੇ ਲਾਗੂ ਕਰਨ ਦੇ ਪਹਿਲੂਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।

## ਦੇਸ਼ ਭਗਤ 'ਵਰਸਿਟੀ ਤੇ 'ਵਰਸਿਟੀ ਆਫ਼ ਨੌਰਥ ਅਮਰੀਕਾ ਵਿਚਕਾਰ ਸਹਿਯੋਗ 'ਚ ਪਾਥਵੇਅ ਪ੍ਰੋਗਰਾਮ




ਮੰਡੀ ਗੋਬਿੰਦਗੜ੍ਹ, (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ ਨੇ ਯੂਨੀਵਰਸਿਟੀ ਆਫ਼ ਨੌਰਥ ਅਮਰੀਕਾ ਵਿੱਚ ਅਕਾਦਮਿਕ ਕਰੀਅਰ ਦੇ ਮੌਕੇ ਇੱਕ ਦਿਲਚਸਪ ਸੈਸ਼ਨ ਦੀ ਮੇਜ਼ਬਾਨੀ ਕੀਤੀ, ਜਿਸ ਦੀ ਮੇਜ਼ਬਾਨੀ ਸ੍ਰੀਮਤੀ ਜਿਲ ਕੂ ਮਾਰਟਿਨ, ਪ੍ਰਧਾਨ ਅਤੇ ਕਿਰੀਟ ਉਦੇਸ਼ੀ, ਡਾਇਰੈਕਟਰ ਆਊਟਰੀਚ ਨੇ ਕੀਤੀ। ਇਸ ਸਮਾਗਮ ਦਾ ਉਦੇਸ਼ ਡੀ ਬੀ ਯੂ ਦੇ ਇੰਜੀਨੀਅਰਿੰਗ ਅਤੇ ਪ੍ਰਬੰਧਨ ਵਿਦਿਆਰਥੀਆਂ ਲਈ ਨਵੀਨਤਾਕਾਰੀ ਜੁੜਵਾਂ ਅਤੇ ਪਾਥਵੇਅ ਪ੍ਰੋਗਰਾਮਾਂ ਨੂੰ ਪੇਸ਼ ਕਰਨਾ ਸੀ, ਜੋ ਕਿ ਸ਼ਾਨਦਾਰ ਗਲੋਬਲ ਅਕਾਦਮਿਕ ਅਤੇ ਕਰੀਅਰ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ।ਇਹ ਸਹਿਯੋਗ ਵਿਲੱਖਣ ਮਾਰਗ ਪੇਸ਼ ਕਰਦਾ ਹੈ, ਜਿਸ ਵਿੱਚ ਸਾਈਬਰ ਸੁਰੱਖਿਆ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਵਿਸ਼ਲੇਸ਼ਣ ਵਿੱਚ ਮੁਹਾਰਤ ਦੇ ਨਾਲ 1+1 ਐਮ ਐਸ ਕੰਪਿਊਟਰ ਸਾਇੰਸ ਸ਼ਾਮਲ ਹੈ। ਕੰਪਿਊਟਰ ਸਾਇੰਸ ਅਤੇ ਕਾਰੋਬਾਰ ਵਿੱਚ 2+2 ਬੀ ਐਸ ਪ੍ਰੋਗਰਾਮ, ਸਹਿਜ ਕ੍ਰੈਡਿਟ ਟ੍ਰਾਂਸਫਰ ਅਤੇ ਅਮਰੀਕੀ ਸਿੱਖਿਆ ਮਿਆਰਾਂ ਦੇ ਸੰਪਰਕ ਨੂੰ ਯਕੀਨੀ ਬਣਾਉਣਾ।ਸੈਸ਼ਨ ਦੌਰਾਨ, ਯੂਨੀਵਰਸਿਟੀ ਆਫ਼ ਨੌਰਥ ਅਮਰੀਕਾ ਦੇ ਪ੍ਰਤੀਨਿਧੀਆਂ ਨੇ ਆਪਣੀ ਸੰਸਥਾ ਵਿੱਚ ਸਿੱਖਿਆ ਪ੍ਰਾਪਤ ਕਰਨ ਦੇ ਅਕਾਦਮਿਕ ਅਤੇ ਪੇਸ਼ੇਵਰ ਫਾਇਦਿਆਂ ਬਾਰੇ ਦੱਸਿਆ। ਉਨ੍ਹਾਂ ਨੇ ਅਮਰੀਕਾ ਵਿੱਚ ਰੁਜ਼ਗਾਰ ਦੇ ਮੌਕਿਆਂ, ਐਡਵਾਂਸਡ ਡਿਗਰੀਆਂ ਅਤੇ ਅੰਤਰਰਾਸ਼ਟਰੀ ਐਕਸਪੋਜ਼ਰ ਦੇ ਲਾਭਾਂ ਬਾਰੇ ਵਿਦਿਆਰਥੀਆਂ ਦੇ ਸਵਾਲਾਂ ਨੂੰ ਸੰਬੋਧਿਤ ਕੀਤਾ।ਡੀ ਬੀ ਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵ ਪੱਧਰ 'ਤੇ ਅਕਾਦਮਿਕ ਉੱਤਮਤਾ ਪ੍ਰਤੀ ਡੀ ਬੀ ਯੂ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਮਹਿਮਾਨਾਂ ਨਾਲ ਸਾਂਝੇਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਪ੍ਰੋਗਰਾਮ ਯੂ ਓ ਐਨ ਏ ਦੇ ਪ੍ਰਤੀਨਿਧੀਆਂ ਦੀ ਪੇਸ਼ਕਾਰੀ ਅਤੇ ਇੱਕ ਇੰਟਰਐਕਟਿਵ ਪ੍ਰਸ਼ਨ ਅਤੇ ਉੱਤਰ ਸੈਸ਼ਨ ਨਾਲ ਸਮਾਪਤ ਹੋਇਆ। ਇਹ ਸਹਿਯੋਗ ਡੀ ਬੀ ਯੂ ਦੇ ਅੰਤਰਰਾਸ਼ਟਰੀ ਐਕਸਪੋਜ਼ਰ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਸਫਲ ਹੋਣ ਲਈ ਸਸ਼ਕਤ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

## 'ਐਮਰਜੰਸੀ' ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ



ਨਾਭਾ (ਵਰਿੰਦਰ ਵਰਮਾ)- ਰਿਆਸਤੀ ਸ਼ਹਿਰ ਨਾਭਾ ਵਿਖੇ ਭਾਜਪਾ ਸਾਂਸਦ ਫਿਲਮੀ ਐਕਟਰ ਕੰਗਣਾ ਰਣੌਤ ਦੀ ਐਮਰਜੰਸੀ ਫਿਲਮ ਦਾ ਇਲਾਕੇ ਦੀਆਂ ਸਿੱਖ ਜਥੇਬੰਦੀਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜ਼ਬਰਦਸਤ ਵਿਰੋਧ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਹਰਦੀਪ ਕੌਰ ਖੋਖ ਦੇ ਪਤੀ ਜਥੇਦਾਰ ਬਲਤੇਜ ਸਿੰਘ ਖੋਖ ਅਤੇ ਮੈਨੇਜਰ ਗੁਰਲਾਲ ਸਿੰਘ ਨਲੀਨੀ ਨੇ ਕਿਹਾ ਕਿ ਕੰਗਣਾ ਰਣੌਤ ਵੱਲੋਂ ਬਣਾਈ ਗਈ ਫਿਲਮ ਐਮਰਜੰਸੀ ਜੋ ਕਿ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਦੇ ਸਿਨੇਮਾ ਘਰਾਂ ਵਿੱਚ ਲੱਗਣ ਜਾ ਰਹੀ ਹੈ, ਵਿਚ ਬੜੀ ਸੋਚੀ ਸਮਝੀ ਸਾਜਿਸ਼ ਤਹਿਤ ਸਿੱਖ ਕੌਮ ਦੇ ਕਿਰਦਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਉਹਨਾਂ ਕਿਹਾ ਕਿ ਅਜਿਹੀਆਂ ਵਿਵਾਦਤ ਫਿਲਮਾਂ ਜਿਨ੍ਹਾਂ ਨਾਲ ਆਪਸੀ ਭਾਈਚਾਰਕ ਸਾਂਝ ਨੂੰ ਵੱਡਾ ਖਤਰਾ ਪੈਦਾ ਹੋ ਸਕਦਾ ਹੈ। ਪੰਜਾਬ ਨੇ ਲੋਕ ਬੜਾ ਲੰਮਾ ਸਮਾਂ ਸੰਤਾਪ ਭੋਗ ਚੁੱਕੇ ਹਨ, ਪੰਜਾਬ ਨੂੰ ਦੁਬਾਰਾ ਬਲਦੀ ਅੱਗ ਵਿੱਚ ਪਾਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਅਜਿਹੀਆਂ ਫਿਲਮਾਂ ਨੂੰ ਤੁਰੰਤ ਕੇਂਦਰ ਸਰਕਾਰ ਵੱਲੋਂ ਬੈਨ ਕੀਤਾ ਜਾਣਾ ਚਾਹੀਦਾ ਹੈ। ਫਿਲਮ ਵਿੱਚ ਸਿੱਖਾਂ ਲਈ ਕੀਤੀ ਕਿਰਦਾਰਕੁਸ਼ੀ ਜੋ ਕਿ ਕਦਾਚਿਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਪੰਜਾਬ ਵਿੱਚ ਕੰਗਣਾ ਰਣੌਤ ਦੀ ਫਿਲਮ ਐਮਰਜੈਂਸੀ ਨੂੰ ਨਹੀਂ ਚੱਲਣ ਦਿੱਤਾ ਜਾਵੇਗਾ। ਇਸ ਮੌਕੇ ਜਥੇਦਾਰ ਬਲਤੇਜ ਸਿੰਘ ਖੋਖ ਅਤੇ ਮੈਨੇਜਰ ਗੁਰਲਾਲ ਸਿੰਘ ਨੂੰ ਨਲੀਨੀ ਦੀ ਅਗਵਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮਾਂ ਅਤੇ ਸਿੱਖ ਆਗੂਆਂ ਵੱਲੋਂ ਐਸ ਡੀ ਐਮ ਨਾਭਾ ਇਸਮਤ ਵਿਜੇ ਸਿੰਘ ਨੂੰ ਵੀ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਨਾਭਾ ਵਿਖੇ ਸਥਾਪਿਤ ਸਿਨੇਮਾਂ ਘਰ ਦੇ ਮੈਨੇਜਰ ਵੱਲੋਂ ਵੀ ਇਸ ਵਿਵਾਦਤ ਫਿਲਮ ਨੂੰ ਨਾ ਚਲਾਉਣ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਮੌਕੇ ਜ਼ਬਰਦਸਤ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਮੈਨੇਜਰ ਗੁਰਲਾਲ ਸਿੰਘ ਨਲੀਨੀ, ਮੁੱਖ ਬੁਲਾਰਾ ਜੱਸਾ ਸਿੰਘ ਖੋਖ, ਜਥੇਦਾਰ ਮੋਹਣ ਸਿੰਘ ਰਾਮਗੜ੍ਹ, ਗਮਦੂਰ ਸਿੰਘ ਰਿਕਾਰਡ ਕੀਪਰ, ਪ੍ਰਿਤਪਾਲ ਸਿੰਘ ਕਪੂਰ, ਗੁਰਦੀਪ ਸਿੰਘ ਅਕਾਊਂਟੈਂਟ, ਹਰਜੀਤ ਸਿੰਘ ਪਟਿਆਲਾ, ਗੁਰਦਰਸ਼ਨ ਸਿੰਘ ਰਾਮਗੜ੍ਹ, ਦਵਿੰਦਰ ਸਿੰਘ ਛੰਨਾ, ਕਾਲਾ ਰਾਜਗੜ੍ਹ, ਅਜੈਬ ਸਿੰਘ ਨਰਮਾਣਾ, ਧਰਮ ਸਿੰਘ ਮੋਹਾਲੀ, ਜਸਪਾਲ ਸਿੰਘ ਛੰਨਾ, ਤਰਲੋਚਨ ਸਿੰਘ ਸਮਾਣਾ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਉਪਰਾਲਿਆਂ ਸਦਕਾ ਸੰਗਤਾਂ ਨੂੰ ਮਿਲੇ ਸਾਫ਼-ਸੁਥਰੇ ਰਸਤੇ



ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)-ਮੇਲਾ ਮਾਘੀ ਦੇ ਪਵਿੱਤਰ ਦਿਹਾੜੇ ਦੌਰਾਨ ਸਲਾਨਾ ਜੋੜ ਮੇਲੇ ਵਿੱਚ ਸ਼ਾਮਲ ਹੋਇਆ ਸੰਗਤਾਂ ਨੇ ਲੰਮੇ ਸਮੇਂ ਬਾਅਦ ਸੀਵਰੇਜ ਦੇ ਓਵਰਫਲੋਅ ਨਾ ਹੋਣ ਕਾਰਨ ਸਾਫ-ਸੁਥਰੇ ਰਸਤਿਆਂ ਰਾਹੀਂ ਚੱਲ ਕੇ ਸ੍ਰੀ ਦਰਬਾਰ ਸਾਹਿਬ ਦੇ ਸਮੂਹ ਦਰਸ਼ਨੀ ਗੇਟਾਂ ਰਾਹੀ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ। ਜਿਸ ਦਾ ਸਿਹਰਾ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਮਾਘੀ ਮੇਲੇ ਦੌਰਾਨ ਅਕਸਰ ਹੀ ਸ੍ਰੀ ਦਰਬਾਰ ਸਾਹਿਬ ਸਮੂਹ ਗੇਟਾਂ ਨੂੰ ਜਾਂਦੇ ਰਸਤਿਆਂ 'ਤੇ ਸੀਵਰੇਜ ਸਿਸਟਮ ਦੇ ਓਵਰਫਲੋਅ ਹੋਣ ਕਾਰਨ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦਰਸ਼ਨ ਅਤੇ ਇਸ਼ਨਾਨ ਹਿੱਤ ਆਉਣ ਵਾਲੀਆਂ ਸੰਗਤਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਕੁਝ ਗੇਟਾਂ ਤੋਂ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਣਾਂ ਵੀ ਮੁਸ਼ਕਲ ਹੋ ਜਾਂਦਾ ਸੀ। ਪਰੰਤੂ ਇਸ ਵਾਰ ਅਜਿਹਾ ਦੇਖਣ ਨੂੰ ਨਹੀਂ ਮਿਲਿਆ ਕਿਉਂਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਸ੍ਰੀ ਮੁਕਤਸਰ ਸਾਹਿਬ ਦੇ ਕਾਰਜਕਾਰੀ ਇੰਜੀਨੀਅਰ ਸ਼ਮਿੰਦਰ ਸਿੰਘ, ਉਪ ਮੰਡਲ ਇੰਜੀਨੀਅਰ ਜਗਮੋਹਨ ਸਿੰਘ, ਜੂਨੀਅਰ ਇੰਜੀਨੀਅਰ ਜਤਿਨ ਕੁਮਾਰ ਅਤੇ 24 ਘੰਟੇ ਹਰ ਇੱਕ ਗੇਟ 'ਤੇ ਡਿਊਟੀ ਦੌਰਾਨ ਮੁਸਤੈਦ ਟੈਕਨੀਕਲ ਟੀਮ ਵਲੋਂ ਕੀਤੇ ਗਏ ਸਾਂਝੇ ਉਪਰਾਲਿਆਂ ਕਾਰਨ ਸ੍ਰੀ ਦਰਬਾਰ ਸਾਹਿਬ ਦੇ ਕਿਸੇ ਵੀ ਗੇਟ ਉਪਰ ਸੀਵਰ ਦੀ ਪਾਣੀ ਦੀ ਬੂੰਦ ਤੱਕ ਦਿਖਾਈ ਨਹੀਂ ਦਿੱਤੀ। ਇਸ ਮੌਕੇ ਸਮੂਹ ਸ਼ਹਿਰ ਵਾਸੀਆਂ ਤੇ ਸਮਾਜ ਸੇਵੀ ਲੋਕਾਂ ਵੱਲੋਂ ਵੀ ਸ਼ਮਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ, ਐੱਸ.ਡੀ.ਓ ਜਗਮੋਹਨ ਸਿੰਘ, ਜੂਨੀਅਰ ਇੰਜੀਨੀਅਰ ਜਤਿਨ ਕੁਮਾਰ ਅਤੇ ਉਨ੍ਹਾਂ ਦੀ ਟੀਮ ਵੱਲੋਂ ਨਿਭਾਈ ਗਈ ਡਿਊਟੀ ਦੀ ਸ਼ਲਾਘਾ ਕੀਤੀ।

## 82ਵੇਂ ਦਿਨ ਵੀ ਸੀਵਰੇਜ ਸਮੱਸਿਆ ਦੇ ਹੱਲ ਲਈ ਧਰਨਾ ਰਿਹਾ ਜਾਰੀ

ਮਾਨਸਾ ( ਆਤਮਾ ਸਿੰਘ ਪਮਾਰ)- ਸੀਵਰੇਜ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਸੇਵਾ ਸਿੰਘ ਠੀਕਰੀਵਾਲਾ ਚੌਕ ਵਿਖੇ ਚੱਲ ਰਿਹਾ ਧਰਨਾ ਅੱਜ 82ਵੇਂ ਦਿਨ ਵੀ ਕੜਾਕੇ ਦੀ ਠੰਢ ਵਿੱਚ ਜਾਰੀ ਰਿਹਾ। ਅੰਮ੍ਰਿਤ ਪਾਲ ਗੋਗਾ, ਵਾਇਸ ਪ੍ਰਧਾਨ ਨਗਰ ਕੌਂਸਲ ਮਾਨਸਾ ਰਾਮਪਾਲ ਸਿੰਘ ਬੱਪੀਆਣਾ, ਹੰਸਾ ਸਿੰਘ ਅਤੇ ਅਜੀਤ ਸਿੰਘ ਸਰਪੰਚ ਦੀ ਅਗਵਾਈ ਵਿੱਚ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ ਚੱਲ ਰਿਹਾ ਧਰਨਾ ਜਾਰੀ ਹੈ। ਆਗੂਆਂ ਨੇ ਕਿਹਾ ਕਿ ਸਮੱਸਿਆ ਦੇ ਸਾਰਥਕ ਹੱਲ ਤੱਕ ਧਰਨਾ ਇਸੇ ਤਰ੍ਹਾਂ ਜਾਰੀ ਰਹੇਗਾ। ਸ਼ਹਿਰ ਦੀਆਂ ਸੜਕਾਂ, ਗਲੀਆਂ ਨਾਲੀਆਂ ਵਿੱਚ ਫੈਲੇ ਗੰਦੇ ਪਾਣੀ ਕਾਰਨ ਫੈਲੀਆਂ ਘਾਤਕ ਬਿਮਾਰੀਆਂ ਕਾਰਨ ਵੱਡੀ ਗਿਣਤੀ ਬਿਮਾਰ ਲੋਕ ਬੇਵਸੀ ਵਿੱਚ ਮਹਿੰਗਾ ਇਲਾਜ ਕਰਵਾਉਣ ਲਈ ਮਜਬੂਰ ਹਨ।ਸ਼ਹਿਰੀਆਂ ਵਲੋਂ ਆਪਮੁਹਾਰੇ ਹੀ ਵੱਡੀ ਗਿਣਤੀ 'ਚ ਇਕੱਤਰ ਹੋ ਕੇ ਗਲੀਆਂ ਵਿੱਚ ਫਿਰ ਰਹੇ ਬੇਲਗਾਮ ਪਾਣੀ ਤੋਂ ਦੁਖੀ ਹੋ ਕੇ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਗਟ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸਰਕਾਰ ਇਸ ਗੰਭੀਰ ਮਸਲੇ ਦਾ ਸਥਾਈ ਹੱਲ ਮੰਗਿਆ। ਇਸ ਸਮੇਂ ਕਾਮਰੇਡ ਕ੍ਰਿਸ਼ਨ ਚੌਹਾਨ , ਡਾ. ਧੰਨਾ ਮੱਲ ਗੋਇਲ, ਕਾ. ਬੂਟਾ ਸਿੰਘ, ਲਾਭ ਸਿੰਘ, ਸੁਖਦੇਵ ਸਿੰਘ ਆਦਿ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।

## 26 ਜਨਵਰੀ ਨੂੰ ਮਨਾਉਣ ਸੰਬੰਧੀ ਹੋਈ ਰਿਹਰਸਲ

ਜਗਰਾਉ (ਅਮਿਤ ਖੰਨਾ) ਗਣਤੰਤਰ ਦਿਵਸ 26 ਜਨਵਰੀ 2025 ਨੂੰ ਮਨਾਉਣ ਸਬੰਧੀ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਰਾਓ ਵਿਖੇ ਸ੍ਰੀ ਸੁਰਿੰਦਰ ਪੱਬੀ ਨਾਇਬ ਤਹਸੀਲਦਾਰ ਜਗਰਾਓਂ ਜੀ ਦੀ ਅਗਵਾਈ ਹੇਠ ਵੱਖ-ਵੱਖ ਸਕੂਲਾਂ ਦੇ ਕਲਚਰਲ ਪ੍ਰੋਗਰਾਮ, ਪੀਟੀ ਸੋ, ਐਨਸੀਸੀ, ਗਰਲ ਗਾਈਡ ਅਤੇ ਬੈਂਡ ਦੀ ਰਿਹਰਸਲ ਕਰਵਾਈ ਗਈ ਇਸ ਵਿੱਚ ਡੀਏਵੀ ਸੈਂਟੇਨਰੀ ਪਬਲਿਕ ਸਕੂਲ ਜਗਰਾਉਂ ਦਾ ਰਾਸਟਰੀ ਗਾਨ ਹੋਵੇਗਾ ਐਸਓਈ ਜਗਰਾਉਂ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਜਗਰਾਉਂ, ਬੀ ਬੀ ਐਸ ਬੀ ਸਿੱਧਵਾਂ ਬੇਟ, ਸੱਤਿਆ ਭਾਰਤੀ ਸਕੂਲ ਸੇਰਪੁਰ ਕਲਾਂ, ਸੇਕਰਡ ਹਾਰਟ ਕਾਨਵੈਂਟ ਸਕੂਲ ਜਗਰਾਉਂ ਦੀਆਂ ਕਲਚਰਲ ਆਈਟਮਾਂ ਸਲੈਕਟ ਹੋਈਆਂ। ਇਸ ਤੋਂ ਇਲਾਵਾ ਜੀ ਐਚ ਜੀ ਖਾਲਸਾ ਕਾਲਜ ਸਿੱਧਵਾਂ ਖੁਰਦ ਦੇ ਵਿਦਿਆਰਥੀ ਐਨਸੀਸੀ ਅਤੇ ਗਰਲ ਗਾਈਡ ਦੀਆਂ ਟੀਮਾਂ ਨੂੰ ਲੀਡ ਕਰਨਗੇ, ਐਸਓਈ ਸਕੂਲ ਜਗਰਾਉਂ ਦੀ ਬੈਂਡ ਟੀਮ ਬਾਕੀ ਸਕੂਲਾਂ ਦੇ ਬੈਂਡ ਨੂੰ ਲੀਡ ਕਰਨਗੇ। ਪ੍ਰਧਾਨ ਜੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀਆਂ ਅਗਲੀਆਂ ਰਿਹਰਸਲਾਂ ਮਿਤੀ 22 ,23 ਅਤੇ ਫਾਈਨਲ ਰਿਹਸਲ 24 ਜਨਵਰੀ ਨੂੰ ਹੋਵੇਗੀ ਜਿਨਾਂ ਨੂੰ ਮਾਨਯੋਗ ਐਸਡੀਐਮ ਸਾਹਿਬ ਖੁਦ ਮੋਨੀਟਰ ਕਰਨਗੇ। ਇਸ ਮੌਕੇ ਤਹਿਸੀਲਦਾਰ ਸ੍ਰੀ ਸੁਰਿੰਦਰ ਪੱਬੀ ਜੀ,ਪ੍ਰਿੰਸੀਪਲ ਸ੍ਰੀਮਤੀ ਰੁਪਿੰਦਰ ਕੌਰ ਜੀ, ਸਾਬਕਾ ਪ੍ਰਿੰਸੀਪਲ ਨਰੇਸ ਵਰਮਾ ਜੀ, ਅਤੇ ਲੈਕਚਰਾਰ ਜਤਿੰਦਰ ਸਿੰਘ ਹਾਜ਼ਰ ਸਨ।

## ਸ਼ਹਿਰ ਦੀ ਨਗਰ ਪੰਚਾਇਤ ਦੇ ਪ੍ਰਧਾਨ ਦੀ ਚੋਣ ਸਿਰੇ ਨਾ ਚੜ੍ਹ ਸਕੀ



ਮੂਣਕ (ਰਾਜਪਾਲ ਸਿੰਗਲਾ) ਸ਼ਹਿਰ ਦੀ ਨਗਰ ਪੰਚਾਇਤ ਦੇ ਪ੍ਰਧਾਨ ਦੀ ਚੋਣ ਲਈ ਅੱਜ ਚੋਣ ਹੋਣੀ ਸੀ ਜੋ ਸਿਰੇ ਨਹੀਂ ਚੜ੍ਹ ਸਕੀ। ਮੂਣਕ ਨਗਰ ਪੰਚਾਇਤ ਦੇ ਪ੍ਰਧਾਨ ਦੀ ਚੋਣ ਲਈ ਕਨਵੀਨਰ ਐਸ ਡੀ ਐਮ ਸੂਬਾ ਸਿੰਘ ਦੀ ਅਗਵਾਈ ਹੇਠ ਨਗਰ ਪੰਚਾਇਤ ਮੂਣਕ ਦੇ 13 ਮੈਂਬਰਾਂ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਅਤੇ ਹਲਕੇ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੀ ਮੌਜੂਦ ਰਹੇ। ਇਸ ਮੀਟਿੰਗ 'ਚ ਬੇਸ਼ੱਕ ਪ੍ਰੈਸ ਦੀ ਹਾਜ਼ਰੀ ਨਹੀਂ ਕੀਤੀ ਗਈ। ਪਰ ਮਿਲੇ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਇਸ ਮੀਟਿੰਗ ਦੌਰਾਨ 13 ਪੰਚਾਇਤ ਮੈਂਬਰਾਂ ਨੂੰ ਸਹੁੰ ਚੁਕਾਈ ਗਈ। ਇਸ ਦੇ ਨਾਲ ਹੀ ਪੰਚਾਇਤ ਮੈਂਬਰਾਂ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਹ 13 ਵਿੱਚੋਂ 7 ਇੱਕ ਪਾਸੇ ਹਨ। ਜਦੋਂ ਮੈਂ ਵਾਰਡ ਨੰਬਰ ਤਿੰਨ ਤੋਂ ਪੰਚਾਇਤ ਮੈਂਬਰ ਪ੍ਰਭਜੋਤ ਕੌਰ ਨੂੰ ਪ੍ਰਧਾਨ ਬਣਾਉਣ ਦੇ ਲਈ ਨਾਮ ਰੱਖਿਆ ਤਾਂ ਸਾਡੇ ਨਾਲ ਦੇ 5 ਹੋਰ ਮੈਂਬਰਾਂ ਹੱਕ ਵਿੱਚ ਬੋਲੇ, ਪਰ ਮੇਰੇ ਵੱਲੋਂ ਨਾਮ ਰੱਖਣ ਦੇ ਬਾਵਜੂਦ ਅੱਜ ਪ੍ਰਧਾਨ ਦੀ ਚੋਣ ਨਹੀਂ ਹੋ ਸਕੀ। ਜਦੋਂ ਕਿ ਪੱਤਰਕਾਰਾਂ ਦੀ ਟੀਮ ਵੀ ਪ੍ਰਧਾਨਗੀ ਦੀ ਚੋਣ ਨਾ ਹੋਣ ਦੇ ਜਵਾਬ ਨੂੰ ਉਡੀਕਦੀ ਰਹੀ। ਪਰ ਪ੍ਰਸ਼ਾਸਨਿਕ ਅਧਿਕਾਰੀ ਪੱਤਰਕਾਰਾਂ ਨੂੰ ਕੋਈ ਵੀ ਜਵਾਬ ਦਿੱਤੇ ਬਿਨਾਂ ਹੀ ਕਰੀਬ 3 ਵਜੇ ਨਗਰ ਪੰਚਾਇਤ ਦਫਤਰ ਚੋਂ ਚਲਦੇ ਬਣੇ, ਇਸ ਦੇ ਰੋਸ ਵਜੋਂ ਇਹ 7 ਨਗਰ ਪੰਚਾਇਤ ਮੈਂਬਰ ਪ੍ਰਭਜੋਤ ਕੌਰ, ਮੁਖਤਿਆਰ ਸਿੰਘ, ਜਸਪਾਲ ਸਿੰਘ, ਰਾਜੇਸ਼ ਕੁਮਾਰ, ਪ੍ਰਕਾਸ਼ੋ ਦੇਵੀ, ਸੁਮਨ ਰਾਣੀ ਤੇ ਮਨਪ੍ਰੀਤ ਕੌਰ ਸ਼ਾਮ 5 ਵਜੇ ਤੱਕ ਪ੍ਰਸ਼ਾਸਨ ਤੋਂ ਕੋਈ ਵੀ ਜਵਾਬ ਲੈਣ ਦੇ ਲਈ ਉਡੀਕਦੇ ਰਹੇ। ਪਰ ਅੰਤ 'ਚ ਪੰਜ ਵਜੇ ਤੋਂ ਬਾਅਦ ਸੱਤੇ ਮੈਂਬਰਾਂ ਨੇ ਪੰਚਾਇਤ ਮੈਂਬਰ ਪ੍ਰਭਜੋਤ ਕੌਰ ਦੇ ਹੱਕ ਵਿੱਚ ਨਾਅਰੇ ਮਾਰਦੇ ਹੋਏ ਬਾਜ਼ਾਰ ਵੱਲ ਨੂੰ ਪੈਦਲ ਚੱਲ ਪਏ।

## ਮਹਿਲਾ ਕੈਰੀਅਰ ਏਜੰਟ ਦੀ ਭਰਤੀ ਲਈ ਪਲੇਸਮੈਂਟ ਕੈਂਪ 21 ਨੂੰ

ਮਾਨਸਾ,: (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ/ ਮਾਡਲ ਕੈਰੀਅਰ ਸੈਂਟਰ, ਮਾਨਸਾ ਵਿਖੇ 21 ਜਨਵਰੀ ਨੂੰ ਐਲ.ਆਈ.ਸੀ. ਆਫ ਇੰਡੀਆ ਵੱਲੋਂ ਮਹਿਲਾ ਕੈਰੀਅਰ ਏਜੰਟ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 10ਵੀਂ ਪਾਸ ਕੇਵਲ ਲੜਕੀਆਂ ਭਾਗ ਲੈ ਸਕਦੀਆਂ ਹਨ ਜਿਨ੍ਹਾਂ ਦੀ ਉਮਰ ਸੀਮਾ 18 ਤੋਂ 40 ਸਾਲ ਤੱਕ ਹੋਣੀ ਚਾਹੀਦੀ ਹੈ ਅਤੇ ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ। ਕੰਮ ਕਰਨ ਦਾ ਸਥਾਨ ਜ਼ਿਲ੍ਹਾ ਮਾਨਸਾ ਹੋਵੇਗਾ ਅਤੇ ਚੁਣੇ ਗਏ ਪ੍ਰਾਰਥੀਆਂ ਨੂੰ ਤਨਖਾਹ 7000 ਰੁਪਏ ਪ੍ਰਤੀ ਮਹੀਨਾ ਹੋਵੇਗੀ।ਉਨ੍ਹਾਂ ਕਿਹਾ ਕਿ ਚਾਹਵਾਨ ਪ੍ਰਾਰਥੀ ਆਪਣੇ ਅਸਲ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਕੈਂਪ ਵਾਲੇ ਦਿਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਾਨਸਾ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਿਲ 'ਤੇ) ਕੈਂਪ ਵਾਲੇ ਦਿਨ ਸਵੇਰੇ 10:00 ਵਜੇ ਪਹੁੰਚਣ। ਇੰਟਰਵਿਊ ਦਾ ਸਮਾਂ ਸਵੇਰੇ 10:30 ਤੋਂ ਦੁਪਹਿਰ 1:00 ਵਜੇ ਤੱਕ ਹੋਵੇਗਾ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 78142-44447, 94641-78030 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਫਜ਼ੂਲ ਖਰਚਿਆਂ ਨੂੰ ਰੋਕਣ ਲਈ ਗਰਾਮ ਪੰਚਾਇਤ ਡਿੱਖ ਨੇ ਕੀਤੀ ਨਿਵੇਕਲੀ ਪਹਿਲਕਦਮੀ

ਰਾਮਪੁਰਾ ਫੂਲ (ਪਰਵਿੰਦਰ ਜੀਤ ਸਿੰਘ) ਗ੍ਰਾਮ ਪੰਚਾਇਤ ਡਿੱਖ ਦੇ ਨੌਜਵਾਨ ਸਰਪੰਚ ਗੁਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਗ੍ਰਾਮ ਸਭਾ ਦੇ ਆਮ ਇਜਲਾਸ ਦੌਰਾਨ ਅਹਿਮ ਫੈਸਲੇ ਲੈਂਦਿਆਂ ਪੰਚਾਇਤ ਨੇ ਸਮਾਜਿਕ ਕੁਰੀਤੀਆਂ ਖਿਲਾਫ਼ ਬੀੜਾ ਚੱਕਣ ਦਾ ਨਿਰਣਾ ਲਿਆ ਹੈ। ਗ੍ਰਾਮ ਸਭਾ ਵੱਲੋਂ ਲਏ ਗਏ ਫ਼ੈਸਲੇ ਤਹਿਤ ਪਿੰਡ 'ਚ ਮਰਗ ਦੇ ਭੋਗ ਮੌਕੇ ਹੁੰਦੇ ਫਜ਼ੂਲ ਖਰਚਿਆਂ ਨੂੰ ਠੱਲ੍ਹ ਪਾਉਣ ਲਈ ਜਲੇਬੀਆਂ ਅਤੇ ਪਕੌੜੇ ਬਣਾਉਣ ਉਤੇ ਪਾਬੰਦੀ ਅਤੇ ਉਲੰਘਣਾ ਕਰਨ ਵਾਲੇ ਨੂੰ 21 ਹਜ਼ਾਰ ਰੁਪਏ ਜ਼ੁਰਮਾਨਾ ਭਰਨਾ ਪਵੇਗਾ। ਇਸ ਤੋਂ ਇਲਾਵਾ ਪੰਚਾਇਤ ਨੇ ਪਿੰਡ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਟੈਸਟਾਂ ਦੀ ਤਿਆਰੀ ਕਰਨ ਵਾਲੇ ਲੋੜਵੰਦਾਂ ਨੂੰ ਕਿਤਾਬਾਂ ਤੇ ਹੋਰ ਮਾਲੀ ਮੱਦਦ ਕਰਨ ਦਾ ਵੀ ਫ਼ੈਸਲਾ ਲਿਆ ਹੈ। ਪੰਚਾਇਤ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆਂ ਇਹ ਵੀ ਫ਼ੈਸਲਾ ਲਿਆ ਹੈ ਕਿ ਪਿੰਡ ਦਾ ਜੇਕਰ ਕੋਈ ਬੱਚਾ ਪੜ੍ਹਾਈ ਦੇ ਖੇਤਰ 'ਚੋਂ ਮੈਰਿਟ ਲਿਸਟ ਵਿੱਚ ਆਉਂਦਾ ਹੈ ਤਾਂ ਉਸ ਨੂੰ 21 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਨਸ਼ਿਆਂ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਪਿੰਡ ਵਿਚ ਜੇਕਰ ਕੋਈ ਚਿੱਟਾ ਜਾਂ ਗੋਲੀਆ ਆਦਿ ਵੇਚਦਾ ਫੜ੍ਹਿਆ ਜਾਦਾਂ ਤਾਂ ਪੰਚਾਇਤ ਉਸ ਖਿਲਾਫ਼ ਕਾਨੂੰਨੀ ਕਾਰਵਾਈ ਕਰਵਾਏਗੀ। ਇਸੇ ਤਰ੍ਹਾਂ ਮਹੰਤਾਂ ਨੂੰ ਵਧਾਈ ਦੇਣ ਦੇ ਰੁਪਏ ਫਿਕਸ ਕੀਤੇ ਗਏ। ਪਿੰਡ ਦੀਆਂ ਗਲੀਆਂ ਵਿੱਚ ਮਿੱਟੀ ਜਾਂ ਹੋਰ ਸਮਾਨ ਰੱਖਣ ਦੀ ਮਨਾਹੀ ਕੀਤੀ ਗਈ ਹੈ। ਇਸੇ ਤਰ੍ਹਾਂ ਪਿੰਡ ਵਿੱਚ ਪਾਣੀ ਦੀ ਹੁੰਦੀ ਦੁਰਵਰਤੋ ਨੂੰ ਰੋਕਣ ਲਈ ਟੂਟੀਆਂ 'ਤੇ ਗੇਟ ਬਾਲ ਲਾਉਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਪਾਣੀ ਦਾ ਬਿੱਲ ਨਾ ਭਰਨ 'ਤੇ ਕੁਨੈਕਸ਼ਨ ਕੱਟਿਆ ਜਾਵੇਗਾ। ਪਿੰਡ ਵਿੱਚ ਦੁਕਾਨਾਂ 'ਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਗਰਟ-ਤੰਬਾਕੂ ਦੇਣ ਉਤੇ ਪਾਬੰਦੀ ਕੀਤੀ ਗਈ ਹੈ। ਸ਼ੋਰ-ਪ੍ਰਦੂਸ਼ਣ ਰੋਕਣ ਲਈ ਕੋਈ ਵੀ ਪਿੰਡ ਵਿੱਚ ਚਿੱਪ ਵਗੈਰਾ ਲਾ ਕੇ ਹੋਕਾ ਨਹੀਂ ਦੇਵੇਗਾ। ਇਸ ਤੋਂ ਇਲਾਵਾ ਲਾਇਬਰੇਰੀ ਦਾ ਨਾਮ ਸੰਤ ਗੁਰਦਿਆਲ ਸਿੰਘ ਅਤੇ ਖੇਡ ਮੈਦਾਨ ਦਾ ਨਾਮ ਸੰਤ ਕ੍ਰਿਪਾਲ ਸਿੰਘ ਰੱਖਣ ਦਾ ਫ਼ੈਸਲਾ ਕੀਤਾ ਅਤੇ ਹਰ ਸਾਲ "ਧੀਆਂ ਦਾ ਲੋਹੜੀ" ਮਨਾਉਣ ਦੇ ਨਾਲ-ਨਾਲ, ਚਾਇਨਾ ਡੋਰ ਉਤੇ ਪਾਬੰਦੀ ਲਾਉਣ ਅਤੇ ਖੇਡਣ ਵਾਲੇ ਬੱਚਿਆਂ ਲਈ ਕੋਚ ਦਾ ਪ੍ਰਬੰਧ ਕਰਨ ਦੇ ਮਤੇ ਪਾਸ ਕੀਤੇ ਗਏ ਹਨ।

## ਨੌਜਵਾਨ ਨੇ ਗੱਡੀ 'ਚ ਆਪਣੇ-ਆਪ ਨੂੰ ਗੋਲੀ ਮਾਰ ਕੇ ਕੀਤੀ ਖੁਦਕੁਸ਼ੀ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ) - ਬੇਟ ਇਲਾਕੇ ਦੇ ਪਿੰਡ ਗੌਂਸਗੜ੍ਹ ਦੇ ਰਹਿਣ ਵਾਲੇ ਨੌਜਵਾਨ ਸੁਰਿੰਦਰ ਸਿੰਘ ਛਿੰਦਾ ਨੇ ਅੱਜ ਆਪਣੀ ਫਾਰਚੂਨਰ ਗੱਡੀ ਵਿਚ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ।



ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਸੁਰਿੰਦਰ ਸਿੰਘ ਛਿੰਦਾ ਕਰੀਬ 1 ਸਾਲ ਪਹਿਲਾਂ ਅਮਰੀਕਾ ਤੋਂ ਪਰਤਿਆ ਸੀ ਅਤੇ ਹੁਣ ਪਿੰਡ ਵਿਚ ਆਪਣੇ ਪਰਿਵਾਰ ਨਾਲ ਖੇਤੀਬਾੜੀ ਤੇ ਡੇਅਰੀ ਦਾ ਕਿੱਤਾ ਕਰਦਾ ਸੀ। ਅੱਜ ਵੀ ਉਹ ਸਵੇਰੇ ਰੋਜ਼ਾਨਾ ਦੀ ਤਰ੍ਹਾਂ ਦੁੱਧ ਡੇਅਰੀ ਵਿਚ ਪਾ ਕੇ ਆਇਆ ਅਤੇ ਉਸ ਤੋਂ ਬਾਅਦ ਆਪਣੀ ਫਾਰਚੂਨਰ ਗੱਡੀ ਲੈ ਕੇ ਚਲਾ ਗਿਆ। ਆਪਣੇ ਪਿੰਡ ਦੇ ਹੀ ਨੇੜੇ ਸੜਕ 'ਤੇ ਉਸ ਨੇ ਫਾਰਚੂਨਰ ਗੱਡੀ ਵਿਚ ਆਪਣੇ ਆਪ ਨੂੰ ਗੋਲੀ ਮਾਰ ਲਈ, ਜਿਸ ਤੋਂ ਬਾਅਦ ਉਸ ਦੀ ਇਹ ਗੱਡੀ ਬੇਕਾਬੂ ਹੋ ਕੇ ਸੜਕ ਕਿਨਾਰੇ ਖੰਭਿਆ ਵਿਚ ਟਕਰਾ ਕੇ ਖੇਤਾਂ ਵਿਚ ਜਾ ਡਿਗੀ। ਮੌਕੇ 'ਤੇ ਖੇਤਾਂ ਵਿਚ ਕੰਮ ਕਰ ਰਹੇ ਇੱਕ ਗਵਾਹ ਨੇ ਦੱਸਿਆ ਕਿ ਜਦੋਂ ਫਾਰਚੂਨਰ ਗੱਡੀ ਖੰਭੇ ਨਾਲ ਟਕਰਾ ਕੇ ਖੇਤਾਂ ਵਿਚ ਜਾ ਡਿਗੀ ਤਾਂ ਉਸ ਵਿਚੋਂ ਧੂੰਆਂ ਨਿਕਲਣ ਲੱਗ ਪਿਆ। ਉਨ੍ਹਾਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਇੱਕ ਨੌਜਵਾਨ ਲਹੂ ਲੁਹਾਨ ਡਰਾਈਵਰ ਸੀਟ 'ਤੇ ਪਿਆ ਸੀ। ਚਸ਼ਮਦੀਦ ਜਗਰੂਪ ਸਿੰਘ ਅਨੁਸਾਰ ਉਸ ਨੇ ਸ਼ੀਸ਼ਾ ਤੋੜ ਕੇ ਜਦੋਂ ਨੌਜਵਾਨ ਨੂੰ ਬਾਹਰ ਕੱਢਿਆ ਤਾਂ ਉਹ ਉਸ ਦੀ ਪਹਿਚਾਣ ਸੁਰਿੰਦਰ ਸਿੰਘ ਛਿੰਦਾ ਵਜੋਂ ਹੋਈ। ਪਰ ਛਾਤੀ ਵਿਚ ਗੋਲੀ ਲੱਗਣ ਕਾਰਨ ਉਸ ਦੀ ਮੌਤ ਹੋ ਚੁੱਕੀ ਸੀ। ਜਾਣਕਾਰੀ ਅਨੁਸਾਰ ਸੁਰਿੰਦਰ ਛਿੰਦਾ ਦੇ 2 ਗੋਲੀਆਂ ਲੱਗੀਆਂ ਸਨ, ਜਿਸ ਵਿਚੋਂ 1 ਉਸ ਦੀ ਲੱਤ ਤੇ ਦੂਜੀ ਉਸ ਦੀ ਛਾਤੀ ਤੋਂ ਆਰਪਾਰ ਦੱਸੀ ਜਾ ਰਹੀ ਹੈ। ਸੂਚਨਾ ਮਿਲਦੇ ਹੀ ਪੁਲਸ ਜ਼ਿਲਾ ਖੰਨਾ ਦੇ ਐੱਸਐੱਸਪੀ ਅਸ਼ਵਨੀ ਗੋਟਿਆਲ, ਡੀਐੱਸਪੀ (ਡੀ) ਸੁਖਪ੍ਰੀਤ ਸਿੰਘ ਰੰਧਾਵਾ ਅਤੇ ਥਾਣਾ ਮੁਖੀ ਪਵਿੱਤਰ ਸਿੰਘ ਵੀ ਮੌਕੇ 'ਤੇ ਪਹੁੰਚ ਗਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਐੱਸਪੀ ਸੁਖਪ੍ਰੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਮਾਮਲਾ ਆਤਮ ਹੱਤਿਆ ਦਾ ਲੱਗ ਰਿਹਾ ਹੈ ਪਰ ਫਿਰ ਵੀ ਪੁਲਸ ਵਲੋਂ ਵੱਖ ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ, ਫਿਲਹਾਲ ਆਤਮ ਹੱਤਿਆ ਦੇ ਕਾਰਨਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ ਅਤੇ ਮ੍ਰਿਤਕ ਦੇ ਮੋਬਾਇਲ ਫੋਨ ਦੀ ਵੀ ਜਾਂਚ ਕੀਤੀ ਜਾਵੇਗੀ। ਪੁਲਿਸ ਵਲੋਂ ਲਾਸ਼ ਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਹੈ।

ਨੌਜਵਾਨ ਦੀ ਮੌਤ ਨਾਲ ਪਿੰਡ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਇੱਕ ਬੱਚਾ ਛੱਡ ਗਿਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਸੁਰਿੰਦਰ ਛਿੰਦਾ ਦਾ ਲਾਇਸੈਂਸੀ ਅਸਲਾ ਗੰਨ ਹਾਊਸ ਵਿਚ ਜਮ੍ਹਾ ਸੀ ਜਿਸ ਨੂੰ ਉਹ ਅੱਜ ਹੀ ਲੈ ਕੇ ਆਇਆ ਸੀ। ਗੱਡੀ ਵਿਚ ਨਵੇਂ ਕਾਰਤੂਸ ਵੀ ਪਏ ਸਨ ਅਤੇ ਪੁਲਸ ਅਨੁਸਾਰ ਇਹ ਅੱਜ ਹੀ ਨਵੇਂ ਖਰੀਦੇ ਲੱਗਦੇ ਹਨ ਜਿਸ ਦੀ ਜਾਂਚ ਜਾਰੀ ਹੈ।

## ਸ਼ੋਕ ਸਮਾਚਾਰ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ) -ਨਗਰ ਕੌਂਸਲ ਮਾਛੀਵਾੜਾ ਦੇ ਸੇਵਾ ਮੁਕਤ ਸੇਵਾਦਾਰ ਸਵ. ਮੱਲੂ ਰਾਮ ਨਮਿੱਤ ਆਤਮਿਕ ਸ਼ਾਂਤੀ ਲਈ ਪੂਜਾ ਤੇ ਪਾਠ 24 ਜਨਵਰੀ ਨੂੰ 2 ਵਜੇ ਪਿੰਡ ਬਰੀਅਨ ਕੀ ਸਰੈਯਾ, ਅਯੁੱਧਿਆ (ਉੱਤਰ ਪ੍ਰਦੇਸ਼) ਵਿਚ ਹੋਵੇਗੀ।

## ਪਿੰਡ 'ਚ ਵਸੂਲਿਆ ਗਿਆ ਗੁੰਡਾ ਟੈਕਸ, ਸਰਪੰਚ ਸਣੇ ਤਿੰਨ ਖਿਲਾਫ ਮਾਮਲਾ ਦਰਜ

ਸਨੌਰ/ ਪਟਿਆਲਾ (ਰਾਜਿੰਦਰ ਸਿੰਘ ਥਿੰਦ): ਸ਼ੰਭੂ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ ਕਰਕੇ ਕੌਮੀ ਮਾਰਗ ਬੰਦ ਹੋਣ ਕਾਰਨ ਹਰਿਆਣਾ ਤੇ ਪੰਜਾਬ ਦੀ ਹੱਦ ਨਾਲ ਲੱਗਦੇ ਇਕ ਪਿੰਡ ਵਿਚ ਰਾਹਗੀਰਾਂ ਤੋਂ ਜਬਰਨ ਵਸੂਲੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਮਾੜੂ ਵਿਖੇ ਕੁਝ ਲੋਕਾਂ ਵਲੋਂ ਇਸ ਰਸਤੇ ਤੋਂ ਲੰਘਣ ਵਾਲੇ ਵਾਹਨਾ ਚਾਲਕਾਂ ਤੋਂ 100 ਤੋਂ ਇਕ ਹਜਾਰ ਰੁਪਏ ਤਕ ਦੀ ਵਸੂਲੀ ਕੀਤੀ ਜਾ ਰਹੀ ਹੈ। ਜਬਰੀ ਵਸੂਲੀ ਮਾਮਲੇ ਵਿਚ ਪਿੰਡ ਦੇ ਸਰਪੰਚ ਦਾ ਨਾਮ ਵੀ ਸਾਹਮਦੇ ਆਇਆ ਹੈ। ਮਾਮਲੇ ਦਾ ਖੁਲਾਸਾ ਹੋਣ 'ਤੇ ਪੁਲਿਸ ਵਲੋਂ ਹਰਕਤ ਵਿਚ ਆਉਂਦਿਆਂ ਪਿੰਡ ਦੇ ਸਰਪੰਚ ਸਮੇਤ ਤਿੰਨ ਖਿਲਾਫ ਮਾਮਲਾ ਦਰਜ ਕੀਤਾ ਹੈ ਜਾਣਕਾਰੀ ਅਨੁਸਾਰ ਸ਼ੰਭੂ ਬਾਰਡਰ ਦੇ ਕਿਸਾਨਾਂ ਦੇ ਧਰਨੇ ਕਰਕੇ ਲਾਂਘਾ ਬੰਦ ਹੈ ਜਿਸ ਕਰਕੇ ਪੰਜਾਬ ਤੋਂ ਹਰਿਆਣਾ ਤੇ ਹਰਿਆਣ ਤੋਂ ਪੰਜਾਬ ਆਉਣ ਤੇ ਜਾਣ ਵਾਲੇ ਲੋਕਾਂ ਨੂੰ ਪਿੰਡਾਂ ਦੇ ਰਸਤਿਆਂ ਵਿਚੋਂ ਲੰਘਣਾ ਪੈ ਰਿਹਾ ਹੈ। ਅੰਬਾਲਾ ਤੋਂ ਘਨੌਰ ਦੇ ਪਿੰਡਾਂ ਵਿਚੋਂ ਹੁੰਦੇ ਹੋਏ ਲੋਕ ਪਟਿਆਲਾ ਪੁੱਜਦੇ ਹਨ, ਜਿਸਦੇ ਰਾਹ ਵਿਚ ਹਲਕਾ ਸਨੌਰ ਦਾ ਪਿੰਡਾਂ ਮਾੜੂ ਵੀ ਆਉਂਦਾ ਹੈ। ਇਸ ਪਿੰਡ ਵਿਚ ਪਿਛਲੇ ਕੁਝ ਦਿਨਾਂ ਤੋਂ ਰਾਹਗਿਰਾਂ ਤੋਂ ਗੁੰਡਾ ਟੈਸਕ ਵਸੂਲੀ ਕੀਤੀ ਜਾ ਰਹੀ ਹੈ। ਜਿਸ ਸਬੰਧੀ ਬੀਤੇ ਰਾਤ ਇਕ ਵੀਡੀਓ ਵੀ ਵਾਇਰਲ ਹੋ ਗਈ ਹੈ। ਮਾੜੂ ਪਿੰਡ ਦੇ ਪੁੱਲ ਕੋਲ ਖੜੇ ਕੁਝ ਵਿਕਅਤੀਆਂ ਵਲੋਂ ਇਥੋਂ ਆਉਣ ਤੇ ਜਾਣ ਵਾਲੇ ਵਾਹਨਾਂ ਨੂੰ ਰੋਕ ਕੇ ਵਸੂਲੀ ਕੀਤੀ ਜਾਂਦੀ ਹੈ ਤੇ ਇਸਨੂੰ ਪਿੰਡ ਦਾ ਟੋਲ ਟੈਕਸ ਦਾ ਹਵਾਲਾ ਦਿੰਦਿਆਂ ਸੜਕ ਦੀ ਮੁਰੰਮਤ ਕਰਵਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਐਸਐਸਪੀ ਡਾ. ਨਾਨਕ ਸਿੰਘ ਨੇ ਦੱਸਿਆ ਕਿ ਥਾਣਾ ਜੁਲਕਾਂ ਦੇ ਏਐਸਆਈ ਅੰਗਰੇਜ ਸਿੰਘ ਨੂੰ ਸੂਚਨਾ ਮਿਲੀ ਕਿ ਬਲਜਿੰਦਰ ਸਿੰਘ ਮੱਖੂ, ਹਰਵਿੰਦਰ ਸਿੰਘ, ਹਰਮਨਪ੍ਰੀਤ ਸਿੰਘ ਤੇ ਉਸਦੇ ਸਾਥੀ ਆਪਣੇ ਵਲੋਂ ਜਾਅਲੀ ਪਰਚੀਆਂ ਤਿਆਰ ਕਰਕੇ ਲੋਕਾਂ ਨੂੰ ਗੁੰਮਰਾਹ ਕਰਕੇ ਜਬਰਨ ਵਸੂਲੀ ਕਰ ਰਹੇ ਹਨ। ਇਨਾਂ ਖਿਲਾਫ ਥਾਣਾ ਜੁਲਕਾਂ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅੱਜ

ਸਿਰਸਾ:: (ਸੁਰਿੰਦਰ ਪਾਲ ਸਿੰਘ) : ਜ਼ਿਲ੍ਹਾ ਨੋਡਲ ਅਫ਼ਸਰ ਸੰਜੇ ਚੌਧਰੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦਵਾਰਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਜ਼ਿਲ੍ਹੇ ਦੇ ਸਾਰੇ 9 ਵਾਰਡਾਂ ਵਿੱਚ 94 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਅਤੇ ਅੰਤਿਮ ਵੋਟਰ ਸੂਚੀ ਵਿਚ ਕੁੱਲ 71491 ਵੋਟਰ ਹਨ। ਉਨਾਂ ਕਿਹਾ ਕਿ ਅੱਜ 1:00 ਵਜੇ ਤੋਂ ਪੋਲਿੰਗ ਪਾਰਟੀਆਂ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਹੋ ਗਈਆਂ ਸਨ ਤੇ ਬਾਅਦ ਦੁਪਹਿਰ ਤੱਕ ਪੋਲਿਗ ਪਾਰਟੀਆਂ ਨੇ ਪੁਜ ਕੇ ਆਪਣੇ ਤਸਤਾਵੇਜ਼ ਵਾਚਣੇ ਸ਼ੁਰੂ ਕਰ ਦਿਤੇ ਹਨ। ਉਨ੍ਹਾਂ ਕਿਹਾ ਕਿ ਵੋਟਿੰਗ ਪ੍ਰਕਿਰਿਆ ਸਵੇਰੇ 8:00 ਵਜੇ ਸ਼ੁਰੂ ਹੋਵੇਗੀ ਅਤੇ ਸ਼ਾਮ 5:00 ਵਜੇ ਖਤਮ ਹੋਵੇਗੀ। ਇਸ ਤੋਂ ਬਾਅਦ ਚੋਣ ਨਤੀਜੇ ਸ਼ਾਮ 7:00 ਵਜੇ ਐਲਾਨੇ ਜਾਣਗੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵਾਰਡ ਨੰਬਰ 30 ਤੋਂ 38 ਲਈ 4 ਰਿਟਰਨਿੰਗ ਅਫ਼ਸਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਕਮ-ਸਬ-ਡਵੀਜ਼ਨਲ ਅਫ਼ਸਰ (ਸਿਵਲ) ਡੱਬਵਾਲੀ, ਐਲਨਾਬਾਦ, ਕਾਲਾਂਵਾਲੀ, ਸਿਰਸਾ ਨਿਯੁਕਤ ਕੀਤੇ ਗਏ ਹਨ।ਪਿੰਡ ਸਿਕੰਦਰਪੁਰ ਦੇ ਪੋਲਿਗ ਬੂਥ 6 ਦੇ ਅਲਟਰਨੇਟਿਵ ਪਰਜਾਇਡਿੰਗ ਅਫਸਰ ਅਜੈਬ ਸਿੰਘ ਜਲਾਲਆਣਾ ਨੇ ਦਸਿਆ ਕਿ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਨੂੰ ਯਕੀਨੀ ਬਣਾਉਣ ਲਈ ਪੋਲਿੰਗ ਕੇਂਦਰਾਂ ਤੇ ਜ਼ਰੂਰੀ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ।ਜ਼ਿਲ੍ਹਾ ਪੱਧਰ ਤੇ ਪੋਲਿੰਗ ਪਾਰਟੀਆਂ ਦੀ ਹਿਫਾਜ਼ਤ ਹਿਤ ਪੁਲਿਸ ਪ੍ਰੰਬਧ ਵੀ ਕੀਤੇ ਗਏ ਹਨ।

## ਭਾਕਿਯੂ ਏਕਤਾ-ਡਕੌਂਦਾ ਧਨੇਰ ਦੀ ਮੀਟਿੰਗ ਹੋਈ

### * 26 ਜਨਵਰੀ ਦੀ ਟਰੈਕਟਰ ਪਰੇਡ ਇਤਿਹਾਸਕ ਹੋਵੇਗੀ : ਕਿਸ਼ਨਗੜ੍ਹ, ਭੈਣੀ ਬਾਘਾ

ਬਰਨਾਲਾ (ਰਾਜਿੰਦਰ ਬਰਾੜ)- ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਵੱਲੋਂ ਵਧਵੀਂ ਮੀਟਿੰਗ ਪਿੰਡ ਗੁਰਨੇ ਕਲਾਂ ਵਿੱਚ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਵਾਲੀ ਕਿਸਾਨ ਜਥੇਬੰਦੀ ਨੂੰ ਅਲਵਿਦਾ ਕਹਿ ਕੇ ਬਲਾਕ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਵੱਲੋਂ ਸਾਥੀਆਂ ਸਮੇਤ ਜਥੇਬੰਦੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਇਸ ਸਮੇਂ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਕਿਹਾ ਕਿ ਉਸ ਦੇ ਕਾਫੀ ਸਮੇਂ ਤੋਂ ਜਥੇਬੰਦੀ ਦੇ ਜ਼ਿਲ੍ਹਾ ਆਗੂਆਂ ਨਾਲ ਵਿਚਾਰਧਾਰਕ ਤੇ ਜਥੇਬੰਦਕ ਨੀਤੀਆਂ ਪਾਲਸੀਆਂ ਸਬੰਧੀ ਗੰਭੀਰ ਮੱਤਭੇਦ ਚੱਲ ਰਹੇ ਸਨ। ਜਿਨ੍ਹਾਂ ਦਾ ਸੂਬਾ ਲੀਡਰਸ਼ਿਪ ਨੇ ਕੋਈ ਨੋਟਿਸ ਹੀ ਨਹੀਂ ਲਿਆ ਸਗੋਂ ਅਣਗੌਲਿਆਂ ਕਰੀ ਰੱਖਿਆ। ਜਿਸ ਕਾਰਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਾਲੀ ਜਥੇਬੰਦੀ ਜੋ ਬਲਕਾਰ ਸਿੰਘ ਡਕੌਂਦਾ ਦੀ ਵਿਚਾਰਧਾਰਾ 'ਤੇ ਪਹਿਰਾ ਦੇ ਰਹੀ ਹੈ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਗਿਆ ਹੈ। ਇਸ ਸਮੇਂ ਪੁੱਜੇ ਸੂਬਾ ਤੇ ਜ਼ਿਲ੍ਹਾ ਆਗੂਆਂ ਨੇ ਸ਼ਾਮਲ ਹੋਏ ਸਾਥੀਆਂ ਦਾ ਜ਼ੋਰਦਾਰ ਸਵਾਗਤ ਕੀਤਾ ਜਿਨ੍ਹਾਂ ਵਿੱਚ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ, ਜ਼ਿਲ੍ਹਾ ਜਨਰਲ ਸਕੱਤਰ ਤਾਰਾ ਚੰਦ ਬਰੇਟਾ, ਬਲਾਕ ਪ੍ਰਧਾਨ ਬਲਦੇਵ ਸਿੰਘ ਪਿਪਲੀਆ, ਤੇਜ ਰਾਮ ਅਹਿਮਦਪੁਰ ਵੀ ਹਾਜ਼ਰ ਸਨ। ਸ਼ਾਮਲ ਹੋਣ ਵਾਲੇ ਆਗੂਆਂ ਤੇ ਵਰਕਰਾਂ ਵਿੱਚ ਇਕਾਈ ਪ੍ਰਧਾਨ ਦਰਸ਼ਨ ਸਿੰਘ ਮਾਨ, ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਲਾਭ ਸਿੰਘ, ਮੀਤ ਪ੍ਰਧਾਨ ਦਰਸਨ ਪਲੇਅਰ ਤੇ ਜੋਗਿੰਦਰ ਸਿੰਘ, ਜਨਰਲ ਸਕੱਤਰ ਗੁਰਦਰਸ਼ਨ ਸਿੰਘ, ਸਹਾਇਕ ਸਕੱਤਰ ਬਲਵੀਰ ਸਿੰਘ, ਖਜ਼ਾਨਚੀ ਸਰੂਪ ਸਿੰਘ ਤੇ ਮੰਗੂ ਸੋਹੀ ਸਮੇਤ ਵੱਡੀ ਗਿਣਤੀ ਵਰਕਰ ਸ਼ਾਮਲ ਸਨ। ਅਮਨਦੀਪ ਸਿੰਘ, ਗੁਰਤੇਜ ਸਿੰਘ, ਹਾਕਮ ਸਿੰਘ ਸਾਬਕਾ ਸਰਪੰਚ, ਬਾਬੂ ਸਿੰਘ ਹਰਜੀਤ ਸਿੰਘ, ਆਦਿ ਨੇ ਵੀ ਸ਼ਮੂਲੀਅਤ ਕੀਤੀ। ਇਸ ਸਮੇਂ ਆਗੂਆਂ ਨੇ ਮੌਜੂਦਾ ਕਿਸਾਨੀ ਸੰਕਟ ਦੇ ਕਾਰਨ ਅਤੇ ਜਥੇਬੰਦੀ ਦੀ ਵਿਗਿਆਨਕ ਸਮਝ ਤੋਂ ਜਾਣੂ ਕਰਵਾਇਆ ਗਿਆ। ਆਗੂਆਂ ਨੇ 'ਕੌਮੀ ਖੇਤੀਬਾੜੀ ਮੰਡੀਕਰਨ ਨੀਤੀ ਖਰੜੇ' ਨੂੰ ਰੱਦ ਕਰਵਾਉਣ, ਸਵਾਮੀਨਾਥਨ ਦੀਆਂ ਸਿਫਾਰਸ਼ਾਂ ਅਨੁਸਾਰ ਸੀ 2+50% ਸਾਰੀਆਂ ਫਸਲਾਂ ਦੀ ਕੀਮਤ ਨਿਰਧਾਰਤ ਕਰਵਾਉਣ, ਐਮ ਐਸ ਪੀ ਖ੍ਰੀਦ ਗਰੰਟੀ ਕਾਨੂੰਨ ਅਤੇ ਹੋਰ ਮਹੱਤਵਪੂਰਨ ਮੰਗਾਂ ਲਈ 26 ਜਨਵਰੀ ਦੀ ਟਰੈਕਟਰ ਪਰੇਡ ਨੂੰ ਇਤਿਹਾਸਕ ਬਣਾਉਣ ਦੀ ਤਿਆਰੀ ਵਿੱਚ ਜੁਟ ਜਾਣ ਦੀ ਅਪੀਲ ਕੀਤੀ।

## ਦਿੱਲੀ ਚੋਣਾਂ 'ਚ 'ਆਪ' ਦੀ ਹੋਵੇਗੀ ਇਤਿਹਾਸਕ ਜਿੱਤ : ਸਰਪੰਚ ਸੇਖਵਾਂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਸ ਵਾਰ ਫਿਰ ਤੋਂ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਹੋਵੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਤੋਂ ਦਿਹਾਤੀ ਪ੍ਰਧਾਨ ਸਰਪੰਚ ਜੋਗਿੰਦਰ ਸਿੰਘ ਸੇਖਵਾਂ ਵੱਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਲਗਾਤਾਰ ਪਿਛਲੇ ਤਿੰਨ ਵਾਰ ਦੀ ਸਰਕਾਰ ਨੇ ਦਿੱਲੀ 'ਚ ਲੋਕਾਂ ਨੂੰ ਉਹ ਸਹੂਲਤਾਂ ਦਿੱਤੀਆਂ ਜਿਹੜੀਆਂ ਕਿ ਰਵਾਇਤੀ ਪਾਰਟੀਆਂ ਵੱਲੋਂ ਨਹੀਂ ਦਿੱਤੀਆਂ ਗਈਆਂ ਅਤੇ ਲੋਕ ਦਿੱਲੀ 'ਚ ਆਮ ਆਦਮੀ ਪਾਰਟੀ ਨੂੰ ਬਾਕੀ ਪਾਰਟੀਆਂ ਨਾਲੋਂ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਉਹ ਲੋਕਾਂ 'ਚ ਵਿਚਰ ਕੇ ਆਪਣੇ ਹਰੇਕ ਵੋਟਰ ਸਪੋਰਟਰ ਦੀ ਮਦਦ ਕਰਦੇ ਹਨ। ਪਾਰਟੀ ਵੱਲੋਂ ਕੀਤੇ ਗਏ ਕੰਮਾਂ ਨੂੰ ਲੈ ਕੇ ਇੱਕ ਵਾਰ ਫਿਰ ਤੋਂ ਆਮ ਆਦਮੀ ਪਾਰਟੀ ਦਾ ਆਧਾਰ ਜੋ ਕਿ ਅੱਗੇ ਨਾਲੋਂ ਬਹੁਤ ਵਧ ਚੁੱਕਿਆ ਹੈ ਅਤੇ ਇਸ ਵਾਰ ਚੌਥੀ ਵਾਰ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੇ ਬਹੁਮਤ ਨਾਲ ਬਣਨ ਜਾ ਰਹੀ ਹੈ। ਕਿਉਂਕਿ ਆਮ ਆਦਮੀ ਪਾਰਟੀ ਨੇ ਸਿੱਖਿਆ ਅਤੇ ਸਿਹਤ ਨਾਲ ਸੰਬੰਧਿਤ ਅਤੇ ਲੋਕਾਂ ਦੇ ਸੁਨਹਿਰੇ ਭਵਿੱਖ ਲਈ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕਾਂ, ਮੰਤਰੀਆਂ ਦੇ ਨਾਲ ਨਾਲ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਸੂਬਾ ਕਾਰਜਕਾਰੀ ਪ੍ਰਧਾਨ ਅਤੇ ਹਲਕਾ ਕਾਦੀਆਂ ਤੋਂ ਹਲਕਾ ਇੰਚਾਰਜ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਸੂਬਾ ਜਨਰਲ ਸਕੱਤਰ ਦੇ ਵੱਲੋਂ ਲਗਾਤਾਰ ਦਿੱਲੀ 'ਚ ਵਿਚਰ ਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਅਤੇ ਏਜੰਡਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ । ਸਰਪੰਚ ਸੇਖਵਾਂ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਲੋਕਾਂ ਦੇ ਹੱਕਾਂ ਵਿੱਚ ਗੱਲ ਕਰਦਿਆਂ ਪੰਜਾਬ ਦੀ ਭਲਾਈ ਲਈ ਅਤੇ ਪੰਜਾਬ ਦੇ ਉੱਜਵਲ ਭਵਿੱਖ ਦੇ ਲਈ ਜੋ ਫੈਸਲੇ ਲਏ ਜਾ ਰਹੇ ਹਨ ਜੋ ਲੋਕਾਂ ਨਾਲ ਵਾਅਦੇ ਕੀਤੇ ਉਹਨਾਂ ਨੂੰ ਪੂਰਾ ਕੀਤਾ ਜਾ ਰਿਹਾ, ਉਸੇ ਲੜੀ ਤਹਿਤ ਆਮ ਆਦਮੀ ਪਾਰਟੀ ਦਾ ਆਧਾਰ ਪੰਜਾਬ ਅਤੇ ਦਿੱਲੀ 'ਚ ਅਤੇ ਹੋਰਨਾਂ ਸੂਬਿਆਂ ਦੇ ਵਿੱਚ ਦਿਨੋ ਦਿਨ ਵਧਦਾ ਜਾ ਰਿਹਾ ਹੈ।

## ਗੁਰਦੁਆਰਾ ਵਿਖੇ ਵਧੀਆ ਸੇਵਾਵਾਂ ਦੇਣ 'ਤੇ ਰਾਗੀ ਭਾਈ ਅਮਨਦੀਪ ਸਿੰਘ ਸਨਮਾਨਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਅੱਜ ਮੈਨੇਜਰ ਸਤਨਾਮ ਸਿੰਘ ਗੋਸਲ਼ ਵੱਲੋਂ ਕਲਾਨੌਰ ਦੇ ਇਤਿਹਾਸਕ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਵਧੀਆ ਸੇਵਾਵਾਂ ਨਿਭਾਉਣ ਵਾਲੇ ਰਾਗੀ ਭਾਈ ਅਮਨਦੀਪ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ । ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਨੇਜਰ ਸਤਨਾਮ ਸਿੰਘ ਗੋਸਲ਼ ਨੇ ਦੱਸਿਆ ਕਿ ਭਾਈ ਅਮਨਦੀਪ ਸਿੰਘ ਜੋ ਪਿਛਲੇ ਸਮੇਂ ਤੋਂ ਕਲਾਨੌਰ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ, ਹੁਣ ਉਨ੍ਹਾਂ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਰਾਗੀ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਨੇ ਬਤੌਰ ਰਾਗੀ ਕਲਾਨੌਰ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਆਪਣੀਆਂ ਵਧੀਆ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਨੂੰ ਅੱਜ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਨਤਮਸਤਕ ਹੋਣ ਉਪਰੰਤ ਵਿਸ਼ੇਸ਼ ਸਨਮਾਨ ਦਿੱਤਾ ਗਿਆ ।ਇਸ ਮੌਕੇ ਐਡਵੋਕੇਟ ਦਿਲਸ਼ੇਰ ਸਿੰਘ, ਭਾਈ ਹਰਜਿੰਦਰ ਸਿੰਘ ਗਾਉਸਪੁਰਾ ਕਥਾਵਾਚਕ, ਮਨਜੀਤ ਸਿੰਘ ਅਕਾਊਂਟੈਂਟ, ਸੁਖਵਿੰਦਰ ਸਿੰਘ ਕਲਾਨੌਰ, ਪ੍ਰਗਟ ਸਿੰਘ ਮੂਲੋਵਾਲੀ, ਹਰਜਿੰਦਰ ਸਿੰਘ ਲਾਲੇ ਨੰਗਲ, ਹਰਵੰਤ ਸਿੰਘ, ਮਲਕੀਤ ਸਿੰਘ ਮਹਿਮੇ ਚੱਕ, ਰਾਗੀ ਗੁਰਮੀਤ ਸਿੰਘ, ਸੁਖਦੀਪ ਸਿੰਘ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ ਦਾਦੂਯੋਧ, ਮਨਪ੍ਰੀਤ ਸਿੰਘ ਦਾਦੂਯੋਧ , ਸਤਨਾਮ ਸਿੰਘ ਕਲਾਨੌਰ, ਬਲਵੰਤ ਸਿੰਘ ਕਥਾ ਵਾਚਕ, ਹੈਡ ਗ੍ਰੰਥੀ ਨਛੱਤਰ ਸਿੰਘ, ਨਿਰਮਲ ਸਿੰਘ ਭੰਗਵਾਂ, ਗੁਰਬਾਜ ਸਿੰਘ ਆਦਿ ਹਾਜ਼ਰ ਸਨ।

## ਸਿਹਤ ਵਿਭਾਗ ਦੀਆਂ ਸਕੀਮਾਂ ਸੰਬੰਧੀ ਪੰਚਾਇਤਾਂ ਨੂੰ ਕੀਤਾ ਜਾਗਰੂਕ

ਫ਼ਾਜ਼ਿਲਕਾ (ਨਿਸ਼ਾ ਸਰਮਾ) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਾ. ਲਹਿੰਬਰ ਰਾਮ ਸਿਵਲ ਸਰਜਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਕਵਿਤਾ ਅਤੇ ਡਾ ਐਰਿਕ ਦੀ ਦੇਖ-ਰੇਖ ਵਿੱਚ ਮਾਸ ਮੀਡੀਆ ਵਿੰਗ ਵੱਲੋਂ ਦਫ਼ਤਰ ਬੀ.ਡੀ.ਪੀ.ਓ. ਵਿੱਚ ਨਵੀਂਆਂ ਚੁਣੀਆਂ ਗਈਆਂ ਪੰਚਾਇਤਾਂ ਦੇ ਸਰਪੰਚਾਂ ਤੇ ਮੈਂਬਰ ਸਾਹਿਬਾਨਾਂ ਨੂੰ ਸਿਹਤ ਸਕੀਮਾਂ ਤੇ ਸਿਹਤ ਸੇਵਾਵਾਂ ਬਾਰੇ ਜਾਗਰੂਕ ਕਰਨ ਦਾ ਅਭਿਆਨ ਜਾਰੀ ਹੈ, ਜਿਸ ਦੇ ਤਹਿਤ ਨਵੇਂ ਬੈਚ ਨੂੰ ਸਿਹਤ ਸਹੂਲਤਾਂ ਤੇ ਸਕੀਮਾਂ ਬਾਰੇ ਵਿਸਥਾਰ ਨਾਲ ਜਣਕਾਰੀ ਦਿੱਤੀ ਗਈ। ਮਾਸ ਮੀਡੀਆ ਬ੍ਰਾਂਚ ਤੋਂ ਮਾਸ ਮੀਡੀਆ ਅਫ਼ਸਰ ਵਿਨੋਦ ਕੁਮਾਰ ਤੇ ਦਿਵੇਸ਼ ਕੁਮਾਰ ਨੇ ਕਿਹਾ ਕਿ ਆਪਣੇ ਪਿੰਡ ਨੂੰ ਸਿਹਤਮੰਦ ਰੱਖਣ ਲਈ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਹੋਣਾ ਜਰੂਰੀ ਹੈ, ਜਿਸ ਲਈ ਲੋਕਾਂ ਦੇ ਸਹਿਯੋਗ ਨਾਲ ਸੰਭਵ ਹੈ ਤਾਂ ਜੁ ਬਿਮਾਰੀਆਂ ਨੂੰ ਵਧਣ ਤੋਂ ਰੋਕਿਆ ਜਾ ਸਕੇ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 100 ਦਿਨਾਂ ਟੀਬੀ ਮੁਕਤ ਭਾਰਤ ਕੰਪੇਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੁਹਿੰਮ ਦਾ ਮਕਸਦ ਪੰਜਾਬ ਵਿੱਚੋਂ 2025 ਤੱਕ ਟੀ.ਬੀ. ਦੀ ਬਿਮਾਰੀ ਨੂੰ ਖਤਮ ਕਰਨਾ ਹੈ।ਇਸ ਮੁਹਿੰਮ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ ਘਰ-ਘਰ ਜਾ ਕੇ ਟੀਬੀ ਦੇ ਲੱਛਣਾਂ ਵਾਲੇ ਲੋਕਾਂ ਦੀ ਭਾਲ ਕਰਨਗੀਆਂ ਤੇ ਅਗਲੀ ਜਾਂਚ ਲਈ ਸਿਹਤ ਸੰਸਥਾਵਾਂ ਵਿੱਚ ਲੈ ਕੇ ਆਉਣਗੀਆਂ। ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਇਸ ਤੋਂ ਇਲਾਵਾ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ, ਮੁੱਖ ਮੰਤਰੀ ਕੈਂਸਰ ਰਾਹਤ ਕੋਸ਼, ਹੈਪਾਟਾਈਟਸ ਬੀ ਤੇ ਸੀ, ਬਾਲੜੀ ਰੱਖਿਅਕ ਯੋਜਨਾ, ਰਾਸ਼ਟਰੀਯ ਬਾਲ ਸੁਰੱਖਿਆ ਪ੍ਰੋਗਰਾਮ, ਕੰਟਰੋਲ ਆਫ਼ ਬਲਾਈਂਨੈਸ, ਜਨਨੀ ਸ਼ਿਸ਼ੂ ਸੁਰੱਖਿਆ ਕਾਰੀਆਕ੍ਰਮ, ਫ਼ਰਿਸ਼ਤੇ ਸਕੀਮ, ਜੇ.ਐੱਸ.ਵਾਈ ਐਨ.ਸੀ.ਡੀ ਤੇ ਹੋਰ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

Punjab Land of Unlimited Opportunities

# ਹੁਣ ਘਰ ਤੋਂ ਸਕੂਲ ਦੀ ਦੂਰੀ
# ਨਹੀਂ ਬਣੇਗੀ ਧੀਆਂ ਦੀ ਮਜਬੂਰੀ




## 205 ਨਵੀਆਂ ਮੁਫ਼ਤ ਸਰਕਾਰੀ ਸਕੂਲ ਬੱਸਾਂ ਦੀ ਸ਼ੁਰੂਆਤ

## 10,000+ ਬੱਚੇ ਲਾਭਪਾਤਰੀ

"ਸਕੂਲ ਕਿਤੇ ਵੀ ਹੋਣ, ਵਿਸ਼ਵ ਪੱਧਰੀ ਸਿੱਖਿਆ ਹਰ ਬੱਚੇ ਦੇ ਘਰ ਤੱਕ ਪਹੁੰਚਣੀ ਚਾਹੀਦੀ ਹੈ। ਹੁਣ ਪੰਜਾਬ ਦਾ ਹਰ ਬੱਚਾ ਅੱਗੇ ਵਧਣ ਦਾ ਬਰਾਬਰ ਮੌਕਾ ਹਾਸਲ ਕਰੇਗਾ ਅਤੇ ਹਰ ਬੱਚਾ ਮਿਲ ਕੇ ਰੰਗਲਾ ਪੰਜਾਬ ਬਣਾਏਗਾ।"

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੱਟਸਐਪ ਚੈਨਲ ਨਾਲ ਜੁੜੋ

ਇੱਥੇ ਸਕੈਨ ਕਰੋ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਵੱਲੋਂ 6 ਫਰਵਰੀ ਨੂੰ ਧਰਨੇ ਦੇਣ ਦਾ ਐਲਾਨ

**ਲੁਧਿਆਣਾ (ਐਮ ਐਸ ਭਾਟੀਆ )** ਕੰਸਟਰੱਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ ਪੰਜਾਬ( ਰਜਿ:) ਸੂਬਾ ਕਮੇਟੀ ਦੀ ਮੀਟਿੰਗ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਪਰਮਜੀਤ ਢਾਬਾਂ ਵੱਲੋਂ ਕੀਤੀ ਗਈ। ਮੀਟਿੰਗ ਦਾ ਉਦਘਾਟਨ ਏਟਕ ਦੇ ਸੂਬਾ ਸਕੱਤਰ ਸਾਥੀ ਮਨਿੰਦਰ ਭਾਟੀਆ ਨੇ ਕੀਤਾ। ਸਾਥੀ ਭਾਟੀਆ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਕਿਰਤੀ ਵਰਗ ਦੀ ਹਾਲਤ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਲਗਾਤਾਰ ਬਦ ਤੋਂ ਬਦਤਰ ਕੀਤੀ ਜਾ ਰਹੀ ਹੈ। ਕੰਮ ਕਰਨ ਦੇ ਘੰਟਿਆਂ ਵਿੱਚ ਵਾਧਾ ਕਰਨ ਦੀ ਗੱਲ ਕਰਕੇ ਕਿਰਤੀਆਂ ਤੋਂ ਉਹਨਾਂ ਦੇ ਜਿਉਣ ਦਾ ਵੀ ਹੱਕ ਖੋਣ ਦੀਆਂ ਕੋਝੀਆਂ ਚਾਲਾਂ ਚਲੀਆਂ ਜਾ ਰਹੀਆਂ ਹਨ। ਉਹਨਾਂ ਸੱਦਾ ਦਿੱਤਾ ਕਿ ਸਾਰੇ ਕਿਰਤੀਆਂ ਨੂੰ ਇੱਕਜੁੱਟ ਹੋ ਕੇ ਸਮਾਜਵਾਦੀ ਪ੍ਰਬੰਧ ਲਈ ਲੜਨਾ ਚਾਹੀਦਾ ਹੈ ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਾਥੀ ਸੁਖਦੇਵ ਸ਼ਰਮਾ ਵੱਲੋਂ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਆ ਰਹੀਆਂ ਮੁਸ਼ਕਿਲਾਂ'ਤੇ ਰਿਪੋਰਟਿੰਗ ਕੀਤੀ ਗਈ ਅਤੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਹੋਏ ਸਾਥੀਆਂ ਤੋਂ ਉਹਨਾਂ ਦੇ ਜ਼ਿਲ੍ਹਿਆਂ ਵਿੱਚ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਜਾਣਕਾਰੀ ਲਈ ਗਈ। ਮੀਟਿੰਗ ਵਿੱਚ ਇਸ ਗੱਲ ਤੇ ਖੁੱਲ੍ਹ ਕੇ ਚਰਚਾ ਹੋਈ ਕਿ ਯੋਗ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਉਹਨਾਂ ਦੇ ਬਣਦੇ ਹੱਕ ਨਹੀਂ ਦਿੱਤੇ ਜਾ ਰਹੇ ਅਤੇ ਉਹਨਾਂ ਦੇ ਵਿਦਿਆਰਥੀ ਬੱਚਿਆਂ ਦੇ ਵਜ਼ੀਫੇ ਬੇਲੋੜੇ ਇਤਰਾਜ਼ ਲਗਾ ਕੇ ਰੋਕੇ ਜਾ ਰਹੇ ਹਨ।ਇਸੇ ਤਹਿਤ ਲਾਭਪਾਤਰੀ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜ਼ੀਫੇ ਕਾਫੀ ਲੰਬੇ ਸਮੇਂ ਤੋਂ ਲਬਿੰਤ ਪਏ ਹਨ ਅਤੇ ਉਸਾਰੀ ਕਿਰਤੀਆਂ ਦੇ ਖ਼ਾਤੇ ਵਿੱਚ ਲੋਕ ਭਲਾਈ ਸਕੀਮ ਤਹਿਤ ਬਣਦੀ ਵਜੀਫ਼ਾ ਰਾਸ਼ੀ ਨਹੀਂ ਪਾਈ ਜਾ ਰਹੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸ਼ਰਮਾ ਅਤੇ ਸਕੱਤਰ ਜੈਪਾਲ ਨੇ ਦੱਸਿਆ ਕਿ ਉਸਾਰੀ ਕਿਰਤੀਆਂ ਵੱਲੋਂ ਕੰਸਟਰੱਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ ਪੰਜਾਬ( ਰਜਿ:) ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਸਾਰੀ ਕਿਰਤੀ ਲਾਭਪਾਤਰੀਆਂ ਦੇ ਬੱਚਿਆਂ



ਵੱਲੋਂ ਭਰੇ ਗਏ ਵਜ਼ੀਫ਼ਾ ਫਾਰਮਾਂ 'ਤੇ ਬੇਲੋੜੇ ਇਤਰਾਜ਼ ਲਗਾਏ ਜਾਂਦੇ ਹਨ। ਕਮੀਆਂ ਨੂੰ ਉਸਾਰੀ ਕਿਰਤੀ ਲਾਭ ਪਾਤਰੀਆਂ ਵੱਲੋਂ ਦੂਰ ਕਰਨ ਦੇ ਬਾਵਜੂਦ ਉਨ੍ਹਾਂ ਦੇ ਵਜ਼ੀਫਿਆਂ ਦੇ ਫਾਰਮ ਪਾਸ ਕਰਕੇ ਰਾਸ਼ੀ ਜਾਰੀ ਨਹੀਂ ਕੀਤੀ ਜਾ ਰਹੀ।ਆਗੂਆਂ ਨੇ ਮੰਗ ਕਰਦੇ ਹੋਏ ਕਿਹਾ ਕਿ ਉਸਾਰੀ ਕਿਰਤੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਲੋਕ ਭਲਾਈ ਸਕੀਮਾਂ ਨੂੰ ਪਾਰਦਰਸ਼ੀ ਢੰਗ ਰਾਹੀਂ ਲਾਗੂ ਕਰਵਾਇਆ ਜਾਵੇ ਅਤੇ ਪਰੇਸ਼ਾਨੀਆਂ ਅਤੇ ਖੱਜਲ ਖ਼ੁਆਰੀ ਤੋਂ ਨਿਜ਼ਾਤ ਦਿਵਾਈ ਜਾਵੇ। ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸ਼ਰਮਾ ਨੇ ਦੱਸਿਆ ਕਿ 6 ਫਰਵਰੀ ਨੂੰ ਯੋਗ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਮਿਲਣ ਵਾਲੀਆਂ ਸਕੀਮਾਂ ਦਾ ਉਹਨਾਂ ਨੂੰ ਲਾਭ ਪਾਰਦਰਸ਼ੀ ਢੰਗ ਨਾਲ ਦਿਵਾਉਣ ਲਈ ਜ਼ਿਲ੍ਹਾ ਹੈਡ ਕੁਆਰਟਰਾਂ ਦੇ ਸਹਾਇਕ ਲੇਬਰ ਕਮਿਸ਼ਨਰ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ ਅਤੇ ਜੇਕਰ ਮਸਲੇ ਹੱਲ ਨਾ ਹੋਏ ਤਾਂ ਦੂਸਰੇ ਗੇੜ ਵਿੱਚ ਫਰਵਰੀ ਦੇ ਅੰਤ ਵਿੱਚ ਲੇਬਰ ਕਮਿਸ਼ਨਰ ਪੰਜਾਬ ਦੇ ਦਫਤਰ ਸਾਹਮਣੇ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ।

ਮੀਟਿੰਗ ਨੂੰ ਹੋਰਾਂ ਤੋਂ ਇਲਾਵਾ ਯੂਨੀਅਨ ਦੇ ਸੂਬਾਈ ਮੀਤ ਪ੍ਰਧਾਨ ਸਾਥੀ ਭਰਪੂਰ ਸਿੰਘ ਬੁਲਾਪੁਰ, ਖਜ਼ਾਨਚੀ ਪ੍ਰਦੀਪ ਚੀਮਾ, ਸੁਖਦੇਵ ਕਪੂਰਥਲਾ, ਸੰਜੇ ਕੁਮਾਰ, ਲੀਲੇ ਖਾਂ, ਸੁਰਿੰਦਰ ਸਿੰਘ, ਮੁਖਤਿਆਰ ਸਿੰਘ, ਜਸਵਿੰਦਰ ਸਿੰਘ ਅਤੇ ਜਰਨੈਲ ਢਾਬਾਂ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

## ਕਾਰ ਤੇ ਸਾਈਕਲ ਦੀ ਟੱਕਰ 'ਚ ਜ਼ਖ਼ਮੀ ਹੋਏ ਲੜਕੇ ਦੀ ਇਲਾਜ ਦੌਰਾਨ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਪਿੰਡ ਬੱਗੇ ਵਾਲਾ ਵਿਖੇ ਕਾਰ ਅਤੇ ਸਾਈਕਲ ਦੀ ਟੱਕਰ ਵਿਚ ਇਕ ਜ਼ਖਮੀ ਹੋਏ ਲੜਕੇ ਦੀ ਇਲਾਜ ਦੌਰਾਨ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਆਰਿਫ ਕੇ ਪੁਲਸ ਨੇ ਅਣਪਛਾਤੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਜਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਬੱਗੇ ਵਾਲਾ ਨੇ ਦੱਸਿਆ ਕਿ ਉਹ ਆਪਣੇ ਲੜਕੇ ਜੈ ਦੀਪ ਸਿੰਘ (11) ਨਾਲ ਖੇਤਾਂ ਵਿਚੋਂ ਪੱਠੇ ਵੱਢ ਕੇ ਵਾਪਸ ਸਾਈਕਲ 'ਤੇ ਲੱਦ ਕੇ ਘਰ ਆ ਰਹੇ ਸੀ, ਜਦ ਉਹ ਪਿੰਡ ਦੀ ਫਿਰਨੀ 'ਤੇ ਪੁੱਜੇ ਤਾਂ ਇਕ ਕਾਰ ਸਵਿਫਟ ਜਿਸ ਨੂੰ ਉਸ ਦਾ ਚਾਲਕ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਚਲਾ ਰਿਹਾ ਸੀ, ਨੇ ਕਾਰ ਲਿਆ ਕੇ ਜੈਦੀਪ ਸਿੰਘ ਵਿਚ ਮਾਰੀ। ਇਸ ਹਾਦਸੇ ਵਿਚ ਜੈ ਦੀਪ ਸਿੰਘ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਬਾਗੀ ਹਸਪਤਾਲ ਫਿਰੋਜ਼ਪੁਰ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

# ਚੇਅਰਮੈਨ ਦੇ ਤਾਨਾਸ਼ਾਹੀ ਫਰਮਾਨ ਵਿਰੁੱਧ ਤਿੱਖਾ ਸੰਘਰਸ਼ ਕੀਤਾ ਜਾਵੇਗਾ : ਗਰੇਵਾਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਰੋਡਵੇਜ ਪਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ 25/11 ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਸੰਦੀਪ ਗਰੇਵਾਲ ਨੇ PRTC ਦੇ ਚੇਅਰਮੈਨ ਰਣਜੋਧ ਸਿੰਘ ਹਡਾਂਨਾਂ ਵਲੋ ਮਿਤੀ 16 ਜਨਵਰੀ ਨੂੰ ਵੱਖ ਵੱਖ ਡਿਪੂਆਂ ਵਿਚ ਆਪਣੀਆਂ ਡਿਊਟੀਆਂ ਕਰ ਰਹੇ ਕਲੈਰੀਕਲ ਸਟਾਫ਼ ਨੂੰ ਆਪਣੇ ਦਫਤਰ ਬੁਲਾ ਕੇ ਮਿਤੀ 6-7 ਜਨਵਰੀ ਦੀ ਹੜਤਾਲ ਵਿੱਚ ਖੜਨ ਦਾ ਕਾਰਣ ਪੁੱਛਿਆ।

ਗਲਤ ਸ਼ਬਦਾਵਲੀ ਅਤੇ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਮੁਲਾਜ਼ਮਾਂ ਵੱਲੋਂ ਜਵਾਬ ਦਿੱਤਾ ਗਿਆ ਕਿ ਅਸੀਂ ਠੇਕੇਦਾਰੀ ਸਿਸਟਮ 'ਤੇ ਕੰਮ ਕਰਦੇ ਆਂ ਤਾਂ ਚੇਅਰਮੈਨ ਵੱਲੋਂ ਉਨ੍ਹਾਂ ਨੂੰ ਡਰਾਇਆ ਧਮਕਾਇਆ ਗਿਆ ਕਿ ਹੜਤਾਲਾਂ ਅਤੇ ਰੋਸ ਮੁਜ਼ਾਹਰੇ ਕਰਨ ਵਾਲਿਆਂ ਨੂੰ ਸਰਕਾਰ ਪੱਕਾ ਨਹੀਂ ਕਰੇਗੀ। ਇਸ ਤੋਂ ਸਿੱਧ ਹੁੰਦਾ ਹੈ ਕਿ ਧਰਨਿਆਂ ਵਿੱਚੋਂ ਨਿਕਲੀ ਸਰਕਾਰ ਕਿਵੇਂ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਲੋਕਤੰਤਰਿਕ ਅਧਿਕਾਰ ਦੀ ਵਰਤੋਂ ਕਰਨ ਤੋਂ ਡਰਾ ਰਹੀ ਹੈ। ਇੱਕ ਪਾਸੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ ਦੂਸਰੇ ਪਾਸੇ ਤਿੰਨ ਸਾਲਾਂ ਵਿੱਚ ਟਰਾਂਸਪੋਰਟ ਦਾ ਇੱਕ ਵੀ ਮੁਲਾਜ਼ਮ ਪੱਕਾ ਨਹੀਂ ਕੀਤਾ। ਜਦੋਂ ਮੁਲਾਜ਼ਮ ਪੱਕੇ ਹੋਣ ਦੀ ਮੰਗ ਕਰਦੇ ਹਨ ਤਾਂ ਹੱਲ ਕੱਢਣ ਦੀ ਬਜਾਏ ਲੋਕਾਂ ਨੂੰ ਹੱਕਾਂ ਲਈ ਆਵਾਜ਼ ਚੁੱਕਣ ਤੋਂ ਡਰਾਇਆ ਧਮਕਾਇਆ ਜਾਂਦਾ ਹੈ ,ਜਿਸਦੀ ਯੂਨੀਅਨ ਸਖ਼ਤ ਸ਼ਬਦਾ ਵਿੱਚ ਨਿੰਦਾ ਕਰਦੀ ਹੈ। ਜੇਕਰ ਕਿਸੇ ਮੁਲਾਜ਼ਮ ਨੂੰ ਡਰਾਉਣ ਧਮਕਾਉਣ ਜਾਂ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਾਨੂੰਨੀ ਲੜਾਈ ਦੇ ਨਾਲ ਨਾਲ ਯੂਨੀਅਨ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ ।ਬਲਕਾਰ ਗਿੱਲ ਨੇ ਦੱਸਿਆ ਕਿ ਚੇਅਰਮੈਨ ਵੱਲੋਂ ਜਦੋਂ ਮੁਲਾਜ਼ਮਾਂ ਨੂੰ ਇਕੱਠੇ ਬੁਲਾਇਆ ਗਿਆ ਤੇ ਕਿਹਾ ਗਿਆ ਕਿ ਸਰਕਾਰ ਪੰਜਾਬ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਹੀਂ ਕਰ ਸਕਦੀ ਤੇ ਇਸ ਤਰ੍ਹਾਂ ਤਾਂ ਹਰ ਕੋਈ ਹੜਤਾਲ ਜਾਂ ਰੋਸ ਮੁਜ਼ਾਹਰੇ ਕਰਕੇ ਪੱਕੇ ਹੋਣ ਦੀ ਮੰਗ ਕਰੇਗਾ। ਜਦੋਂ ਪੁੱਛਿਆ ਗਿਆ ਕਿ ਵਿਭਾਗ ਸਾਡੀ ਮੰਨੀਆਂ ਮੰਗਾਂ ਲਾਗੂ ਨਹੀਂ ਕਰਦਾ ਤਾਂ ਚੇਅਰਮੈਨ ਵੱਲੋਂ ਜਵਾਬ ਦਿੱਤਾ ਗਿਆ ਕਿ ਮੇਰੇ ਗੇਟ 'ਤੇ ਧਰਨਾ ਦੇਣ ਵਾਲਿਆਂ ਨੂੰ ਕੁਝ ਨਹੀਂ ਦਿਆਂਗਾ, ਸਗੋ ਵਰਕਰਾਂ ਤੇ ਲੀਡਰਾਂ ਦੀ ਪ੍ਰੋਗਰੈਸ ਰਿਪੋਰਟ ਮੰਗਵਾ ਕੇ ਉਨ੍ਹਾਂ ਨੂੰ ਵਿਭਾਗ ਤੋਂ ਬਾਹਰ ਕੀਤਾ ਜਾਵੇਗਾ, ਜਿਵੇਂ 2014 ਵਿਚ ਕੀਤਾ ਸੀ ਤੇ ਜੇਕਰ ਕਿਸੇ ਨੇ ਕੁਝ ਲੈਣਾ ਤਾਂ ਉਹ ਸਿਰ ਨੀਵਾਂ ਕਰਕੇ ਹੀ ਆਵੇ ।ਇਸ ਤੋਂ ਸਾਬਿਤ ਹੁੰਦਾ ਹੈ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਹੋਏ ਇਹਨਾਂ ਲੀਡਰਾਂ ਨੂੰ ਫ੍ਰੀ ਵਿੱਚ ਕੁਰਸੀਆਂ ਵੰਡਣ ਸਮੇਂ ਕੋਈ ਕਾਬਲੀਅਤ ਨਹੀਂ ਵੇਖੀ ਗਈ ਅਤੇ ਪੀ ਆਰ ਟੀ ਸੀ ਦੇ ਲੱਖਾਂ ਰੁਪਏ ਸਿਆਸੀ ਲੀਡਰਾਂ ਨੂੰ ਚੇਅਰਮੈਨੀ ਵੰਡ ਕੇ ਖਰਾਬ ਕਰਨ ਦੇ ਨਾਲ ਨਾਲ ਮੁਲਾਜ਼ਮਾਂ ਨੂੰ ਵੀ ਹੜਤਾਲਾਂ ਮੁਜ਼ਾਹਰੇ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਜੇਕਰ ਚੈਅਰਮੈਨ ਜਾਂ ਮੈਨੇਜਮੈਂਟ ਵੱਲੋਂ ਕੋਈ ਵੀ ਹੰਕਾਰੀ ਫ਼ਰਮਾਨ ਜਾਰੀ ਕੀਤਾ ਗਿਆ ਜਾਂ ਕਿਸੇ ਵਰਕਰ ਦਾ ਨੁਕਸਾਨ ਕੀਤਾ ਤਾਂ ਯੂਨੀਅਨ ਵਲੋਂ ਪੰਜਾਬ ਬੰਦ ਕਰਕੇ ਚੇਅਰਮੈਨ ਦੇ ਘਰ ਅੱਗੇ ਧਰਨਾ ਦੇਣ ਸਮੇਤ ਪੂਰੇ ਪੰਜਾਬ ਵਿੱਚ ਧੱਕੇਸ਼ਾਹੀ ਕਰਨ ਵਾਲੇ ਅਧਿਕਾਰੀਆਂ ਦੇ ਪੁਤਲੇ ਫੂਕੇ ਜਾਣਗੇ, ਜਿਸ ਦੀ ਜੁੰਮੇਵਾਰੀ ਪੰਜਾਬ ਸਰਕਾਰ ਅਤੇ ਵਿਭਾਗ ਦੇ ਅਧਿਕਾਰੀਆਂ ਦੀ ਹੋਵੇਗੀ।

# ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਦਿਨ-ਰਾਤ ਕੀਤਾ ਜਾ ਰਿਹੈ ਕੰਮ : ਜ਼ਿਲ੍ਹਾ ਪੁਲਸ ਮੁਖੀ

**ਬੱਸੀ ਪਠਾਣਾਂ/ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਦਾ ਖਾਤਮਾ ਕਰਨ ਦੇ ਲਈ 'ਸੰਪਰਕ' ਮੁਹਿੰਮ ਤਹਿਤ ਗਿੱਲ ਫਾਰਮ ਵਿਖੇ ਲੋਕ ਮਿਲਣੀ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਦੇ ਖਾਤਮੇ ਹਿੱਤ ਮੁਹਿੰਮ ਚਲਾਈ ਗਈ ਹੈ, ਜਿਸ ਦਾ ਮੁੱਖ ਮੰਤਵ ਹੈ ਕਿ ਪੁਲਸ ਲੋਕਾਂ ਵਿੱਚ ਜਾਵੇ ਅਤੇ ਲੋਕਾਂ ਤੇ ਪੁਲੀਸ ਵਿਚਲੀ ਵਿੱਥ ਖਤਮ ਹੋਵੇ ਤੇ ਲੋਕ ਖੁੱਲ੍ਹ ਕੇ ਨਸ਼ਿਆਂ ਖ਼ਿਲਾਫ਼ ਅੱਗੇ ਆਉਣ।



ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਨਾਲ ਜੋੜਨਾ ਲਾਜ਼ਮੀ ਹੈ, ਪਰ ਖੇਡਾਂ ਦੇ ਨਾਲ-ਨਾਲ ਪੜ੍ਹਾਈ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸਾਨੂੰ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਜ਼ਿੰਦਗੀ ਬਹੁਤ ਖੂਬਸੂਰਤ ਹੈ। ਪਰ ਹਰ ਮਨੁੱਖ ਉੱਪਰ ਸੰਗਤ ਦਾ ਅਸਰ ਬਹੁਤ ਜ਼ਿਆਦਾ ਹੁੰਦਾ ਹੈ ਤੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਣਾ ਚਾਹੀਦਾ ਕਿ ਸਾਡੇ ਬੱਚੇ ਤੇ ਨੌਜਵਾਨਾਂ ਦਾ ਉੱਠਣਾ ਬੈਠਣਾ ਕਿਸ ਨਾਲ ਹੈ।

ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਐਨ.ਡੀ.ਪੀ.ਐੱਸ.ਐਕਟ ਦੀ ਧਾਰਾ 64-ਏ ਤਹਿਤ ਜੇਕਰ ਨਸ਼ਾ ਪੀੜਤ ਨੌਜਵਾਨ ਅਦਾਲਤ ਜ਼ਰੀਏ ਇਹ ਭਰੋਸਾ ਦਿੰਦਾ ਹੈ ਕਿ ਉਹ ਆਪਣਾ ਇਲਾਜ ਕਰਵਾ ਕੇ ਨਸ਼ੇ ਛੱਡੇਗਾ ਤੇ ਨਸ਼ੇ ਛੱਡ ਦਿੰਦਾ ਹੈ ਤਾਂ ਉਹ ਉਸ ਕੇਸ ਸਬੰਧੀ ਕਾਨੂੰਨੀ ਕਾਰਵਾਈ ਦੇ ਘੇਰੇ 'ਚੋਂ ਬਾਹਰ ਆ ਸਕਦਾ ਹੈ।

ਡਾ. ਰਵਜੋਤ ਗਰੇਵਾਲ ਨੇ ਕਿਹਾ ਕਿ ਨਸ਼ਿਆਂ ਦਾ ਖਾਤਮਾ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਤੇ ਇਹ ਤਾਂ ਹੀ ਖਤਮ ਹੋ ਸਕਦੀ ਹੈ ਜੇਕਰ ਹਰੇਕ ਵਰਗ ਦੇ ਲੋਕ ਪੁਲਸ ਵੱਲੋਂ ਚਲਾਈ ਮੁਹਿੰਮ ਵਿੱਚ ਉਸਾਰੂ ਸਹਿਯੋਗ ਦੇਣ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਪਰਿਵਾਰ ਦਾ ਕੋਈ ਮੈਂਬਰ ਨਸ਼ਿਆਂ ਦਾ ਸੇਵਨ ਕਰਦਾ ਹੈ ਤਾਂ ਉਸ ਸਬੰਧੀ ਵੀ ਪੁਲਸ ਨਾਲ ਤਾਲਮੇਲ ਕੀਤਾ ਜਾਵੇ ਅਤੇ ਉਸ ਵਿਅਕਤੀ ਦਾ ਨਸ਼ਾ ਛੁਡਵਾ ਕੇ ਉਸ ਨੂੰ ਸਮਾਜ ਅੰਦਰ ਮੁੜ ਇੱਕ ਚੰਗੇ ਸ਼ਹਿਰੀ ਵਾਂਗ ਜੀਵਨ ਬਤੀਤ ਕਰਨ ਵਿੱਚ ਪੁਲਸ ਸਹਾਇਤਾ ਕਰੇਗੀ।

## ਗੁਰਦੁਆਰਾ ਨਾਨਕਪੁਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਪੁਨਰਗਠਨ

### * ਜਗਤਾਰ ਸਿੰਘ ਘੁਮਾਣ ਬਣੇ ਪ੍ਰਧਾਨ

ਧੂਰੀ (ਸੁਖਦੇਵ ਧੂਰੀ) ਧੂਰੀ ਪਿੰਡ ਦੇ ਦੋਹਲਾ ਦਰਵਾਜ਼ਾ ਗੁਰਦੁਆਰਾ ਨਾਨਕ ਪੁਰਾ ਸਾਹਿਬ ਵਿਖੇ ਗੁਰਦੁਆਰਾ ਕਮੇਟੀ ਤੇ ਧੂਰੀ ਪਿੰਡ ਵਾਸੀਆਂ ਦੀ ਸਾਂਝੀ ਇਕੱਤਰਤਾ ਹੋਈ।ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੁਰਾਣੀ ਪ੍ਰਬੰਧਕ ਕਮੇਟੀ ਨੇ ਹੁਣ ਤੱਕ ਦਾ ਹਿਸਾਬ ਦਿੱਤਾ ਤੇ ਸਰਬਸੰਮਤੀ ਨਾਲ ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਗੁਰੂਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ। ਨਵੀਂ ਕਮੇਟੀ ਵਿੱਚ ਜਗਤਾਰ ਸਿੰਘ ਘੁਮਾਣ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਅਤੇ ਉਸ ਨੂੰ ਬਾਕੀ ਕਮੇਟੀ ਚੁਣਨ ਦਾ ਅਧਿਕਾਰ ਦਿੱਤਾ ਗਿਆ। ਇਸ ਕਮੇਟੀ ਵਿੱਚ ਦੇ ਚੇਅਰਮੈਨ ਜਤਿੰਦਰ ਸਿੰਘ ਸੋਨੀ ਮੰਡੇਰ, ਪ੍ਰਧਾਨ ਜਗਤਾਰ ਸਿੰਘ ਘੁਮਾਣ, ਸੈਕਟਰੀ ਜਸਵੰਤ ਸਿੰਘ ਮੰਡੇਰ, ਖ਼ਜ਼ਾਨਚੀ ਸ਼ਮਸ਼ੇਰ ਸਿੰਘ ਸੰਧੂ, ਪ੍ਰੈਸ ਸਕੱਤਰ ਸੁਖਵਿੰਦਰ ਸਿੰਘ ਪਲਾਹਾ ਤੇ ਕਰਨਦੀਪ ਸਿੰਘ ਚੈਰੀ ਤੇ ਕੇਵਲ ਸਿੰਘ ਸਮਰਾ, ਗੁਰਪ੍ਰੀਤ ਸਿੰਘ ਸੇਖੋਂ, ਮਲਕੀਤ ਸਿੰਘ, ਸੁਖਦੇਵ ਸਿੰਘ ਨੱਤਾ ਵਾਲੇ, ਗੁਰਤੇਜ ਸਿੰਘ ਤੇਜੀ,ਬਿੱਲੂ, ਕਰਨਦੀਪ ਸਿੰਘ ਚੈਰੀ, ਗੋਰਾ, ਇੰਦਰਜੀਤ ਸਿੰਘ ਖਹਿਰਾ, ਇੰਦਰਜੀਤ ਸਿੰਘ ਮੰਡੇਰ, ਰੂਪ ਸਿੰਘ ਫੌਜੀ, ਦੀਪਾ ਰੇਤੇ ਵਾਲਾ, ਰਾਮ ਕਰਨ ਸਿੰਘ ਸੈਣੀ, ਸੁਖਵਿੰਦਰ ਸਿੰਘ ਪਲਾਹਾ, ਸੁਖਵਿੰਦਰ ਸਿੰਘ ਰਟੌਲ, ਹਰਦੀਪ ਸਿੰਘ ਚੀਨਾ, ਗੁਰਜੀਤ ਸਿੰਘ ਦੁੱਲਾ, ਰਾਮ ਕ੍ਰਿਸ਼ਨ ਸਿੰਘ ਕਾਕਾ ਤੇ ਅਮਨਪ੍ਰੀਤ ਬਾਵਾ ਆਦਿ ਚੁਣੇ ਗਏ।



## ਬਠਿੰਡਾ ਜੰਕਸ਼ਨ ਤੋਂ ਕਾਸ਼ੀ ਬਨਾਰਸ ਸਪੈਸ਼ਲ ਰੇਲ ਗੱਡੀ ਲਈ ਚਲਾਉਣ ਦੀ ਮੰਗ



**ਰਾਮਪੁਰਾ ਫੂਲ, (ਦਰਸ਼ਨ ਜਿੰਦਲ)**-ਸਤਿਗੁਰੂ ਰਵਿਦਾਸ ਜਨਮ ਉਤਸਵ ਯਾਤਰਾ ਵੈਲਫੇਅਰ ਕਮੇਟੀ (ਰਜਿ.) ਪੰਜਾਬ ਦੀ ਮੀਟਿੰਗ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਜਰਨੈਲ ਸਿੰਘ ਜੱਸੀ ਦੀ ਅਗਵਾਈ ਵਿੱਚ ਕੀਤੀ ਗਈ।

ਮੀਟਿੰਗ ਦੌਰਾਨ ਸਤਿਗੁਰੂ ਰਵਿਦਾਸ ਜੀ ਦੇ 12 ਫਰਵਰੀ ਨੂੰ ਆ ਰਹੇ ਜਨਮ ਦਿਹਾੜੇ ਨੂੰ ਮਨਾਉਣ ਲਈ ਇੱਕ ਸਪੈਸ਼ਲ ਰੇਲ ਗੱਡੀ ਬਠਿੰਡਾ ਜੰਕਸ਼ਨ ਤੋਂ ਕਾਸ਼ੀ ਬਨਾਰਸ ਲਈ ਚਲਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਮਾਨਸਾ, ਬਠਿੰਡਾ, ਰਾਮਪੁਰਾ ਫੂਲ, ਬਰਨਾਲਾ, ਧੂਰੀ ਆਦਿ ਦੀਆਂ ਸੰਗਤਾਂ ਵੱਲੋਂ ਇੱਕ ਮੰਗ ਪੱਤਰ ਪੰਜਾਬ ਪ ?ਧਾਨ ਜਰਨੈਲ ਸਿੰਘ ਫਰਵਾਈ ਦੀ ਅਗਵਾਈ ਹੇਠ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਦਿਆਲ ਦਾਸ ਸੋਢੀ ਤੇ ਜਗਦੀਪ ਸਿੰਘ ਨੱਕਈ ਨੂੰ ਦਿੱਤਾ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਮੀਤ ਪ ?ਧਾਨ ਬਿੰਦਰ ਸਿੰਘ, ਮੱਖੂ ਰਾਮ, ਅਵੀ, ਹਰਦਿਆਲ ਲੱਧੜ, ਰਣਜੀਤ, ਤਾਰਾ ਚੰਦ, ਮੋਹਿਤ ਕੁਮਾਰ ਲੱਧੜ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਫਰਵਰੀ ਤੱਕ ਮੁਕੰਮਲ ਕੀਤੀ ਜਾਵੇਗੀ ਪਸ਼ੂ-ਧਨ ਗਣਨਾ : ਡਾ. ਰਵੀਕਾਂਤ

ਮਾਨਸਾ (ਅਵਤਾਰ ਸਿੰਘ ਜਟਾਣਾ)- ਪਸ਼ੂ ਪਾਲਣ ਵਿਭਾਗ ਵੱਲੋਂ 21ਵੀਂ ਪਸ਼ੂਧਨ ਗਣਨਾ ਫਰਵਰੀ 2025 ਤੱਕ ਮੁਕੰਮਲ ਕੀਤੀ ਜਾਣੀ ਹੈ। ਇਸ ਕੰਮ ਲਈ ਜ਼ਿਲ੍ਹਾ ਮਾਨਸਾ ਵਿਖੇ 54 ਗਿਣਤੀਕਾਰ ਅਤੇ 12 ਸੁਪਰਵਾਈਜ਼ਰ ਲਗਾਏ ਗਏ ਹਨ ਜੋ ਘਰ-ਘਰ ਜਾ ਕੇ ਪਸ਼ੂਆਂ ਦੀ ਗਿਣਤੀ ਕਰ ਰਹੇ ਹਨ। ਚੱਲ ਰਹੀ



ਇਸ ਪਸ਼ੂਧਨ ਗਣਨਾ ਦਾ ਜਾਇਜ਼ਾ ਲੈਣ ਲਈ ਸੰਯੁਕਤ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਪਰਮਦੀਪ ਵਾਲੀਆ ਅਤੇ ਡਿਪਟੀ ਡਾਇਰੈਕਟਰ ਡਾ. ਰਵੀਕਾਂਤ ਵਿਸ਼ੇਸ਼ ਤੌਰ 'ਤੇ ਮਾਨਸਾ ਪੰਹੁਚੇ।ਸਟਾਫ਼ ਨਾਲ ਮੀਟਿੰਗ ਦੌਰਾਨ ਡਾ. ਰਵੀਕਾਂਤ ਨੇ ਕਿਹਾ ਕਿ ਪਸ਼ੂਧਨ ਗਣਨਾ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ ਅਤੇ ਆਮ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਗਣਨਾ ਦੌਰਾਨ ਉਨ੍ਹਾਂ ਦਾ ਸੰਪੂਰਨ ਸਹਿਯੋਗ ਮਿਲ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਸਦਕਾ ਹੀ ਗਣਨਾ ਦਾ ਇਹ ਕੰਮ ਸਹੀ ਢੰਗ ਨਾਲ ਨੇਪਰੇ ਚੜ੍ਹੇਗਾ।ਡਿਪਟੀ ਡਾਇਰੈਕਟਰ ਮਾਨਸਾ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਤਰ੍ਹਾਂ ਦੇ ਪਸ਼ੂ, ਕੁੱਤੇ, ਮੁਰਗੀਆਂ ਆਦਿ ਦੀ ਨਸਲ ਆਧਾਰਤ ਗਿਣਤੀ ਕੀਤੀ ਜਾਣੀ ਹੈ ਅਤੇ ਹੁਣ ਤੱਕ 54 ਹਜ਼ਾਰ ਪਸ਼ੂਆਂ ਦੀ ਗਿਣਤੀ ਮੁਕੰਮਲ ਹੋ ਚੁੱਕੀ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਪਸ਼ੂ ਪਾਲਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਗਿਣਤੀਕਾਰ ਉਨ੍ਹਾਂ ਦੇ ਘਰਾਂ ਵਿੱਚ ਆਉਣ ਤਾਂ ਆਪਣੇ ਘਰ ਦੇ ਸਾਰੇ ਪਸ਼ੂਆਂ ਦੀ ਸਹੀ ਜਾਣਕਾਰੀ ਦਿੱਤੀ ਜਾਵੇ।ਇਸ ਮੌਕੇ ਐਡੀਸ਼ਨਲ ਡਾਇਰੈਕਟਰ ਮਾਨਸਾ ਡਾ. ਮੁਹੰਮਦ ਸਲੀਮ, ਐਸ.ਵੀ.ਓ. ਸਰਦੂਲਗੜ੍ਹ ਡਾ. ਗਣਪਤ ਸਿੰਘ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਡਾ. ਇੰਦਰਜੀਤ ਸਿੰਘ ਮੌਜੂਦ ਸਨ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਬਵਾਲਾ ਕਲਾਂ ਦੀ ਨਾਟਕ ਟੀਮ ਦਾ ਕੀਤਾ ਸਨਮਾਨ

**ਫ਼ਾਜ਼ਿਲਕਾ, (ਨਿਸ਼ਾ ਸ਼ਰਮਾ)**-ਕਲਾ ਉਤਸਵ 2024-25 ਦੇ ਮੁਕਾਬਲਿਆਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਬਵਾਲਾ ਕਲਾਂ ਦੀ ਨਾਟਕ ਟੀਮ (ਕੁੜੀਆਂ), ਜਿਨ੍ਹਾਂ ਨੇ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਉਂਦਿਆਂ ਭੋਪਾਲ 'ਚ ਪੰਜਾਬ ਤੇ ਜ਼ਿਲ੍ਹੇ ਦਾ ਨਾਂਅ ਪੂਰੇ ਭਾਰਤ 'ਚ ਰੌਸ਼ਨ ਕੀਤਾ ਅਤੇ ਨੈਸ਼ਨਲ ਅਵਾਰਡ ਆਪਣੇ ਨਾਂਅ ਕੀਤਾ।ਜੇਤੂ ਟੀਮ, ਨਾਟਕ ਦੇ ਰਚਨਕਰਤਾ, ਸਕੂਲ ਪ੍ਰਿੰਸੀਪਲ ਸੁਭਾਸ਼ ਨਰੂਲਾ ਤੇ ਹੋਰ ਸਹਿਯੋਗੀਆਂ, ਜਿਨ੍ਹਾਂ ਇਹ ਉਪਲਬਧੀ ਹਾਸਲ ਕਰਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ, ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੰਦਿਆਂ ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਸ੍ਰੀ ਭੁਪਿੰਦਰ ਉਤਰੇਜਾ ਤੇ ਖੋਜ ਅਫ਼ਸਰ ਪਰਮਿੰਦਰ ਸਿੰਘ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸਿਖਿਆ ਅਫ਼ਸਰ ਬ੍ਰਿਜ ਮੋਹਨ ਸਿੰਘ ਬੇਦੀ, ਉਪ ਜ਼ਿਲ੍ਹਾ ਸਿੱਖਿਆ ਅਫਸਰ ਪੰਕਜ ਅੰਗੀ, ਨੋਡਲ ਅਫ਼ਸਰ ਵਿਜੈ ਪਾਲ, ਗੁਰਛਿੰਦਰ ਪਾਲ ਸਿੰਘ, ਸੁਰਿੰਦਰ ਕੰਬੋਜ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਜ਼ਿਲ੍ਹਾ ਭਾਸ਼ਾ ਅਫਸਰ ਸ੍ਰੀ ਭੁਪਿੰਦਰ ਉਤਰੇਜਾ ਨੇ ਦੱਸਿਆ ਕਿ ਨੈਸ਼ਨਲ ਪੱਧਰ 'ਤੇ ਸਨਮਾਨ ਦਿਵਾਉਣਾ ਜ਼ਿਲ੍ਹੇ ਵਾਸਤੇ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਲੜਕੀਆਂ ਆਪਣੀ ਅਣਥੱਕ ਮਿਹਨਤ ਤੇ ਪ੍ਰਿੰਸੀਪਲ ਤੇ ਗਾਇਡ ਅਧਿਆਪਕ ਦੇ ਮਾਰਗਦਰਸ਼ਨ ਹੇਠ ਸਿਖਰਾਂ 'ਤੇ ਪਹੁੰਚ ਰਹੀਆਂ ਹਨ।ਉਨ੍ਹਾਂ ਟੀਮ ਦੇ ਸਨਮਾਨ ਵਜੋਂ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਬਵਾਲਾ ਕਲਾਂ ਜ਼ਿਲ੍ਹਾ ਫਾਜ਼ਿਲਕਾ ਦੀ ਨਾਟਕ ਟੀਮ (ਕੁੜੀਆਂ) ਨੇ ਪੰਜਾਬ ਦੀ ਨੁਮਾਇੰਦਗੀ ਕਰਦਿਆਂ 37 ਟੀਮਾਂ ਨੂੰ ਪਛਾੜਦਿਆਂ ਭੋਪਾਲ 'ਚ ਜਿੱਤ ਹਾਸਲ ਕੀਤੀ।

ਜ਼ਿਲ੍ਹਾ ਭਾਸ਼ਾ ਅਫਸਰ ਨੇ ਦੱਸਿਆ ਕਿ ਕੁਲਜੀਤ ਭੱਟੀ, ਜਿਨ੍ਹਾਂ ਇਹ ਨਾਟਕ ਲਿਖਿਆ ਤੇ ਨਾਟਕ ਵਿੱਚ ਪ੍ਰਭਸਿਮਰਨਜੀਤ ਕੌਰ, ਵੀਰਪਾਲ ਕੌਰ, ਜਸ਼ਨਪ੍ਰੀਤ ਕੌਰ, ਗੁਰਪ੍ਰੀਤ ਕੌਰ ਤੇ ਦੀਕਸ਼ਾ ਰਾਣੀ ਨੇ ਆਪਣਾ ਆਪਣਾ ਕਿਰਦਾਰ ਬਾਖ਼ੂਬੀ ਨਿਭਾਇਆ।ਸ੍ਰੀ ਭੁਪਿੰਦਰ ਉਤਰੇਜਾ ਨੇ ਜੇਤੂ ਵਿਦਿਆਰਥਣਾਂ ਨੂੰ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਸਨਮਾਨਤ ਕੀਤਾ।ਆਏ ਮਹਿਮਾਨਾਂ ਦਾ ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਭੁਪਿੰਦਰ ਉਤਰੇਜਾ ਤੇ ਜ਼ਿਲ੍ਹਾ ਖੋਜ ਅਫ਼ਸਰ ਪਰਮਿੰਦਰ ਸਿੰਘ ਨੇ ਧੰਨਵਾਦ ਕੀਤਾ।

# ਨਿਹੰਗਾਂ ਦੇ ਭੇਸ 'ਚ ਤਿੰਨ ਨੌਜਵਾਨਾਂ ਨੇ ਭਗਤਾ ਭਾਈਕਾ ਤੋਂ ਕਾਰ ਖੋਹੀ

ਬਠਿੰਡਾ (ਰਾਜੀਵ ਗੋਇਲ) 15 ਜਨਵਰੀ ਦੀ ਸ਼ਾਮ ਕਰੀਬ ਸਾਢੇ ਸੱਤ ਵਜੇ ਭਗਤਾ ਭਾਈ ਕਾ ਦੀ ਚੇਅਰਮੈਨ ਕਲੋਨੀ ਦੇ ਰਹਿਣ ਵਾਲੇ ਉੱਤਮ ਚੰਦ ਆਪਣੀ ਆਈ 10 ਕਾਰ 'ਚ ਬੈਠ ਕੇ ਜਦੋਂ ਕਲੋਨੀ ਤੋਂ ਬਾਹਰ ਸੜਕ 'ਤੇ ਚੜ੍ਹਨ ਲੱਗੇ ਤਾਂ ਸਾਹਮਣੇ ਤੋਂ ਮੋਟਰਸਾਈਕਲ 'ਤੇ ਨਿਹੰਗਾਂ ਦੇ ਭੇਸ ਵਿੱਚ ਆ ਰਹੇ ਤਿੰਨ ਲੁਟੇਰਿਆਂ ਨੇ ਕਾਰ ਅੱਗੇ ਮੋਟਰਸਾਈਕਲ ਲਾ ਕੇ ਕਾਰ ਚਾਲਕ ਨੂੰ ਰੋਕ ਲਿਆਂ ਤੇ ਤਲਵਾਰਾਂ ਤੇ ਬਰਛਿਆਂ ਦੀ ਨੋਕ 'ਤੇ ਕਾਰ ਖੋਹ ਕੇ ਭੱਜ ਗਏ ਤੇ ਜਾਂਦੇ-ਜਾਂਦੇ ਸ਼ਹਿਰ ਦੇ ਬਰਨਾਲਾ ਰੋਡ 'ਤੇ ਆਪਣਾ ਮੋਟਰਸਾਈਕਲ ਸੁੱਟ ਕੇ ਫਰਾਰ ਹੋ ਗਏ।



ਗੱਲਬਾਤ ਕਰਦਾ ਪੀੜਤ।

ਜਦੋਂ ਘਟਨਾ ਸਥਾਨ 'ਤੇ ਥਾਣਾ ਦਿਆਲਪੁਰਾ ਦੀ ਪੁਲਸ ਸਮੇਤ ਡੀ.ਐਸ.ਪੀ ਫੂਲ ਤੇ ਸੀ.ਆਈ.ਏ ਦੀ ਟੀਮ ਪੁੱਜੇ ਤਾਂ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਪੁਲਸ ਜਾਂਚ 'ਚ ਪਤਾ ਲੱਗਾ ਕਿ ਜਿਹੜਾ ਮੋਟਰਸਾਈਕਲ ਬਿਨ੍ਹਾਂ ਨੰਬਰ ਪਲੇਟਾਂ ਤੋਂ ਉਕਤ ਲੁਟੇਰੇ ਸੁੱਟ ਕੇ ਭੱਜੇ ਸੀ, ਉਹ ਵੀ ਸ਼੍ਰੀ ਮੁਕਤਸਰ ਜ਼ਿਲ੍ਹੇ ਦੇ ਪਿੰਡ ਉਦੇਕਰਨ ਦੇ ਕਿਸੇ ਸਖਸ਼ ਤੋਂ ਖੋਹਿਆ ਗਿਆ ਸੀ। ਅਜੇ ਤੱਕ ਪੁਲਸ ਦੇ ਹੱਥ ਕੋਈ ਵੀ ਸੁਰਾਗ ਨਹੀਂ ਲੱਗਾ ਹੈ, ਪਰ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਮੁਕੱਦਮਾ ਦਰਜ਼ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਉਧਰ ਇਸ ਘਟਨਾ ਨੂੰ ਲੈ ਕੇ ਹਲਕਾ ਵਿਧਾਇਕ ਦਾ ਕੋਈ ਬਿਆਨ ਨਾ ਆਉਣਾ ਆਮ ਲੋਕਾਂ 'ਚ ਗੁੱਸੇ ਦਾ ਸੰਕੇਤ ਦੇ ਰਿਹਾ ਹੈ।

ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਜਿੱਥੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ, ਉੱਥੇ ਉਨ੍ਹਾਂ ਕਿਹਾ ਹੈ ਕਿ ਪੰਜਾਬ ਦੇ ਹਾਲਾਤ ਪੁਰਾਣੇ ਯੂਪੀ ਬਿਹਾਰ ਵਰਗੇ ਬਣਦੇ ਜਾ ਰਹੇ ਹਨ। ਇੱਥੇ ਕੋਈ ਵੀ ਨਾਗਰਿਕ ਸੁਰੱਖਿਅਤ ਨਹੀਂ ਹੈ ਤੇ ਸੂਬੇ ਦੀ ਸਰਕਾਰ ਸੁਰੱਖਿਆ ਮਾਮਲੇ ਵਿੱਚ ਫੈਲ ਨਜਰ ਆ ਰਹੀ ਹੈ।

# ਗਣਤੰਤਰ ਦਿਵਸ 'ਤੇ ਕੱਢੀਆਂ ਜਾਣ ਵਾਲੀਆਂ ਝਾਕੀਆਂ ਸੰਬੰਧੀ ਡੀਸੀ ਵੱਲੋਂ ਰੀਵਿਊ ਮੀਟਿੰਗ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ) -26 ਜਨਵਰੀ ਨੂੰ ਗਣਤੰਤਰਤਾ ਦਿਵਸ ਤੇ ਨਹਿਰੂ ਸਟੇਡੀਅਮ ਵਿਖੇ ਮਨਾਏ ਜਾਣ ਵਾਲੇ ਰਾਜ ਪੱਧਰੀ ਸਮਾਗਮ ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।



ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਝਾਕੀਆਂ ਸਬੰਧੀ ਕੀਤੀ ਰੀਵਿਊ ਮੀਟਿੰਗ ਦੌਰਾਨ ਸਾਂਝੀ ਕੀਤੀ ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਦਰਸਾਉਂਦੀਆਂ ਝਾਕੀਆਂ ਕੱਢੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਆਪਸੀ ਤਾਲਮੇਲ ਨਾਲ ਝਾਕੀਆਂ ਦੇ ਕੰਮ ਨੂੰ ਮੁਕੰਮਲ ਕੀਤਾ ਜਾਵੇ ।ਉਨ੍ਹਾਂ ਕਿਹਾ ਕਿ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ. ਨਰਭਿੰਦਰ ਸਿੰਘ ਗਰੇਵਾਲ ਇਨ੍ਹਾਂ ਝਾਕੀਆਂ ਨੂੰ ਚੈਕ ਕਰਨਗੇ ਅਤੇ ਨੋਡਲ ਅਫ਼ਸਰ ਹੋਣਗੇ । ਉਨ੍ਹਾਂ ਕਿਹਾ ਕਿ ਸਮੁਚੇ ਇੰਤਜ਼ਾਮ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਤੈਅ ਸਮੇਂ ਵਿਚ ਪੂਰੀ ਕਰਨ। ਉਨ੍ਹਾਂ ਕਿਹਾ ਕਿ ਰਾਜ ਪੱਧਰੀ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ. ਨਰਭਿੰਦਰ ਸਿੰਘ ਗਰੇਵਾਲ, ਡੀ.ਈ.ਓ ਐਲੀਮੈਂਟਰੀ ਪਵਨ ਕੁਮਾਰ, ਡਾ. ਅਮਰੀਕ ਸਿੰਘ, ਮੁੱਖ ਖੇਤੀਬਾੜੀ ਅਫ਼ਸਰ, ਸ.ਨਵਦੀਪ ਸਿੰਘ ਬਰਾੜ ਡਿਪਟੀ ਡਾਇਰੈਕਟਰ ਬਾਗਬਾਨੀ, ਐਕਸੀਅਨ ਹਰਿੰਦਰ ਸਿੰਘ ਚਾਹਲ ਪਾਵਰਕਾਮ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਮਾਤਾ ਗੁਰਜੀਤ ਕੌਰ ਬਣ ਗਈ ਦੋ ਦੀਆਂ ਅੱਖਾਂ ਦੀ ਰੋਸ਼ਨੀ

ਬੁਢਲਾਡਾ, (ਅਸ਼ੋਕ ਲਾਕੜਾ) ਸਥਾਨਕ ਸ਼ਹਿਰ ਦੇ ਸਾਹਨੀ ਪਰਿਵਾਰ ਤੋਂ ਮਾਤਾ ਗੁਰਜੀਤ ਕੌਰ 74 ਸਾਲਾਂ ਦੇ ਦਿਹਾਂਤ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਸਮਾਜ ਸੇਵੀ ਸੰਸਥਾ



ਨੇਕੀ ਫਾਉਂਡੇਸ਼ਨ ਦੀ ਪ੍ਰੇਰਨਾ ਨਾਲ ਸਮੂਹ ਪਰਿਵਾਰ ਵੱਲੋਂ ਉਹਨਾਂ ਦੀਆਂ ਅੱਖਾਂ ਸ਼ੰਕਰਾ ਅੱਖਾਂ ਦਾ ਹਸਪਤਾਲ ਲੁਧਿਆਣਾ ਨੂੰ ਦਾਨ ਕੀਤੀਆਂ ਗਈਆਂ।ਨੇਕੀ ਫਾਉਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਜਿਵੇਂ ਹੀ ਪਰਿਵਾਰ ਨੇ ਅੱਖਾਂ ਦਾਨ ਕਰਨ ਦੀ ਇੱਛਾ ਜਤਾਈ, ਸੰਸਥਾ ਵੱਲੋਂ ਇਸ ਦੇ ਤੁਰੰਤ ਪ੍ਰਬੰਧ ਕੀਤੇ ਗਏ ਅਤੇ ਡਾਕਟਰਾਂ ਦੀ ਟੀਮ ਮੌਕੇ ਉੱਤੇ ਪਹੁੰਚ ਗਈ।ਉਹਨਾਂ ਕਿਹਾ ਕਿ ਮਾਤਾ ਗੁਰਜੀਤ ਕੌਰ ਉਹਨਾਂ ਦੋ ਵਿਅਕਤੀਆਂ ਲਈ ਫਰਿਸ਼ਤਾ ਬਣ ਗਏ ਜਿਹਨਾਂ ਨੂੰ ਇਹ ਜਹਾਨ ਦੇਖਣ ਨੂੰ ਮਿਲੇਗਾ ਅਤੇ ਅੱਖਾਂ ਦੀ ਰੋਸ਼ਨੀ ਮਿਲੇਗੀ।ਸੰਸਥਾ ਵੱਲੋਂ ਜਿੱਥੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ, ਉੱਥੇ ਹੀ ਉਹਨਾਂ ਦੇ ਇਸ ਨੇਕ ਉਪਰਾਲੇ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਉਹਨਾਂ ਕਿਹਾ ਕਿ ਹਰ ਵਿਅਕਤੀ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨੀਆਂ ਚਾਹੀਦੀਆਂ ਹਨ। ਇਸ ਨਾਲ ਲੱਖਾਂ ਲੋਕ ਇਹ ਰੰਗਲੀ ਦੁਨੀਆਂ ਦੇਖ ਪਾਉਣਗੇ।ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਮੌਕੇ ਉਹ ਸੰਸਥਾ ਦੇ ਹੈਲਪਲਾਈਨ ਨੰਬਰਾਂ 8760371000 ਅਤੇ 8558971000 ਉੱਤੇ ਸੰਪਰਕ ਜ਼ਰੂਰ ਕਰਨ। ਇਸ ਮੌਕੇ ਪਰਿਵਾਰ ਦੇ ਪ੍ਰਭਜੋਤ ਸਿੰਘ ਸਾਹਨੀ ਸਮੇਤ ਸਮੂਹ ਸ਼ਹਿਰ ਨਿਵਾਸੀ, ਰਿਸ਼ਤੇਦਾਰ ਅਤੇ ਟੀਮ ਨੇਕੀ ਦੇ ਨੁਮਾਇੰਦੇ ਮੌਜੂਦ ਸਨ।

# 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ ਲਾਇਆ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ, ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਇਤਿਹਾਸਕ ਗੁਰਦੁਆਰਾ ਨਾਨਕਸਰ ਤਖਤੂਪੁਰਾ ਸਾਹਿਬ ਵਿਖੇ ਮਾਘੀ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 780ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਤਖ਼ਤੂਪੁਰਾ ਸਾਹਿਬ ਦੇ ਰਸੀਵਰ ਪ੍ਰਤਾਪ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਦੁਆਰਾ ਤਖਤੂਪੁਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਲਗਾਇਆ ਗਿਆ। ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਮੈਨੇਜਰ ਦਿਲਬਾਗ ਸਿੰਘ ਬਾਠ ਨੇ ਕਿਹਾ ਕਿ ਖਿਦਰਾਣੇ ਦੀ ਢਾਬ 'ਤੇ ਜੰਗ ਦੌਰਾਨ 40 ਮੁਕਤਿਆਂ ਨੇ ਧਰਮ ਦੀ ਰੱਖਿਆ ਲਈ ਆਪਣਾ ਖ਼ੂਨ ਡੋਲ੍ਹ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਚਾਲੀ ਮੁਕਤਿਆਂ ਦਾ ਬੇਦਾਵਾ ਭਾਈ ਮਹਾਂ ਸਿੰਘ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਾਪਤ ਕਰਕੇ ਪਾੜਿਆ ਅਤੇ ਜੂਨਾਂ ਤੋਂ ਮੁਕਤ ਕੀਤਾ। ਮੈਨੇਜਰ ਦਿਲਬਾਗ ਸਿੰਘ ਬਾਠ ਨੇ



ਚਾਲੀ ਮੁਕਤਿਆਂ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ ਤੇ ਖ਼ੂਨਦਾਨ ਕਰਨ ਤੇ ਸ਼ਹੀਦਾਂ ਨੂੰ ਨਤਮਸਤਕ ਹੋਣ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸਵਰਨ ਸਿੰਘ ਰੀਡਰ ਡੀ.ਐਸ.ਪੀ ਨਿਹਾਲ ਸਿੰਘ ਵਾਲਾ ਅਤੇ ਪ੍ਰਤਾਪ ਸਿੰਘ ਇੰਸਪੈਕਟਰ ਨੇ 100 ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਜਥੇ: ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਖ਼ੂਨਦਾਨ ਕੈਂਪ ਸਿਵਲ ਹਸਪਤਾਲ ਅਤੇ ਮਿੱਤਲ ਹਸਪਤਾਲ ਦੇ ਸਹਿਯੋਗ ਨਾਲ ਲਗਾਇਆ ਗਿਆ। ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿਚ ਦਿੱਤਾ ਜਾਵੇਗਾ।

ਇਸ ਮੌਕੇ ਸਰਪੰਚ ਗੁਰਮੇਲ ਸਿੰਘ ਤਖਤੂਪੁਰਾ, ਯਾਦਵਿੰਦਰ ਸਿੰਘ, ਕੁਲਜਿੰਦਰ ਸਿੰਘ , ਬਲਵਿੰਦਰ ਸਿੰਘ ਹੈੱਡ ਗ੍ਰੰਥੀ, ਕੈਪਟਨ ਸਿੰਘ , ਗੁਰਜੰਟ ਸਿੰਘ ਸਟੋਰ ਕੀਪਰ, ਸਤਪਾਲ ਸਿੰਘ ਮੱਲ੍ਹੀ ਇੰਸਪੈਕਟਰ ਅਤੇ ਗੁਰਦੁਆਰਾ ਤਖਤੂਪੁਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ।

# ਟਮਾਟਰ ਦੀਆਂ ਬਿਮਾਰੀਆਂ ਦੀ ਰੋਕਥਾਮ ਬਾਰੇ ਕੈਂਪ

ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਪਿੰਡ ਅਸਰਪੁਰ ਵਿਖੇ ਟਮਾਟਰ ਦੀ ਫਸਲ ਦੀਆਂ ਬਿਮਾਰੀਆਂ ਦੀ ਰੋਕਥਾਮ ਦੀਆਂ ਤਕਨੀਕਾਂ ਬਾਰੇ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪਿੰਡ ਅਸਰਪੁਰ, ਜੋਗੀਪੁਰ, ਫਤਿਹਪੁਰ, ਕਰਤਾਰਪੁਰ ਅਤੇ ਪੂਨੀਆਂ ਦੇ ਤਕਰੀਬਨ 80 ਕਿਸਾਨਾਂ ਵੱਲੋਂ ਸ਼ਿਰਕਤ ਕੀਤੀ ਗਈ।ਇਸ ਪ੍ਰੋਗਰਾਮ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਵਿਗਿਆਨੀਆਂ ਦੇ ਨਾਲ-ਨਾਲ ਪੀ ਏ ਯੂ, ਲੁਧਿਆਣਾ ਦੇ ਸਬਜ਼ੀ ਵਿਭਾਗ ਅਤੇ ਪੌਦਾ ਰੋਗ ਵਿਭਾਗ ਦੇ ਵਿਗਿਆਨੀਆਂ ਨੇ ਉਚੇਚੇ ਤੌਰ 'ਤੇ ਭਾਗ ਲਿਆ। ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਆਏ ਹੋਏ ਕਿਸਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕੇ ਵੀ ਕੇ ਦੀਆਂ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਕਿੱਤਾ-ਮੁਖੀ ਸਿਖਲਾਈ ਪ੍ਰੋਗਰਾਮ ਅਤੇ ਕਿਸਾਨ ਮੇਲਿਆਂ ਆਦਿ ਬਾਰੇ ਜਾਣਕਾਰੀ ਦਿੱਤੀ। ਪੀ ਏ ਯ. ਤੋਂ ਆਏ ਪ੍ਰਿੰਸੀਪਲ ਸਬਜ਼ੀ ਬਰੀਡਰ ਡਾ. ਸ਼ੈਲੇਸ਼ ਜਿੰਦਲ ਨੇ ਕਿਸਾਨਾਂ ਨੂੰ ਪੀ ਏ ਯੂ ਵੱਲੋਂ ਵਿਕਸਿਤ ਕੀਤੀਆਂ ਟਮਾਟਰ ਦੀਆਂ ਸੁਧਰੀਆਂ ਕਿਸਮਾਂ ਨੂੰ ਅਪਨਾਉਣ ਦਾ ਸੱਦਾ ਦਿੱਤਾ ਅਤੇ ਟਮਾਟਰ ਦੀ ਫ਼ਸਲ ਦੇ ਉਤਪਾਦਨ ਦੀਆਂ ਵਿਗਿਆਨਕ ਸਿਫਾਰਸ਼ਾਂ ਬਾਰੇ ਜਾਣਕਾਰੀ ਦਿੱਤੀ। ਇਸੇ ਮੌਕੇ ਡਾ. ਸੰਦੀਪ ਜੈਨ, ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ,ਪ੍ਰੋਫੈਸਰ ਡਾ. ਗੁਰਉਪਦੇਸ਼, ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਟਮਾਟਰ ਦੀ ਸਿਹਤਮੰਦ ਨਰਸਰੀ ਤਿਆਰ ਕਰਨ ਦੇ ਨੁਕਤੇ ਸਾਂਝੇ ਕੀਤੇ। ਇਸ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਪ੍ਰੀਤ ਸਿੰਘ ਸਿੱਧੂ, ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ) ਨੇ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਦੀ ਸੁੱਚਜੀ ਕਾਸ਼ਤ ਦੇ ਨੁਕਤਿਆਂ ਬਾਰੇ ਜਾਗਰੂਕ ਕਰਵਾਇਆ।ਇਸ ਪ੍ਰੋਗਰਾਮ ਵਿਚ ਅਸਰਪੁਰ ਅਤੇ ਨਾਲ ਦੇ ਪਿੰਡਾਂ ਤੋਂ ਆਏ ਅਗਾਂਹਵੱਧੂ ਕਿਸਾਨਾਂ ਗੁਰਮੀਤ ਸਿੰਘ, ਬਰਿੰਦਰ ਸਿੰਘ, ਜਸਵਿੰਦਰ ਸਿੰਘ ਆਦਿ ਨੇ ਟਮਾਟਰ ਦੀ ਫਸਲ ਦੇ ਉਤਪਾਦਨ ਸਬੰਧੀ ਦਰਪੇਸ਼ ਮੁਸ਼ਕਿਲਾਂ ਬਾਰੇ ਵਿਗਿਆਨੀਆਂ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਹੱਲ ਜਾਣੇ। ਪਿੰਡ ਦੇ ਕਿਸਾਨਾਂ ਨੇ ਵਿਗਿਆਨੀਆਂ ਦੀ ਟੀਮ ਦਾ ਇਸ ਪ੍ਰੋਗਰਾਮ ਦਾ ਆਯੋਜਨ ਕਰਨ ਲਈ ਧੰਨਵਾਦ ਕੀਤਾ।



## ਨੌਜਵਾਨ ਪੀ ਸੀ ਐੱਸ ਭਰਤੀ ਦੇ ਮੌਕੇ ਦਾ ਲਾਭ ਉਠਾਉਣ: ਅਨੁਪ੍ਰਿਤਾ ਜੌਹਲ

ਪਟਿਆਲਾ (ਅਵਤਾਰ ਜਟਾਣਾ)-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਅੱਜ ਪੀ.ਸੀ.ਐਸ. ਪ੍ਰੀਖਿਆ 2025 ਬਾਰੇ ਜਾਗਰੂਕਤਾ ਸੈਮੀਨਾਰ ਕਰਵਾਇਆ। ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਡਾ. ਪ੍ਰੀਤੀ ਯਾਦਵ ਦੀ ਰਹਿਨੁਮਾਈ ਹੇਠ ਲਗਾਏ ਗਏ ਇਸ ਸੈਮੀਨਾਰ ਮੌਕੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਪੰਜਾਬ ਸਿਵਲ ਸਰਵਿਸਿਸ ਪ੍ਰੀਖਿਆ ਦੀ ਤਿਆਰੀ ਲਈ ਜਾਗਰੂਕ ਕੀਤਾ ਗਿਆ। ਇਸ ਸੈਮੀਨਾਰ ਵਿੱਚ 60 ਤੋਂ ਵੱਧ ਨੌਜਵਾਨਾਂ ਨੇ ਭਾਗ ਲਿਆ।ਇਸ ਦੌਰਾਨ ਜਿੱਥੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਸੀ ਈ ਓ-ਕਮ-ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ ਨੇ ਨੌਜਵਾਨਾਂ ਨੂੰ ਪੀ.ਸੀ.ਐਸ. ਦੀ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਦੇ ਨੁਕਤੇ ਦੱਸੇ, ਉਥੇ ਹੀ ਉਨ੍ਹਾਂ ਨੇ ਨੌਜਵਾਨਾਂ ਨੂੰ ਡੀ.ਬੀ.ਈ.ਈ. ਦੀਆਂ ਸੇਵਾਵਾਂ ਦਾ ਲਾਭ ਲੈਣ ਦਾ ਵੀ ਸੱਦਾ ਦਿੱਤਾ। ਏ.ਡੀ.ਸੀ. ਅਨੁਪ੍ਰਿਤਾ ਜੌਹਲ ਨੇ ਨੌਜਵਾਨਾਂ ਨੂੰ ਇਸ ਪ੍ਰੀਖਿਆ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਤ ਕੀਤਾ ਅਤੇ ਨੌਜਵਾਨਾਂ ਨੂੰ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਸੇਵਾ ਤੇ ਤਰੱਕੀ ਲਈ ਆਪਣਾ ਯੋਗਦਾਨ ਦੇਣ ਲਈ ਵੀ ਪ੍ਰੇਰਿਤ ਕੀਤਾ।ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਾਨਿਕ ਰਾਜ ਸਿੰਗਲਾ, ਜੋ ਕਿ ਕਰੀਅਰ ਮੈਂਟਰ ਅਤੇ ਕੰਸਲਟੈਂਟ ਮੋਟੀਵੇਸ਼ਨਲ ਸਪੀਕਰ ਵਜੋਂ ਪ੍ਰਸਿੱਧ ਹਨ, ਨੇ ਪ੍ਰਾਰਥੀਆਂ ਨੂੰ ਪੀ.ਸੀ.ਐਸ. ਦੀ ਪ੍ਰੀਖਿਆ ਲਈ ਅਪਲਾਈ ਕਰਨ ਦੀ ਵਿਧੀ, ਸਿਲੇਬਸ, ਅਸਾਮੀਆਂ, ਯੋਗਤਾ ਅਤੇ ਪ੍ਰੀਖਿਆ ਦੇ ਪੈਟਰਨ ਬਾਰੇ ਜਾਣਕਾਰੀ ਦਿੱਤੀ।ਇਸ ਦੌਰਾਨ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਡਿਪਟੀ ਸੀ.ਈ.ਓ ਸਤਿੰਦਰ ਸਿੰਘ ਅਤੇ ਕਰੀਅਰ ਕਾਊਂਸਲਰ ਡਾ. ਰੂਪਸੀ ਪਹੂਜਾ ਵੀ ਮੌਜੂਦ ਸਨ।



# ਆਜ਼ਾਦ ਤੌਰ 'ਤੇ ਜਿੱਤੇ ਦੋ ਨਗਰ ਕੌਂਸਲਰਾਂ ਨੇ ਫ਼ੜਿਆ 'ਆਪ' ਦਾ ਪੱਲਾ

**ਸੰਗਰੂਰ (ਪ੍ਰਵੀਨ ਸਿੰਘ)**-ਨਗਰ ਕੌਂਸਲ ਸੰਗਰੂਰ ਤੋਂ ਆਜ਼ਾਦ ਤੌਰ 'ਤੇ ਜਿੱਤੇ ਦੋ ਉਮੀਦਵਾਰਾਂ ਨੇ ਵਿਧਾਇਕਾ ਨਰਿੰਦਰ ਕੌਰ ਭਰਾਜ ਦੀ ਮੌਜੂਦਗੀ ਵਿਚ ਆਮ ਆਦਮੀ ਪਾਰਟੀ ਦਾ ਪੱਲਾ ਫ਼ੜ ਲਿਆ। ਜਾਣਕਾਰੀ ਅਨੁਸਾਰ ਵਾਰਡ ਨੰ: 22 ਤੋਂ ਆਜ਼ਾਦ ਤੌਰ 'ਤੇ ਚੋਣ ਜਿੱਤੇ ਅਵਤਾਰ ਸਿੰਘ ਤਾਰਾ ਤੇ ਵਾਰਡ ਨੰ: 10 ਤੋਂ ਹੀ ਆਜ਼ਾਦ ਜਿੱਤੇ ਉਮੀਦਵਾਰ ਪ੍ਰਦੀਪ ਕੁਮਾਰ (ਪੱਪੂ) ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਸ ਨਾਲ ਸੱਤਾਧਾਰੀ ਧਿਰ ਦੇ ਹੁਣ ਨਗਰ ਕੌਂਸਲਰਾਂ ਦੀ ਗਿਣਤੀ ਵਧ ਕੇ 9 ਹੋ ਗਈ ਹੈ।

ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਸੰਗਰੂਰ ਸ਼ਹਿਰ ਦੀ ਬਿਹਤਰੀ ਲਈ ਆਜ਼ਾਦ ਜਿੱਤੇ ਨਗਰ ਕੌਂਸਲਰਾਂ ਨਾਲ ਲਗਾਤਾਰ ਗੱਲਬਾਤ ਹੋ ਰਹੀ ਹੈ ਤੇ ਜਲਦੀ ਹੀ ਸ਼ਹਿਰ ਵਾਸੀਆਂ ਨੂੰ ਨਗਰ ਕੌਂਸਲ ਦਾ ਪ੍ਰਧਾਨ ਦੇ ਦਿੱਤਾ ਜਾਵੇਗਾ। ਹੁਣੇ ਹੋਈਆਂ ਨਗਰ ਕੌਂਸਲ ਦੀਆਂ ਵੋਟਾਂ ਵਿਚ ਸੱਤਾਧਾਰੀ ਧਿਰ ਦੇ ਪ੍ਰਦਰਸ਼ਨ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਵਿਧਾਇਕਾ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਵੱਲੋਂ ਦਿੱਤੇ ਫ਼ਤਵੇ ਨੂੰ ਪ੍ਰਵਾਨ ਕੀਤਾ ਤੇ ਆਪਣੀਆਂ ਰਹਿੰਦੀਆਂ ਘਾਟਾਂ ਸਬੰਧੀ ਵਿਚਾਰਾਂ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ, ਜਿਸ ਲਈ ਸੀਵਰੇਜ ਨਿਕਾਸੀ ਦੇ ਸੁਚਾਰੂ ਪ੍ਰਬੰਧ ਲਈ ਸ਼ਹਿਰ ਦੇ ਹਰੇੜੀ ਰੋਡ ਵਾਲੇ ਪਲਾਂਟ ਦਾ ਕੰਮ ਪੂਰਾ ਹੋ ਗਿਆ ਹੈ ਤੇ ਬਾਕੀ ਰਹਿੰਦਾ ਵੀ ਜਲਦ ਹੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਵੀ ਜਲਦ ਹੀ ਪੰਜ ਹੋਰ ਟਿਊਬਵੈਲ ਲਾਏ ਜਾ ਰਹੇ ਹਨ ਤੇ ਸ਼ਹਿਰ ਨੂੰ ਡੰਪ ਮੁਕਤ ਬਨਾਉਣ ਲਈ ਉਨ੍ਹਾਂ ਸ਼ਹਿਰ ਦੇ ਨਾਭਾ ਗੇਟ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੇ ਨਤੀਜੇ ਵੀ ਵਧੀਆ ਸਾਹਮਣੇ ਆ ਰਹੇ ਹਨ। ਇਸੇ ਤਰ੍ਹਾਂ 92 ਲੱਖ ਦੀ ਲਾਗਤ ਨਾਲ ਅਪਗ੍ਰੇਡ ਕੀਤੀ ਗਈ ਜ਼ਿਲ੍ਹਾ ਲਾਇਬ੍ਰੇਰੀ ਵੀ ਦੇਖਣਯੋਗ ਹੈ।



ਆਮ ਆਦਮੀ ਪਾਰਟੀ ਦਾ ਪੱਲਾ ਫ਼ੜਨ ਵਾਲੇ ਆਜ਼ਾਦ ਉਮੀਦਵਾਰਾਂ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਕਿਹਾ ਕਿ ਉਹ ਲੋਕਾਂ ਨਾਲ ਜੋ ਵਾਅਦੇ ਕਰਕੇ ਜਿੱਤੇ ਹਨ ਤੇ ਆਮ ਲੋਕਾਈ ਨੇ ਉਨ੍ਹਾਂ ਵਿੱਚ ਜੋ ਵਿਸ਼ਵਾਸ ਦਿਖਾਇਆ ਹੈ, ਉਹ ਸੱਤਾਧਾਰੀ ਧਿਰ ਵਿਚ ਹੀ ਰਹਿ ਕੇ ਸੰਭਵ ਹਨ, ਜਿਸ ਨਾਲ ਉਹ ਆਪਣੇ ਵਾਰਡ ਦਾ ਵਿਕਾਸ ਕਰ ਸਕਦੇ ਹਨ।

# ਸਾਥੀ ਜਗਮੋਹਣ ਸਿੰਘ ਨੂੰ ਸ਼ਰਧਾਂਜਲੀਆਂ

**ਬਠਿੰਡਾ (ਪਰਵਿੰਦਰਜੀਤ ਸਿੰਘ)**- ਇਨਕਲਾਬੀ ਲਹਿਰ ਦੇ ਕਾਫ਼ਲੇ ਵੱਲੋਂ ਸਾਥੀ ਜਗਮੋਹਣ ਸਿੰਘ ਨੂੰ ਸ਼ਰਧਾਂਜਲੀਆਂ ਇਨਕਲਾਬੀ ਲਹਿਰ ਦੇ ਕਾਫ਼ਲੇ 'ਚੋਂ ਵਿੱਛੜ ਗਏ ਅਦਾਰਾ 'ਸੁਰਖ ਲੀਹ' ਦੇ ਮੁੱਖ ਪ੍ਰਬੰਧਕ ਸਾਥੀ ਜਗਮੋਹਣ ਸਿੰਘ ਨੂੰ ਸ਼ਰਧਾਂਜਲੀਆਂ ਦੇਣ ਲਈ ਸੁਰਖ ਲੀਹ ਪ੍ਰਕਾਸ਼ਨ ਤੇ ਸਹਿਯੋਗੀਆਂ ਵੱਲੋਂ ਸ਼ਹਿਰ ਵਿੱਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਇਨਕਲਾਬੀ ਜਮਹੂਰੀ ਲਹਿਰ ਦੇ ਵੱਖ-ਵੱਖ ਹਿੱਸਿਆਂ ਤੇ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।ਵੱਡੀ ਗਿਣਤੀ 'ਚ ਜੁੜੇ ਇਨਕਲਾਬੀ ਲਹਿਰ ਦੇ ਕਾਰਕੁੰਨਾਂ, ਸਹਿਯੋਗੀਆਂ ਤੇ ਪਰਵਾਰਕ ਸੰਗੀਆਂ ਨੇ ਸਾਥੀ ਜਗਮੋਹਣ ਸਿੰਘ ਨੂੰ ਦੋ ਮਿੰਟ ਦਾ ਮੌਨ ਰੱਖਣ ਮਗਰੋਂ ਇਨਕਲਾਬੀ ਨਾਅਰਿਆਂ ਨਾਲ ਸਮੂਹਿਕ ਤੌਰ 'ਤੇ ਸ਼ਰਧਾਂਜਲੀ ਦਿੱਤੀ।ਸਮਾਗਮ ਵਿੱਚ ਸਾਥੀ ਜਗਮੋਹਣ ਸਿੰਘ ਦੇ ਨਾਲ ਸਾਥੀ ਬਲਵੰਤ ਸਿੰਘ ਬਾਘਾ ਪੁਰਾਣਾ ਤੇ ਕਿਸਾਨ ਆਗੂ ਬਸੰਤ ਸਿੰਘ ਕੋਠਾ ਗੁਰੂ ਦੀਆਂ ਤਸਵੀਰਾਂ ਵੀ ਸੁਸ਼ੋਭਿਤ ਸਨ।ਇਨ੍ਹਾਂ ਤਸਵੀਰਾਂ ਨੂੰ ਸਾਰੇ ਹਾਜ਼ਰ ਲੋਕਾਂ ਨੇ ਫੁੱਲ ਅਰਪਣ ਕਰਨ ਰਾਹੀਂ ਸਲਾਮ ਕੀਤੀ।'ਸੁਰਖ ਲੀਹ' ਦੇ ਸੰਪਾਦਕ ਪਾਵੇਲ ਕੁੱਸਾ ਦੀ ਮੰਚ ਸੰਚਾਲਨਾਂ 'ਚ ਹੋਏ ਸਮਾਗਮ ਦੀ ਸ਼ੁਰੂਆਤ ਵਿੱਚ ਦੋ ਗੀਤਾਂ ਰਾਹੀਂ ਵਿਛੜੇ ਸਾਥੀਆਂ ਨੂੰ ਸਿਜਦਾ ਕੀਤਾ ਗਿਆ।ਸੁਰਜੀਤ ਪਾਤਰ ਦੀ ਗ਼ਜ਼ਲ 'ਮੈਂ ਰਾਹਾਂ 'ਤੇ ਨਹੀਂ ਤੁਰਦਾ' ਅਤੇ ਜਸਪਾਲ ਜੱਸੀ ਦੇ ਗੀਤ 'ਸਾਹਾਂ ਵਿੱਚ ਰਚ ਕੇ ਜ਼ਿੰਦਗੀ ਦੇ, ਅਸੀਂ ਸਦਾ ਸਦਾ ਲਈ ਜੀਅ ਰਹਿਣਾ' ਨੂੰ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਨੇ ਗਾਇਆ।

ਇਸ ਤੋਂ ਮਗਰੋਂ 'ਸੁਰਖ ਲੀਹ' ਦੇ ਮੁੱਖ ਸੰਪਾਦਕ ਜਸਪਾਲ ਜੱਸੀ ਤੇ 'ਲਾਲ ਪਰਚਮ' ਦੇ ਸੰਪਾਦਕ ਮੁਖਤਿਆਰ ਪੂਹਲਾ ਵੱਲੋਂ ਕਾ. ਜਗਮੋਹਣ ਸਿੰਘ ਵੱਲੋਂ ਇਨਕਲਾਬੀ ਲਹਿਰ 'ਚ ਨਿਭਾਈ ਭੂਮਿਕਾ ਦੀ ਚਰਚਾ ਕੀਤੀ ਗਈ। ਇਹਨਾਂ ਦੋਹਾਂ ਬੁਲਾਰਿਆਂ ਨੇ ਜਿੱਥੇ ਜਗਮੋਹਣ ਸਿੰਘ ਦੀ ਇਨਕਲਾਬੀ ਸਿਆਸਤ ਦੇ ਮਹੱਤਵ ਬਾਰੇ ਚਰਚਾ ਕੀਤੀ, ਉਥੇ ਵਿੱਛੜੇ ਸਾਥੀ ਦੀ ਲੋਕ ਮੁਕਤੀ ਦੇ ਮਹਾਨ ਕਾਰਜ ਲਈ ਸਮਰਪਣ ਦੀ ਭਾਵਨਾ ਨੂੰ ਸਿਜਦਾ ਕੀਤਾ। ਜਵਾਨੀ ਵੇਲੇ ਤੋਂ ਇਨਕਲਾਬ ਦੇ ਔਖੇ ਰਾਹਾਂ 'ਤੇ ਤੁਰਨ ਦਾ ਫੈਸਲਾ ਕਰਨ ਤੇ ਇਸ ਫੈਸਲੇ 'ਤੇ ਤਾ-ਉਮਰ ਪੁੱਗਣ ਦੇ ਅਮਲ ਤੋਂ ਇਨਕਲਾਬੀ ਲਹਿਰ ਦੇ ਸਾਥੀਆਂ ਨੂੰ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ।



ਲਛਮਣ ਸਿੰਘ ਸੇਵੇਵਾਲਾ ਨੇ ਸਾਥੀ ਜਗਮੋਹਣ ਸਿੰਘ ਵੱਲੋਂ ਇੱਕ ਡਾਕਟਰ ਵਜੋਂ ਲੋਕ ਲਹਿਰ ਸਾਥੀਆਂ ਪ੍ਰਤੀ ਦਿੱਤੀਆਂ ਸੇਵਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।ਉਨ੍ਹਾਂ ਕਈ ਮੌਕੇ ਯਾਦ ਕੀਤੇ, ਜਦੋਂ ਜਗਮੋਹਣ ਸਿੰਘ ਨੇ ਬਹੁਤ ਸਮਰਪਣ ਦੀ ਭਾਵਨਾ ਨਾਲ ਲਹਿਰ ਦੇ ਸਾਥੀਆਂ ਦਾ ਇਲਾਜ ਕਰਾਉਣ ਵਿੱਚ ਰੋਲ ਨਿਭਾਇਆ।ਉਨ੍ਹਾਂ ਕਿਹਾ ਕਿ ਕਿਸਾਨ ਮਜ਼ਦੂਰ ਲਹਿਰ ਦੇ ਕਾਰਕੁੰਨਾਂ ਲਈ ਡਾਕਟਰ ਜਗਮੋਹਣ ਸਿੰਘ ਦਾ ਜਾਣਾ ਇਸ ਪਹਿਲੂ ਤੋਂ ਵੀ ਇੱਕ ਵੱਡਾ ਘਾਟਾ ਹੈ।ਸਾਥੀ ਜਗਮੋਹਣ ਸਿੰਘ ਨਾਲ ਮੈਡੀਕਲ ਕਾਲਜ ਪਟਿਆਲਾ ਵਿੱਚ ਪੜ੍ਹਦੇ ਰਹੇ ਤੇ ਵਿਦਿਆਰਥੀ ਜਥੇਬੰਦੀ ਪੀਐਸਯੂ 'ਚ ਆਗੂ ਰਹੇ ਡਾਕਟਰ ਬਰਜਿੰਦਰ ਸਿੰਘ ਸੋਹਲ ਨੇ ਵੀ ਆਪਣੀਆਂ ਯਾਦਾਂ ਸੰਖੇਪ 'ਚ ਸਾਂਝੀਆਂ ਕੀਤੀਆਂ।ਸਾਥੀ ਜਗਮੋਹਣ ਸਿੰਘ ਦੇ ਪਿੰਡ ਕੋਠਾਗੁਰੂ ਤੋਂ ਖੁਦ ਕਿਸਾਨ ਕਾਰਕੁੰਨ ਅਤੇ ਮਰਹੂਮ ਮਾਸਟਰ ਬੂਟਾ ਸਿੰਘ ਕੋਠਾ ਗੁਰੂ ਦੇ ਪੁੱਤਰ ਜਸਵੀਰ ਸਿੰਘ ਨੇ ਜਗਮੋਹਣ ਸਿੰਘ ਦੇ ਪਿੰਡ ਨਾਲ ਰਿਸ਼ਤੇ ਬਾਰੇ ਤੇ ਆਪਣੇ ਪਰਵਾਰ ਨਾਲ ਜਾਤੀ ਰਿਸ਼ਤੇ ਬਾਰੇ ਗੱਲਾਂ ਕੀਤੀਆਂ।

## ਵਿਕਾਸ ਮਿੱਤਲ ਨੇ 64ਵੀਂ ਵਾਰ ਖ਼ੂਨਦਾਨ ਕਰਕੇ ਹੋਰਨਾਂ ਨੂੰ ਕੀਤਾ ਪ੍ਰੇਰਿਤ

ਨਾਭਾ(ਵਰਿੰਦਰ ਵਰਮਾ) ਬੀਤੇ ਦਿਨੀਂ ਜੈ ਸ੍ਰੀ ਰਾਮ ਸੇਵਾ ਸਮਿਤੀ ਵੱਲੋਂ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਅਤੇ ਸਮਾਜ ਪ੍ਰਤੀ ਵਧੀਆ ਸੇਵਾਵਾਂ ਨਿਭਾਉਂਦੇ ਹੋਏ ਵਿਕਾਸ ਮਿੱਤਲ ਨੇ 64ਵੀਂ ਖ਼ੂਨਦਾਨ ਕਰਕੇ ਆਮ ਲੋਕਾਂ ਨੂੰ ਅਤੇ ਪੰਜਾਬ ਵਾਸੀਆਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ । ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਤਰਾਂ ਦੀ ਕਮਜ਼ੋਰੀ ਨਹੀਂ ਆਉਂਦੀ, ਬਲਕਿ ਮਨ ਨੂੰ ਇਕ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਇਹ ਦਾਨ ਕਰਕੇ ਇਕ ਲੋੜਵੰਦ ਵਿਅਕਤੀ ਨੂੰ ਜੀਵਨ ਪ੍ਰਦਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਉਹ 62ਵੀਂ ਵਾਰ ਖ਼ੂਨਦਾਨ ਕਰ ਰਹੇ ਹਨ। ਵਿਕਾਸ ਮਿੱਤਲ ਨੇ ਆਖਿਆ ਕਿ 18 ਤੋਂ 65 ਸਾਲ ਤੱਕ ਦੇ ਹਰ ਸਿਹਤਮੰਦ ਵਿਅਕਤੀ ਨੂੰ ਖ਼ੂਨਦਾਨ ਨੂੰ ਆਪਣੇ ਜੀਵਨ ਦਾ ਅਨਿੱਖੜਵਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਖ਼ੂਨ ਦੀ ਘਾਟ ਸਦਕਾ ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਦੀ ਬੁਝ ਰਹੀ ਜੀਵਨ ਜੋਤ ਨੂੰ ਜਗਮਗਾਏ ਰੱਖਣ ਵਿਚ ਮਦਦ ਮਿਲ ਸਕੇ। ਇਸ ਮੌਕੇ ਸੰਸਥਾ ਦੇ ਪ੍ਰਧਾਨ ਮੋਹਿਤ ਅਰੋੜਾ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਹਰ ਇਨਸਾਨ ਆਪਣੇ ਜਨਮ ਦਿਨ ਮੌਕੇ ਅਤੇ ਕਿਸੇ ਗੰਭੀਰ ਜ਼ਖਮੀ ਵਿਅਕਤੀ ਦੀ ਜ਼ਰੂਰਤ ਨੂੰ ਵੇਖਦੇ ਹੋਏ ਖ਼ੂਨਦਾਨ ਜ਼ਰੂਰ ਕਰੇ। ਇਸ ਮੌਕੇ ਸੁਨੀਲ ਗੁਪਤਾ, ਸ਼ਿਵ ਕੁਮਾਰ ਕੌਸ਼ਲ, ਸੰਜੀਵ ਜਿੰਦਲ, ਅਸ਼ੋਕ ਕੁਮਾਰ, ਦਿਵੇਸ਼ ਜਿੰਦਲ ਆਦਿ ਹਾਜ਼ਰ ਸਨ।



19-Jan-PAGE--5.qxd 1/18/2025 10:55 PM Page 1



# ਸੜਕ ਸੁਰੱਖਿਆ ਸੰਬੰਧੀ ਟਰੱਕ ਯੂਨੀਅਨ ਸਰਹਿੰਦ ਵਿਖੇ ਜਾਗਰੂਕ ਪ੍ਰੋਗਰਾਮ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ 31 ਜਨਵਰੀ ਤੱਕ ਸੂਬੇ ਭਰ ਵਿੱਚ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਨਿਰਦੇਸ਼ਾਂ ਅਨੁਸਾਰ ਖੇਤਰੀ ਟਰਾਂਸਪੋਰਟ ਦਫ਼ਤਰ ਵੱਲੋਂ ਟਰੱਕ ਯੂਨੀਅਨ ਸਰਹਿੰਦ ਵਿਖੇ ਵਾਹਨ ਚਾਲਕਾਂ ਤੇ ਆਮ ਲੋਕਾਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਧੁੰਦ ਦੇ ਮੌਸਮ ਨੂੰ ਵੇਖਦੇ ਹੋਏ ਵਾਹਨਾਂ ਪਿੱਛੇ ਰਿਫਲੈਕਟਰ ਟੇਪਾਂ ਵੀ ਲਗਾਈਆਂ ਗਈਆਂ।ਇਸ ਮੌਕੇ ਸਹਾਇਕ ਜ਼ਿਲ੍ਹਾ ਟਰਾਂਸਪੋਰਟ ਅਫਸਰ ਪ੍ਰਦੀਪ ਸਿੰਘ ਨੇ ਕਿਹਾ ਕਿ ਦਿਨੋ ਦਿਨ ਵਧ ਰਹੇ ਸੜਕ ਹਾਦਸੇ ਇੱਕ ਗੰਭੀਰ ਸਮੱਸਿਆ ਵਜੋਂ ਸਾਹਮਣੇ ਆ ਰਹੇ ਹਨ, ਜਿਨ੍ਹਾਂ ਨੂੰ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਵਾਹਨ ਚਾਲਕਾਂ ਵੱਲੋਂ ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਜੋ ਕਿ ਦੁਰਘਟਨਾ ਦਾ ਕਾਰਨ ਬਣ ਜਾਂਦੀ ਹੈ ਅਤੇ ਕਿਸੇ ਇੱਕ ਵਿਅਕਤੀ ਵੱਲੋਂ ਕੀਤੀ ਗਈ ਗਲਤੀ ਦੀ ਸਜ਼ਾ ਕਈ ਹੋਰਨਾਂ ਲੋਕਾਂ ਨੂੰ ਵੀ ਭੁਗਤਣੀ ਪੈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਨਸ਼ੇ ਦਾ ਸੇਵਨ ਕਰਕੇ ਵਾਹਨ ਨਹੀਂ ਚਲਾਉਣੇ ਚਾਹੀਦੇ। ਏ.ਡੀ.ਟੀ.ਓ. ਪ੍ਰਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਜਨਵਰੀ ਮਹੀਨੇ ਨੂੰ ਸੜਕ ਸੁਰੱਖਿਆ ਮਾਂਹ ਵਜੋਂ ਮਨਾਇਆ ਜਾ ਰਿਹਾ ਹੈ। ਇਸ ਮਹੀਨੇ ਦੌਰਾਨ ਆਮ ਲੋਕਾਂ ਨੂੰ ਸੜਕੀ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਹੀਨੇ ਦੌਰਾਨ ਵਿਭਾਗ ਵੱਲੋਂ ਟਰੈਫਿਕ ਪੁਲਸ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਕੂਲਾਂ, ਕਾਲਜਾਂ ਵਿੱਚ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ ਅਤੇ ਟਰੱਕ ਯੂਨੀਅਨ, ਆਟੋ ਰਿਕਸ਼ਾ ਯੂਨੀਅਨ ਆਦਿ ਵਿੱਚ ਵਾਹਨਾਂ ਦੇ ਚਾਲਕਾਂ ਨੂੰ ਸੜਕੀ ਦੁਰਘਟਨਾਵਾਂ ਰੋਕਣ ਸਬੰਧੀ ਟਰੈਫਿਕ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਟਰੈਫਿਕ ਪੁਲਸ ਦੇ ਮੁਲਾਜ਼ਮ ਤੇ ਵੱਡੀ ਗਿਣਤੀ ਵਿੱਚ ਵਾਹਨ ਚਾਲਕ ਮੌਜੂਦ ਸਨ।

# ਡੀ ਸੀ ਨੇ ਦਿਹਾਤੀ ਖੇਤਰਾਂ 'ਚ ਚੱਲ ਰਹੇ ਪ੍ਰਾਜੈਕਟਾਂ ਦਾ ਲਿਆ ਜਾਇਜ਼ਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦਿਹਾਤੀ ਖੇਤਰਾਂ ਵਿੱਚ ਚੱਲ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲਿਆ।ਉਨ੍ਹਾਂ ਨੇ ਸਮੂਹ ਬੀ.ਡੀ.ਪੀ.ਓਜ਼ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਪਿੰਡਾਂ ਦੇ ਵਿਕਾਸ ਕੰਮਾਂ ਦੀ ਪ੍ਰਗਤੀ ਦੀ ਰਿਪੋਰਟ ਪਿੰਡ ਵਾਈਜ਼ ਤਿਆਰ ਕਰਕੇ ਜਮ੍ਹਾਂ ਕਰਵਾਉਣ। ਉਨ੍ਹਾਂ ਦੇ ਨਾਲ ਏ.ਡੀ.ਸੀ. ਦਿਹਾਤੀ ਵਿਕਾਸ ਅਨੁਪ੍ਰਿਤਾ ਜੌਹਲ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਲੋਕਾਂ ਨੂੰ ਹਰ ਘਰ ਪੀਣ ਵਾਲਾ ਸਾਫ਼-ਸੁਥਰਾ ਜਲ ਉਪਲਬਧ ਕਰਵਾਉਣ ਤੇ ਹਰ ਘਰ 'ਚ ਪਖਾਨੇ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਚਾਲੂ ਵਿਕਾਸ ਪ੍ਰਾਜੈਕਟ ਤੁਰੰਤ ਮੁਕੰਮਲ ਕੀਤੇ ਜਾਣ। ਇਸ ਤੋਂ ਬਿਨ੍ਹਾਂ ਸਾਂਝੇ ਪਖਾਨਿਆਂ ਦੀ ਉਸਾਰੀ, ਠੋਸ ਤੇ ਤਰਲ ਕੂੜਾ ਪ੍ਰਬੰਧਨ ਪ੍ਰਾਜੈਕਟਾਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਹਰੇਕ ਅਧਿਕਾਰੀ ਪ੍ਰਗਤੀ ਦਿਖਾਵੇ ਤੇ ਕਿਸੇ ਵੀ ਕੰਮ ਵਿੱਚ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਜਲ ਸਪਲਾਈ ਵਿਭਾਗ ਵਲੋਂ ਉਸਾਰੀਆਂ ਜਾ ਰਹੀਆਂ ਜਲ ਸਪਲਾਈ ਸਕੀਮਾਂ, ਜਿਨ੍ਹਾਂ 'ਚ ਵਿਸ਼ੇਸ਼ ਤੌਰ 'ਤੇ ਰਾਜਪੁਰਾ ਅਧੀਨ ਉਸਾਰੀ ਅਧੀਨ ਚੱਲ ਰਹੇ ਨਹਿਰੀ ਪਾਣੀ 'ਤੇ ਅਧਾਰਤ ਪ੍ਰਾਜੈਕਟ ਸਮੇਤ ਸੈਨੀਟੇਸ਼ਨ ਦੇ ਖੇਤਰ 'ਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਰਾਹੀਂ ਕਰਵਾਏ ਜਾਣ ਵਾਲੇ ਕਾਰਜਾਂ, ਵਿੱਤ ਕਮਿਸ਼ਨ, ਪਿੰਡਾਂ ਵਿੱਚ ਉਸਾਰੇ ਜਾ ਰਹੇ ਸਾਂਝੇ ਪਖਾਨੇ, ਠੋਸ ਤੇ ਤਰਲ ਕੂੜਾ ਪ੍ਰਬੰਧਨ ਦੇ ਪ੍ਰਾਜੈਕਟਾਂ ਦੀ ਵੀ ਸਮੀਖਿਆ ਕੀਤੀ।

ਡਿਪਟੀ ਕਮਿਸ਼ਨਰ ਨੇ ਸਮੂਹ ਬੀ ਡੀ ਪੀਓਜ਼ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਪੰਜਾਬ ਨਿਰਮਾਣ, ਐਮ ਪੀ ਲੈਂਡ ਤੇ ਵਿਵੇਕੀ ਗ੍ਰਾਂਟਾਂ ਦੇ ਚੱਲ ਰਹੇ ਕੰਮਾਂ ਨੂੰ ਜਲਦੀ ਮੁਕੰਮਲ ਕਰਵਾਉਣ ਅਤੇ ਪਿਛਲੀਆਂ ਗ੍ਰਾਂਟਾਂ ਦੇ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਕੇ ਬਕਾਇਆ ਜ਼ੀਰੋ ਕਰਨ। ਇਸ ਮੌਕੇ ਉਪ ਸਕੱਤਰ ਜ਼ਿਲ੍ਹਾ ਪ੍ਰੀਸ਼ਦ ਅਮਨਪ੍ਰੀਤ ਕੌਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ਼ਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਰਣਜੀਤ ਸਿੰਘ, ਜ਼ਿਲ੍ਹਾ ਸੈਟੀਟੇਸ਼ਨ ਅਫ਼ਸਰ ਤੇ ਜ਼ਿਲ੍ਹਾ ਜਲ ਅਫ਼ਸਰ, ਸਮੂਹ ਬੀ ਡੀ ਪੀ ਓਜ਼ ਹਾਜ਼ਰ ਸਨ।

**ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼**

# ਕਿਰਤੀਆਂ ਦੇ ਵਿਹੜਿਆਂ ਦਾ ਮਘਦਾ ਸੂਰਜ ਕਾਮਰੇਡ ਸਵਰਨ ਸਿੰਘ ਨਾਗੋਕੇ



ਪਿੰਡਾਂ ਦੇ ਕਾਮਿਆਂ ਦੇ ਹੱਕਾਂ ਲਈ ਲੜਨ ਵਾਲਾ ਬਹਾਦਰ ਯੋਧਾ ਕਾਮਰੇਡ ਸਵਰਨ ਸਿੰਘ ਨਾਗੋਕੇ ਬੀਤੀ 4 ਜਨਵਰੀ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ, ਜਿਹੜਾ ਕਦੀ ਅੱਕਿਆ ਨਹੀਂ, ਕਦੇ ਥੱਕਿਆ ਨਹੀਂ ਸੀ, ਜਿ ਸਦੇ ਮਨ ਵਿੱਚ ਸੀ ਕਿ 'ਬਾਂਹ ਜਿਹਨਾਂ ਦੀ ਪਕੜੀਏ ਸਿਰ ਦੀਜੇ ਬਾਂਹ ਨਾ ਛੋੜੀਏ।' ਕਿਰਤੀ ਲੋਕਾਂ ਨਾਲ ਲਾਈ ਦੋਸਤੀ ਆਖਰੀ ਦਮ ਤੱਕ ਤੋੜ ਨਿਭਾਈ। ਜਿਹੜਾ ਪੈਦਾ ਹੋਇਆ ਬਹੁਤ ਹੀ ਗਰੀਬ ਪਰਵਾਰ ਵਿਚ ਅਤੇ ਸਾਰਾ ਜੀਵਨ ਸਮਰਪਿਤ ਕੀਤਾ ਮਿਹਨਤਕਸ਼ ਲੋਕਾਂ ਦੀ ਬਿਹਤਰੀ ਲਈ । ਮੇਰਾ ਕਾਮਰੇਡ ਨਾਗੋਕੇ ਨਾਲ 45 ਸਾਲ ਵਾਹ ਰਿਹਾ ਅਤੇ ਮੈਂ ਇਹਨਾ ਦੇ ਪਰਵਾਰਕ ਮੈਂਬਰ ਦੀ ਤਰ੍ਹਾਂ ਹੀ ਇਹਨਾਂ ਵਿਚ ਵਿਚਰਿਆ । ਜਦੋਂ ਅਸੀਂ ਉਹਨਾ ਦੇ ਪਰਵਾਰਕ ਪਿਛੋਕੜ ਵੱਲ ਦੇਖਦੇ ਹਾਂ ਤਾਂ ਉਹਨਾ ਦਾ ਜਨਮ 15 ਮਾਰਚ 1937 ਨੂੰ ਨਾਨਕੇ ਪਿੰਡ ਨਾਗੋਕੇ ਵਿਖੇ ਹੋਇਆ । ਇਹਨਾ ਦੀ ਮਾਤਾ ਦਾ ਨਾਂਅ ਬੀਬੀ ਪ੍ਰੀਤਮ ਕੌਰ ਸੀ ਅਤੇ ਪਿਤਾ ਦਾ ਨਾਂਅ ਗਿਆਨੀ ਲਾਲ ਸਿੰਘ ਉਰਫ ਕਰਮ ਸਿੰਘ ਸੀ। ਉਹਨਾ ਦਾ ਪਿਛਲਾ ਪਿੰਡ ਸਾਧਾਂਵਾਲੀ ਜਿਲ੍ਹਾ ਜਲੰਧਰ ਵਿਚ ਹੈ। ਸਾਲ 1903 ਵਿਚ ਭਿਆਨਿਕ ਪਲੇਗ ਦੀ ਮਹਾਂਮਾਰੀ ਦੌਰਾਨ ਉਹਨਾ ਦੇ 9 ਪਰਵਾਰਕ ਮੈਂਬਰ ਮਾਰੇ ਗਏ । ਇਹਨਾ ਦੀ ਦਾਦੀ ਅਤੇ ਬਾਪ ਹੀ ਬਚਿਆ । ਬਾਅਦ ਵਿਚ ਇਹ ਦੋਵੇਂ ਅੰਮ੍ਰਿਤਸਰ ਵਿਚ ਆ ਗਏ । ਉਥੇ ਇਹਨਾ ਦੀ ਦਾਦੀ ਵੀ ਵਿਛੋੜਾ ਦੇ ਗਈ । ਬਾਪ ਨੂੰ ਡਾ. ਬਲਬੀਰ ਸਿੰਘ ਦੀ ਮਦਦ ਨਾਲ ਯਤੀਮਖਾਨੇ ਵਿਚ ਦਾਖਲ ਕਰਵਾ ਦਿੱਤਾ। ਪਿਤਾ ਨੂੰ ਤਬਲਾ ਅਤੇ ਹਾਰਮੋਨੀਅਮ ਵਜਾਉਣ ਦਾ ਸ਼ੌਕ ਸੀ ਅਤੇ ਉਹ ਸੰਗੀਤ ਦੇ ਚੰਗੇ ਮਾਹਰ ਸਨ । ਸ਼ਹੀਦ ਉਧਮ ਸਿੰਘ ਵੀ ਉਹਨਾਂ ਦਿਨਾਂ ਵਿੱਚ ਯਤੀਮਖਾਨੇ ਵਿਚ ਸਨ। ਭਾਈ ਗੋਪਾਲ ਸਿੰਘ ਰਾਗੀ, ਜਿਹੜੇ ਬਾਅਦ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਸਿੱਧ ਰਾਗੀ ਬਣੇ, ਇਹਨਾ ਦੇ ਪਿਤਾ ਦੇ ਸ਼ਾਗਿਰਦ ਸਨ। ਇੱਥੇ ਰਹਿੰਦਿਆਂ ਸਵਰਨ ਸਿੰਘ ਨਾਗੋਕੇ ਨੇ ਜੋੜੀ, ਵਾਜਾ ਵਜਾਉਣਾ ਸਿੱਖਿਆ ਅਤੇ 1945 ਵਿਚ ਇਕ ਦਿਨ ਪੰਜਾਬ ਦੇ ਗਵਰਨਰ ਲਾਹੌਰ ਤੋਂ ਅੰਮ੍ਰਿਤਸਰ ਆਏ, ਉਸ ਦੀ ਆਮਦ 'ਤੇ ਇਹਨਾ ਦੇ ਹੋਰ ਬੱਚਿਆਂ ਸਮੇਤ ਸ਼ਬਦ ਵੀ ਪੜ੍ਹਿਆ। ਇੱਥੇ ਇਹਨਾ ਦਾ ਗੁਜ਼ਾਰਾ ਠੀਕ-ਠਾਕ ਸੀ। ਬਾਅਦ ਵਿਚ ਇਕ ਵਿਅਕਤੀ ਦੀ ਗਲਤ ਸਲਾਹ 'ਤੇ ਇਹ ਗੰਗਾਨਗਰ (ਰਾਜਸਥਾਨ) ਚਲੇ ਗਏ ਕਿ ਉਥੇ ਗੁਰਦੁਆਰੇ ਵਿਚ ਵਧੇਰੇ ਜ਼ਮੀਨ ਮਿਲ ਜਾਣੀ ਹੈ, ਪਰ ਹੋਇਆ ਇਸ ਦੇ ਉਲਟ । 1947 ਵਿਚ ਫਿਰਕੂ ਫਸਾਦਾਂ ਸਮੇਂ ਉਹਨਾ ਦੇ ਬਾਪ ਗਿਆਨੀ ਲਾਲ ਸਿੰਘ ਦੀ ਸ਼ਹਿਰ ਜਾਂਦਿਆਂ ਹੱਤਿਆ ਕਰ ਦਿੱਤੀ। ਇਹ ਫਿਰ ਯਤੀਮਖਾਨੇ ਵਿਚ ਹੀ ਮੁੜ ਯਤੀਮ ਹੋ ਗਏ। ਇਹ ਫਿਰ ਮੁੜ ਕੇ 10 ਸਾਲ ਦੀ ਉਮਰ ਵਿੱਚ ਹੀ ਨਾਗੋਕੇ ਵਿਖੇ ਆ ਗਏ। ਇਹਨਾ 3 ਸਾਲ ਹਰੀਕੇ ਪੱਤਣ ਤੋਂ ਰਾਜਸਥਾਨ ਵੱਲ ਜਾਂਦੀਆਂ ਨਹਿਰਾਂ ਦੀ ਪੁਟਾਈ ਕੀਤੀ । ਇੱਥੋਂ ਵਾਪਸ ਆ ਕੇ ਪਿੰਡ ਦੇ ਕਿਸਾਨਾਂ ਨਾਲ 7 ਸਾਲ ਦਿਹਾੜੀਆਂ ਕੀਤੀਆਂ ਅਤੇ ਖੇਤ ਮਜ਼ਦੂਰਾਂ ਦੇ ਜੀਵਨ ਨੂੰ ਬਹੁਤ ਨੇੜਿਓਂ ਦੇਖਿਆ। ਬਾਅਦ ਵਿਚ ਇਕ ਸਾਲ ਸਬਜ਼ੀ ਵੀ ਵੇਚੀ ਅਤੇ ਮਨਿਆਰੀ ਦਾ ਸਮਾਨ ਵੇਚ ਕੇ ਗੁਜ਼ਾਰਾ ਕਰਦੇ ਰਹੇ ।

1952 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਹਨਾ ਦੀ ਹਮਦਰਦੀ ਕਮਿਊਨਿਸਟ ਲਹਿਰ ਨਾਲ ਜੁੜ ਗਈ, ਕਿਉਂਕਿ ਉਸ ਸਮੇਂ ਪਾਰਟੀ ਦੀ ਚੜ੍ਹਤ ਸੀ। ਬਹੁਤ ਸਾਰੇ ਡਰਾਮੇ ਅਤੇ ਕਾਨਫਰੰਸਾਂ ਵਿਚ ਭਾਗ ਲਿਆ ਅਤੇ 'ਨਵਾਂ ਜ਼ਮਾਨਾ' ਵੀ ਲਗਾਤਾਰ ਪੜ੍ਹਨ ਲੱਗੇ । ਦਰਸ਼ਨ ਸਿੰਘ ਝਬਾਲ ਅਤੇ ਅੱਛਰ ਸਿੰਘ ਛੀਨਾ ਐਮ ਐੱਲ ਏ ਨਾਲ ਇਹਨਾ ਦਾ ਤਾਲਮੇਲ ਹੋਇਆ। 1954 ਵਿਚ ਦਿਹਾਤੀ ਮਜ਼ਦੂਰ ਸਭਾ ਬਣੀ। ਇਸੇ ਦੌਰਾਨ ਚੱਲ ਰਹੇ ਅੰਨ ਅੰਦੋਲਨ ਦੌਰਾਨ ਫਿਰੋਜ਼ਪੁਰ ਜੇਲ੍ਹ ਵਿਚ ਗਏ ਅਤੇ 1959 ਵਿਚ ਇਹਨਾ ਦਾ ਵਿਆਹ ਕਮਿਊਨਿਸਟ ਆਗੂ ਸਾਧੂ ਸਿੰਘ ਰੂੜੀਵਾਲਾ ਦੀ ਪੁੱਤਰੀ ਬੀਬੀ ਗੁਰਦੀਪ ਕੌਰ ਨਾਲ ਹੋ ਗਿਆ। 1964 ਵਿਚ ਕਮਿਊਨਿਸਟ ਪਾਰਟੀ ਵਿਚ ਦੁਫੇੜ ਪਈ, ਜਿਸ ਨਾਲ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। 1967 ਵਿਚ ਦਿਹਾਤੀ ਮਜ਼ਦੂਰ ਸਭਾ ਦੇ ਬਲਾਕ ਸਕੱਤਰ ਬਣੇ ਅਤੇ ਜਿਲ੍ਹਾ ਅੰਮ੍ਰਿਤਸਰ ਦੇ ਵੀ ਖੇਤ ਮਜ਼ਦੂਰ ਆਗੂ ਬਣੇ। ਉਹਨਾਂ ਦਿਨਾਂ ਵਿਚ ਹੀ ਨਿਕਾਸੀ ਜ਼ਮੀਨ ਦੇ ਘੋਲ ਚਲਦੇ ਸਨ । ਜਗੀਰਦਾਰਾਂ ਨੇ ਇਕ ਮੁਜ਼ਾਰੇ ਪਿਆਰਾ ਸਿੰਘ ਅਤੇ ਦੂਜੇ ਕਰਮ ਸਿੰਘ ਨੂੰ ਸ਼ਹੀਦ ਕਰ ਦਿੱਤਾ। ਇਸ ਵਿਚ ਕਾਮਰੇਡ ਨਾਗੋਕੇ ਨੇ ਇਨਸਾਫ ਦੀ ਲੜਾਈ ਲੜੀ ਅਤੇ ਦੋਸ਼ੀਆਂ ਨੂੰ 20-20 ਸਾਲ ਦੀ ਸਜ਼ਾ ਹੋਈ । 9 ਤੋਂ 15 ਅਗਸਤ 1970 ਨੂੰ ਬੇਦੀ ਫਾਰਮ ਤੇ ਜ਼ਮੀਨੀ ਮੋਰਚੇ ਦੌਰਾਨ 2 ਮਹੀਨੇ ਫਿਰੋਜ਼ਪੁਰ ਜੇਲ੍ਹ ਵਿਚ ਰਹੇ। 1972 ਵਿਚ ਸੀ ਪੀ ਆਈ ਦੀ ਮੁਕਤਸਰ ਵਿਖੇ ਸੂਬਾ ਕਾਨਫਰੰਸ ਵਿਚ ਸੂਬਾ ਕੌਂਸਲ ਦੇ ਮੈਂਬਰ ਬਣ ਗਏ । 1972 ਵਿਚ ਤੇਨਾਲੀ (ਆਂਧਰਾ ਪ੍ਰਦੇਸ਼) ਵਿਖੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕਾਨਫਰੰਸ ਵਿਚ ਜਨਰਲ ਕੌਂਸਲ ਦੇ ਮੈਂਬਰ ਲਏ ਗਏ ਅਤੇ ਬਾਅਦ ਵਿਚ ਕੇਂਦਰੀ ਕਾਰਜਕਾਰਨੀ ਦੇ ਮੈਂਬਰ ਬਣੇ ।

12 ਸਤੰਬਰ 1974 ਨੂੰ ਉਜਰਤਾਂ ਵਿਚ ਵਾਧੇ ਦੇ ਸਵਾਲ 'ਤੇ ਪਿੰਡ ਬਾਠ ਉਸ ਸਮੇਂ ਦੀ ਤਹਿਸੀਲ ਤਰਨ ਤਾਰਨ ਵਿਖੇ ਇਕ ਵੱਡਾ ਦੁਖਾਂਤ ਵਾਪਰਿਆ, ਜਿਸ ਵਿੱਚ ਅਜ਼ਾਦੀ ਘੁਲਾਟੀਏ ਚੰਨਣ ਸਿੰਘ, ਨੌਜਵਾਨ ਆਗੂ ਚੜ੍ਹਤ ਸਿੰਘ, ਆਲਾ ਸਿੰਘ ਅਤੇ ਬੀਬੀ ਜੀਤੋ ਨੂੰ ਮੌਕੇ 'ਤੇ ਹੀ ਧਨਾਢ ਲੋਕਾਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਅਤੇ 22 ਹੋਰ ਮੈਂਬਰ ਫੱਟੜ ਕਰ ਦਿੱਤੇ। ਇਸ ਕੇਸ ਦੀ ਪੈਰਵੀ ਸਵਰਨ ਸਿੰਘ ਨਾਗੋਕੇ, ਪ੍ਰਦੁਮਣ ਸਿੰਘ ਟਰੇਡ ਯੂਨੀਅਨ ਆਗੂ, ਗੁਰਬਖਸ਼ ਸਿੰਘ ਸੰਧੂ, ਅਜੀਤ ਸਿੰਘ ਚੇਤਨਪੁਰੀ ਆਦਿ ਨੇ ਕੀਤੀ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਈਆਂ । ਪਿੰਡ ਵਿਚ ਇਕ ਵਿਸ਼ਾਲ ਸ਼ੋਕ ਸਭਾ ਕੀਤੀ ਗਈ, ਜਿਸ ਵਿਚ ਪੀ ਕੇ. ਕੋਡੀਅਨ, ਭਾਨ ਸਿੰਘ ਭੌਰਾ ਮੈਂਬਰ ਪਾਰਲੀਮੈਂਟ, ਰੁਲਦੂ ਖਾਨ ਅਤੇ ਹੋਰ ਆਗੂ ਉਚੇਚੇ ਤੌਰ ਤੇ ਪੁੱਜੇ, ਜਿਸ ਦੀ ਪ੍ਰਧਾਨਗੀ ਅਰਜੁਨ ਸਿੰਘ ਮਸਤਾਨਾ ਨੇ ਕੀਤੀ । 1977 ਦੀਆਂ ਪੰਜਾਬ ਵਿਧਾਨ ਸਭਾ ਦੀ ਚੋਣ ਵਿਚ ਉਹਨਾ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਦੀ ਟਿਕਟ 'ਤੇ ਅਸੈਂਬਲੀ ਦੀ ਚੋਣ ਲੜੀ ਅਤੇ ਕੁਝ ਵੋਟਾਂ ਦੇ ਫਰਕ ਨਾਲ ਹਾਰ ਗਏ । 1978 ਵਿਚ ਸੀ ਪੀ ਆਈ ਦੀ ਬਠਿੰਡਾ ਪਾਰਟੀ ਕਾਂਗਰਸ ਦੀ ਤਿਆਰੀ ਵਿੱਚ ਉਹਨਾ ਵਧ-ਚੜ੍ਹ ਕੇ ਹਿੱਸਾ ਲਿਆ। ਇਸੇ ਦੌਰਾਨ ਉਹਨਾ ਦੇ ਦੋਨੋਂ ਗੁਰਦੇ ਖਰਾਬ ਹੋ ਗਏ। ਇਕ ਗੁਰਦਾ ਕੱਢ ਦਿੱਤਾ ਅਤੇ ਦੂਜੇ ਦਾ ਇਲਾਜ ਕਰਵਾਉਣ ਲਈ 1978 ਵਿਚ ਮਾਸਕੋ ਭੇਜਿਆ ਗਿਆ। ਵਾਪਸ ਆ ਕੇ ਫਿਰ ਜਥੇਬੰਦੀ ਦਾ ਕੰਮ ਕਰਦੇ ਰਹੇ । 26 ਅਪ੍ਰੈਲ 1984 ਨੂੰ ਪਿੰਡ ਜਲਾਲਾਬਾਦ ਵਿਖੇ ਇਕ ਮੀਟਿੰਗ ਕਰਵਾ ਕੇ ਮੋਪੇਡ 'ਤੇ ਉਹ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਇਕ ਦਹਿਸ਼ਤਗਰਦ ਨੇ ਇਹਨਾ 'ਤੇ ਕਿਰਪਾਨ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਇਹਨਾ ਦਾ ਮੂੰਹ ਅਤੇ ਦੰਦ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਹਨਾ ਇਕਦਮ ਮੋਪੇਡ ਤੋਂ ਉਤਰ ਕੇ ਹਮਲਾਵਰ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਪਰੰਤੂ ਉਹ ਲਗਾਤਾਰ ਕਿਰਪਾਨਾਂ ਨਾਲ ਹਮਲਾ ਕਰਦਾ ਰਿਹਾ । ਇਹਨਾਂ 'ਤੇ 13 ਵਾਰ ਕੀਤੇ ਗਏ ਅਤੇ ਇਹ ਖਾਲੀ ਹੱਥ ਆਪਣੀ ਗਰਦਨ ਨੂੰ ਬਚਾਉਂਦੇ ਰਹੇ । ਉਹਨਾ ਨੂੰ ਜਲਾਲਾਬਾਦ ਹਸਪਤਾਲ ਵਿਖੇ ਲਿਜਾਇਆ ਗਿਆ, ਫਿਰ ਅੰਮ੍ਰਿਤਸਰ ਵਿਖੇ ਮੌਕੇ ਸਿਰ ਡਾਕਟਰੀ ਸਹੂਲਤ ਮਿਲ ਗਈ। ਹਰਭਜਨ ਸਿੰਘ ਜ਼ਿਲ੍ਹਾ ਸਕੱਤਰ ਸੀ ਪੀ ਆਈ ਮੌਕੇ 'ਤੇ ਪੁੱਜੇ ਅਤੇ ਪਾਰਟੀ ਨੇ ਇਲਾਜ ਲਈ ਪੂਰਾ ਸਾਥ ਦਿੱਤਾ। ਅੱਤਵਾਦੀ ਇਹਨਾਂ ਦਾ ਜਿਸਮ ਤਾਂ ਵੱਢ ਗਏ, ਉਹਨਾ ਦੀ ਦ੍ਰਿੜ੍ਹਤਾ ਨੂੰ ਨਹੀਂ । ਉਹ ਤੰਦਰੁਸਤ ਹੋ ਕੇ ਵਧੇਰੇ ਜ਼ੋਰ ਨਾਲ ਪਾਰਟੀ ਅਤੇ ਖੇਤ ਮਜ਼ਦੂਰਾਂ ਵਿਚ ਕੰਮ ਕਰਨ ਲੱਗੇ।

ਕਾਮਰੇਡ ਨਾਗੋਕੇ ਦਾ ਵਧੇਰੇ ਵਾਸਤਾ ਖੇਤ ਮਜ਼ਦੂਰਾਂ ਨੂੰ ਲਾਮਬੰਦ ਕਰਨ ਦਾ ਸੀ, ਪਰੰਤੂ ਫੰਡ ਦੀ ਮਦਦ ਵਧੇਰੇ ਕਿਸਾਨੀ ਵਿੱਚੋਂ ਹੀ ਮਿਲਦੀ ਸੀ । ਲਗਭਗ ਹਰ ਸਿਆਸੀ ਪਾਰਟੀ ਦੇ ਲੋਕ ਉਹਨਾ ਦਾ ਸਤਿਕਾਰ ਕਰਦੇ ਸਨ । ਉਹਨਾ ਦੀਆਂ ਸਰਗਰਮੀਆਂ ਵਿਚ ਪਰਵਾਰ ਨੇ ਵਧ-ਚੜ੍ਹ ਕੇ ਸਾਥ ਦਿੱਤਾ। ਉਹਨਾ ਦੀ ਧਰਮ ਪਤਨੀ ਗੁਰਦੀਪ ਕੌਰ ਨੇ ਅੱਤਵਾਦ ਦੇ ਦਿਨਾਂ ਵਿੱਚ ਅਤੇ ਬਾਅਦ ਵਿਚ ਵੀ ਸਾਰੀਆਂ ਸਿਆਸੀ ਸਰਗਰਮੀਆਂ ਵਿੱਚ ਪੂਰੀ ਮਦਦ ਕੀਤੀ ਅਤੇ ਸਮੁੱਚੇ ਪਰਵਾਰ ਨੇ ਉਹਨਾ ਦੀ ਬਿਮਾਰੀ ਦੇ ਦੌਰਾਨ ਇਲਾਜ ਪੱਖੋਂ ਕੋਈ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਤਰਨ ਤਾਰਨ ਦੇ ਪ੍ਰਸਿੱਧ ਡਾ. ਸੁਰਿੰਦਰ ਕੈਂਥ ਤਾਂ ਹਮੇਸ਼ਾ ਹੀ ਉਹਨਾ ਦੇ ਅੰਗ-ਸੰਗ ਰਹੇ।

ਸੱਚਮੁੱਚ ਹੀ ਕਾਮਰੇਡ ਸਵਰਨ ਸਿੰਘ ਨਾਗੋਕੇ ਪੰਜਾਬ ਦਾ ਇਕ ਪ੍ਰਮੁੱਖ ਖੇਤ ਮਜ਼ਦੂਰ ਆਗੂ ਸੀ। ਉਹ ਇਕ ਦਲੇਰ, ਲੋਹਪੁਰਸ਼ ਅਤੇ ਨਿਧੜਕ ਇਨਸਾਨ ਸੀ । ਤਰਨ ਤਾਰਨ ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਦੇਵੀ ਕੁਮਾਰੀ ਨੂੰ ਉਹ ਹਮੇਸ਼ਾ ਉਤਸ਼ਾਹਤ ਕਰਦੇ ਰਹੇ। ਉਹ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿੱਚੋਂ ਚਲੇ ਗਏ ਹਨ, ਪਰੰਤੂ ਉਹਨਾ ਦਾ ਕਾਰਜ ਅਤੇ ਸੁਪਨਾ ਅਜੇ ਅਧੂਰਾ ਹੈ। ਖੇਤ ਮਜ਼ਦੂਰ ਲਹਿਰ ਨੇ ਇਹ ਮਹਿਸੂਸ ਕੀਤਾ ਹੈ ਕਿ ਕਿਰਤੀਆਂ ਦੇ ਵਿਹੜਿਆਂ ਦਾ ਮਘਦਾ ਸੂਰਜ ਅਸਤ ਹੋ ਗਿਆ ਹੈ। ਜਥੇਬੰਦੀ ਉਹਨਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੂਰਾ ਵਾਹ ਲਾਏਗੀ ਅਤੇ ਉਹਨਾ ਦੇ ਲਹਿਰ ਪ੍ਰਤੀ ਪਾਏ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾਏਗੀ।

**—ਗੁਲਜ਼ਾਰ ਸਿੰਘ ਗੋਰੀਆ, ਮੋਬਾਇਲ : 94638-09002**

# ਸੜਕ ਸੁਰੱਖਿਆ ਤਹਿਤ ਜਾਗਰੂਕਤਾ ਸੈਮੀਨਾਰ ਕਰਾਇਆ



ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ) ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਦੇ ਹੁਕਮਾਂ ਤਹਿਤ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਏ.ਐੱਸ.ਆਈ ਹਰਦੇਵ ਸਿੰਘ ਤੇ ਟ੍ਰੈਫਿਕ ਇੰਚਾਰਜ ਧੂਰੀ ਸਤਨਾਮ ਸਿੰਘ ਤੇ ਮਿੱਠੂ ਸਿੰਘ ਵੱਲੋਂ ਟਰੱਕ ਯੂਨੀਅਨ ਵਿਖੇ ਸੜਕ ਸੁਰੱਖਿਆ ਤਹਿਤ ਜਾਗਰੂਕਤਾ ਸੈਮੀਨਾਰ ਕਰਾਇਆ ਗਿਆ।ਇਸ ਮੌਕੇ ਨਸ਼ੇ ਕਰ ਕੇ ਵਾਹਨ ਨਾ ਚਲਾਉਣ ਬਾਰੇ ਤੇ ਟ੍ਰੈਫਿਕ ਨਿਯਮਾਂ ਬਾਰੇ, ਅੰਡਰਏਜ ਡਰਾਇਵਿੰਗ ਨਾ ਕਰਨ ਬਾਰੇ, ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ 'ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸਬੰਧੀ, ਲੇਨ ਡਰਾਇਵਿੰਗ ਬਾਰੇ, ਪ੍ਰੈਸ਼ਰ ਹਾਰਨ ਦੀ ਵਰਤੋਂ ਨਾ ਕਰਨ ਬਾਰੇ ਤੇ ਵਾਤਾਵਰਣ ਦੀ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ। ਵਾਹਨਾਂ 'ਤੇ ਹਾਈ ਸਕਿਓਰਿਟੀ ਨੰਬਰ ਪਲੇਟਾਂ ਲਵਾਉਣ, ਦੋ ਪਹੀਆ ਵਾਹਨ 'ਤੇ ਹੈਲਮਟ ਪਾਉਣ ਬਾਰੇ, ਵਾਹਨਾਂ ਨੂੰ ਸੜਕ 'ਤੇ ਖੜ੍ਹਾ ਕਰਨ ਦੀ ਬਜਾਏ ਸਹੀ ਪਾਰਕਿੰਗ ਕਰਨ ਬਾਰੇ, ਖੱਬੇ-ਸੱਜੇ ਮੁੜਨ ਵੇਲੇ ਇੰਡੀਕੇਟਰ ਦੀ ਵਰਤੋਂ ਬਾਰੇ, ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ, ਬੁਲੇਟ ਮੋਟਰਸਾਇਕਲ 'ਤੇ ਪਟਾਕੇ ਨਾ ਮਾਰਨ ਅਤੇ ਮੋਡੀਫਾਈ ਨਾ ਕਰਾਉਣ ਦੀ ਅਪੀਲ ਕੀਤੀ ਗਈ।ਇਸ ਤੋਂ ਇਲਾਵਾ ਸਾਰੇ ਟ੍ਰੈਫਿਕ ਨਿਯਮਾਂ ਦੀ ਇੰਨ ਬਿੰਨ ਪਾਲਣਾ ਕਰਨ ਬਾਰੇ ਵੀ ਕਿਹਾ ਗਿਆ ਤਾਂ ਜੁ ਸੜਕੀ ਹਾਦਸਿਆਂ ਨੂੰ ਘਟਾਇਆ ਜਾ ਸਕੇ।

# ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ 'ਚ ਆਪਣਾ ਯੋਗਦਾਨ ਪਾਉਣ ਜ਼ਿਲ੍ਹਾ ਵਾਸੀ : ਅਮਨੀਤ ਕੌਂਡਲ

**ਬਠਿੰਡਾ, (ਪਰਵਿੰਦਰ ਜੀਤ ਸਿੰਘ)**ਰਾਸ਼ਟਰੀ ਸੜਕ ਸੁਰੱਖਿਆ ਹਫਤੇ ਦੇ ਮੌਕੇ 'ਤੇ ਐਸ.ਐਸ.ਪੀ. ਅਮਨੀਤ ਕੌਂਡਲ (ਆਈ.ਪੀ.ਐੱਸ) ਅਤੇ ਸ਼੍ਰੀ ਹਰਵਿੰਦਰ ਸਿੰਘ ਸਰਾਂ ਡੀ.ਐਸ.ਪੀ. ਟ੍ਰੈਫਿਕ ਨੇ ਸਥਾਨਕ ਟ੍ਰੈਫਿਕ ਪੁਲਿਸ ਨਾਲ ਮਿਲ ਕੇ ਜਨਤਾ ਵਿੱਚ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਮੁਹਿੰਮ ਤਹਿਤ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਦਸਤਾਵੇਜ਼ ਅਪਡੇਟ ਰੱਖਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਸੁਰੱਖਿਅਤ ਤੇ ਜ਼ਿੰਮੇਵਾਰ ਸਮਾਜ ਦੀ ਨਿਰਮਾਣ ਪ੍ਰਕਿਰਿਆ ਵਿੱਚ ਆਪਣਾ ਯੋਗਦਾਨ ਪਾਉਣ। ਇਸ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਬਜ਼ਾਰਾਂ ਵਿੱਚ ਸੜਕ ਸੁਰੱਖਿਆ ਨੂੰ ਲੈ ਕੇ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸਦੇ ਨਾਲ ਹੀ,ਐਸ.ਐਸ.ਪੀ. ਬਠਿੰਡਾ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲੇ ਜ਼ਿੰਮੇਵਾਰ ਨਾਗਰਿਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੀ ਹਰਵਿੰਦਰ ਸਿੰਘ ਸਰਾਂ ਡੀ.ਐੱਸ.ਪੀ ਟ੍ਰੈਫਿਕ, ਸ਼੍ਰੀ ਹਰਬੰਸ ਸਿੰਘ ਡੀ.ਐੱਸ.ਪੀ ਸਿਟੀ-1, ਸ਼੍ਰੀ ਮਨਜੀਤ ਸਿੰਘ ਇੰਚਾਰਜ ਟ੍ਰੈਫਿਕ, ਅਤੇ ਸ਼੍ਰੀ ਪਰਵਿੰਦਰ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਤੋਂ ਇਲਾਵਾ ਹੋਰ ਪੁਲਿਸ ਅਧਿਕਾਰੀ ਤੇ ਕਰਮਚਾਰੀ ਆਦਿ ਹਾਜ਼ਰ ਸਨ।

# ਗਣਤੰਤਰ ਦਿਵਸ ਸਮਾਰੋਹ ਸੰਬੰਧੀ ਤਿਆਰੀਆਂ ਸ਼ੁਰੂ



**ਜਗਰਾਉਂ (ਸੰਜੀਵ ਅਰੋੜਾ)** ਗਣਤੰਤਰ ਦਿਵਸ ਮਨਾਉਣ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੁਰਿੰਦਰ ਪੱਬੀ ਨਾਇਬ ਤਹਸੀਲਦਾਰ ਦੀ ਅਗਵਾਈ ਹੇਠ ਵੱਖ-ਵੱਖ ਸਕੂਲਾਂ ਦੇ ਕਲਚਰਲ ਪ੍ਰੋਗਰਾਮ, ਪੀਟੀ ਸ਼ੋਅ, ਐਨਸੀਸੀ, ਗਰਲ ਗਾਈਡ ਅਤੇ ਬੈਂਡ ਦੀ ਰਿਹਰਸਲ ਕਰਾਈ ਗਈ। ਇਸ ਵਿੱਚ ਡੀਏਵੀ ਸੈਂਟੇਨਰੀ ਪਬਲਿਕ ਸਕੂਲ ਦਾ ਰਾਸ਼ਟਰੀ ਗਾਨ ਹੋਵੇਗਾ। ਐਸਓਈ ਜਗਰਾਉਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਜਗਰਾਉਂ, ਬੀ. ਬੀ. ਐਸ. ਬੀ. ਸਿੱਧਵਾਂ ਬੇਟ, ਸੱਤਿਆ ਭਾਰਤੀ ਸਕੂਲ ਸ਼ੇਰਪੁਰ ਕਲਾਂ, ਸੇਕਰਡ ਹਾਰਟ ਕਾਨਵੈਂਟ ਸਕੂਲ ਦੀਆਂ ਕਲਚਰਲ ਆਈਟਮਾਂ ਸਿਲੈਕਟ ਹੋਈਆਂ। ਇਸ ਤੋਂ ਇਲਾਵਾ ਜੀ. ਐਚ. ਜੀ. ਖਾਲਸਾ ਕਾਲਜ ਸਿੱਧਵਾਂ ਖੁਰਦ ਦੇ ਵਿਦਿਆਰਥੀ ਐਨਸੀਸੀ ਤੇ ਗਰਲ ਗਾਈਡ ਦੀਆਂ ਟੀਮਾਂ ਨੂੰ ਲੀਡ ਕਰਨਗੇ, ਐਸਓਈ ਸਕੂਲ ਜਗਰਾਉਂ ਦੀ ਬੈਂਡ ਟੀਮ ਬਾਕੀ ਸਕੂਲਾਂ ਦੇ ਬੈਂਡ ਨੂੰ ਲੀਡ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੀਆਂ ਅਗਲੀਆਂ ਰਿਹਰਸਲਾਂ 22, 23 ਅਤੇ ਫਾਈਨਲ ਰਿਹਰਸਲ 24 ਜਨਵਰੀ ਨੂੰ ਹੋਵੇਗੀ।

# ਮੌਜੇਵਾਲਾ 'ਚ ਕਿਸਾਨ ਸਿਖਲਾਈ ਕੈਂਪ

ਕੋਟ ਈਸੇ ਖਾਂ (ਅਰੋੜਾ) - ਮੁੱਖ ਖੇਤੀਬਾੜੀ ਅਫਸਰ ਮੋਗਾ ਡਾਕਟਰ ਕਰਨਜੀਤ ਸਿੰਘ ਗਿੱਲ ਦੀਆਂ ਹਦਾਇਤਾਂ ਅਤੇ ਬਲਾਕ ਖੇਤੀਬਾੜੀ ਅਫਸਰ ਕੋਟ ਈਸੇ ਖਾਂ ਗੁਰਬਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਡਾਕਟਰ ਗੁਰਸਾਹਿਬ ਸਿੰਘ ਖੇਤੀਬਾੜੀ ਵਿਕਾਸ ਅਫਸਰ ਵੱਲੋਂ ਪਿੰਡ ਮੌਜੇਵਾਲਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਗੁਰਬਾਜ ਸਿੰਘ ਬਲਾਕ ਖੇਤੀਬਾੜੀ ਅਫਸਰ ਵੱਲੋਂ ਕਿਸਾਨਾਂ ਨਾਲ ਕਣਕ ਦੀ ਫਸਲ ਦੇ ਸਬੰਧ ਵਿੱਚ ਤਕਨੀਕੀ ਨੁਕਤੇ ਸਾਂਝੇ ਕੀਤੇ ਗਏ। ਉਹਨਾਂ ਕਿਸਾਨਾਂ ਨੂੰ ਕਣਕ ਦੀ ਫਸਲ ਵਿੱਚ ਕੀੜੇ ਮਕੌੜੇ ਅਤੇ ਹੋਰ ਬਿਮਾਰੀਆਂ ਦੀ ਪਹਿਚਾਣ ਕਰਨ ਅਤੇ ਉਹਨਾਂ ਦੀ ਰੋਕਥਾਮ ਕਰਨ ਬਾਰੇ ਦੱਸਿਆ। ਇਸ ਮੌਕੇ ਡਾ. ਗੁਰਸਾਹਿਬ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਕਣਕ ਦੀ ਫਸਲ ਵਿੱਚ ਮੈਗਨੀਜ਼ ਅਤੇ ਸਲਫਰ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਘਾਟ ਪੂਰੀ ਕਰਨ ਸਬੰਧੀ ਸਪਰੇ ਬਾਰੇ ਦੱਸਿਆ। ਉਹਨਾਂ ਵੱਲੋਂ ਕਿਸਾਨਾਂ ਨੂੰ ਬੇਲੋੜੀਆਂ ਖਾਦਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਅਪੀਲ



ਕੀਤੀ। ਇਸ ਮੌਕੇ ਅਸ਼ਵਨੀ ਕੁਮਾਰ ਖੇਤੀਬਾੜੀ ਵਿਸਥਾਰ ਵੱਲੋਂ ਕਿਸਾਨਾਂ ਨੂੰ ਕੁਆਲਿਟੀ ਬੀਜ ਤਿਆਰ ਕਰਨ ਲਈ ਨੁਕਤੇ ਸਾਂਝੇ ਕੀਤੇ ਗਏ। ਇਸ ਮੌਕੇ ਅਮਨਦੀਪ ਸਿੰਘ ਜੂਨੀਅਰ ਟੈਕਨੀਸ਼ੀਅਨ ਵੱਲੋਂ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਸਬੰਧੀ ਕਿਸਾਨਾਂ ਨੂੰ ਦੱਸਿਆ। ਇਸ ਮੌਕੇ ਸਮਰਜੀਤ ਸਿੰਘ ਖੇਤੀਬਾੜੀ ਉਪ ਨਿਰੀਖਕ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਪਰਖ ਕਰਵਾਉਣ ਲਈ ਦੱਸਿਆ। ਇਸ ਮੌਕੇ ਅਰਨਜੋਤ ਸਿੰਘ, ਲੱਖਾ ਸਿੰਘ, ਮਲਕੀਤ ਸਿੰਘ, ਕਾਰਜ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਨਸ਼ਾ ਵਿਰੋਧੀ ਟੀਮ ਹੋਈ ਲਾਚਾਰ, ਪੁਲਸ ਕੋਲ ਜਾਵੇ ਜਾਂ ਸਿਹਤ ਵਿਭਾਗ ਕੋਲ : ਸੁਖਦੀਪ ਸਿੰਘ ਭੰਮ

**ਮੋਗਾ, (ਇਕਬਾਲ ਸਿੰਘ ਖਹਿਰਾ)** ਪੰਜਾਬ ਵਿੱਚ ਨਸ਼ਾ ਵਿਰੋਧੀ ਟੀਮ ਰਜਿ: ਸੁਖਦੀਪ ਸਿੰਘ ਭੰਮ ਨੇ ਦੱਸਿਆ ਉਨ੍ਹਾਂ ਦੀ ਟੀਮ ਵੱਲੋਂ ਪਿਛਲੇ ਦਿਨੀਂ ਮੋਗਾ ਜ਼ਿਲ੍ਹੇ ਦੀ ਟੀਮ ਨਾਲ ਇੱਕ ਮੈਡੀਕਲ ਸਟੋਰ ਦਾ ਸਟਿੰਗ ਅਪ੍ਰੇਸ਼ਨ ਕੀਤਾ ਤੇ ਲਾਈਵ ਕੈਮਰੇ 'ਚ ਨਸ਼ੀਲੀਆਂ ਗੋਲੀਆਂ ਦੀ ਖਰੀਦ ਕੀਤੀ ਗਈ, ਜੋ ਪੱਕੇ ਸਬੂਤ ਤੌਰ 'ਤੇ ਵੀਡੀਓ ਬਣਾਈ ਗਈ।



ਵੀਡੀਓ ਵਿੱਚ ਬਕਾਇਦਾ ਨਸ਼ੇ ਵਾਲੇ ਸਾਲਟਾ ਦੇ ਨਾਂਅ ਲੈ ਕੈ ਮੰਗੇ ਗਏ ਤੇ ਦੁਕਾਨਦਾਰ ਵੱਲੋਂ ਦਿੱਤੇ ਵੀ ਗਏ ਤੇ ਜ਼ਿਲ੍ਹੇ ਦੇ ਡਰੱਗ ਇੰਪੈਕਟਰ ਨੂੰ ਨਾਲ ਲੈ ਕੇ ਇਸ ਦੁਕਾਨ 'ਤੇ ਰੇਡ ਕਰਨੀ ਸੀ ਤੇ ਇਸ ਨੂੰ ਰੰਗੇ ਹੱਥੀਂ ਫੜਨਾ ਸੀ, ਪਰ ਇਹ ਆਪਣੀ ਦੁਕਾਨ ਬੰਦ ਕਰ ਕੇ ਭੱਜ ਗਿਆ। ਪਹਿਲਾਂ ਹੀ ਸਵੇਰੇ ਤੋਂ ਦੁਕਾਨ ਹੀ ਨਹੀਂ ਖੋਲ੍ਹੀ। ਉਨ੍ਹਾਂ ਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੋਈ ਕਿ ਮੈਡੀਕਲ ਸਟੋਰ ਵਾਲੇ ਨੂੰ ਜਾਣਕਾਰੀ ਕਿਵੇਂ ਪਤਾ ਲੱਗੀ ਕਿ ਅੱਜ ਸਾਡੀ ਟੀਮ ਆ ਰਹੀ ਹੈ। ਉਨ੍ਹਾਂ ਦੱਸਿਆ ਉਨ੍ਹਾਂ ਨੇ ਡਰੱਗ ਇੰਪੈਕਟਰ ਨੂੰ ਦੱਸਿਆ ਸੀ ਕਿ ਆਪਾਂ ਰੇਡ ਕਰਨੀ ਹੈ ਜਾਂ ਉਨ੍ਹਾਂ ਨੂੰ ਪਤਾ ਸੀ ਕਿ ਮੈਡੀਕਲ ਸਟੋਰ ਵਾਲਾ ਕਿਉਂ ਭੱਜ ਗਿਆ। ਹੈਰਾਨੀ ਹੈ ਕਿ ਉਨ੍ਹਾਂ ਨੇ ਕਿਹਾ ਕਿ ਅੱਜ ਉਹ ਡਰੱਗ ਇਨਪੈਕਟਰ ਨੂੰ ਮਿਲੇ।

ਡਰੱਗ ਇੰਪੈਕਟਰ ਦਾ ਜਵਾਬ ਸੀ ਕਿ ਵੀਡੀਓ ਕੋਰਟ ਵਿੱਚ ਨਹੀਂ ਚੱਲਦੀ। ਸੁਖਦੀਪ ਸਿੰਘ ਭੰਮ ਨੇ ਦੱਸਿਆ ਕਿ ਡਰੱਗ ਇੰਪੈਕਟਰ ਦੀਆਂ ਗੱਲਾਂ ਤੋਂ ਅੰਦਾਜ਼ਾ ਲੱਗ ਰਿਹਾ ਸੀ ਕਿ ਉਹ ਇਨ੍ਹਾਂ ਮੈਡੀਕਲ ਮਾਫ਼ੀਆ ਨੂੰ ਬਚਾ ਰਹੇ ਨੇ। ਉਲਟਾ ਉਨ੍ਹਾਂ ਨਾਲ ਬਹਿਸ ਕਰ ਰਹੇ ਸੀ ਕਿ ਪੁਲਸ ਕੋਲ ਜਾਓ। ਉਪਰੋਂ ਇਹ ਵੀ ਮੰਨ ਰਹੇ ਸੀ ਹਾਂ ਬਹੁਤ ਮੈਡੀਕਲ ਸਟੋਰ ਨਸ਼ਾ ਵੇਚ ਰਹੇ ਨੇ। ਸੁਖਦੀਪ ਸਿੰਘ ਭੰਮ ਨੇ ਕਿਹਾ ਕਿ ਜੇ ਉਹ ਇਹ ਵੀਡੀਓ ਲੈ ਕੈ ਪਲਿਸ ਕੋਲ ਜਾਂਦੇ ਤਾਂ ਪੁਲਿਸ ਦਾ ਕਹਿਣਾ ਸੀ ਕਿ ਅਸੀਂ ਡਰੱਗ ਇੰਪੈਕਟਰ ਬਿਨਾਂ ਦੁਕਾਨ 'ਤੇ ਛਾਪਾ ਨਹੀਂ ਮਾਰ ਸਕਦੇ ਨਾ ਬੰਦਾ ਫੜ ਸਕਦੇ ਹਾਂ। ਇਸ ਲਈ ਉਨ੍ਹਾਂ ਦੀ ਟੀਮ ਨੂੰ ਲੱਗਾ ਕਿ ਅਸੀਂ ਲਾਚਾਰ ਹਾਂ, ਕਿੱਥੇ ਜਾਈਏ, ਕਿਸ ਨੂੰ ਫੜੀਏ।

# ਵਿਸ਼ਾਲ ਜਾਗਰਣ 2 ਨੂੰ, 3 ਨੂੰ ਸ਼ੋਭਾ ਯਾਤਰਾ

**ਜਗਰਾਉਂ, (ਸੰਜੀਵ ਅਰੋੜਾ)** ਜਗਰਾਉਂ ਵਿਖੇ ਜੈ ਮਾਂ ਸਰਸਵਤੀ ਕਲੱਬ ਵੱਲੋਂ ਸਾਲਾਨਾ 14ਵਾਂ ਵਿਸ਼ਾਲ ਪੂਜਣ ਤੇ ਜਾਗਰਣ ਸਬੰਧੀ ਦੋ ਰੋਜ਼ਾ ਸਮਾਗਮ 2 ਫਰਵਰੀ ਤੋਂ ਕਰਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਮਹਾਤਮ ਸਿੰਘ, ਮੀਤ ਪ੍ਰਧਾਨ ਪ੍ਰਵੀਨ ਕੁਮਾਰ, ਬਿਲੈਸਟਰ ਚੌਧਰੀ ਤੇ ਪੱਪੂ ਬੀਕੇ ਗੈਸ ਵਾਲਿਆਂ ਨੇ ਦੱਸਿਆ ਕਿ 2 ਫਰਵਰੀ ਨੂੰ ਨਿਊ ਜਲੰਧਰ ਕਲੋਨੀ ਵਿਖੇ ਮਾਂ ਸਰਸਵਤੀ ਜੀ ਦੀ ਦੁਪਹਿਰ 1 ਵਜੇ ਪੂਜਾ ਅਰਚਨਾ ਕੀਤੀ ਜਾਵੇਗੀ। ਰਾਤ 8 ਵਜੇ ਭੰਡਾਰੇ ਦਾ ਆਗਾਜ਼ ਹੋਵੇਗਾ ਤੇ 9 ਵਜੇ ਪਵਿੱਤਰ ਜਾਗਰਣ ਦੀ ਸ਼ੁਰੂਆਤ ਹੋਵੇਗੀ। ਜਾਗਰਣ ਵਿਚ ਪਟਨਾ ਬਿਹਾਰ ਤੋਂ ਨਿਸ਼ਾ ਦੂਬੇ, ਵਿੱਕੀ ਰਾਜਾ ਅਤੇ ਵਿਜੇ ਲਛਮੀ ਸਿੰਘ ਭਜਨ ਗਾਇਕ ਭਜਨਾਂ ਦੀ ਮਹਿਫ਼ਲ ਛੇੜਨਗੇ। ਸਾਰੀ ਰਾਤ ਵਾਰੋ ਵਾਰੀ ਇਹ ਭਜਨ ਗਾਇਕ ਮਾਂ ਸਰਸਵਤੀ ਦਾ ਗੁਣਗਾਨ ਕਰਨਗੇ। 3 ਫਰਵਰੀ ਨੂੰ ਸਵੇਰੇ 11 ਵਜੇ ਨਿਊ ਜਲੰਧਰ ਕਲੋਨੀ ਡਿਸਪੋਜਲ ਰੋਡ ਤੋਂ ਸ਼ੋਭਾ ਯਾਤਰਾ ਸ਼ੁਰੂ ਹੋਵੇਗੀ। ਇਸ ਤੋਂ ਪਹਿਲਾਂ ਸਵੇਰੇ 10 ਵਜੇ ਹਵਨ ਯੱਗ ਹੋਵੇਗਾ, ਜਿਸ ਵਿੱਚ ਵੱਡੀ ਗਿਣਤੀ 'ਚ ਸ਼ਰਧਾਲੂ ਅਹੂਤੀਆਂ ਪਾਉਣਗੇ। ਦੁਪਹਿਰ 4 ਵਜੇ ਮੂਰਤੀ ਵਿਸਰਜਨ ਹੋਵੇਗਾ।

# ਡਿਪਟੀ ਕਮਿਸ਼ਨਰ ਨੇ ਨੰਨ੍ਹੇ ਖਿਡਾਰੀਆਂ ਨੂੰ ਵੰਡੇ ਟਰੈਕ ਸੂਟ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਬੱਚਿਆਂ ਦੀਆਂ ਖੇਡਾਂ ਦਾ ਮੁੱਢ ਪ੍ਰਾਇਮਰੀ ਪੱਧਰ ਤੋਂ ਹੀ ਬੱਝਦਾ ਹੈ। ਪ੍ਰਾਇਮਰੀ ਖੇਡਾਂ 'ਚ ਵਿਸ਼ੇਸ਼ ਸ਼ੁਰੂਆਤ ਕਰਨ ਵਾਲੇ ਖਿਡਾਰੀਆਂ ਦਾ ਭਵਿੱਖ ਸੁਨਹਿਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਸਰਕਾਰੀ ਹਾਈ ਸਕੂਲ ਢੀਮਾਂਵਾਲੀ ਦੇ ਖੇਡਾਂ ਨਾਲ ਸਬੰਧਤ ਖਾਸ ਕਰਕੇ ਖੋ-ਖੋ ਦੇ 25 ਬੱਚਿਆਂ ਨੂੰ ਟਰੈਕ ਸੂਟ ਵੰਡਣ ਮੌਕੇ ਕੀਤਾ। ਉਨ੍ਹਾਂ ਨੰਨ੍ਹੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਛੋਟੀ ਉਮਰ ਤੋਂ ਹੀ ਖੇਡਾਂ ਨਾਲ ਜੁੜਨਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਇਹ ਨੰਨ੍ਹੇ ਖਿਡਾਰੀ ਹੋਰਨਾਂ ਨੌਜਵਾਨਾਂ ਲਈ ਪ੍ਰੇਰਨਾਸ੍ਰੋਤ ਹਨ ਜਿਨ੍ਹਾਂ ਨੂੰ ਵੇਖ ਕੇ ਹੋਰ ਨੌਜਵਾਨ ਲੜਕੇ ਤੇ ਲੜਕੀਆਂ ਵੀ ਖੇਡਾਂ ਵੱਲ ਪ੍ਰੇਰਿਤ ਹੋਣਗੇ। ਉਨ੍ਹਾਂ ਕਿਹਾ ਕਿ ਇਸ ਸਾਲ ਸਕੂਲ ਦੇ 37 ਬੱਚਿਆਂ ਨੇ ਸਟੇਟ ਖੇਡਾਂ ਵਿੱਚ ਭਾਗ ਲਿਆ ਹੈ। ਇੱਕ ਬੱਚੇ ਨੇ ਨੈਸ਼ਨਲ ਖੋ-ਖੋ ਦਾ ਕੈਂਪ ਵੀ ਲਗਾਇਆ ਹੈ। ਉਨ੍ਹਾਂ ਦੱਸਿਆ ਕਿ ਖੇਡਾਂ ਦੇ ਨਾਲ ਨਾਲ ਇਹਨਾਂ ਬੱਚਿਆਂ ਦਾ 2023-24 ਦਾ ਸਾਲਾਨਾ ਨਤੀਜਾ ਵੀ ਸ਼ਾਨਦਾਰ ਰਿਹਾ ਹੈ।

ਇਸ ਮੌਕੇ ਸਕੂਲ ਦੇ ਹੈਡਮਾਸਟਰ ਰਵਿੰਦਰ ਸਿੰਘ ਡੀ.ਪੀ.ਈ, ਸਰਬਜੀਤ ਕੌਰ ਸਰਪੰਚ, ਗੁਰਜੀਤ ਸਿੰਘ ਸਮਾਜ ਸੇਵੀ, ਜਸਵਿੰਦਰ ਸਿੰਘ, ਸੱਤਪਾਲ ਸ਼ਰਮਾ, ਗੁਰਮੇਲ ਸਿੰਘ, ਸਾਬਕਾ ਸਰਪੰਚ ਜਸਵਿੰਦਰ ਸਿੰਘ, ਐਡਵੋਕੇਟ ਜੀਤ ਸਿੰਘ ਪੰਚ, ਗੁਰਜੰਟ ਸਿੰਘ ਪੰਚ, ਪਰਮਜੀਤ ਸਿੰਘ,ਬਿਮਲ ਕੌਰ ਆਦਿ ਹਾਜ਼ਰ ਸਨ।

# ਢਿੱਲੋਂ ਕਲੋਨੀ ਦੇ ਵਸਨੀਕਾਂ ਨੇ 40 ਸਾਲਾ ਨਰਕ ਕੱਢਣ 'ਤੇ ਸੰਧਵਾਂ ਦਾ ਕੀਤਾ ਧੰਨਵਾਦ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ)** ਲਗਾਤਾਰ ਚਾਰ ਦਹਾਕੇ ਅਰਥਾਤ 40 ਸਾਲ ਦੇ ਅਰਸੇ ਅੰਦਰ ਅਨੇਕਾਂ ਛੋਟੀਆਂ ਵੱਡੀਆਂ ਚੋਣਾਂ ਆਈਆਂ। ਚੋਣਾਂ ਜਿੱਤ ਕੇ ਵੱਖ-ਵੱਖ ਪਾਰਟੀਆਂ ਨੇ ਸਰਕਾਰਾਂ ਬਣਾਈਆਂ, ਪਰ ਸਥਾਨਕ ਬਠਿੰਡਾ ਸੜਕ 'ਤੇ ਸਥਿਤ ਢਿੱਲੋਂ ਕਲੋਨੀ ਦੇ ਵਸਨੀਕਾਂ ਦੀ ਸਾਰ ਲੈਣ ਦੀ ਕਿਸੇ ਨੇ ਵੀ ਜ਼ਰੂਰਤ ਤੱਕ ਨਾ ਸਮਝੀ।ਮੁਹੱਲਾ ਵਿਕਾਸ ਕਮੇਟੀ ਢਿੱਲੋਂ ਕਲੋਨੀ ਦੇ ਪ੍ਰਧਾਨ ਗੁਰਚਰਨ ਸਿੰਘ ਬਰਾੜ ਸਮੇਤ ਹੋਰ ਅਹੁਦੇਦਾਰਾਂ ਨੇ ਖੁਸ਼ੀ ਵਿੱਚ ਖੀਵੇ ਹੁੰਦਿਆਂ ਭੁਜੀਏ-ਬਦਾਨੇ ਦਾ ਪ੍ਰਸ਼ਾਦ ਵੰਡ ਕੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦਾ ਧੰਨਵਾਦ ਕਰਦਿਆਂ ਆਖਿਆ ਕਿ 40 ਸਾਲਾਂ ਦੇ ਨਰਕ ਵਿੱਚੋਂ ਕੱਢਣ ਲਈ ਸਮੁੱਚੀ ਢਿੱਲੋਂ ਕਲੋਨੀ ਸਪੀਕਰ ਸੰਧਵਾਂ ਦੀ ਸਦਾ ਰਿਣੀ ਰਹੇਗੀ, ਕਿਉਂਕਿ ਇਸ ਵਿਕਾਸ ਕਾਰਜ ਦਾ ਸਾਰਾ ਸਿਹਰਾ ਸਪੀਕਰ ਸੰਧਵਾਂ ਨੂੰ ਹੀ ਜਾਂਦਾ ਹੈ।

ਗੁਰਚਰਨ ਸਿੰਘ ਬਰਾੜ ਸਮੇਤ ਸਰਪੰਚ ਬਲਤੇਜ ਸਿੰਘ ਮੱਤਾ, ਹਰਜੀਤ ਸਿੰਘ ਵਾਲੀਆ, ਮਾ ਹਰਦੇਵ ਸਿੰਘ, ਜਰਨੈਲ ਸਿੰਘ, ਧਰਮਜੀਤ ਸਿੰਘ ਆਦਿ ਨੇ ਸਪੀਕਰ ਸੰਧਵਾਂ ਦੇ ਨਾਲ ਨਾਲ ਸਬੰਧਤ ਵਿਭਾਗ ਦੇ ਐਕਸੀਅਨ, ਐਸਡੀਓ ਤੇ ਠੇਕੇਦਾਰ ਦਾ ਵੀ ਧੰਨਵਾਦ ਕਰਦਿਆਂ ਆਖਿਆ ਕਿ ਢਿੱਲੋਂ ਕਲੋਨੀ ਦੀ ਮੁੱਖ ਸੜਕ ਦੇ ਨਾਲ ਰਲਦੀਆਂ ਤਿੰਨ ਹੋਰ ਗਲੀਆਂ ਪੱਕੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਮਹਿਜ਼ ਚਾਰ ਕਣੀਆਂ ਪੈਣ ਤੋਂ ਬਾਅਦ ਵੀ ਲੰਘਣਾ ਮੁਸ਼ਕਲ ਹੋ ਜਾਂਦਾ ਸੀ ਤੇ ਗਾਰੇ ਤੇ ਮਿੱਟੀ ਨਾਲ ਲਿਬੜੇ ਟਾਇਰਾਂ ਵਾਲੀਆਂ ਗੱਡੀਆਂ ਸਮੇਤ ਘਰਾਂ 'ਚ ਦਾਖਲ ਹੋਣ ਲਈ ਮਜਬੂਰ ਹੋਣਾ ਪੈਂਦਾ ਸੀ।ਉਨ੍ਹਾਂ ਆਖਿਆ ਕਿ ਸਪੀਕਰ ਸੰਧਵਾਂ ਨੇ ਜੋ ਵਾਅਦਾ ਕਰਿਆ, ਉਸ ਨੂੰ 100 ਫ਼ੀਸਦੀ ਨੇਪਰੇ ਚੜ੍ਹਾਇਆ, ਇਸ ਲਈ ਮੁਹੱਲਾ ਵਾਸੀਆਂ ਨੇ ਵੱਡਾ ਸਮਾਗਮ ਕਰਕੇ ਸਪੀਕਰ ਸੰਧਵਾਂ ਦਾ ਸਨਮਾਨ ਕਰਨ ਦਾ ਫੈਸਲਾ ਕੀਤਾ ਹੈ।ਚੀਫ਼ ਇੰਜਨੀਅਰ ਸੰਦੀਪ ਸਿੰਘ ਰੋਮਾਣਾ ਤੇ ਹੋਰ ਮੁਹੱਲਾ ਵਾਸੀਆਂ ਨੇ ਸਪੀਕਰ ਸੰਧਵਾਂ ਦੀ ਸਿਹਤ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਕਾਮਨਾ ਕਰਦਿਆਂ ਆਖਿਆ ਕਿ ਪ੍ਰਮਾਤਮਾ ਉਹਨਾਂ ਨੂੰ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਬਖ਼ਸ਼ੇ।

# ਸ਼੍ਰੋਮਣੀ ਅਕਾਲੀ ਦਲ ਭਲਕ ਤੋਂ ਸ਼ੁਰੂ ਕਰੇਗਾ ਮੈਂਬਰਸ਼ਿਪ ਮੁਹਿੰਮ : ਸੰਜੀਤ ਸਿੰਘ ਸਨੀ ਗਿੱਲ

**ਮੋਗਾ, (ਇਕਬਾਲ ਸਿੰਘ ਖਹਿਰਾ)** ਸ਼੍ਰੋਮਣੀ ਅਕਾਲੀ ਦਲ 20 ਜਨਵਰੀ ਤੋਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰੇਗਾ ਤੇ 25 ਲੱਖ ਮੈਂਬਰ ਭਰਤੀ ਕਰਨ ਦੇ ਟੀਚੇ ਤੇ ਕੇਂਦਰਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ ਨੇ ਕੀਤਾ। ਉਨ੍ਹਾਂ ਕਿਹਾ ਕਿ ਭਰਤੀ ਸ਼ੁਰੂ ਕਰਨ ਲਈ ਸਾਰੀਆਂ ਯੋਜਨਾਵਾਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ ਤੇ ਇਹ ਮੈਂਬਰਸ਼ਿਪ ਮੁਹਿੰਮ ਬਿਲਕੁਲ ਸੰਵਿਧਾਨਕ ਨਿਯਮਾਂ ਮੁਤਾਬਕ ਕੀਤੀ ਜਾਵੇਗੀ। ਸਨੀ ਗਿੱਲ ਨੇ ਕਿਹਾ ਕਿ ਪਾਰਟੀ ਦਾ ਦ੍ਰਿੜ ਸੰਕਲਪ ਹੈ ਕਿ ਇਸ ਮੈਂਬਰਸ਼ਿਪ ਮੁਹਿੰਮ ਨੂੰ ਸਹੀ ਤਰੀਕੇ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਈ ਜਾਵੇਗੀ ਤੇ ਪੂਰੀ ਪਾਰਦਰਸ਼ਤਾ ਨਾਲ ਹੋਵੇਗੀ। ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਪਾਰਟੀ ਦੇ ਆਬਜਰਵਰ ਇਸ ਦੀ ਨਿਗਰਾਨੀ ਕਰਨਗੇ।

ਪਾਰਟੀ ਨੇ ਫੈਸਲਾ ਕੀਤਾ ਵੀ ਕੀਤਾ ਹੈ ਕਿ ਅਬਜਰਵਰਾਂ ਲਈ ਸਿਖਲਾਈ ਸੈਸ਼ਨ ਰੱਖਿਆ ਜਾਵੇ ਤਾਂ ਜੁ ਸਾਰੀ ਪ੍ਰੀਕਿਰਿਆ ਨਿਰਪੱਖਤਾ ਨਾਲ ਮੁਕੰਮਲ ਕੀਤੀ ਜਾ ਸਕੇ। ਸਨੀ ਗਿੱਲ ਨੇ ਕਿਹਾ ਕਿ ਪਾਰਟੀ ਆਗੂ ਲੋਕਾਂ ਨੂੰ ਇਹ ਵੀ ਦੱਸਣਗੇ ਕਿ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਮੁੱਚੀ ਵਜ਼ਾਰਤ ਨੇ ਆਪਣੀ ਜ਼ਿੰਮੇਵਾਰੀ ਤਿਆਗ ਕੇ ਦਿੱਲੀ ਡੇਰੇ ਲਗਾ ਲਏ ਹਨ। ਉਨ੍ਹਾਂ ਕਿਹਾ ਕਿ ਸਿਰਫ਼ ਵਜ਼ਾਰਤ ਹੀ ਨਹੀਂ, ਬਲਕਿ ਸੀਨੀਅਰ ਅਫ਼ਸਰਾਂ ਨੂੰ ਵੀ ਦਿੱਲੀ ਤਲਬ ਕੀਤਾ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਸਾਰੀ ਵਜ਼ਾਰਤ ਦਿੱਲੀ ਵਿੱਚ ਹੈ ਤੇ ਉਹ ਪੰਜ ਫਰਵਰੀ ਤੱਕ ਉਥੇ ਹੀ ਰਹੇਗੀ, ਜਦਕਿ ਪੰਜਾਬ 'ਚ ਖਾਸ ਤੌਰ 'ਤੇ ਸਰਹੱਦੀ ਪੱਟੀ ਵਿੱਚ ਗ੍ਰਨੇਡ ਹਮਲਿਆਂ ਦੀ ਝੜੀ ਲੱਗੀ ਹੋਈ ਹੈ ਤੇ ਲਾਅ ਐਂਡ ਆਰਡਰ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨੀ ਮਸਲਿਆਂ ਦੇ ਨਾਲ-ਨਾਲ ਖੇਤੀਬਾੜੀ ਮੰਡੀਕਰਨ ਬਾਰੇ ਖਰੜੇ ਤੇ ਚਰਚਾ ਲਈ ਤੁਰੰਤ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ, ਕਿਉਂਕਿ ਕੇਂਦਰ ਸਰਕਾਰ ਦੇ ਖਾਰਜ ਕੀਤੇ ਤਿੰਨ ਕਾਨੂੰਨ ਪਿਛਲੇ ਦਰਵਾਜ਼ੇ ਲਾਗੂ ਕਰਨਾ ਚਾਹੁੰਦੀ ਹੈ।

# ਦਾਨ ਸਿੰਘ ਵਾਲਾ ਦੇ ਮਜ਼ਦੂਰਾਂ ਨੂੰ ਜਲਦੀ ਇਨਸਾਫ਼ ਦਿਵਾਇਆ ਜਾਵੇ-ਮਜ਼ਦੂਰ ਆਗੂ

**ਸ਼ਾਹਕੋਟ, (ਗਿਆਨ ਸੈਦਪੁਰੀ)**- ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਪ੍ਰੀਤਮ ਸਿੰਘ ਨਿਆਮਤਪੁਰ ਅਤੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਪੰਜਾਬ ਸਰਕਾਰ ਪਿਛਲੇ ਢਾਈ ਤਿੰਨ ਸਾਲ ਤੋਂ ਮਜ਼ਦੂਰ ਤੇ ਦਲਿਤ ਵਰਗ ਦੀਆਂ ਭਖਦੀਆਂ ਮੰਗਾਂ ਦੇ ਸੰਦਰਭ ਵਿੱਚ ਝੂਠੀਆਂ ਤਸੱਲੀਆਂ ਦਿੰਦੀ ਆ ਰਹੀ ਹੈ। ਉਸ ਦਾ ਕੋਈ ਵੀ ਵਾਅਦਾ ਵਫ਼ਾ ਨਹੀਂ ਹੋਇਆ। ਹੋਰ ਤਾਂ ਹੋਰ ਪੰਜਾਬ ਦੀ ਪੁਲਸ ਤੇ ਪ੍ਰਸ਼ਾਸਨਿਕ ਮਸ਼ੀਨਰੀ ਉਸ ਵੇਲੇ ਵੀ ਨਹੀਂ ਪਸੀਜੀ, ਜਦੋਂ ਬਠਿੰਡਾ ਦੇ ਪਿੰਡ ਦਾਨ ਸਿੰਘ ਵਾਲਾ ਦੀ ਮਜ਼ਦੂਰ ਬਸਤੀ ਕੋਠੇ ਜੀਵਨ ਸਿੰਘ ਦੇ ਅੱਠ ਘਰਾਂ ਵਿੱਚੋਂ ਅੱਗ ਦੀਆਂ ਲਾਟਾਂ ਉੱਠੀਆਂ। ਇਥੋਂ ਦੇ ਮਜ਼ਦੂਰ ਘਰਾਂ ਦੇ ਪਰਵਾਰਾਂ 'ਤੇ ਨਸ਼ਾ ਤਸਕਰਾਂ ਵੱਲੋਂ ਤਸ਼ੱਦਦ ਕੀਤਾ ਗਿਆ ਅਤੇ ਪੈਟਰੋਲ ਬੰਬਾਂ ਨਾਲ ਘਰਾਂ ਨੂੰ ਫੂਕ ਦਿੱਤਾ ਗਿਆ। ਇਸ ਘਟਨਾ ਦੀ ਭਿਆਨਕਤਾ ਤੋਂ ਪ੍ਰਸ਼ਾਸਨ





ਬੇਖ਼ਬਰ ਨਜ਼ਰ ਆਉਂਦਾ ਹੈ। ਜਿਨ੍ਹਾਂ ਦੇ ਘਰ ਸੜੇ ਤੇ ਤਸ਼ੱਦਦ ਸਹਿਣਾ ਪਿਆ, ਉਨ੍ਹਾਂ ਦਾ ਕਸੂਰ ਇਹ ਸੀ ਕਿ ਉਨ੍ਹਾ ਨੇ ਜਵਾਨੀ ਨੂੰ ਖਾ ਰਹੇ ਨਸ਼ੇ ਨੂੰ ਨੱਥ ਪਾਉਣ ਦੀ ਗੁਹਾਰ ਲਾਈ ਸੀ। ਇਸ ਖੌਫਨਾਕ ਘਟਨਾ ਨੂੰ ਇਕ ਹਫ਼ਤੇ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਜ਼ੁਲਮ ਦਾ ਸ਼ਿਕਾਰ ਮਜ਼ਦੂਰਾਂ ਦੀ ਪ੍ਰਸ਼ਾਸਨ ਵੱਲੋਂ ਸਾਰ ਨਹੀਂ ਲਈ ਗਈ।

ਮਜ਼ਦੂਰ ਆਗੂਆਂ ਨੇ ਦਿਲ ਹਿਲਾ ਦੇਣ ਵਾਲੀ ਇਸ ਘਟਨਾ ਦੀ ਨਿੰਦਾ ਕਰਦਿਆਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਫੜ ਕੇ ਸਲਾਖ਼ਾਂ ਅੰਦਰ ਕੀਤਾ ਜਾਵੇ ਅਤੇ ਪੀੜਤ ਪਰਵਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ। ਨਿਆਮਤਪੁਰ ਅਤੇ ਕਾਮਰੇਡ ਸਰਹਾਲੀ ਕਲਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਅੱਗੇ ਤੋਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਨੀਂਦ 'ਚੋਂ ਬਾਹਰ ਆਵੇ। ਮਜ਼ਦੂਰ ਆਗੂਆਂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਜਦੋਂ ਅਸਮਾਨ ਛੂੰਹਦੀ ਮਹਿੰਗਾਈ ਦੇ ਦੌਰ ਵਿੱਚ ਮਜ਼ਦੂਰਾਂ ਨੂੰ ਚੁੱਲ੍ਹੇ ਬਲਦੇ ਰੱਖਣੇ ਮੁਹਾਲ ਹੋਏ ਪਏ ਹਨ, ਉਸ ਵੇਲੇ ਇਨ੍ਹਾ ਦੇ ਘਰ ਸਾੜ ਦੇਣ ਦੀ ਘਟਨਾ ਆਪਣੇ-ਆਪ ਵਿੱਚ ਡਾਢਾ ਗੰਭੀਰ ਮਾਮਲਾ ਹੈ। ਆਗੂਆਂ ਨੇ ਕਿਹਾ ਕਿ ਜੇਕਰ ਮਜ਼ਦੂਰਾਂ ਨੂੰ ਜਲਦੀ ਇਨਸਾਫ਼ ਨਾ ਮਿਲਿਆ ਤਾਂ ਪੰਜਾਬ ਖੇਤ ਮਜ਼ਦੂਰ ਸਭਾ ਸਖ਼ਤ ਐਕਸ਼ਨ ਲੈਣ ਲਈ ਮਜਬੂਰ ਹੋਵੇਗੀ।

# ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਕੀਤੀ ਪੰਜਵੀਂ ਸੂਚੀ ਜਾਰੀ

**ਸੰਗਰੂਰ (ਪ੍ਰਵੀਨ ਸਿੰਘ)**- ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੀ ਅਨੁਮਤੀ ਨਾਲ ਸਾਲ 2025 ਲਈ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ 7 ਮਹਿਲਾਵਾਂ ਸਣੇ 30 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਸੁੱਖਪਾਲ ਸਿੰਘ ਭੰਮਾਬੱਦੀ (ਸੰਗਰੂਰ), ਅਸ਼ਵਨੀ ਕੁਮਾਰ (ਪਟਿਆਲਾ ਸ਼ਹਿਰੀ), ਵਿੱਕੀ ਮੱਟੂ (ਪਟਿਆਲਾ ਦਿਹਾਤੀ), ਗੁਰਪ੍ਰੀਤ ਸਿੰਘ ਜੋਤੀ (ਮਾਲੇਰਕੋਟਲਾ), ਮਲਕੀਤ ਸਿੰਘ ਮੀਤਾ ਠੇਕੇਦਾਰ (ਬਰਨਾਲਾ), ਜਰਨੈਲ ਸਿੰਘ ਬੱਲ੍ਹੂਆਣਾ ਸਰਪੰਚ (ਬਠਿੰਡਾ ਦਿਹਾਤੀ), ਰੁਪਿੰਦਰ ਸਿੰਘ ਐਡਵੋਕੇਟ (ਬਠਿੰਡਾ ਸ਼ਹਿਰੀ), ਦਵਿੰਦਰ ਸਿੰਘ (ਮਾਨਸਾ), ਪ੍ਰਨਾਮ ਸਿੰਘ ਸਰਪੰਚ (ਸ੍ਰੀ ਮੁਕਤਸਰ ਸਾਹਿਬ), ਮੈਡਮ ਰੇਨੂੰ ਸਹੋਤਾ (ਫਾਜ਼ਿਲਕਾ), ਰਾਜ ਕੁਮਾਰ ਗੁਰੂ ਹਰਸਹਾਏ (ਫਿਰੋਜ਼ਪੁਰ), ਡਾ. ਸੁਖਦੀਪ ਸਿੰਘ (ਫਰੀਦਕੋਟ), ਕਮਲਜੀਤ ਕੌਰ (ਮੋਗਾ), ਨੇਹਾ ਚਨਾਲੀਆ (ਲੁਧਿਆਣਾ ਸ਼ਹਿਰੀ), ਗੁਰਸੇਵਕ ਸਿੰਘ ਰਾਏਕੋਟ (ਲੁਧਿਆਣਾ ਦਿਹਾਤੀ), ਸਰਵਣ ਕੁਮਾਰ ਸਰਪੰਚ (ਰੋਪੜ), ਮਨਦੀਪ ਕੌਰ ਤੂਰਾਂ ਸਰਪੰਚ ਸ੍ਰੀ ਫਤਿਹਗੜ੍ਹ ਸਾਹਿਬ), ਬਲਦੀਸ਼ ਕੌਰ (ਐਸ ਬੀ ਐੱਸ ਨਗਰ ਨਵਾਂਸ਼ਹਿਰ), ਕਿਰਪਾਲ ਸਿੰਘ ਸਰਪੰਚ ਭਗਤੂਪੁਰ (ਹੁਸ਼ਿਆਰਪੁਰ ਦਿਹਾਤੀ), ਪ੍ਰਦੀਪ ਸਰੋਆ (ਹੁਸ਼ਿਆਰਪੁਰ ਸ਼ਹਿਰੀ), ਸ਼ਾਲੂ ਭੱਟੀ ਕੌਂਸਲਰ (ਪਠਾਨਕੋਟ), ਅਜੇ ਕੁਮਾਰ (ਗੁਰਦਾਸਪੁਰ), ਦੀਪਕ ਕੁਮਾਰ (ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰੀ), ਡਾ. ਸਰਨਜੀਤ ਸਿੰਘ (ਸ੍ਰੀ ਅੰਮ੍ਰਿਤਸਰ ਸਾਹਿਬ ਦਿਹਾਤੀ),



ਚਰਨਜੀਤ ਸਿੰਘ ਅਟਵਾਲ (ਤਰਨ ਤਾਰਨ), ਹਰਵਿੰਦਰ ਕੌਰ ਮੋਨਾ ਘਾਰੂ (ਐਸ ਏ ਐਸ ਨਗਰ ਮੋਹਾਲੀ), ਮਨਜੀਤ ਸਿੰਘ ਗਿੱਲ (ਕਪੂਰਥਲਾ), ਸੁਭਾਸ਼ ਡਲਹੋਤਰਾ (ਜਲੰਧਰ ਸ਼ਹਿਰੀ), ਰਾਕੇਸ਼ ਕੁਮਾਰ ਸਰਪੰਚ (ਜਲੰਧਰ ਦਿਹਾਤੀ) ਅਤੇ ਇੰਦਰਜੀਤ ਸਿੰਘ (ਪੁਲਸ ਜ਼ਿਲ੍ਹਾ ਖੰਨਾ) ਨਿਯੁਕਤ ਕੀਤੇ ਗਏ। ਇਸ ਮੌਕੇ ਦਰਸ਼ਨ ਕਾਂਗੜਾ ਨੇ ਕਿਹਾ ਕਿ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ ਨਾਲ ਜੁੜਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਮੀਡੀਆ ਸਮਾਜ ਦਾ ਦਰਪਣ ਤੇ ਦੀਪਕ : ਬਾਬਾ ਦਾਰਾ ਸਿੰਘ, ਬਿੱਲੂ

**ਨਾਭਾ, (ਵਰਿੰਦਰ ਵਰਮਾ)** ਗੁਰਦੁਆਰਾ ਅਕਾਲ ਸਾਹਿਬ ਵਿਖੇ ਟਕਸਾਲੀ ਅਕਾਲੀ ਆਗੂ ਬਾਬਾ ਦਾਰਾ ਸਿੰਘ ਤੇ ਸਾਬਕਾ ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ ਵੱਲੋਂ ਚੋਣਵੇਂ ਪੱਤਰਕਾਰਾਂ ਨੂੰ ਸਨਮਾਨਤ ਕੀਤਾ। ਬਾਬਾ ਦਾਰਾ ਸਿੰਘ ਤੇ ਬਿੱਲੂ ਨੇ ਕਿਹਾ ਕਿ ਸਾਡੇ ਦੇਸ ਵਿੱਚ ਵਿਧਾਨ ਪਾਲਿਕਾ



ਨਿਆਪਾਲਿਕਾ ਤੇ ਕਾਰਜਪਾਲਿਕਾ ਦੁਆਰਾ ਪੂਰੇ ਦੇਸ ਦਾ ਸ਼ਾਸ਼ਨ ਚਲਾਇਆ ਜਾਂਦਾ ਹੈ, ਪਰ ਸ਼ਾਸਨ, ਪ੍ਰਸ਼ਾਸਨ ਠੀਕ ਤਰੀਕੇ ਨਾਲ ਕੰਮ ਕਰ ਰਿਹਾ ਹੈ ਜਾਂ ਨਹੀਂ, ਇਸ ਦੇ ਲਈ ਸਾਡੇ ਸੰਵਿਧਾਨ ਨੇ ਹੀ ਸਾਨੂੰ ਚੌਥਾ ਥੰਮ ਪ੍ਰੈੱਸ ਦੀ ਆਜ਼ਾਦੀ ਪ੍ਰਦਾਨ ਕੀਤੀ ਹੈ, ਜਿਸ ਦੇ ਰਾਹੀਂ ਅਸੀਂ ਆਪਣੇ ਦੇਸ ਵਿੱਚ ਹੋ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰਦੇ ਹਾਂ।

ਉਨ੍ਹਾਂ ਕਿਹਾ ਕਿ ਮੀਡੀਆ ਨੂੰ ਸਮਾਜ ਦਾ ਦਰਪਣ ਤੇ ਦੀਪਕ ਦੋਨੋਂ ਮੰਨਿਆ ਜਾਂਦਾ ਹੈ। ਇਨ੍ਹਾਂ ਵਿੱਚ ਜੋ ਸਮਾਚਾਰ ਮੀਡੀਆ ਹੈ, ਭਾਵੇਂ ਉਹ ਸਮਾਚਾਰ ਪੱਤਰ ਹੋਣ ਜਾਂ ਸਮਾਚਾਰ ਚੈਨਲ, ਉਨ੍ਹਾਂ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਦਰਪਣ ਦਾ ਕੰਮ ਹੈ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਤਾਂ ਕਿ ਸਮਾਜ ਦੀ ਹੂ-ਬ-ਹੂ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ। ਬਾਬਾ ਦਾਰਾ ਸਿੰਘ ਤੇ ਗੁਰਦਿਆਲ ਇੰਦਰ ਸਿੰਘ ਬਿੱਲੂ ਨੇ ਕਿਹਾ ਕਿ ਇਹ ਸਾਰੀ ਜਾਣਕਾਰੀ ਪ੍ਰਿੰਟ ਮੀਡੀਆ ਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਸਾਨੂੰ ਮਿਲਦੀ ਹੈ।

ਉਨ੍ਹਾਂ ਕਿਹਾ ਕਿ ਇਹ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਕਾਫੀ ਸੰਘਰਸ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰਾਂ ਦੀ ਹੌਸਲਾ ਅਫ਼ਜ਼ਾਈ ਕਰੀਏ।

# ਕਿਸਾਨ ਆਗੂ ਬਸੰਤ ਸਿੰਘ ਕੋਠਾ ਗੁਰੂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਭਾਕਿਯੂ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਕੋਟਲੀ, ਜ਼ਿਲ੍ਹਾ ਜਰਨਲ ਸਕੱਤਰ ਗੁਰਨਾਮ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਜੇਠੂਕੇ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਬੀਤੀ 4 ਜਨਵਰੀ ਨੂੰ ਮੋਦੀ ਸਰਕਾਰ ਦੇ ਖਿਲਾਫ ਟੋਹਾਣਾ ਮਹਾਂ ਪੰਚਾਇਤ ਵਿੱਚ ਸ਼ਮੂਲੀਅਤ ਲਈ ਜਾਂਦੇ ਸਮੇਂ ਬੱਸ ਹਾਦਸੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸੀਨੀਅਰ ਆਗੂ ਬਸੰਤ ਸਿੰਘ ਕੋਠਾ ਗੁਰੂ ਦੀ ਹੋਈ ਦਰਦਨਾਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਇਸ ਮੌਤ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਬਸੰਤ ਸਿੰਘ ਕੋਠਾ ਗੁਰੂ ਕਾਰਪੋਰੇਟ ਪੱਖੀ ਨੀਤੀਆ ਵਿਰੁੱਧ ਸੰਘਰਸ਼ ਦੀ ਲਾਟ ਨੂੰ ਬਲਦੀ ਰੱਖਣ ਵਾਲਾ ਯੋਧਾ ਸੀ। ਕਿਸਾਨ ਆਗੂ ਦੀ ਮੌਤ ਕਿਸਾਨ ਲਹਿਰ ਲਈ ਬਹੁਤ ਵੱਡਾ ਘਾਟਾ ਹੈ ਅਤੇ ਕਿਸਾਨ ਵਿਰੋਧੀ ਨੀਤੀਆਂ ਨੂੰ ਪਿਛਮੋੜਾ ਦੇਣ ਲਈ ਅਜਿਹੇ ਆਗੂਆਂ ਦੀ ਬਹੁਤ ਲੋੜ ਹੈ।

# ਗਣਤੰਤਰਤਾ ਦਿਵਸ ਦੇ ਮੱਦੇਨਜ਼ਰ ਪੁਲਸ ਨੇ ਰੇਲਵੇ ਸਟੇਸ਼ਨ 'ਤੇ ਚਲਾਇਆ ਸਰਚ ਅਭਿਆਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਤੁਸ਼ਾਰ ਗੁਪਤਾ. ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜਿੱਥੇ ਜ਼ਿਲ੍ਹਾ ਅੰਦਰ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੋਈ ਹੈ, ਉੱਥੇ ਹੀ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ 26 ਜਨਵਰੀ ਗਣਤੰਤਰਤਾ ਦਿਵਸ ਦੇ ਮੱਦੇਨਜ਼ਰ ਜ਼ਿਲ੍ਹੇ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਰਾਤ ਦਿਨ ਪੀ.ਸੀ.ਆਰ ਮੋਟਰਸਾਈਕਲ ਪੁਲਸ ਪਾਰਟੀਆਂ ਵੱਲੋਂ ਗਸ਼ਤ ਕੀਤੀ ਜਾ ਰਹੀ ਹੈ, ਉੱਥੇ ਹੀ ਡਰੋਨ ਕੈਮਰਿਆਂ ਰਾਹੀ ਸ਼ਹਿਰ ਅੰਦਰ ਨਿਗ੍ਹਾ ਰੱਖੀ ਜਾ ਰਹੀ ਹੈ।



ਇਸੇ ਤਹਿਤ ਹੀ ਤੁਸ਼ਾਰ ਗੁਪਤਾ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਸਬ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੇ ਏਰੀਏ ਵਿੱਚ ਪੈਂਦੇ ਸਮੂਹ ਰੇਲਵੇ ਸਟੇਸ਼ਨਾਂ ਵਿਖੇ ਸਰਚ ਅਭਿਆਨ ਚਲਾਇਆ ਗਿਆ। ਇਸ ਮੌਕੇ ਸਤਨਾਮ ਸਿੰਘ ਡੀ.ਐਸ.ਪੀ ਸ੍ਰੀ ਮੁਕਤਸਰ ਸਾਹਿਬ , ਇੰਸਪੈਕਟਰ ਜਸਕਰਨਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਜ਼ਿਲ੍ਹੇ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਅਲੱਗ ਅਲੱਗ ਟੁਕੜੀਆਂ ਬਣਾ ਕੇ ਰੇਲਵੇ ਸਟੇਸ਼ਨ ਸ੍ਰੀ ਮੁਕਤਸਰ ਸਾਹਿਬ 'ਤੇ ਸਰਚ ਅਪ੍ਰੇਸ਼ਨ ਚਲਾਇਆ ਗਿਆ। ਇਸ ਮੌਕੇ ਪਾਇਸ ਐਪ ਦੀ ਵਰਤੋਂ ਨਾਲ ਸ਼ੱਕੀ ਪੁਰਸ਼ਾਂ ਨੂੰ ਚੈੱਕ ਕੀਤਾ ਗਿਆ। ਰੇਲਵੇ ਸਟੇਸ਼ਨਾਂ ਅਤੇ ਪਾਰਕਿੰਗ ਵਿੱਚ ਵਹੀਕਲਾਂ ਦੀ ਵਾਹਨ ਐਪ ਰਾਹੀਂ ਜਾਂਚ ਕੀਤੀ ਗਈ।ਇਸ ਮੌਕੇ ਸਤਨਾਮ ਸਿੰਘ ਡੀ.ਐਸ.ਪੀ (ਸ੍ਰੀ ਮੁਕਤਸਰ ਸਾਹਿਬ) ਨੇ ਦੱਸਿਆ ਕਿ ਪੁਲਸ ਵੱਲੋਂ ਰੇਲਵੇ ਸਟੇਸ਼ਨ ਨੂੰ ਜਾਂਦੇ ਹੋਏ ਰਸਤਿਆਂ ਨੂੰ ਨਾਕਾਬੰਦੀ ਕਰਕੇ ਸੀਲ ਕੀਤਾ ਗਿਆ ਅਤੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਬਾਅਦ ਸਟੇਸ਼ਨ ਅੰਦਰ ਬੈਗ, ਲਵਾਰਿਸ ਸਮਾਨ, ਪਾਰਕਿੰਗ ਵਿਚ ਲੰਮੇ ਸਮੇਂ ਤੋਂ ਖੜ੍ਹੇ ਵਹੀਕਲਾਂ ਅਤੇ ਬਿਨਾਂ ਨੰਬਰ ਪਲੇਟ ਦੇ ਵਹੀਕਲਾਂ ਨੂੰ ਚੈੱਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

19-Jan-PAGE--8.qxd 1/18/2025 10:53 PM Page 1



# ਮਿਲੀਭੁਗਤ ਨਾਲ ਜ਼ਮੀਨ ਦਾ ਇੰਤਕਾਲ ਵੱਖ ਰਹਿੰਦੇ ਪੋਤਿਆਂ ਦੇ ਨਾਂਅ ਦਰਜ ਕਰਨ ਦਾ ਦੋਸ਼

**ਸ਼ਾਹਕੋਟ (ਗਿਆਨ ਸੈਦਪੁਰੀ)**

ਪੰਜਾਬ ਵਿੱਚ ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਹੜੱਪਣ, ਪਰਵਾਸੀਆਂ ਦੀ ਖੱਜਲ ਖੁਆਰੀ ਅਤੇ ਸਰਕਾਰੀ ਦਫਤਰਾਂ ਵਿੱਚ ਕੰਮਾਂ ਦੇ ਨਿਪਟਾਰੇ ਵਿੱਚ ਹੁੰਦੀ ਲੰਮੀ ਦੇਰੀ ਦਾ ਵਰਤਾਰਾ ਬੜਾ ਮਾੜਾ ਹੈ, ਜੋ ਰੁਕ ਨਹੀਂ ਰਿਹਾ। ਇਸੇ ਤਰ੍ਹਾਂ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਸ਼ਾਹਕੋਟ ਦੇ ਮੁਹੱਲਾ ਅਮਨ ਨਗਰ ਦੇ ਰਹਿਣ ਵਾਲੇ ਰਣਜੀਤ ਸਿੰਘ ਜੋਸਨ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਉਹ ਕਨੇਡਾ ਦਾ ਵਸਨੀਕ ਹੈ। ਉਸ ਦੀ ਜ਼ਮੀਨ ਪਿੰਡ ਬੁਲੰਦਾ ਤਹਿਸੀਲ ਨਕੋਦਰ ਵਿੱਚ ਹੈ। ਉਸ ਦੇ ਪੁੱਤਰ ਦਾ ਤਲਾਕ ਹੋ ਚੁੱਕਾ ਹੈ। ਉਸ ਨੂੰ ਹਨੇਰੇ ਵਿੱਚ ਰੱਖ ਕੇ ਮਾਲ ਵਿਭਾਗ ਦੇ ਪਟਵਾਰੀ ਅਤੇ ਕਾਨੂੰਗੋ ਵੱਲੋਂ ਮਿਲੀ ਭੁਗਤ ਨਾਲ ਮੇਰੀ ਜ਼ਮੀਨ ਦਾ ਇੰਤਕਾਲ ਮੇਰੇ ਪੋਤਰੇ ਤੇ ਪੋਤਰੀਆਂ ਦੇ ਨਾਂਅ ਚੜ੍ਹਵਾ ਦਿੱਤਾ ਗਿਆ। ਇਸ ਇੰਤਕਾਲ ਦਾ ਨੰਬਰ 1492 ਹੈ। ਇਹ ਇੰਤਕਾਲ ਮਾਰਚ 2021 ਵਿੱਚ ਕੀਤਾ ਗਿਆ ਸੀ। ਇਸ ਸਬੰਧ ਵਿੱਚ ਐਸਡੀਐਮ ਨਕੋਦਰ ਨੂੰ ਅਪੀਲ ਕੀਤੀ ਗਈ ਤਾਂ ਉਨ੍ਹਾਂ ਨੇ 22- 3-21 ਨੂੰ ਇਹ ਇੰਤਕਾਲ ਖਾਰਜ ਕਰ ਦਿੱਤਾ। ਇੰਤਕਾਲ ਖਾਰਜ ਕਰਦਿਆਂ ਐਸਡੀਐਮ ਨਕੋਦਰ ਨੇ ਆਪਣੇ ਹੁਕਮ ਵਿੱਚ ਨਾਇਬ ਤਹਿਸੀਲਦਾਰ ਮਹਿਤਪੁਰ ਨੂੰ ਲਿਖਿਆ ਕਿ ਇੰਤਕਾਲ ਨੰਬਰ 3492 ਆਪਣੇ ਪੱਧਰ 'ਤੇ ਖਾਰਜ ਕਰਕੇ ਇਸ ਦਾ ਹਵਾਲਾ ਮਾਲ ਰਿਕਾਰਡ ਵਿੱਚ ਦਿੱਤਾ ਜਾਵੇ। ਇਸ ਤੋਂ ਇਲਾਵਾ ਵਰਿੰਦਰ ਕੁਮਾਰ ਪਟਵਾਰੀ ਅਤੇ ਵਰਿੰਦਰਪਾਲ ਸਿੰਘ ਕਾਨੂੰਗੋ ਹਲਕਾ ਮਹਿਤਪੁਰ (ਉਸ ਵੇਲੇ) ਖਿਲਾਫ ਢੁੱਕਵੀਂ ਕਾਰਵਾਈ ਕਰਦੇ ਹੋਏ ਰਿਪੋਰਟ ਉਨ੍ਹਾਂ ਦੇ ਦਫਤਰ ਨੂੰ ਇੱਕ ਹਫਤੇ ਦੇ ਅੰਦਰ ਭੇਜੀ ਜਾਵੇ। ਰਣਜੀਤ ਸਿੰਘ ਜੋਸਨ ਨੇ ਦੱਸਿਆ ਕਿ ਵੇਲੇ ਦੇ ਪ੍ਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਮਾਲ ਮੰਤਰੀ ਅਤੇ ਮੁੱਖ ਮੰਤਰੀ ਨੂੰ ਮਾਮਲੇ ਸਬੰਧੀ ਦਰਖਾਸਤਾਂ ਦਿੱਤੀਆਂ ਸਨ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਜਲੰਧਰ ਅਤੇ ਕਮਿਸ਼ਨਰ ਜਲੰਧਰ ਨੂੰ ਇੱਕ ਸ਼ਿਕਾਇਤ ਫਰਵਰੀ 2024 ਨੂੰ ਭੇਜੀ ਗਈ ਸੀ। ਇੰਨੀ ਚਾਰਾਜੋਈ ਕਰਨ ਦੇ ਬਾਵਜੂਦ ਕੋਈ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਸੰਬੰਧਿਤ ਅਧਿਕਾਰੀਆਂ, ਮੁਲਾਜ਼ਮਾਂ ਵਿਰੁੱਧ ਕਾਰਵਾਈ ਕਰਕੇ ਇਨਸਾਫ ਦਵਾਇਆ ਜਾਵੇ। ਪ੍ਰੈੱਸ ਕਾਨਫਰੰਸ ਵਿੱਚ ਦਰਸ਼ਨ ਸਿੰਘ ਜੋਸਨ ਵੀ ਮੌਜੂਦ ਸੀ। ਇਸ ਸਬੰਧ ਵਿੱਚ ਵਰਿੰਦਰ ਪਾਲ ਸਿੰਘ ਕਾਨੂੰਗੋ ਦਾ ਪੱਖ ਜਾਣਨ ਲਈ ਉਨ੍ਹਾਂ ਨੂੰ ਫੋਨ ਕੀਤਾ ਪਰ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।


ਪ੍ਰੈੱਸ ਕਾਨਫਰੰਸ ਦੌਰਾਨ ਰਣਜੀਤ ਸਿੰਘ ਜੋਸਨ ਤੇ ਦਰਸ਼ਨ ਸਿੰਘ ਜੋਸਨ

# ਨਗਰ ਕੌਂਸਲ ਦੀ ਮੀਟਿੰਗ 'ਚ 11 ਮਤੇ ਪਾਸ, ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਦੀ ਕੀਤੀ ਤਾੜਨਾ

**ਅਲਾਵਲਪੁਰ, (ਮਦਨ ਬੰਗੜ)**



ਪਿਛਲੇ ਦਿਨ ਨਗਰ ਕੌਂਸਲ ਅਲਾਵਲਪੁਰ ਦੀ ਮੀਟਿੰਗ ਨਗਰ ਕੌਂਸਲ ਪ੍ਰਧਾਨ ਨੀਲਮ ਰਾਣੀ ਦੀ ਪ੍ਰਧਾਨਗੀ ਹੇਠ ਹੋਈ।ਕੌਂਸਲਰ ਮੁਕੰਦਰ ਲਾਲ, ਕੌਂਸਲਰ ਬ੍ਰਿਜ ਭੂਸ਼ਨ, ਕੌਂਸਲਰ ਮਦਨ ਲਾਲ, ਕੌਂਸਲਰ ਪੰਕਜ ਸ਼ਰਮਾ, ਕੌਂਸਲਰ ਰਚਨਾ, ਕੌਂਸਲਰ ਕ੍ਰਿਸ਼ਨਾ ਦੇਵੀ, ਕੌਂਸਲਰ ਰਾਜ ਰਾਣੀ, ਐਸ.ਓ ਸੁਰਿੰਦਰ ਪਾਲ ਅਤੇ ਕਲਰਕ ਨਵੀਨ ਰਾਣਾ ਹਾਜ਼ਰ ਸਨ।ਹਾਊਸ ਵਿਚ ਰੱਖੇ 11 ਪ੍ਰਸਤਾਵ ਪਾਸ ਕੀਤੇ ਗਏ। ਮੀਟਿੰਗ ਵਿੱਚ ਪ੍ਰਧਾਨ ਨੀਲਮ ਰਾਣੀ ਨੂੰ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਕੁਝ ਸਫਾਈ ਕਰਮਚਾਰੀ ਬਿਜਲੀ ਮਕੈਨਿਕ ਅਤੇ ਵਾਟਰ ਸਪਲਾਈ ਅਪਰੇਟਰ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੇ।ਇਸ ਤੋਂ ਬਾਅਦ ਪ੍ਰਧਾਨ ਨੇ ਸਫਾਈ ਕਰਮਚਾਰੀਆਂ ਅਤੇ ਬਿਜਲੀ ਕਰਮਚਾਰੀਆਂ ਨੂੰ ਮੀਟਿੰਗ ਹਾਲ ਵਿੱਚ ਬੁਲਾਇਆ ਅਤੇ ਉਨ੍ਹਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਲਈ ਸਖ਼ਤ ਤਾੜਨਾ ਕੀਤੀ ਗਈ।ਉਨ੍ਹਾਂ ਕਿਹਾ ਕਿ ਸੁਪਰਵਾਈਜ਼ਰ ਨੂੰ ਵੀ ਸਫ਼ਾਈ ਕਰਮਚਾਰੀਆਂ ਦੀ ਹਾਜ਼ਰੀ ਦੀ ਰਿਪੋਰਟ ਰੋਜ਼ਾਨਾ ਨਗਰ ਕੌਂਸਲ ਨੂੰ ਦੇਣੀ ਪਵੇਗੀ।ਨਗਰ ਕੌਂਸਲ ਅਲਾਵਲਪੁਰ ਦੀ ਮੀਟਿੰਗ ਵਿੱਚ ਚਰਚਾ ਕਰਦੇ ਹੋਏ ਪ੍ਰਧਾਨ ਨੀਲਮ ਰਾਣੀ ਤੇ ਕੌਂਸਲਰ ਸਾਹਿਬਾਨਾਂ ਵੱਲੋਂ ਪਿਛਲੀ ਮੀਟਿੰਗ ਦੀ ਪੁਸ਼ਟੀ, ਅਦਾਲਤੀ ਕੇਸ ਲਈ 239508 ਰੁਪਏ ਫੀਸ ਜਮ੍ਹਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ।ਅੰਮ੍ਰਿਤ 2 ਸਕੀਮ ਤਹਿਤ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਨਹਿਰੀ ਪਾਣੀ ਦੀ ਵਰਤੋਂ ਕਰਨ ਲਈ ਪ੍ਰੋਜੈਕਟ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ। ਨਗਰ ਕੌਂਸਲ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਆਊਟਸੋਰਸ ਸਿਸਟਮ ਅਧੀਨ ਕੰਮ ਕਰਦੇ ਕਲਰਕ, ਨੌਕਰ, ਸਵੀਪਰ ਅਤੇ ਡਰਾਈਵਰ, ਜਿਨ੍ਹਾਂ ਦੀ ਮਿਆਦ 28, 2, 2025 ਨੂੰ ਖਤਮ ਹੋ ਰਹੀ ਹੈ।ਹਾਲਾਂ ਕਿ ਸਰਕਾਰੀ ਦਰਾਂ ਅਤੇ ਸ਼ਰਤਾਂ 'ਤੇ ਇਕ ਸਾਲ ਦਾ ਵਾਧਾ ਮਨਜ਼ੂਰ ਕੀਤਾ ਗਿਆ ਸੀ। ਵਾਟਰ ਸਪਲਾਈ ਦਾ ਠੇਕਾ ਜਨਵਰੀ 2025 ਵਿੱਚ ਖਤਮ ਹੋ ਰਿਹਾ ਹੈ, ਟੈਂਡਰ ਆਉਣ ਵਿੱਚ ਸਮਾਂ ਲੱਗੇਗਾ, ਕੰਮ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ, ਪੁਰਾਣੇ ਠੇਕੇਦਾਰ ਨੂੰ 3 ਮਹੀਨਿਆਂ ਲਈ ਠੇਕਾ ਦਿੱਤਾ ਗਿਆ ਸੀ। ਜਲ ਸਪਲਾਈ ਕਰਮਚਾਰੀ ਦੀਆਂ ਸੇਵਾਵਾਂ ਨੂੰ ਇੱਕ ਸਾਲ ਲਈ ਆਊਟਸੋਰਸ ਕਰਨ ਲਈ 3.53 ਲੱਖ ਰੁਪਏ ਦੀ ਲਾਗਤ ਵਾਲਾ ਟੈਂਡਰ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ।ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ 2 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਦਾ ਕੰਮ ਕਰਵਾਉਣ ਦੀ ਪ੍ਰਵਾਨਗੀ। ਨਗਰ ਕੌਂਸਲ ਦਫ਼ਤਰ ਵਿੱਚ ਖੁੱਲ੍ਹੀ ਬੋਲੀ ਰਾਹੀਂ ਕਬਾੜ ਅਤੇ ਹੋਰ ਵਸਤਾਂ ਵੇਚਣ ਦੀ ਪ੍ਰਵਾਨਗੀ ਦਿੱਤੀ ਗਈ। ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ 26 ਜਨਵਰੀ ਨੂੰ ਤਿਰੰਗਾ ਲਹਿਰਾਉਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ। ਜੇਕਰ ਕੋਈ ਵੀ ਦੁਕਾਨਦਾਰ ਸ਼ਹਿਰ ਵਿੱਚ ਚਾਈਨਾ ਡੋਰ ਵੇਚਦਾ ਫੜਿਆ ਗਿਆ ਤਾਂ ਉਸ ਵਿਰੁੱਧ ਸਰਕਾਰੀ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

## ਕਿਸਾਨ ਕਮੇਟੀ ਦੋਆਬਾ ਡੱਲੇਵਾਲ ਨਾਲ ਚੱਟਾਨ ਵਾਂਗ ਖੜੀ : ਦਿਹਾਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਕਿਸਾਨ ਕਮੇਟੀ ਦੋਆਬਾ ਪੰਜਾਬ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਚੱਟਾਨ ਵਾਂਗ ਖੜੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪਿਛਲੇ ਕਾਫੀ ਲੰਮੇ ਸਮੇਂ ਤੋਂ ਮਰਨ ਵਰਤ 'ਤੇ ਬੈਠੇ ਹੋਏ ਹਨ, ਪਰ ਕੇਂਦਰ ਸਰਕਾਰ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ।ਕਿਸਾਨ ਕਮੇਟੀ ਦੋਆਬਾ ਪੰਜਾਬ ਦੇ ਪ੍ਰਧਾਨ ਸਤਬੀਰ ਸਿੰਘ ਦਿਹਾਣਾ ਨੇ ਦੱਸਿਆ ਕਿ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਵੱਖ-ਵੱਖ ਪਿੰਡਾਂ ਤੋਂ ਕਿਸਾਨ ਵੀਰਾਂ ਵੱਲੋਂ ਜਾ ਕੇ ਮੋਰਚੇ ਵਿੱਚ ਹਿੱਸਾ ਲਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸ਼ੰਭੂ ਬਾਰਡਰ, ਘਨੌਰੀ ਬਾਰਡਰ ਤੇ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਤੋਂ ਕਿਸਾਨ ਮੋਰਚੇ ਵਿੱਚ ਸ਼ਾਮਿਲ ਹੁੰਦੇ ਹਨ।ਕਿਸਾਨ ਕਮੇਟੀ ਦੋਆਬਾ ਪ੍ਰਧਾਨ ਸਤਬੀਰ ਸਿੰਘ ਦੀ ਅਗਵਾਈ ਵਿੱਚ ਖਨੌਰੀ ਬਾਰਡਰ ਦੇ ਉੱਪਰ ਪਿਛਲੇ ਇੱਕ ਮਹੀਨੇ ਤੋਂ ਪੱਕਾ ਸ਼ੈਡ ਬਣਾ ਕੇ ਡੱਲੇਵਾਲ ਅਤੇ ਐਸ ਕੇ ਐਮ ਗੈਰ ਰਾਜਨੀਤਿਕ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ।



## ਮਾਸਟਰ ਟੋਡਰ ਮੱਲ ਵੱਲੋਂ ਮਰਨ ਉਪਰੰਤ ਸਰੀਰ ਮੈਡੀਕਲ ਖੋਜਾਂ ਲਈ ਦੇਣ ਦਾ ਫੈਸਲਾ

**ਬੰਗਾ (ਅਵਤਾਰ ਕਲੇਰ)**- ਉੱਘੇ ਸਿੱਖਿਆ ਸ਼ਾਸਤਰੀ ਮਾ.ਟੋਡਰ ਮੱਲ ਕਮਾਮ ਵਲੋਂ ਮਰਨ ਉਪਰੰਤ ਸਰੀਰ ਮੈਡੀਕਲ ਖੋਜਾਂ ਲਈ ਦੇਣ ਦਾ ਫੈਸਲਾ ਕੀਤਾ ਹੈ। ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਆਗੂਆਂ ਮਾ. ਜਗਦੀਸ਼ ਰਾਏਪੁਰ ਡੱਬਾ ਅਤੇ ਸੁਖਵਿੰਦਰ ਗੋਗਾ ਨੂੰ ਆਪਣੇ ਘਰ ਬੁਲਾਇਆ ਅਤੇ ਆਪਣੀ ਇੱਛਾ ਜ਼ਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਸਾੜਨ ਜਾਂ ਦਬਾਉਣ ਦੀ ਬਜਾਏ ਮੈਡੀਕਲ ਖੋਜਾਂ ਲਈ ਕਿਸੇ ਮੈਡੀਕਲ ਕਾਲਜ ਨੂੰ ਦਿੱਤਾ ਜਾਵੇ। ਮਾ.ਜਗਦੀਸ਼ ਨੇ ਦੱਸਿਆ ਕਿ ਮਾ.ਟੋਡਰ ਮੱਲ ਨੇ ਆਪਣੇ ਪਰਵਾਰਕ ਮੈਂਬਰਾਂ ਪਤਨੀ ਸ੍ਰੀਮਤੀ ਜਸਵੀਰ ਕੌਰ ਸੀ.ਐਚ.ਟੀ.,ਬੇਟੀ ਰਮਨਪ੍ਰੀਤ ਕੌਰ ਅਤੇ ਹੋਰ ਗੁਆਂਢੀਆਂ ਦੀ ਹਾਜ਼ਰੀ ਵਿੱਚ ਫ਼ਾਰਮ ਹਸਤਾਖਰ ਕਰਕੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਨੂੰ ਸੌਂਪੇ।ਉਹਨਾਂ ਦੇ ਇਸ ਫ਼ੈਸਲੇ ਸੰਬੰਧੀ ਪਰਵਾਰ ਨੇ ਪੂਰਨ ਸਹਿਮਤੀ ਦਿੱਤੀ ਅਤੇ ਪੇਪਰ ਵੀ ਸਾਈਨ ਕੀਤੇ।ਇਹ ਫਾਰਮ ਮੈਡੀਕਲ ਕਾਲਜ ਪੀ ਆਈ ਐਮ ਐਸ ਜਲੰਧਰ ਲਈ ਭਰੇ ਗਏ ਹਨ।ਇਸ ਮੌਕੇ ਮਾ.ਦੇਸ ਰਾਜ ਬੱਜੋਂ, ਐਸ ਐਸ ਅਜ਼ਾਦ, ਅਮਨਦੀਪ ਕੌਰ, ਸੁਖਜਿੰਦਰ ਸਿੰਘ ਸਰਾ,ਹਰੀ ਦਾਸ, ਹਰਜਿੰਦਰ ਕੌਰ, ਬਲਜਿੰਦਰ ਕੌਰ , ਜਗਦੀਸ਼ ਕੌਰ ਅਤੇ ਨਵਿਤਾ ਕੁਮਾਰੀ ਆਦਿ ਹਾਜ਼ਰ ਸਨ।



# ਰਾਜੌਰੀ ਗਾਰਡਨ ਤੋਂ ਆਪ ਉਮੀਦਵਾਰ ਧਨਵੰਤੀ ਚੰਦੇਲਾ ਦੇ ਰੋਡ ਸ਼ੋਅ 'ਚ ਸ਼ਾਮਲ ਹੋਏ ਵਿਧਾਇਕ ਰੰਧਾਵਾ

**ਡੇਰਾਬੱਸੀ, (ਵਿਨੈ ਕੁਮਾਰ ਜੈਨ)**

ਦਿੱਲੀ ਵਿੱਚ 5 ਫਰਵਰੀ ਨੂੰ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਸੰਬਧੀ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਦੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ ਵਿੱਚ ਆਪਣੀ ਉਮੀਦਵਾਰ, ਧਨਵੰਤੀ ਚੰਦੇਲਾ ਦੀ ਨਾਮਜ਼ਦਗੀ ਤੋਂ ਪਹਿਲਾਂ ਚੰਦੇਲ਼ਾ ਪਾਰਿਕ ਤੋਂ ਐਸ ਡੀ ਐਮ ਦਫ਼ਤਰ ਤੱਕ ਰੋਡ ਸ਼ੋਅ ਆਯੋਜਿਤ ਕੀਤਾ ਗਿਆ।ਇਸ ਆਯੋਜਨ ਵਿੱਚ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜੋ ਪਿਛਲੇ ਕਈ ਦਿਨਾਂ ਤੋਂ ਚੰਦੇਲਾ ਲਈ ਸਰਗਰਮੀ ਨਾਲ ਪ੍ਰਚਾਰ ਕਰ ਰਹੇ ਹਨ। ਇਸ ਰੋਡ ਸ਼ੋਅ ਵਿੱਚ ਪਾਰਟੀ ਕਾਰਕੁਨਾਂ ਅਤੇ ਸਥਾਨਕ ਲੋਕਾਂ ਦੀ ਭਾਰੀ ਗਿਣਤੀ ਦੇਖਣ ਨੂੰ ਮਿਲੀ, ਜਿਨ੍ਹਾਂ ਨੇ 'ਆਪ' ਅਤੇ ਉਨ੍ਹਾਂ ਦੇ ਉਮੀਦਵਾਰ ਲਈ ਆਪਣਾ ਅਟੁੱਟ ਸਮਰਥਨ ਦਿਖਾਇਆ। ਉਤਸ਼ਾਹੀ ਭੀੜ ਨੇ ਪਾਰਟੀ ਦੇ ਝੰਡੇ ਲਹਿਰਾਏ ਅਤੇ ਨਾਅਰੇ ਲਗਾਏ, ਜਿਸ ਨਾਲ ਹਲਕੇ ਵਿੱਚ ਇੱਕ ਜੋਸ਼ੀਲਾ ਮਾਹੌਲ ਪੈਦਾ ਹੋ ਗਿਆ।ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਚੰਦੇਲਾ ਦੀਆਂ ਯੋਗਤਾਵਾਂ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਅਤੇ ਲੋਕਾਂ ਨੂੰ 5 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਦਿੱਲੀ ਵਿੱਚ 'ਆਪ' ਸਰਕਾਰ ਦੀਆਂ ਪ੍ਰਾਪਤੀਆਂ ਅਤੇ ਇਸਨੇ ਲੋਕਾਂ ਦੇ ਜੀਵਨ 'ਤੇ ਸਕਾਰਾਤਮਕ ਪ੍ਰਭਾਵ ਕਿਵੇਂ ਪਾਇਆ ਹੈ, ਬਾਰੇ ਵੀ ਚਾਨਣਾ ਪਾਇਆ। ਇਹ ਰੋਡ ਸ਼ੋਅ 'ਆਪ' ਦੇ ਮਜ਼ਬੂਤ ? ?ਜ਼ਮੀਨੀ ਸਮਰਥਨ ਅਤੇ ਦਿੱਲੀ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦਾ ਸਫਲ ਪ੍ਰਦਰਸ਼ਨ ਸੀ। ਧਨਵੰਤੀ ਚੰਦੇਲਾ ਦੀ ਨਾਮਜ਼ਦਗੀ ਦੇ ਨਾਲ, ਪਾਰਟੀ ਨੇ ਇੱਕ ਵਾਰ ਫਿਰ ਰਾਜਨੀਤੀ ਵਿੱਚ ਔਰਤਾਂ ਦੇ ਸਸ਼ਕਤੀਕਰਨ ਪ੍ਰਤੀ ਆਪਣੀ ਸਮਰਪਣ ਭਾਵਨਾ ਦਿਖਾਈ ਹੈ। ਰਾਜੌਰੀ ਗਾਰਡਨ ਵਿੱਚ 'ਆਪ' ਦੇ ਰੋਡ ਸ਼ੋਅ ਨੇ ਆਉਣ ਵਾਲੀਆਂ ਚੋਣਾਂ ਲਈ ਸੁਰ ਤੈਅ ਕਰ ਦਿੱਤੀ ਹੈ ਅਤੇ ਹਲਕੇ ਦੇ ਲੋਕਾਂ 'ਤੇ ਇੱਕ ਸਥਾਈ ਪ੍ਰਭਾਵ ਛੱਡਿਆ ਹੈ।



# ਮੋਟਰਸਾਈਕਲ ਸਵਾਰਾਂ ਨੇ ਕੈਂਟਰ ਚਾਲਕ ਤੇ ਸਹਾਇਕ ਨੂੰ ਹਮਲਾ ਕਰਕੇ ਕੀਤਾ ਜ਼ਖ਼ਮੀ



**ਬਲਾਚੌਰ (ਜਸਵਿੰਦਰ ਬੈਂਸ)**—ਪੁਲਸ ਥਾਣਾ ਸਦਰ ਬਲਾਚੌਰ ਵਿੱਚ ਪੈਂਦੇ ਨੈਸ਼ਨਲ ਹਾਈਵੇ, ਨਜ਼ਦੀਕ ਰਮਨ ਢਾਬਾ ਪਿੰਡ ਰੱਕੜਾ ਬੇਟ ਵਿਖੇ ਕੈਂਟਰ ਚਾਲਕ ਅਤੇ ਉਸ ਦੇ ਸਹਾਇਕ ਉਪਰ ਕੁੱਝ ਅਣਪਛਾਤੇ ਮੋਟਰ ਸਾਇਕਲ ਸਵਾਰ ਨੌਜਵਾਨਾਂ ਵਲੋਂ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਸਖਤ ਰੂਪ ਵਿੱਚ ਜਖਮੀ ਕਰ ਦਿੱਤਾ।ਅਸ਼ੋਕਾ ਲੇਲੈਂਡ ਕੈਂਟਰ ਗੱਡੀ ਨੰਬਰ ਜੇਕੇ05ਐਲ4285 ਜਿਸ ਨੂੰ ਉਧਮਪੁਰ ਨਿਵਾਸੀ ਅਮਰ ਚੰਦ ਪੁੱਤਰ ਮੋਹਨ ਲਾਲ ਚਲਾ ਰਿਹਾ ਸੀ ਜੋ ਚੰਡੀਗੜ੍ਹ ਤੋਂ ਜੰਮੂ ਕਸ਼ਮੀਰ ਨੂੰ ਜਾ ਰਿਹਾ ਸੀ ਜਦ ਕਿ ਇੱਕ ਸਹਾਇਕ ਵੀ ਨਾਲ ਸੀ । ਜਦ ਕੈਂਟਰ ਚਾਲਕ ਨੈਸ਼ਨਲ ਹਾਈਵੇ 'ਤੇ ਸਥਿਤ ਰਮਨ ਢਾਬਾ ਪਿੰਡ ਰੱਕੜਾ ਬੇਟ ਪੁੱਜੇ ਤਾਂ ਪੁੱਜੇ ਤਾਂ ਉਨ੍ਹਾਂ ਨੂੰ ਮੋਟਰਸਾਇਕਲ ਸਵਾਰ ਅਣਪਛਾਤੇ ਨੌਜਵਾਨਾ ਵਲੋਂ ਘੇਰ ਲਿਆ ਅਤੇ ਉਨ੍ਹਾਂ ਉਪਰ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ । ਇਸ ਹਮਲੇ ਵਿੱਚ ਕੈਂਟਰ ਚਾਲਕ ਅਤੇ ਉਸ ਦਾ ਸਹਾਇਕ ਸਖਤ ਰੂਪ ਵਿੱਚ ਜਖਮੀ ਹੋ ਗਏ, ਹਮਲਾਵਰ ਮੌਕੇ ਤੋਂ ਫਰਾਰ ਹੋ ਗਏ । ਮੌਕੇ 'ਤੇ ਪੁੱਜੀ ਐਸਐਸਐਫ ਟੀਮ ਵਲੋਂ ਜਖਮੀਆਂ ਨੂੰ ਮੁੱਢਲਾ ਸਿਹਤ ਕੇਂਦਰ ਬਲਾਚੌਰ ਵਿਖੇ ਦਾਖਲ ਕਰਾਇਆ ਗਿਆ। ਦੋਨਾਂ ਜਖਮੀਆਂ ਦੀ ਗੰਭੀਰ ਅਵਸਥਾ ਨੂੰ ਵੇਖਦਿਆਂ ਉਨ੍ਹਾਂ ਨੂੰ ਪੀਜੀਆਈ ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ। ਪੁਲਸ ਥਾਣਾ ਸਦਰ ਵੱਲੋਂ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

# ਪੰਜਾਬ ਨੂੰ ਜੰਗਲ ਰਾਜ ਬਣਨ ਤੋਂ ਰੋਕਿਆ ਜਾਵੇ : ਸੰਧੂ, ਭਾਰਦਵਾਜ

**ਜਲੰਧਰ ( ਰਾਜੇਸ਼ ਥਾਪਾ )**- ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ( ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਂਅ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦਿਨੋ ਦਿਨ ਜੰਗਲ ਰਾਜ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਤਾਜ਼ਾ ਉਦਾਹਰਣ ਪਿਛਲੇ ਦਿਨੀ 9 ਜਨਵਰੀ, 2025 ਨੂੰ ਬਠਿੰਡਾ ਜਿਲੇ ਦੇ ਦਾਨ ਸਿੰਘ ਵਾਲਾ ਪਿੰਡ ਦੀ ( ਮਹਾਨ ਸ਼ਹੀਦ ਬਾਬਾ ਜੀਵਨ ਸਿੰਘ ) ਆਬਾਦੀ ਦੇ ਗਰੀਬ 8 ਪਰਵਾਰਾਂ ਦੇ ਘਰਾਂ ਨੂੰ ਪੈਟਰੋਲ ਬੰਬਾਂ ਨਾਲ ਸਾੜਨ ਅਤੇ ਉਨ੍ਹਾਂ ਵਿੱਚੋਂ 5 ਗਰੀਬ ਪਰਵਾਰਾਂ ਦੇ ਮੈਂਬਰਾਂ ਨੂੰ ਕੁੱਟ-ਮਾਰ ਕਰਕੇ ਬੁਰੀ ਤਰ੍ਹਾਂ ਜਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ ਰਿਪੋਰਟ ਦੇ ਅਨੁਸਾਰ ਪੀੜਤਾਂ ਨੇ ਕਿਹਾ ਸੀ ਕਿ ਅਸੀਂ ਉਨ੍ਹਾਂ ਨੂੰ ਨਸ਼ਾ ਵੇਚਣ ਤੋਂ ਰੋਕਦੇ ਸੀ ਕਿਉਂਕਿ ਸਾਡੇ ਬੱਚਿਆਂ ਤੇ ਇਸ ਬੁਰਾ ਪ੍ਰਭਾਵ ਪੈਂਦਾ ਹੈ। ਇਸ ਤੋਂ ਬਾਅਦ ਪਿੰਡ ਦੇ ਹੀ ਤਕਰੀਬਨ 150 ਲੋਕਾਂ ਨੇ ਇਸ ਸ਼ਰਮਸਾਰ ਕਰਨ ਵਾਲੀ ਘਟਨਾ ਨੂੰ ਅੰਜਾਮ ਦਿੱਤਾ ।ਆਗੂਆਂ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਆਪਣਾ ਰੋਲ ਮਾਡਲ ਮੰਨਦੀ ਹੈ, ਪਰ ਉਸ ਦੇ ਹੀ ਰਾਜ ਵਿੱਚ ਕਹਿਰ ਢਾਏ ਜਾ ਰਹੇ ਹਨ। ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਤੋਂ ਇਲਾਵਾ ਪੂਰੇ ਪੰਜਾਬ ਵਿੱਚ ਚੋਰੀ, ਲੁੱਟ-ਖੋਹ ਦੀਆਂ ਘਟਨਾਵਾਂ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ ਅਤੇ ਆਏ ਦਿਨ ਗੁੰਡਿਆਂ ਵੱਲੋਂ ਆਮ ਲੋਕਾਂ ਦਾ ਸ਼ਰੇਆਮ ਕਤਲ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੂਬੇ 'ਚ ਵਧ ਰਹੀ ਗੁੰਡਾਗਰਦੀ ਨੂੰ ਰੋਕਿਆ ਜਾਵੇ ਅਤੇ ਪੀੜਤ ਪਰਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਯੋਗ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣਾ ਮੁੜਵਸੇਬਾ ਕਰ ਸਕਨ।



## ਵਾਰਡ 'ਚ ਬਿਨਾਂ ਪੱਖਪਾਤ ਦੇ ਵਿਕਾਸ ਕੰਮ ਕਰਵਾਏ ਜਾਣਗੇ : ਮਨਜੀਤ ਕੌਰ



**ਕਪੂਰਥਲਾ, (ਮਨਜੀਤ ਮਾਨ)**-ਨਗਰ ਪੰਚਾਇਤ ਢਿੱਲਵਾਂ ਵਾਰਡ ਨੰਬਰ 7 ਦੇ ਕੌਂਸਲਰ ਮਨਜੀਤ ਕੌਰ ਨੇ ਦਸਿਆ ਕਿ ਆਪ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਵਿੱਚ ਤੇਜੀ ਨਾਲ ਵਿਕਾਸ ਕੰਮ ਕਰਵਾ ਰਹੀ ਹੈ, ਢਿੱਲਵਾਂ ਕਸਬੇ ਵਿੱਚ ਅਤੇ ਵਾਰਡ ਨੰਬਰ 7 ਵਿੱਚ ਬਿਨਾਂ ਕਿਸੇ ਪੱਖਪਾਤ ਦੇ ਵਿਕਾਸ ਕੰਮ ਕਰਵਾਏ ਜਾਣਗੇ। ਕੌਂਸਲਰ ਦੇ ਪਤੀ ਬਲਜੀਤ ਸਿੰਘ ਪ੍ਰਧਾਨ ਨੇ ਦੱਸਿਆ ਕਿ ਢਿੱਲਵਾਂ ਨਗਰ ਨੂੰ ਸੁੰਦਰ ਬਣਾਇਆ ਜਾਵੇਗਾ।

## ਸਰਦੀ ਦੇ ਮੌਸਮ 'ਚ ਠੰਢ ਤੋਂ ਬਚਾਅ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਰਦੀ ਦੇ ਮੌਸਮ 'ਚ ਆਈ ਤਬਦੀਲੀ ਦਾ ਲੋਕਾਂ ਦੀ ਸਿਹਤ ੍ਤੇ ਬੁਰਾ ਅਸਰ ਪੈ ਰਿਹਾ ਹੈ।ਸਿਵਲ ਹਸਪਤਾਲ ਦੇ ਡਾਕਟਰ ਨਿਰਮਲ ਕੁਮਾਰ ਮੈਡੀਕਲ ਸ਼ਪੈਸਲਿਸਟ ਨੇ ਕਿਹਾ ਕਿ ਲੋਕ ਜ਼ੁਕਾਮ, ਖੰਘ ਅਤੇ ਬੁਖਾਰ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹੀਂ ਦਿਨੀਂ ਇਸ ਤੋਂ ਪੀੜਤ ਕਈ ਲੋਕ ਇਲਾਜ ਲਈ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਮਰੀਜ਼ ਪਹੁੰਚ ਰਹੇ ਹਨ।ਵਾਇਰਲ ਬੁਖਾਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ।ਵਾਇਰਲ ਬੁਖਾਰ ਕਾਰਨ ਛੋਟੇ ਬੱਚਿਆਂ ਦੀ ਛਾਤੀ ਬੰਦ ਹੋ ਰਹੀ ਹੈ, ਜਿਸ ਕਾਰਨ ਉਨ੍ਹਾਂ ਨੂੰ ਸਾਹ ਲੈਣ 'ਚ ਮੁਸ਼ਕਿਲ ਹੋ ਰਹੀ ਹੈ।ਸਿਵਲ ਹਸਪਤਾਲ ਦੇ ਬੱਚਿਆਂ ਦੇ ਮਾਹਿਰ ਡਾਕਟਰ ਹਰਪਿੰਦਰ ਨੇ ਦੱਸਿਆ ਕਿ ਠੰਡੀ ਹਵਾ ਹੋਵੇ ਤਾਂ ਬੱਚੇ ਨੂੰ ਦੋਪਹੀਆ ਵਾਹਨ 'ਤੇ ਅੱਗੇ ਮੂੰਹ ਕਰਕੇ ਨਾ ਬੈਠਾਓ, ਇਸ ਨਾਲ ਸਾਹ ਲੈਣ 'ਚ ਦਿੱਕਤ ਆਵੇਗੀ। ਡਾਕਟਰ ਨਿਰਮਲ ਕੁਮਾਰ ਹਾਰਟ ਸਪੈਸ਼ਲਿਸਟ ਨੇ ਦੱਸਿਆ ਕਿ ਮਰੀਜ਼ ਨੂੰ ਸਾਹ ਲੈਣ ਵਿੱਚ ਤਕਲੀਫ ਹੁੰਦੀ ਹੈ।ਫੇਫੜਿਆਂ ਵਿੱਚ ਟ੍ਰੈਕਟ ਅਤੇ ਦਬਾਅ ਮਹਿਸੂਸ ਹੁੰਦਾ ਹੈ।ਖੰਘ ਦੇ ਨਾਲ-ਨਾਲ ਛਾਤੀ ਵਿਚ ਜਕੜਨ ਵੀ ਹੋ ਜਾਂਦੀ ਹੈ।ਸਰਦੀਆਂ ਦਾ ਮੌਸਮ ਮੁੱਖ ਤੌਰ 'ਤੇ ਅਸਥਮਾ ਨੂੰ ਵਧਾਉਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਧੁੰਦ, , ਧੂੰਆਂ, ਧੂੜ, ਪ੍ਰਦੂਸ਼ਣ ਇਨਫੈਕਸ਼ਨ, ਠੰਡੀ ਹਵਾ ਦੇ ਸੰਪਰਕ ਵਿਚ ਆਉਣਾ, ਫਰਿੱਜ ਵਿਚ ਰੱਖੀਆਂ ਠੰਡੀਆਂ ਚੀਜ਼ਾਂ ਖਾਣ ਤੋਂ ਵੀ ਪ੍ਰਹੇਜ਼ ਕਰਨਾ ਚਾਹੀਦਾ ਹੈ।



# ਵਿਧਾਇਕ ਰਾਜਾ ਵੱਲੋਂ ਪਿੰਡ ਜੌੜਾ-ਬਗਿਆੜੀ ਲਈ 6 ਲੱਖ ਦਾ ਚੈੱਕ ਭੇਟ

**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਓਂਕਾਰ ਸਿੰਘ)**

ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਵੱਖ-ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇ ਚੈੱਕ ਭੇਟ ਕਰਨ ਸਮੇਂ ਕੀਤਾ। ਵਿਧਾਇਕ ਨੇ ਪਿੰਡ ਜੌੜਾ ਤੇ ਬਗਿਆੜੀ ਲਈ 6 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਸਰਪੰਚ ਮਨਪ੍ਰੀਤ ਸਿੰਘ ਗੋਲਡੀ ਨਰਵਾਲ ਅਤੇ ਸਰਪੰਚ ਕਰਮਬਾਲ ਸਿੰਘ ਨੂੰ ਭੇਟ ਕੀਤਾ। ਰਾਜਾ ਨੇ ਕਿਹਾ ਕਿ ਜੋ ਵਿਕਾਸ ਕਾਰਜ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਹੋਏ ਹਨ ਇੰਨੇ ਵਿਕਾਸ ਕਾਰਜ ਪੰਜਾਬ ਵਿੱਚ ਲੰਮਾ ਸਮਾਂ ਰਾਜ ਕਰ ਚੁੱਕੀਆਂ ਪਾਰਟੀਆਂ ਦੇ ਕਾਰਜਕਾਲ ਵਿੱਚ ਨਹੀਂ ਹੋਏ ਇਸੇ ਕਾਰਨ ਹੀ ਅੱਜ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਦਾ ਹਿੱਸਾ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕਾ ਉੜ ਮੁੜ ਟਾਂਡਾ ਵਿੱਚ ਵਿਕਾਸ ਕਾਰਜਾਂ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਹੋਰਨਾਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵੀ ਗ੍ਰਾਂਟਾਂ ਜਾਰੀ ਕੀਤੀਆਂ ਜਾਣਗੀਆਂ। ਸਰਪੰਚ ਮਨਪ੍ਰੀਤ ਸਿੰਘ ਗੋਲਡੀ ਨਰਵਾਲ ਨੇ ਪੰਜਾਬ ਸਰਕਾਰ ਤੇ ਵਿਧਾਇਕ ਜਸਵੀਰ ਸਿੰਘ ਰਾਜਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਦਿੱਤੀ ਗਈ ਗ੍ਰਾਂਟ ਦੇ ਜਰੀਏ ਪਿੰਡਾਂ ਵਿੱਚ ਰਹਿੰਦੇ ਵਿਕਾਸ ਕਾਰਜ ਸੰਪੂਰਨ ਕੀਤੇ ਜਾਣਗੇ। ਇਸ ਮੌਕੇ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਪੰਚ ਜਸਵੀਰ ਸਿੰਘ, ਪੰਚ ਸੁਰਿੰਦਰ ਸਿੰਘ, ਪੰਚ ਗੁਰਦੀਪ ਸਿੰਘ ,ਪੰਚ ਬਲਵਿੰਦਰ ਕੌਰ ,ਪੰਚ ਨਿਰਮਲ ਕੌਰ, ਪੰਚ ਕੁਲਵਿੰਦਰ ਸਿੰਘ, ਪੰਚ ਦਵਿੰਦਰ ਸਿੰਘ, ਪੰਚ ਗੁਰਜੀਤ ਸਿੰਘ, ਪੰਚ ਸੰਦੀਪ ਸਿੰਘ, ਪੰਚ ਕੁਲਵੰਤ ਕੌਰ, ਪੰਚ ਸਤਨਾਮ ਕੌਰ, ਪੰਚ ਰੇਖਾ, ਪੰਚ ਪਰਮਜੀਤ ਕੌਰ ਵੀ ਹਾਜਰ ਸਨ।



# ਨੰਬਰਦਾਰ ਯੂਨੀਅਨ ਨੇ ਲੋਹੜੀ ਦੇ ਤਿਉਹਾਰ ਮੌਕੇ ਮੰਗਿਆ ਸਰਬੱਤ ਦਾ ਭਲਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਯੂਨੀਅਨ ਦੀ ਇੱਕ ਵਿਸੇਸ਼ ਮੀਟਿੰਗ ਹੋਈ। ਇਹ ਮੀਟਿੰਗ ਬੀਤੇ ਸਾਲ 2024 ਦੇ ਲੇਖਾ ਜੋਖਾ ਕਰਨ ਅਤੇ ਨਵੇਂ ਸਾਲ 2025 ਦੇ ਨਵੇਂ ਪ੍ਰੋਗਰਾਮ ਉਲੀਕਣ ਦੇ ਸੰਬੰਧ ਵਿੱਚ ਹੋਈ। ਇਸ ਮੀਟਿੰਗ ਵਿੱਚ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਕਲੱਬ ਦੇ ਅਫਸਰ ਲਾਇਨ ਬਬਿਤਾ ਸੰਧੂ, ਲਾਇਨ ਦਿਨਕਰ ਜਸਪ੍ਰੀਤ ਸੰਧੂ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਕਲੱਬ ਨੇ ਲੋਹੜੀ ਮਨਾਉਣ ਦੇ ਪ੍ਰਬੰਧ ਕੀਤੇ। ਜਥੇਬੰਦੀ ਅਤੇ ਕਲੱਬ ਨੇ ਸਭ ਤੋਂ ਪਹਿਲਾਂ ਹਰ ਸਾਲ ਦੀ ਤਰ੍ਹਾਂ ਲੋਹੜੀ ਦਾ ਪਵਿੱਤਰ ਤਿਓਹਾਰ ਬੜੇ ਸ਼ਰਧਾ ਭਾਵ ਨਾਲ ਮਨਾਉਂਦੇ ਹੋਏ ਪਰਮਾਤਮਾ ਪਾਸੋਂ ਸਰਬੱਤ ਦਾ ਭਲਾ ਮੰਗਿਆ। ਨੰਨ੍ਹੀ ਪਰੀ ਗੁਰਛਾਇਆ ਸੋਖਲ ਪਾਸੋਂ ਲੋਹੜੀ ਦੀ ਧੂਣੀ ਨੂੰ ਅਗਨੀ ਦੇਣ ਦੀ ਰਸਮ ਅਦਾ ਕਰਵਾ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਆਦੇਸ਼ਾਂ ਨੂੰ ਮੰਨਣ ਲਈ ਲੋਕਾਈ ਨੂੰ ਸੁਨੇਹਾ ਦਿੱਤਾ। ਨੰਬਰਦਾਰਾਂ ਨੇ ਨਵੇਂ ਸਾਲ 2025 ਦੀ ਖੁਸ਼ੀ ਵਿੱਚ ਇੱਕ ਦੂਜੇ ਵਧਾਈਆਂ ਦਿੰਦਿਆਂ ਪੂਰੇ ਪੰਜਾਬ ਵਿੱਚ ਨੰਬਰਦਾਰਾਂ ਦੇ ਹਿੱਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਦੀ ਚੜ੍ਹਦੀ ਕਲਾ ਮੰਗਦਿਆਂ ਇੱਕ ਜੁੱਟ ਹੋ ਕੇ ਚੱਲਣ ਦੀ ਅਰਦਾਸ ਕੀਤੀ ਤਾਂ ਕਿ ਨੰਬਰਦਾਰਾਂ ਦੀਆਂ ਮੰਗਾਂ ਸੌਖਿਆਂ ਹੀ ਮੰਨਵਾਈਆਂ ਜਾ ਸਕਣ। ਉਪਰੰਤ ਨੰਬਰਦਾਰਾਂ ਨੇ 26 ਜਨਵਰੀ ਦਾ ਰਾਸ਼ਟਰੀ ਤਿਉਹਾਰ ਗਣਤੰਤਰ ਦਿਵਸ ਮਨਾਉਣ ਦੀ ਰੂਪ ਰੇਖਾ ਤਿਆਰ ਕੀਤੀ। 26 ਜਨਵਰੀ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਜਲੰਧਰ ਪਰਗਟ ਸਿੰਘ ਸਰਹਾਲੀ, ਪ੍ਰੈੱਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ, ਸਲਾਹਕਾਰ ਗੁਰਦੇਵ ਸਿੰਘ ਨਾਗਰਾ, ਪ੍ਰੇਮ ਚੰਦ ਮੁਆਈ, ਮਹਿੰਦਰ ਸਿੰਘ ਨਾਹਲ, ਲਹਿੰਬਰ ਸਿੰਘ ਚੀਮਾ ਖੁਰਦ, ਹਰਜਿੰਦਰ ਕੁਮਾਰ ਤੱਗੜ ਨੇ ਵਿੱਤੀ ਸਹਾਇਤਾ ਦਿੱਤੀ। ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨੰਬਰਦਾਰ ਸਾਹਿਬਾਨਾਂ ਦਾ ਮਾਣ ਭੱਤਾ 5000/- ਰੁਪਏ ਪ੍ਰਤਿ ਮਹੀਨਾ ਕੀਤਾ ਜਾਵੇ, ਜੱਦੀ ਪੁਸ਼ਤੀ ਮਾਮਲੇ 'ਚ ਨੰਬਰਦਾਰ ਦੁਆਰਾ ਬਣਾਏ ਸਰਬਰਾਹ ਨੂੰ ਪੱਕਿਆਂ ਤੌਰ 'ਤੇ ਨੰਬਰਦਾਰ ਨਿਯੁਕਤ ਕੀਤਾ ਜਾਵੇ। ਇਸ ਮੌਕੇ ਯੂਨੀਅਨ ਦੀ ਮਹਿਲਾ ਨੰਬਰਦਾਰ ਸ੍ਰੀਮਤੀ ਦਲਜੀਤ ਕੌਰ ਜੰਡਿਆਲਾ, ਗੁਰਾਇਆ ਸਰਕਲ ਇੰਚਾਰਜ ਅਨਿਲ ਸੂਦ, ਜਨਰਲ ਸਕੱਤਰ ਸੁਰਿੰਦਰ ਪਾਲ ਸਿੰਘ, ਪੀ.ਆਰ.ਓ ਜਗਨ ਨਾਥ ਚਾਹਲ, ਡਾਇਰੈਕਟਰ ਗੁਰਮੇਲ ਚੰਦ ਮੱਟੂ, ਅਜੀਤ ਰਾਮ ਤਲਵਣ, ਬਲਵਿੰਦਰ ਕੁਮਾਰ ਭੈਣੀ, ਹਰਭਜਨ ਸਿੰਘ ਭੰਡਾਲ ਬੂਟਾ, ਭਜਨ ਲਾਲ ਕਾਦੀਆਂ, ਲਹਿੰਬਰ ਸਿੰਘ ਚੀਮਾ ਖੁਰਦ, ਆਤਮਾ ਰਾਮ ਭੰਡਾਲ ਬੂਟਾ, ਕੁਲਵਿੰਦਰ ਰਾਮ ਸਾਗਰਪੁਰ, ਬਲਰਾਜ ਸਿੰਘ ਪੱਬਵਾ, ਸੁਖਵਿੰਦਰ ਸਿੰਘ ਉਮਰਪੁਰ ਕਲਾਂ, ਚਰਨਜੀਤ ਸਿੰਘ ਉੱਪਲ ਭੂਪਾ, ਸਰਧਾ ਰਾਮ ਲਖਨਪਾਲ, ਦਲਜੀਤ ਸਿੰਘ ਭੱਲੋਵਾਲ ਸਮੇਤ ਸਮੂਹ ਨੰਬਰਦਾਰ ਸਾਹਿਬਾਨਾਂ ਨੇ ਮਾਣ ਨਾਲ ਦੱਸਿਆ ਕਿ ਨੰਬਰਦਾਰ ਯੂਨੀਅਨ, ਲਾਇਨਜ਼ ਕਲੱਬਜ, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਵੱਲੋਂ ਦੇਸ਼ ਦਾ 29ਵਾਂ ਰਾਸ਼ਟਰੀ ਤਿਉਹਾਰ ਚਾਵਾਂ ਸੱਧਰਾਂ ਨਾਲ ਮਨਾਇਆ ਜਾਵੇਗਾ।



## ਬੱਡੋ ਵਿਖੇ ਸ਼ਹੀਦ ਬਾਬਾ ਕਰਮ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਕਰਮ ਸਿੰਘ ਜੀ (ਸ਼ਹੀਦਾਂ) ਦੇ ਅਸਥਾਨ 'ਤੇ ਉਨ੍ਹਾਂ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਦੇਵ ਸਿੰਘ ਨਡਾਲੋ, ਭਾਈ ਬਲਵੀਰ ਸਿੰਘ ਗੁਰਦਾਸਪੁਰੀ, ਭਾਈ ਭਗਤ ਸਿੰਘ ਬੱਡੋ, ਭਾਈ ਮਨਪ੍ਰੀਤ ਸਿੰਘ ਜੰਡੂ ਸਿੰਘਾ, ਬੀਬੀ ਸਰਬਜੀਤ ਕੌਰ ਪਾਸਲਾ ਇੰਟਰਨੈਸ਼ਨਲ ਪੰਥਕ ਢਾਡੀ ਜੱਥਾ ਆਦਿ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ, ਮੱਖਣ ਸਿੰਘ ਮੀਤ ਪ੍ਰਧਾਨ, ਸੁਰਿੰਦਰ ਸਿੰਘ ਜਰਨਲ ਸਕੱਤਰ, ਹਰਦੀਪ ਸਿੰਘ ਖਾਲਸਾ ਖਜਾਨਚੀ, ਸਰਬਪ੍ਰੀਤ ਸਿੰਘ ਸੋਨੂ ਸਟੇਜ ਸਕੱਤਰ, ਤਰਲੋਚਨ ਸਿੰਘ, ਵਿਜੈ ਸਿੰਘ, ਹਰਵੇਲ ਸਿੰਘ, ਭਾਈ ਪਰਮਜੀਤ ਸਿੰਘ ਹੈਡ ਗੰਥੀ, ਅਵਤਾਰ ਸਿੰਘ, ਸੋਢੀ ਸਿੰਘ, ਕਰਨਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਚ ਸੰਗਤਾਂ ਹਾਜ਼ਰ ਸਨ।ਚਾਹ-ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਟੁੱਟ ਵਰਤਾਏ ਗਏ।



# ਕਾਰ ਦਰੱਖਤ ਨਾਲ ਟਕਰਾਉਣ ਨਾਲ ਨੌਜੁਆਨ ਦੀ ਮੌਤ



**ਕਾਲਾ ਸੰਘਿਆਂ (ਮਨਜੀਤ ਮਾਨ)**- ਮਹਿਤਪੁਰ ਦੇ ਨਜਦੀਕ ਪਿੰਡ ਬਾਲੋਕੀ ਤੋਂ ਇਕ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਨੌਜਵਾਨ ਆਪਣੇ ਬੱਚਿਆਂ ਨੂੰ ਸਕੂਲ ਛੱਡ ਕੇ ਕਾਰ ਵਿੱਚ ਮਹਿਤਪੁਰ ਤੋਂ ਆਪਣੇ ਪਿੰਡ ਘਰ ਵਾਪਿਸ ਆ ਰਿਹਾ ਸੀ ਕਿ ਰਸਤੇ ਵਿੱਚ ਕਾਰ ਦਰੱਖਤ ਨਾਲ ਟਕਰਾ ਗਈ। ਨੌਜਵਾਨ ਨੂੰ ਪਿੰਡ ਵਾਸੀਆਂ ਵਲੋਂ ਕਾਰ ਦੇ ਸ਼ੀਸ਼ੇ ਤੋੜ ਕੇ ਬਾਹਰ ਕੱਢਿਆ ਗਿਆ ਅਤੇਂ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੀ ਰਸਤੇ ਵਿਚ ਹੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਰਣਜੀਤ ਗਿੱਲ ਪੁੱਤਰ ਪਿਆਰਾ ਲਾਲ ਵਾਸੀ ਬੀੜ ਬਲੌਕੀ ਵਜੋਂ ਹੋਈਹੈ। ਮ੍ਰਿਤਕ ਦੀ ਉਮਰ ਕਰੀਬ ਲਗਭਗ 40 ਸਾਲ ਕੁ ਸਾਲ ਦੀ ਦੱਸੀ ਜਾ ਰਹੀ ਹੈ। ਮ੍ਰਿਤਕ ਆਪਣੇ ਪਿਛਲੇ ਦੋ ਬੱਚਿਆਂ ਤੇ ਆਪਣੀ ਧਰਮ ਪਤਨੀ ਨੂੰ ਛੱਡ ਗਿਆ ਹੈ।

# ਕੈਂਬਰਿਜ ਇੰਟਰਨੈਸ਼ਨਲ ਸਕੂਲ ਨੇ ਦਿੱਤਾ 1 ਲੱਖ 51 ਹਜ਼ਾਰ ਦਾ ਯੋਗਦਾਨ

**ਹੁਸ਼ਿਆਰਪੁਰ, (ਓ ਪੀ ਰਾਣਾ)**

ਕੈਂਬਰਿਜ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਸੰਜੀਵ ਵਾਸਲ ਅਤੇ ਸੀ.ਈ.ਓ ਰਾਘਵ ਵਾਸਲ ਨੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਨੂੰ ਸਪੈਸ਼ਲ ਬੱਚਿਆਂ ਦੇ ਪ੍ਰੋਜੈਕਟ ਵਿੰਗਸ ਦੇ ਲਈ 1 ਲੱਖ 51 ਹਜ਼ਾਰ ਰੁਪਏ ਦਾ ਯੋਗਦਾਨ ਦਿੰਦੇ ਹੋਏ ਚੈੱਕ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਕੋਮਲ ਮਿੱਤਲ ਨੂੰ ਸੌਂਪਿਆ। ਇਸ ਦੌਰਾਨ ਉਨ੍ਹਾਂ ਨੇ ਸਕੂਲ ਵਿਚ ਕਰਵਾਏ ਗਏ ਚੈਰਿਟੀ ਸ਼ੋਅ ਵਿਚ ਇਕੱਤਰ ਕਪੜੇ ਅਤੇ ਸਟੇਸ਼ਨਰੀ ਵੀ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਨੂੰ ਸੌਂਪੀ।ਡਿਪਟੀ ਕਮਿਸ਼ਨਰ ਨੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਦੀ ਪੂਰੀ ਮੈਨੇਜਮੈਂਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਵਿਦਿਆਰਥੀਆਂ ਨੂੰ ਵਿੱਦਿਅਕ ਗਤੀਵਿਧੀਆਂ ਤੋਂ ਇਲਾਵਾ ਉਨ੍ਹਾਂ ਵਿਚ ਸਮਾਜ ਭਲਾਈ ਦੇ ਗੁਣ ਵੀ ਪੈਦਾ ਕਰ ਰਹੇ ਹਨ। ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਦੀ ਹਮਦਰਦੀ ਅਤੇ ਦਿਆਲਤਾ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਜ਼ਿਲ੍ਹੇ ਦੇ ਹੋਰ ਸਕੂਲਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਸਕੂਲਾਂ ਵਿਚ ਵੀ ਇਸ ਤਰ੍ਹਾਂ ਦੇ ਈਵੈਂਟ ਕਰਵਾਉਣ ਤਾਂ ਜੋ ਬੱਚਿਆਂ ਵਿਚ ਸਮਾਜ ਭਲਾਈ ਦੇ ਗੁਣਾ ਵਿਚ ਵਾਧਾ ਹੋ ਸਕੇ। ਇਸ ਮੌਕੇ ਸਕੱਤਰ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਅਤੇ ਸਕੂਲ ਪ੍ਰਿੰਸੀਪਲ ਸ਼ਰਤ ਕੁਮਾਰ ਸਿੰਘ ਵੀ ਮੌਜੂਦ ਸਨ।



# ਖੇਤ ਮਜ਼ਦੂਰ ਯੂਨੀਅਨ ਵੱਲੋਂ ਸੂਬੇ ਭਰ ਦੇ ਐੱਸ ਡੀ ਐੱਮਜ਼ ਨੂੰ ਮੰਗ ਪੱਤਰ ਦਿੱਤੇ ਜਾਣਗੇ : ਨੂਰਪੁਰੀ, ਗੁਰਮੇਸ਼

**ਸ਼ਾਹਕੋਟ (ਗਿਆਨ ਸੈਦਪੁਰੀ)**

ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਸਾਥੀ ਰਾਮ ਸਿੰਘ ਨੂਰਪੁਰੀ ਤੇ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਹੈ ਕਿ ਪਿੰਡ ਦਾਨ ਸਿੰਘ ਵਾਲਾ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਤੇ ਪੀੜਤਾਂ ਨੂੰ ਮੁਆਵਜਾ ਦਿਵਾਉਣ ਲਈ ਪੰਜਾਬ ਭਰ ਅੰਦਰ 21-30 ਜਨਵਰੀ ਤੱਕ ਸਾਰੇ ਐਸ ਡੀ ਐਮਜ ਨੂੰ ਮੰਗ ਪੱਤਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਸੁੱਟੇ ਅਤੇ ਪੀੜਤਾਂ ਨੂੰ 10-10 ਲੱਖ ਰੁਪਏ ਮੁਆਵਜਾ ਤੇ ਯੋਗਤਾ ਮੁਤਾਬਿਕ ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ। ਰਾਜ ਭਰ ਦੇ ਖੇਤ ਮਜਦੂਰਾਂ ਦੀਆਂ ਭਖਦੀਆਂ ਮੰਗਾਂ ਜਿਵੇਂ ਮਨਰੇਗਾ ਮਜਦੂਰਾਂ ਦੀ ਦਿਹਾੜੀ 600 ਰੁਪਏ/ਦਿਨ ਅਤੇ 250 ਦਿਨ ਕੰਮ ਦਿੱਤਾ ਜਾਵੇ, ਗਰੀਬ ਖੇਤ ਮਜਦੂਰਾਂ ਦੇ ਕਰਜੇ ਮਾਫ ਕੀਤੇ ਜਾਣ, ਰਿਹਾਇਸੀ 10 ਮਰਲੇ ਦੇ ਪਲਾਟ ਦਿੱਤੇ ਜਾਣ ਤੇ ਉਸਦੀ ਉਸਾਰੀ ਲਈ 5 ਲੱਖ ਰੁਪਏ ਗ੍ਰਾਂਟ ਦਿੱਤੀ ਜਾਵੇ, ਦਲਿਤ ਔਰਤਾਂ 'ਤੇ ਹੋ ਰਹੇ ਹਮਲੇ ਬੰਦ ਕੀਤੇ ਜਾਣ ਪਿੰਡਾਂ ਵਿੱਚ ਲਾਲ ਲਕੀਰ ਅੰਦਰ ਗਰੀਬਾਂ ਨੂੰ ਮਾਲਕੀ ਹੱਕ ਦਿੱਤੇ ਜਾਣ ਸੰਬੰਧੀ ਮੰਗ ਪੱਤਰ ਐਸ ਡੀ ਐਮਜ ਰਾਹੀਂ ਮੁੱਖ ਮੰਤਰੀ ਨੂੰ ਭੇਜੇ ਜਾਣਗੇ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਟੇਜਾਂ ਤੋਂ ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ ਗੀਤ ਗਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਰਹੇ ਹਨ ਪਰ ਹੁਣ ਪਿੰਡ ਦਾਨ ਸਿੰਘ ਵਾਲਾ ਦੇ ਕੰਮੀਆਂ ਦੇ ਵਿਹੜੇ ਵਿੱਚ ਉਨ੍ਹਾਂ ਦੀ ਸਾਰ ਤੱਕ ਨਹੀਂ ਲੈਣ ਗਏ। ਇਸ ਲਈ ਯੂਨੀਅਨ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਫਰਵਰੀ ਮਹੀਨੇ ਵਿੱਚ ਰਾਜ ਭਰ ਦੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਭਰਵੇਂ ਮੁਜਾਹਰੇ ਕੀਤੇ ਜਾਣਗੇ। ਆਗੂਆਂ ਨੇ ਆਪਣੀਆਂ ਹੇਠਲੀਆਂ ਇਕਾਈਆਂ ਨੂੰ ਸੱਦਾ ਦਿੱਤਾ ਹੈ ਕਿ ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ ਹਰ ਪੱਖੋਂ ਕਾਮਯਾਬ ਕੀਤਾ ਜਾਵੇ।



## ਖਾਲਸਾ ਕਾਲਜ ਦੀ ਕਮਲਜੀਤ ਦੀ 'ਵਰਸਿਟੀ ਕਬੱਡੀ ਟੀਮ 'ਚ ਚੋਣ

**ਸੁਲਤਾਨਪੁਰ ਲੋਧੀ, (ਹਨੀ)**-ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਦੀ ਵਿਦਿਆਰਥਣ ਕਮਲਜੀਤ ਕੌਰ, ਬੀ. ਏ. ਭਾਗ ਪਹਿਲਾ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਕਬੱਡੀ ਟੀਮ ਲਈ ਚੁਣਿਆ ਗਿਆ ਜੋ ਕਿ ਕਾਲਜ ਲਈ ਬੜੇ ਮਾਣ ਵਾਲੀ ਗੱਲ ਹੈ। ਬੀਤੇ ਸਮੇਂ ਵਿੱਚ ਕਾਲਜ ਦੀ ਕਬੱਡੀ ਟੀਮ ਨੇ ਇੰਟਰ ਕਾਲਜ ਟੂਰਨਾਮੈਂਟ ਵਿੱਚ ਦੂਜਾ ਸਥਾਨ ਹਾਸਲ ਕੀਤਾ ਸੀ। ਇਸ ਟੂਰਨਾਮੈਂਟ ਵਿੱਚ ਕਮਲਜੀਤ ਕੌਰ ਦਾ ਬਹੁਤ ਵਧੀਆ ਪ੍ਰਦਰਸ਼ਨ ਰਿਹਾ, ਜਿਸ ਕਾਰਨ ਇਸ ਵਿਦਿਆਰਥਣ ਦੀ ਚੋਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਖੇਡਣ ਜਾ ਰਹੀ ਨੌਰਥ ਇੰਡੀਆ ਯੂਨੀਵਰਸਿਟੀ ਕਬੱਡੀ ਟੀਮ ਵਿੱਚ ਹੋਈ । ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਕਾਲਜ ਦੇ ਉਪ ਪ੍ਰਧਾਨ ਇੰਜੀਨੀਅਰ ਹਰਨਿਆਮਤ ਕੌਰ ਤੇ ਮੈਂਬਰ ਨਿਮਰਤਾ ਕੌਰ ਨੇ ਵਿਦਿਆਰਥਣ ਕਮਲਜੀਤ ਕੌਰ ਨੂੰ ਇਸ ਉਪਲਬਧੀ ਲਈ ਮੁਬਾਰਕਬਾਦ ਦਿੱਤੀ । ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਵਿਦਿਆਰਥਣ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋ. ਹਰਜਾਪ ਸਿੰਘ ਨੂੰ ਵਧਾਈ ਦਿੱਤੀ।



# ਸਿਹਤ ਮੇਲਿਆਂ ਦਾ ਮੁੱਖ ਮੰਤਵ ਸਿਹਤਮੰਦ ਸਮਾਜ ਦੀ ਸਿਰਜਣਾ ਕਰਨਾ : ਡਾ. ਗੀਤਾਂਜਲੀ ਸਿੰਘ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਬਲਾਕ ਮੁਜ਼ੱਫਰਪੁਰ ਅਧੀਨ ਆਯੁਸ਼ਮਾਨ ਆਰੋਗਿਆ ਕੇਂਦਰਾਂ ਵਿੱਚ ਸਨਿੱਚਰਵਾਰ ਨੂੰ ਸਿਹਤ ਮੇਲਿਆਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਮ ਲੋਕਾਂ ਦੇ ਬਲੱਡ ਪ੍ਰੈਸ਼ਰ ਤੇ ਸ਼ੂਗਰ ਸਮੇਤ ਆਮ ਬਿਮਾਰੀਆਂ ਦੀ ਸਕਰੀਨਿੰਗ ਕੀਤੀ ਗਈ। ਇਸ ਮੌਕੇ ਮੁਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਆਯੁਸ਼ਮਾਨ ਆਰੋਗਿਆ ਕੇਂਦਰ, ਹਿਆਲਾ ਅਤੇ ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ ਨੇ ਆਯੁਸ਼ਮਾਨ ਆਰੋਗਿਆ ਕੇਂਦਰ, ਕੋਟ ਰਾਂਝਾ ਵਿਖੇ ਸਿਹਤ ਮੇਲਿਆਂ ਵਿੱਚ ਆਮ ਲੋਕਾਂ ਨੂੰ ਬਿਹਤਰ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਪ੍ਰਬੰਧਾਂ ਨੂੰ ਦੇਖਿਆ। ਇਸ ਮੌਕੇ ਡਾ. ਗੀਤਾਂਜਲੀ ਸਿੰਘ ਨੇ ਦੱਸਿਆ ਕਿ ਇਹ ਸਿਹਤ ਮੇਲੇ ਆਯੋਜਿਤ ਕਰਨ ਦਾ ਮੁੱਖ ਮੰਤਵ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾ ਕੇ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਿਹਤ ਮੇਲਿਆਂ ਦੌਰਾਨ ਲੋਕਾਂ ਨੂੰ ਬਿਹਤਰ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਗੈਰ-ਸੰਚਾਰੀ ਬਿਮਾਰੀਆਂ ਦੀ ਰੋਕਥਾਮ, ਟੀ ਬੀ ਤੋਂ ਬਚਾਅ, ਜੱਚਾ ਬੱਚਾ ਸਿਹਤ ਸੰਭਾਲ ਤੇ ਸੰਪੂਰਨ ਟੀਕਾਕਰਨ, ਆਪਣੇ ਮੂੰਹ ਦੀ ਸਾਫ-ਸਫਾਈ ਆਦਿ ਬਾਰੇ ਵੀ ਦੱਸਿਆ ਗਿਆ।



# ਕੰਧਾਲੀ ਨੌਰੰਗਪੁਰ 'ਚ ਪੰਚਾਇਤ ਵੱਲੋਂ ਕੀਤਾ ਜਾ ਰਿਹਾ ਵਿਕਾਸ



**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲੀ ਨੌਰੰਗਪੁਰ ਵਿਖੇ ਸਰਪੰਚ ਪ੍ਰਦੀਪ ਸਿੰਘ ਦੀ ਪੰਚਾਇਤ ਵਲੋਂ ਤੇਜ਼ੀ ਨਾਲ ਵਿਕਾਸ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਸਰਪੰਚ ਪ੍ਰਦੀਪ ਸਿੰਘ ਨੇ ਦੱਸਿਆ ਕਿ ਪਿੰਡ ਦੇ ਛੱਪੜਾਂ ਦੀ ਸਫਾਈ ਕਰਵਾਈ ਜਾ ਰਹੀ ਹੈ, ਚੜ੍ਹਦੇ ਪਾਸੇ ਦੇ ਛੱਪੜ ਤੋਂ ਆਉਂਦੇ ਵੱਡੇ ਨਾਲੇ ਦੀ ਸਫਾਈ ਕੀਤੀ ਜਾ ਰਹੀ ਹੈ ਅਤੇ ਪਾਣੀ ਵਾਲੇ ਪਾਈਪ ਪਾਏ ਗਏ ਹਨ। ਜਿਮ ਅਤੇ ਝੂਲੇ ਵੀ ਲਗਾਏ ਗਏ ਹਨ। ਪਿੰਡ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਿੰਡ ਦੇ ਵਿਕਾਸ ਲਈ ਪੰਚਾਇਤ ਨੂੰ ਵੱਧ ਤੋਂ ਵੱਧ ਗਰਾਂਟ ਦਿੱਤੀ ਜਾਵੇ ਤਾਂ ਜੋ ਪਿੰਡ ਦਾ ਹੋਰ ਵਿਕਾਸ ਹੋ ਸਕੇ। ਇਸ ਮੌਕੇ ਸਰਪੰਚ ਪ੍ਰਦੀਪ ਸਿੰਘ, ਪੰਚ ਸੰਦੀਪ ਸਿੰਘ, ਪੰਚ ਅਵਤਾਰ ਸਿੰਘ, ਪੰਚ ਦਲਜਿੰਦਰ ਕੌਰ, ਪੰਚ ਜਸਵੀਰ ਕੌਰ, ਪੰਚ ਪਰਮਿੰਦਰ ਕੌਰ, ਪੰਚ ਰਮਨਦੀਪ ਸਿੰਘ ਤੋਂ ਇਲਾਵਾ ਬਲਵੀਰ ਸਿੰਘ ਬਿੱਲਾ, ਸੁਨੀਲ, ਨਿਰਮਲ, ਅਵਤਾਰ ਸਿੰਘ, ਕਾਕਾ ਆਦਿ ਪਿੰਡ ਵਾਸੀ ਹਾਜ਼ਰ ਸਨ।

# ਧੀਮਾਨ ਨੇ ਕੀਤੀ ਸਬ ਤਹਿਸੀਲ 'ਚ ਥਾਂ-ਥਾਂ ਲੱਗੇ ਗੰਦਗੀ ਦੇ ਢੇਰਾਂ ਨੂੰ ਅੱਗ ਲਗਾਏ ਜਾਣ ਦੀ ਨਿੰਦਾ

**ਮਾਹਿਲਪੁਰ (ਸਫਰੀ)**

ਸਬ ਤਹਿਸੀਲ ਮਾਹਿਲਪੁਰ ਵਿਚ ਥਾਂ-ਥਾਂ ਲੱਗੇ ਗੰਦਗੀ ਦੇ ਢੇਰਾਂ ਨੂੰ ਲਗਾਈਆਂ ਜਾ ਰਹੀਆਂ ਅੱਗਾਂ ਤੇ ਲੰਬੇ ਸਮੇਂ ਤੋਂ ਪਟਵਾਰਖਾਨੇ ਦੇ ਨਜਦੀਕ ਬਦਬੂ ਮਾਰਦਾ ਲੱਗਾ ਗੰਦਗੀ ਦਾ ਢੇਰ ਅਤੇ ਨਾਇਬ ਤਹਿਸੀਲਦਾਰ ਦੇ ਅਪਣੇ ਦਫਤਰ ਦੇ ਅੱਗੇ ਸੜਦੇ ਕੂੜੇ ਦੇ ਢੇਰ ਪ੍ਰਤੀ ਨਾ ਧਿਆਨ ਦੇਣ ਤੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਹ ਗੰਦਗੀ ਦੇ ਢੇਰਾਂ ਵਿਚ ਤੇਜੀ ਨਾਲ ਪੈਂਦਾ ਬੈਕਟੀਰੀਆ ਲੋਕਾਂ ਨੂੰ ਬਿਮਾਰ ਕਰਕੇ ਹਸਪਤਾਲ ਵਿਚ ਪਹੁੰਚਾਉਣ ਤੋਂ ਸਿਵਾ ਕੁਝ ਨਹੀਂ ਦਿੰਦਾ, ਪਰ ਪੜ੍ਹੇ ਲਿਖੇ ਅਧਿਕਾਰੀ ਗੰਦਗੀ ਨੂੰ ਕਿਉਂ ਅਪਣਾ ਕੇ ਵਾਤਾਵਰਣ ਦਾ ਵੱਡਾ ਨੁਕਸਾਨ ਕਰਵਾਉਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਧੀਮਾਨ ਨੇ ਦਸਿਆ ਕਿ ਕੂੜੇ ਕਰਕਟ ਅਤੇ ਉਨ੍ਹਾਂ ਵਿਚ ਪਈ ਪਲਾਸਟਿਕ ਨੂੰ ਸਾੜ ਕੇ ਅਸੀਂ ਕੂੜਾ ਖਤਮ ਨਹੀਂ ਕਰ ਰਹੇ ਸਗੋਂ ਉਸ ਕੂੜੇ ਨੂੰ ਸਾੜਣ ਨਾਲ ਕੈਂਸਰ ਅਤੇ ਦਮਾ ਆਦਿ ਬੀਮਾਰੀਆਂ ਨੂੰ ਜਰੂਰ ਪੈਦਾ ਕਰਦੇ ਹਾਂ। ਇਹ ਇਕ ਆਦਤ ਬਣਦੀ ਜਾ ਰਹੀ ਹੈ ਕਿ ਕੂੜੇ ਨੂੰ ਸਾੜ ਕੇ ਇਸ ਤੋਂ ਮੁਕਤੀ ਸਮਝੀ ਜਾ ਰਹੀ ਹੈ ਜੋ ਕਿ ਗਲਤ ਧਾਰਨਾ ਹੈ। ਉਨ੍ਹਾਂ ਕਿਹਾ ਕਿ ਸੋਲਡ ਵੇਸਟ ਮੈਨੇਜਮੈਂਟ ਰੂਲਜ 2000 ਪ੍ਰਤੀ ਸਾਰੇ ਅਧਿਕਾਰੀਆਂ ਨੂੰ ਗਿਆਨ ਹੋਣਾ ਚਾਹੀਦਾ ਹੈ। ਸਬ ਤਹਿਸੀਲ ਅੰਦਰ ਇਕ ਵੀ ਡਸਟਬਿਨ ਵੇਖਣ ਨੂੰ ਵੀ ਨਹੀਂ ਮਿਲਦਾ ਤੇ ਸਫਾਈ ਦਾ ਪ੍ਰਬੰਧ ਨਾ ਹੋਣ ਕਰਕੇ ਸਰਦੀਆਂ ਵਿਚ ਵੀ ਮੱਛਰ ਉਡਾਰੀਆਂ ਮਾਰਦਾ ਰਹਿੰਦਾ ਹੈ। ਨਾਲ ਲਗਦੇ ਵਾਰਡ ਨੰਬਰ 12 ਵਿਚ ਗਦੰਗੀ ਦੀ ਦੂਰ-ਦੂਰ ਤੱਕ ਬਦਬੂ ਫੈਲਦੀ ਹੈ ਜਿਥੇ ਲੋਕਾਂ ਦਾ ਘਰਾਂ ਵਿਚ ਬੈਠਣਾ ਮੁਹਾਲ ਬਣਿਆ ਪਿਆ ਹੈ। ਧੀਮਾਨ ਨੇ ਕਿਹਾ ਕਿ ਸਾਰੇ ਸਰਕਾਰੀ ਦਫਤਰ ਸਫਾਈ ਦੀ ਉਦਾਹਰਣ ਹੋਣੇ ਚਾਹੀਦੇ ਹਨ ਨਾ ਕਿ ਗੰਦਗੀ ਦੇ।



## ਬੱਚਿਆਂ ਨੇ ਨਵੋਦਿਆ ਲਈ ਪ੍ਰੀਖਿਆ ਦਿੱਤੀ

**ਮਾਹਿਲਪੁਰ (ਸਫਰੀ)** - ਸਰਕਾਰ ਵੱਲੋਂ ਗਰੀਬ ਹੋਣਹਾਰ ਵਿਦਿਆਰਥੀਆਂ ਲਈ ਕਾਫੀ ਅਰਸੇ ਤੋਂ ਜਵਾਹਰ ਨਵੋਦਿਆ ਵਿਦਿਆਲਿਆ ਵਿਚ ਉੱਚ ਵਿਦਿਆ ਪ੍ਰਾਪਤ ਕਰਕੇ ਸਫਲਤਾ ਪਾਉਂਣ ਲਈ ਕਾਰਗਰ ਸਾਬਤ ਹੋ ਰਿਹਾ ਹੈ। 18 ਜਨਵਰੀ ਨੂੰ ਸੀਨੀਅਰ ਸੈਕੰਡਰੀ ਬੁਆਏ ਸਕੂਲ ਮਾਹਿਲਪੁਰ ਵਿਚ ਹੋਈ ਇਸ ਪ੍ਰੀਖਿਆ ਬਾਰੇ ਸਕੂਲ ਦੇ ਪ੍ਰਿੰਸੀਪਲ ਗੁਰਾਂ ਦਾਸ ਨੇ ਦੱਸਿਆ ਕਿ ਸਾਡੇ ਸਕੂਲ ਵਿੱਚ ਪ੍ਰੀਖਿਆ ਦੇਣ ਲਈ 192 ਬੱਚਿਆਂ ਦੇ ਰੋਲ ਨੰਬਰ ਆਏ ਸਨ , ਜਿਸ ਵਿਚੋਂ 147 ਬੱਚੇ ਹੀ ਇਸ ਪ੍ਰੀਖਿਆ ਵਿੱਚ ਪਹੁੰਚ ਸਕੇ। ਉਹਨਾਂ ਦੱਸਿਆ ਕਿ ਮਾਹਿਲਪੁਰ ਵਿੱਚ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਲਈ ਦੋ ਸੈਂਟਰ ਨਿਯੁਕਤ ਕੀਤੇ ਸਨ ਜਿਨ੍ਹਾਂ ਵਿੱਚ ਇਕ ਸਾਡਾ ਸਕੂਲ ਅਤੇ ਦੂਸਰਾ ਦੋਆਬਾ ਪਬਲਿਕ ਸਕੂਲ ਸੀ। ਪ੍ਰਿੰਸੀਪਲ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਹੋਣਹਾਰ ਗਰੀਬ ਬੱਚਿਆਂ ਨੂੰ ਅੱਗੇ ਲਿਆਉਣ ਲਈ ਸਰਕਾਰ ਦਾ ਬਹੁਤ ਵਧੀਆ ਉਪਰਾਲਾ ਹੈ।



## ਪੁਲਸ ਨੇ 300 ਦੇ ਕਰੀਬ ਵਾਹਨਾਂ 'ਤੇ ਰਿਫਲੈਕਟਰ ਲਗਾਏ

**ਰਾਹੋਂ, (ਕੁਲਵਿੰਦਰ ਸਿੰਘ ਰਾਹੋਂ)**- ਜ਼ਿਲ੍ਹਾ ਪੁਲਸ ਵਲੋਂ ਜ਼ਿਲ੍ਹਾ ਪੁਲਸ ਮੁਖੀ ਡਾ: ਮਹਿਤਾਬ ਸਿੰਘ ਆਈ.ਪੀ.ਐਸ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰੈਸ ਕਲੱਬ ਰਾਹੋਂ ਅਤੇ ਪ੍ਰਵਾਸੀ ਭਾਰਤੀ ਜਸਪਾਲ ਸਿੰਘ ਵਿਰਕ ਯੂ ਐਸ ਏ ਸਰਪੰਚ ਬੀਰੋਵਾਲ ਦੇ ਵਿਸ਼ੇਸ਼ ਸਹਿਯੋਗ ਨਾਲ ਉਨ੍ਹਾਂ ਦੇ ਮਰਹੂਮ ਭਰਾ ਸਵ: ਇਕਬਾਲ ਸਿੰਘ ਸਾਬਕਾ ਸਰਪੰਚ ਦੀ ਨਿੱਘੀ ਯਾਦ ਵਿਚ ਜਾਡਲਾ ਟੀ ਪੁਆਇੰਟ 'ਤੇ ਲਖਵੀਰ ਸਿੰਘ ਡੀ ਐਸ ਪੀ, ਜਰਨੈਲ ਸਿੰਘ ਥਾਣਾ ਮੁਖੀ ਰਾਹੋਂ ਅਤੇ ਗੁਰਦੇਵ ਸਿੰਘ ਟਰੈਫਿਕ ਇੰਚਾਰਜ ਰਾਹੋਂ ਦੀ ਅਗਵਾਈ ਹੇਠ 300 ਦੇ ਕਰੀਬ ਵਾਹਨਾਂ ਦੇ ਅੱਗੇ ਅਤੇ ਪਿੱਛੇ ਰਿਫਲੈਕਟਰ ਲਗਾਏ ਗਏ। ਇਸ ਮੌਕੇ ਲਖਵੀਰ ਸਿੰਘ ਡੀ.ਐਸ.ਪੀ ਨਵਾਂਸ਼ਹਿਰ ਨੇ ਕਿਹਾ ਕਿ ਧੁੰਦ ਦੇ ਮੌਸਮ ਦੇ ਮੱਦੇਨਜ਼ਰ ਸੜਕੀ ਹਾਦਸਿਆਂ ਨੂੰ ਰੋਕਣ ਲਈ ਇਹ ਮੁਹਿੰਮ ਆਰੰਭ ਕੀਤੀ ਗਈ ਹੈ ਜਿਹੜੀ ਭਵਿੱਖ ਵਿਚ ਵੀ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਟਰੈਕਟਰ ਟਰਾਲੀਆਂ, ਟਿੱਪਰਾਂ, ਸਾਇਕਲਾਂ, ਤਿੰਨ ਪਹੀਆ ਵਾਹਨਾਂ ਸਮੇਤ ਹੋਰ ਵਾਹਨਾਂ 'ਤੇ ਸੰਘਣੀ ਧੁੰਦ ਵਿਚ ਹਾਦਸਿਆਂ ਤੋਂ ਬਚਾਓ ਲਈ ਰਿਫਲੈਕਟਰ ਲਗਾਏ ਗਏ। ਇਸ ਮੌਕੇ ਜਸਪਾਲ ਸਿੰਘ ਵਿਰਕ ਨੇ ਕਿਹਾ ਕਿ ਅਜਿਹੇ ਕਾਰਜਾਂ ਨਾਲ ਕਿਸੇ ਵੀ ਕੀਮਤੀ ਜਾਨ ਨੂੰ ਹਾਦਸੇ ਤੋਂ ਬਚਾਇਆ ਜਾ ਸਕਦਾ ਹੈ। ਪ੍ਰੈਸ ਕਲੱਬ ਰਾਹੋਂ ਵਲੋਂ ਪ੍ਰਧਾਨ ਬਲਬੀਰ ਸਿੰਘ ਰੂਬੀ ਦੀ ਅਗਵਾਈ ਹੇਠ ਪਤਵੰਤਿਆਂ ਦਾ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਦੇਵ ਰਾਮ ਟਰੈਫਿਕ ਇੰਚਾਰਜ ਰਾਹੋਂ ਆਦਿ ਵੀ ਹਾਜ਼ਰ ਸਨ।

# ਬਸਪਾ ਅੰਬੇਡਕਰ ਤੇ ਕਾਂਸ਼ੀ ਰਾਮ ਦੇ ਮਿਸ਼ਨ ਨੂੰ ਪੂਰਾ ਕਰੇਗੀ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)**

ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਅੱਜ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦਾ ਜਨਮ ਦਿਨ ਜਨ ਕਲਿਆਨ ਦਿਵਸ ਵਜੋਂ ਮਨਾਇਆ ਗਿਆ, ਜਿਸ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਬਸਪਾ ਦੇ ਵਰਕਰਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਪਟਿਆਲਾ ਜ਼ਿਲ੍ਹੇ ਦੇ ਪ੍ਰੋਗਰਾਮ 'ਚ ਡਾ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਸਾਬਕਾ ਮੈਂਬਰ ਪਾਰਲੀਮੈਂਟ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਬਲਦੇਵ ਸਿੰਘ ਮਹਿਰਾ, ਜੋਗਾ ਸਿੰਘ ਪਨੌਧੀਆਂ, ਚੌਧਰੀ ਗੁਰਨਾਮ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਪ੍ਰੋਗਰਾਮ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਟਿੱਬੇ ਨੇ ਕੀਤੀ।ਇਸ ਮੌਕੇ ਡਾ. ਕਰੀਮਪੁਰੀ ਨੇ ਕਿਹਾ ਕਿ ਅੱਜ ਦਾ ਦਿਨ ਬਹੁਜਨ ਸਮਾਜ ਪਾਰਟੀ ਪੂਰੇ ਦੇਸ਼ ਤੇ ਪੂਰੇ ਵਿਸ਼ਵ ਵਿੱਚ ਜਨ ਕਲਿਆਣ ਦਿਵਸ ਵਜੋਂ ਮਨਾ ਰਹੀ ਹੈ ਅਤੇ ਭੈਣਜੀ ਦੇ ਜਨਮ ਦਿਨ 'ਤੇ ਜੋ ਉਹਨਾਂ ਨੇ ਜ਼ਿੰਦਗੀ ਵਿੱਚ ਸੰਘਰਸ਼ ਕੀਤਾ ਅਤੇ ਜੋ ਜੋ ਹੁਣ ਤੱਕ ਸਰਕਾਰ ਬਣਾ ਕੇ ਪ੍ਰਾਪਤੀਆਂ ਕੀਤੀਆਂ, ਬਹੁਜਨਾਂ ਦੇ ਭਲੇ ਲਈ ਫੈਸਲੇ ਲਾਗੂ ਕੀਤੇ, ਉੱਤਰ ਪ੍ਰਦੇਸ਼ ਵਿੱਚ ਬਹੁਜਨਾਂ ਨੂੰ ਜ਼ਮੀਨਾਂ ਵੰਡੀਆਂ ਗਈਆਂ, ਗਰੀਬਾਂ ਨੂੰ, ਬੇਘਰਿਆਂ ਨੂੰ ਘਰ ਬਣਾ ਕੇ ਦਿੱਤੇ ਗਏ, ਬੇਰੁਜ਼ਗਾਰਾਂ ਨੂੰ ਲੱਖਾਂ ਦੀ ਸੰਖਿਆ 'ਚ ਰੁਜ਼ਗਾਰ ਦਿੱਤਾ ਗਿਆ ਅਤੇ ਇਸ ਤੋਂ ਵੀ ਇਲਾਵਾ ਉੱਤਰ ਪ੍ਰਦੇਸ਼ 'ਚ ਅਮਨ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਕੇ ਗੁੰਡਾ ਅਨਸਰਾਂ ਨਾਲ ਸਖਤੀ ਨਾਲ ਨਿਪਟਿਆ ਗਿਆ। ਕਰੀਮਪੁਰੀ ਨੇ ਕਿਹਾ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਬਨਾਰਸ ਦੇ ਵਿਕਾਸ ਲਈ ਮਾਇਆਵਤੀ ਦੀ ਸਰਕਾਰ ਨੇ ਵੱਡੇ ਯਤਨ ਕੀਤੇ, ਭਗਵਾਨ ਬੁੱਧ ਦੀਆਂ ਯਾਦਗਾਰਾਂ ਬਣਾਈਆਂ, ਲਖਨਊ ਦੇ ਵਿੱਚ ਡਾਕਟਰ ਅੰਬੇਡਕਰ ਸਮਾਰਕ ਬਣਾਇਆ, ਸਾਹਿਬ ਕਾਂਸ਼ੀ ਰਾਮ ਦੀ ਯਾਦ ਦੇ ਵਿੱਚ ਮੈਡੀਕਲ ਕਾਲਜ ਬਣਾਇਆ, ਸਮਾਰਕ ਬਣਾਏ ਗਏ, ਪਾਰਕਾਂ ਬਣਾਈਆਂ ਗਈਆਂ। ਕਰੀਮਪੁਰੀ ਨੇ ਕਿਹਾ ਕਿ ਕਾਂਸ਼ੀ ਰਾਮ ਨੇ ਆਪਣੀ ਜ਼ਿੰਦਗੀ 'ਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅੰਦੋਲਨ ਨੂੰ ਜਿੱਥੇ ਮੁੜ ਤੋਂ ਖੜ੍ਹਾ ਕੀਤਾ ਉਥੇ ਉਹਨਾਂ ਨੇ ਆਪਣੇ ਜਿਉਂਦੇ ਜੀ ਆਪਣੇ ਜੀਵਨ 'ਚ ਹੀ ਭੈਣ ਕੁਮਾਰੀ ਮਾਇਆਵਤੀ ਨੂੰ ਆਪਣਾ ਇੱਕਮਾਤਰ ਉਤਰਾਅਧਿਕਾਰੀ ਐਲਾਨਿਆ। ਅੱਜ ਉਹਨਾਂ ਦੀ ਅਗਵਾਈ ਵਿੱਚ ਸਮਾਜਿਕ ਪਰਿਵਰਤਨ ਆਰਥਿਕ ਮੁਕਤੀ ਦਾ ਅੰਦੋਲਨ ਅੱਗੇ ਵਧ ਰਿਹਾ ਹੈ। ਕਰੀਮਪੁਰੀ ਨੇ ਭਾਰਤੀ ਜਨਤਾ ਪਾਰਟੀ ਦੇ ਆਗੂ ਅਮਿਤ ਸ਼ਾਹ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਬਾਰੇ ਪਾਰਲੀਮੈਂਟ 'ਚ ਵਰਤੀ ਅਪਮਾਨਜਨਕ ਸ਼ਬਦਾਵਲੀ ਦੀ ਆਲੋਚਨਾ ਕਰਦਿਆਂ ਬੀ ਜੇ ਪੀ ਦੇ ਦਲਿਤ ਵਿਰੋਧੀ ਚਿਹਰੇ ਨੂੰ ਬੇਨਕਾਬ ਕੀਤਾ। ਇਸ ਮੌਕੇ ਕਰੀਮਪੁਰੀ ਨੇ ਸੱਦਾ ਦਿੱਤਾ ਕਿ ਆਓ ਅੱਜ ਆਪਾਂ ਇਥੋਂ ਸੰਕਲਪ ਲੈ ਕੇ ਜਾਈਏ ਕਿ 2027 ਭੈਣ ਕੁਮਾਰੀ ਮਾਇਆਵਤੀ ਦੀ ਦੇਖ-ਰੇਖ ਡਾ. ਅੰਬੇਡਕਰ ਅਤੇ ਕਾਂਸ਼ੀ ਰਾਮ ਦੇ ਸਪਨਿਆਂ ਦਾ ਪੰਜਾਬ ਬਣੇਗਾ। ਬਲਦੇਵ ਸਿੰਘ ਮਹਿਰਾ ਭੈਣ ਜੀ ਦੇ ਜਨਮ ਦਿਨ 'ਤੇ ਵਧਾਈ ਦਿੱਤੀ ਅਤੇ ਜੋਗਾ ਸਿੰਘ ਪਿਨੌਧੀਆਂ ਨੇ ਆਏ ਹੋਏ ਸਾਰੇ ਲੀਡਰਾਂ ਨੂੰ ਜੀ ਆਇਆਂ ਕਿਹਾ ਅਤੇ ਸੰਗਤਾਂ ਨੂੰ ਮੁਬਾਰਕਬਾਦ ਦਿੱਤੀ। ਮੇਜਰ ਸਿੰਘ ਟਿੱਬੀ ਜ਼ਿਲ੍ਹਾ ਪ੍ਰਧਾਨ ਨੇ ਪ੍ਰਧਾਨਗੀ ਕਰਦੇ ਹੋਏ ਸਾਰੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਜ਼ਿਲ੍ਹੇ ਵਿੱਚ ਆਪਣੇ ਅੰਦੋਲਨ ਨੂੰ ਹੋਰ ਮਜ਼ਬੂਤ ਕਰਨ ਲਈ ਸੰਕਲਪ ਲੈਣ ਦਾ ਸੱਦਾ ਦਿੱਤਾ।



# 26 ਤੋਂ ਬਾਅਦ ਕੀਤੇ ਜਾਣਗੇ ਮੰਤਰੀਆਂ ਦੇ ਘਰਾਂ ਦੇ ਘਿਰਾਓ : ਮਾਸਟਰ ਕੇਡਰ ਯੂਨੀਅਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਦਿੱਤੇ ਗਏ ਐਕਸ਼ਨਾਂ ਦੀ ਲੜੀ ਤਹਿਤ ਸ ਸ ਸ ਸ ਮੁਕੰਦਪੁਰ ਵਿਖੇ ਵਿੱਤ ਮੰਤਰੀ ਵੱਲੋ ਵਿੱਤੀ ਮੰਗਾਂ ਹੱਲ ਨਾ ਕਰਨ ਅਤੇ ਸਿੱਖਿਆ ਮੰਤਰੀ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਨਾ ਪੂਰੀਆਂ ਕਰਨ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਕੇ ਵਿੱਤ ਮੰਤਰੀ ਤੇ ਸਿੱਖਿਆ ਮੰਤਰੀ ਦੇ ਪੁਤਲੇ ਫੂਕੇ ਗਏ। ਸੂਬਾ ਜਨਰਲ ਸਕੱਤਰ ਹਰਮਿੰਦਰ ਸਿੰਘ ਉੱਪਲ ਜਤਿੰਦਰ ਸਿੰਘ ਪਾਬਲਾ ਹਰਮੇਸ਼ ਗੁਰੂ ਬਲਦੀਸ਼ ਲਾਲ ਸਰਬਜੀਤ ਸਿੰਘ ਕੁਲਵਿੰਦਰ ਕਾਹਮਾ ਸੁਖਵਿੰਦਰ ਸਿੰਘ ਕੁਲਵੀਰ ਸਿੰਘ ਗੁਰਵਿੰਦਰ ਸਿੰਘ ਅਰਵਿੰਦ ਕੁਮਾਰ ਗੁਰਪ੍ਰੀਤ ਕੌਰ ਮੈਡਮ ਨੇਹਾ ਰੁਪਿੰਦਰਜੀਤ ਕੌਰ ਮੈਡਮ ਕੁਸਮ ਨਵਜੋਤ ਸ਼ਰਮਾ ਹਰਵਿੰਦਰ ਕੌਰ ਮਾਨ ਮੈਡਮ ਨਵਿਤਾ , ਸਤਨਾਮ ਸਿੰਘ ਹਰਪ੍ਰੀਤ ਸਿੰਘ , ਮੈਡਮ ਨਿਧੀ,ਮੈਡਮ ਨੀਤੂ,ਨਵਦੀਪ ਕੌਰ ਗੁਰਦੀਪ ਸਿੰਘ ਹਰਦੀਪ ਸਿੰਘ ਰਜਿੰਦਰ ਸਿੰਘ ਆਦਿ ਆਗੂਆਂ ਨੇ ਦੱਸਿਆ ਕਿ ਸੂਬੇ ਦੇ ਪਿੰਡਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਮਿਲਦਾ ਪੇਂਡੂ ਭੱਤਾ, ਬਾਰਡਰ ਅਲਾਉਂਸ, ਏਸੀਪੀ ਲੰਮੇ ਸਮੇਂ ਤੋਂ ਬੰਦ ਕੀਤਾ ਹੋਇਆ ਹੈ ਅਤੇ ਪਿਛਲੀ ਸਰਕਾਰ ਵੇਲੇ ਤੋਂ ਹੀ ਅਧਿਆਪਕਾਂ ਦੀ ਤਨਖਾਹ ਕਟੌਤੀ 200 ਰੁਪਏ ਪ੍ਰਤੀ ਮਹੀਨਾ ਉਗਰਾਹਿ ਆ ਜਾ ਰਿਹਾ ਹੈ, 2 59 ਗੁਣਾਂਕ ਦੇਣ ਤੋਂ ਵੀ ਸਰਕਾਰ ਕੰਨੀ ਕਤਰਾ ਰਹੀ ਹੈ, ਪੁਰਾਣੀ ਪੈਨਸ਼ਨ ਬਹਾਲ ਕਰਨ ਵਾਸਤੇ ਵੀ ਟਾਲ ਮਟੋਲ ਦੀ ਨੀਤੀ ਅਪਣਾ ਰਹੀ ਹੈ ਜਿਸ ਨਾਲ ਪੰਜਾਬ ਦੇ ਅਧਿਆਪਕਾਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਸਿੱਖਿਆ ਮੰਤਰੀ ਵੱਲੋਂ ਵੀ ਮੰਨੀਆਂ ਹੋਈਆਂ ਮੰਗਾਂ ਜਿਵੇ ਐਸਐਸਏ/ ਰਮਸਾ ਅਧੀਨ ਕੰਮ ਕਰ ਚੁੱਕੇ ਅਧਿਆਪਕਾਂ ਨੂੰ ਲੈਂਥ ਆਫ ਸਰਵਿਸ ਦੇ ਮੁਤਾਬਕ ਬਣਦੀਆਂ 15 ਅਚਨਚੇਤ ਛੁੱਟੀਆਂ ਦੇਣ ਸਬੰਧੀ ਪੰਜ ਮਹੀਨੇ ਬੀਤ ਜਾਣ ਤੋਂ ਮਗਰੋਂ ਵੀ ਕੋਈ ਵੀ ਪੱਤਰ ਜਾਰੀ ਨਹੀਂ ਕੀਤਾ, ਮਾਸਟਰ ਕੇਡਰ ਤੋਂ ਹੈਡ ਮਾਸਟਰ ਦੀਆਂ ਪ੍ਰਮੋਸ਼ਨਾਂ ਕਾਰਨ ਸਬੰਧੀ ਵੀ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਅਤੇ ਮਿਡਲ ਸਕੂਲਾਂ ਨੂੰ ਬੰਦ ਕਰਨ ਦੀ ਪੌਲਿਸੀ ਲਾਗੂ ਕਰਕੇ ਮਾਸਟਰ ਕੇਡਰ ਦੀਆਂ ਪੋਸਟਾਂ ਦਾ ਉਜਾੜਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ , ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਮਾਸਟਰ ਕੇਡਰ ਯੂਨੀਅਨ ਨੇ ਇਕੱਠੇ ਹੋ ਕੇ ਮੇਨ ਚੌਂਕ ਬਸ ਸਟੈਂਡ ਦੇ ਸਾਹਮਣੇ ਪੰਜਾਬ ਸਰਕਾਰ ਵਿੱਤ ਮੰਤਰੀ ਅਤੇ ਸਿੱਖਿਆ ਮੰਤਰੀ ਦਾ ਪਿੱਟ ਸਿਆਪਾ ਕੀਤਾ ਗਿਆ। ਮਾਸਟਰ ਕੇਡਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇ ਵਿੱਤ ਮੰਤਰੀ ਅਤੇ ਸਿੱਖਿਆ ਮੰਤਰੀ ਮਾਸਟਰ ਕੇਡਰ ਯੂਨੀਅਨ ਦੀਆਂ ਜਾਇਜ਼ ਮੰਗਾਂ ਹੱਲ ਕਰਨ ਵਾਸਤੇ ਕੋਈ ਮੀਟਿੰਗ ਨਹੀਂ ਕਰਦੇ ਤਾਂ ਮਾਸਟਰ ਕੇਡਰ ਯੂਨੀਅਨ 26 ਜਨਵਰੀ ਤੋਂ ਬਾਅਦ ਇਹਨਾਂ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰੇਗੀ।

## ਰਿਆਤ ਬਾਹਰਾ ਸਕੂਲ ਦੇ ਵਿਦਿਆਰਥੀ ਨੇ ਕਾਂਸੀ ਦਾ ਤਗਮਾ ਜਿੱਤਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਛੱਤੀਸਗੜ੍ਹ ਵਿੱਚ ਆਯੋਜਿਤ 68ਵੇਂ ਐਸ ਜੀ ਐਫ ਆਈ ਨੈਸ਼ਨਲ ਸਕੂਲ ਗੇਮਜ਼ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਵੈਭਵ ਓਹਰੀ ਨੇ ਕੁਰਾਸ਼ ਖੇਡ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਖੇਤਰ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਵੈਭਵ ਓਹਰੀ ਨੂੰ ਸਨਮਾਨਤ ਕੀਤਾ। ਚੇਅਰਮੈਨ ਬਾਹਰਾ ਨੇ ਵਿਦਿਆਰਥੀ ਵੈਭਵ, ਉਸ ਦੇ ਮਾਤਾ-ਪਿਤਾ ਅਤੇ ਸਕੂਲ ਦੇ ਖੇਡ ਅਧਿਕਾਰੀਆਂ ਹਰਜੀਤ ਸਿੰਘ, ਜਗਦੀਪ ਸਿੰਘ ਅਤੇ ਲਖਿੰਦਰ ਕੌਰ ਨੂੰ ਵੀ ਵਧਾਈ ਦਿੱਤੀ। ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ, ਰਿਆਤ ਬਾਹਰਾ ਗਰੁੱਪ ਆਪਣੇ ਵਿਦਿਆਰਥੀਆਂ ਨੂੰ ਹਰ ਮੈਦਾਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਉਤਸ਼ਾਹਤ ਕਰਦਾ ਹੈ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਅਤੇ ਸਕੂਲ ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਵੀ ਵੈਭਵ ਦੀ ਸਫਲਤਾ 'ਤੇ ਉਸ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।



## ਚਾਈਨਾ ਡੋਰ ਖਿਲਾਫ਼ ਨਗਰ ਕੌਂਸਲ ਵੱਲੋਂ ਦੁਕਾਨਾਂ 'ਤੇ ਛਾਪੇਮਾਰੀ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**- ਚਾਈਨਾ ਡੋਰ ਤੋਂ ਮੁਕਤ ਕਰਨ ਲਈ ਹਰਜੀਤ ਸਿੰਘ ਜੀਤਾ ਨਗਰ ਕੌਂਸਲ ਪ੍ਰਧਾਨ ਦੇ ਹੁਕਮਾਂ ਅਨੁਸਾਰ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਗੁਰਦੇਵ ਸਿੰਘ ਬਹਿਲੂ ਟੈਕਸ ਇੰਸਪੈਕਟਰ ਅਤੇ ਨਗਰ ਕੌਂਸਲ ਦੀ ਸਮੁੱਚੀ ਟੀਮ ਵੱਲੋਂ ਸਹਿਰ ਦੇ ਕਚਹਿਰੀ ਰੋਡ, ਚੋਈ ਬਾਜਾਰ, ਨਵੀਂ ਆਬਾਦੀ, ਨੇੜੇ ਖਾਲਸਾ ਕਾਲਜ ਤੋਂ ਇਲਾਵਾ ਅਲੱਗ ਅਲੱਗ ਬਾਜਾਰਾਂ ਦੀਆਂ ਦੁਕਾਨਾਂ 'ਤੇ ਛਾਪੇਮਾਰੀ ਕੀਤੀ ਗਈ ਜਿਸ ਵਿੱਚ ਪਤੰਗਾਂ ਅਤੇ ਚਾਈਨਾ ਡੋਰ ਵੇਚਣ ਵਾਲੇ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਗਈ ਕਿ ਜਿਹੜਾ ਚਾਈਨਾ ਡੋਰ ਵੇਚਦਾ ਜਾਂ ਖਰੀਦਦਾ ਫੜਿਆ ਗਿਆ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਪਤੰਗਾਂ ਦੇ ਇਸ ਮੌਸਮ ਵਿੱਚ ਅਕਸਰ ਹੀ ਚਾਈਨਾ ਡੋਰ ਨਾਲ ਵੱਡੇ ਹਾਦਸੇ ਹੋ ਜਾਂਦੇ ਹਨ। ਚਾਈਨਾ ਡੋਰ ਨਾਲ ਲੋਕਾਂ ਦੇ ਹੱਥ ਮੂੰਹ ਅਤੇ ਗਰਦਨ ਨੱਕ ਤੱਕ ਵੱਢੀ ਜਾਂਦੀ ਹੈ। ਦੂਜਾ ਇਸਦਾ ਸਭ ਤੋਂ ਵੱਡਾ ਪ੍ਰਭਾਵ ਪੰਛੀਆਂ 'ਤੇ ਪੈਂਦਾ ਹੈ ਜਿਨ੍ਹਾਂ ਦੇ ਖੰਭ ਕੁਤਰੇ ਜਾਂਦੇ ਹਨ ਅਤੇ ਕਈ ਵਾਰ ਡੋਰ ਵਿੱਚ ਫਸ ਕੇ ਮਰ ਵੀ ਜਾਂਦੇ ਹਨ। ਇਸ ਲਈ ਨਗਰ ਕੌਂਸਲ ਵੱਲੋਂ ਸਖਤੀ ਨਾਲ ਚਾਈਨਾ ਡੋਰ ਵੇਚਣ ਅਤੇ ਖਰੀਦਣ ਵਾਲਿਆਂ ਦੇ ਖਿਲਾਫ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਤਾਂ ਕਿ ਇਸ ਨਾਲ ਆਮ ਜਨਤਾ ਦਾ ਕੋਈ ਨੁਕਸਾਨ ਨਾ ਹੋਵੇ। ਇਸ ਮੌਕੇ ਸ਼ਲਿੰਦਰ ਕੁਮਾਰ ਸੈਂਟੂ, ਪਰਮੇਸ਼ਵਰ ਸੋਨੀ, ਹਰਦੇਵ ਸਿੰਘ ਹਾਜਰ ਸਨ।



# ਸੂਬੇ ਦੇ ਸਾਰੇ ਤਲਾਬਾਂ ਦੀ ਸਫਾਈ ਕਰਵਾਈ ਜਾਵੇ : ਨਾਇਬ ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਦੇ ਸਾਰੇ ਤਲਾਬਾਂ ਦੀ ਸਫਾਈ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਦਾ ਪਾਣੀ ਪਸ਼ੂਆਂ ਦੇ ਪੀਣ ਜਾਂ ਸਿੰਚਾਈ ਆਦਿ ਦੇ ਕੰਮਾਂ ਵਿਚ ਵਰਤੋਂ ਕੀਤਾ ਜਾ ਸਕੇ। ਪੰਚਾਇਤਾਂ ਦੇ ਸਹਿਯੋਗ ਨਾਲ ਪੇਂਡੂਆਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਜਾਵੇ ਕਿ ਉਹ ਤਲਾਬਾਂ ਵਿਚ ਕੂੜਾ ਤੇ ਘਰਾਂ ਤੋਂ ਨਿਕਲਣ ਵਾਲਾ ਗੰਦਾ ਪਾਣੀ ਨਾ ਜਾਣ ਦੇਣ। ਮੁੱਖ ਮੰਤਰੀ ਵੀਰਵਰ ਨੂੰ ਦੇਰ ਸ਼ਾਮ ਚੰਡੀਗੜ੍ਹ ਵਿਚ ਦ ਹਰਿਆਣਾ ਪੌਂਡ ਐਂਡ ਵੇਸਟ ਵਾਟਰ ਮੈਨੇਜਮੈਂਟ ਅਥਾਰਿਟੀ ਦੇ ਕੰਮਾਂ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।ਇਸ ਮੌਕੇ 'ਤੇ ਅਥਾਰਿਟੀ ਤੋਂ ਇਲਾਵਾ ਵਿਕਾਸ ਤੇ ਪੰਚਾਇਤ ਵਿਭਾਗ, ਸਿੰਚਾਈ ਵਿਭਾਗ, ਵਣ ਵਿਭਾਗ, ਸਥਾਨਕ ਸਰਕਾਰ ਵਿਭਾਗ, ਮੱਛੀ ਪਾਲਣ ਵਿਭਾਗ, ਲੋਕ ਨਿਰਮਾਣ ਵਿਭਾਗ, ਭਾਰਤੀ ਕੌਮੀ ਰਾਜ ਮਾਰਗ ਅਥਾਰਿਟੀ ਸਮੇਤ ਕਈ ਵਿਭਾਗਾਂ ਦੇ ਉੱਚ ਅਧਿਕਾਰੀ ਹਾਜ਼ਰ ਸਨ।ਮੁੱਖ ਮੰਤਰੀ ਨੇ ਡਿੱਗਦੇ ਭੂ-ਜਲ ਪੱਧਰ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਪਹਿਲੇ ਪੜਾਅ ਵਿਚ 500 ਪਿੰਡਾਂ ਦੇ ਭੂ-ਪਾਣੀ ਨੂੰ ਰਿਚਾਰਜ ਕਰਨ ਦਾ ਟੀਚਾ ਤੈਅ ਕਰਨ ਅਤੇ ਇਸ ਕੰਮ ਨੂੰ ਨਿਰਧਾਰਿਤ ਸਮੇਂ ਵਿਚ ਪੂਰਾ ਕਰਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਭੂ-ਜਲ ਪੱਧਰ ਦੇ ਹੇਠਾਂ ਜਾਣ 'ਤੇ ਚਿੰਤਾ ਪ੍ਰਗਟਾਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਭੂ-ਜਲ ਦਾ ਘੱਟ ਹੋਣਾ ਦੇਸ਼ ਲਈ ਸੱਭ ਤੋਂ ਵੱਡੀ ਚੁਣੌਤੀ ਹੈ ਅਤੇ ਇਸ ਚੁਣੌਤੀ ਨਾਲ ਨਿੱਜਠਣ ਲਈ ਅਸੀਂ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਉਨ੍ਹਾਂ ਨੇ ਲੋਕਾਂ ਨੂੰ ਪਾਣੀ ਪ੍ਰਦੂਸ਼ਣ ਦਾ ਮੁਕਾਬਲਾ ਕਰਨ ਦੀ ਅਪੀਲ ਵੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਵੀ ਪ੍ਰਧਾਨ ਮੰਤਰੀ ਦੀ ਸੋਚ ਅਨੁਸਾਰ ਕੰਮ ਕਰਦੇ ਹੋਏ ਡਾਰਕ ਜੋਨ ਵਿਚ ਵੱਧ ਤੋਂ ਵੱਧ ਪੌਂਡ (ਤਲਾਬ) ਬਣਾਏ ਚਾਹੀਦੇ ਹਨ ਤਾਂ ਜੋ ਵਰਖ਼ਾ ਦੇ ਦਿਨਾਂ ਵਿਚ ਪਾਣੀ ਨੂੰ ਇੱਕਠਾ ਕੀਤਾ ਜਾ ਸਕੇ। ਇਸ ਨਾਲ ਜਿੱਥੇ ਭੂ-ਜਲ ਪੱਧਰ ਵਿਚ ਸੁਧਾਰ ਹੋਵੇਗਾ, ਉੱਥੇ ਇਸ ਪਾਣੀ ਦਾ ਵਰਖ਼ਾ ਤੋਂ ਬਾਅਦ ਹੋਰ ਕੰਮਾਂ ਵਿਚ ਵਰਤੋਂ ਹੋ ਸਕੇਗੀ।

# 13 ਕੈਡਿਟਾਂ ਦੀ ਐੱਨ ਡੀ ਏ ਤੇ ਹੋਰ ਰੱਖਿਆ ਅਕੈਡਮੀਆਂ 'ਚ ਹੋਈ ਚੋਣ : ਅਮਨ ਅਰੋੜਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ ਆਰ ਐਸ ਏ ਐਫ ਪੀ ਆਈ), ਐਸ ਏ ਐਸ ਨਗਰ (ਮੁਹਾਲੀ) ਦੇ 13 ਕੈਡਿਟਾਂ ਦੀ ਪਿਛਲੇ ਦੋ ਮਹੀਨਿਆਂ ਵਿੱਚ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਹੋਰ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਚੋਣ ਹੋਣ ਨਾਲ ਇੱਕ ਨਵਾਂ ਮੀਲ ਪੱਥਰ ਸਥਾਪਤ ਹੋਇਆ ਹੈ।ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਸੰਸਥਾ ਦੇ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਚੁਣੇ ਜਾਣ ਵਾਲੇ ਕੈਡਿਟਾਂ ਦੀ ਗਿਣਤੀ 66 ਤੱਕ ਪਹੁੰਚ ਗਈ ਹੈ।ਉਨ੍ਹਾਂ ਦੱਸਿਆ ਕਿ ਅੱਠ ਕੈਡਿਟ ਅਰਮਾਨਪ੍ਰੀਤ ਸਿੰਘ, ਕੇਸ਼ਵ ਸਿੰਗਲਾ, ਸੂਰਯਾਵਰਧਨ ਸਿੰਘ, ਫਤਹਿਵੀਰ ਸਿੰਘ, ਸੂਰਯਾਂਸ਼ ਠਾਕੁਰ, ਭਵਤੇਵੀਰ ਸਿੰਘ, ਰਾਘਵ ਸ਼ਰਮਾ ਅਤੇ ਸਾਹਿਲ ਸ਼ਰਮਾ ਐਨ.ਡੀ.ਏ.-153 ਕੋਰਸ ਲਈ ਐਨ.ਡੀ.ਏ., ਖੜਕਵਾਸਲਾ (ਪੁਣੇ) ਵਿੱਚ ਸ਼ਾਮਲ ਹੋਏ ਹਨ। ਇਸੇ ਤਰ੍ਹਾਂ ਅਨੀਕੇਤ ਸ਼ਰਮਾ ਮੱਧ ਪ੍ਰਦੇਸ਼ ਦੇ ਮਹੂ ਵਿਖੇ ਕੈਡਿਟਸ ਟ੍ਰੇਨਿੰਗ ਵਿੰਗ (ਸੀ.ਟੀ.ਡਬਲਿਊ) ਵਿੱਚ ਸ਼ਾਮਲ ਹੋਇਆ, ਜਦਕਿ ਮਾਨਸ ਤਨੇਜਾ ਟੈਕਨੀਕਲ ਐਂਟਰੀ ਸਕੀਮ (ਟੀ.ਈ.ਐਸ.)-52 ਕੋਰਸ ਲਈ ਤੇਲੰਗਾਨਾ ਦੇ ਸਿਕੰਦਰਾਬਾਦ ਵਿੱਚ ਸੀ ਟੀ ਡਬਲਿਊ ਵਿੱਚ ਸ਼ਾਮਲ ਹੋਇਆ। ਉਨ੍ਹਾਂ ਅੱਗੇ ਦੱਸਿਆ ਕਿ ਵਾਸੂ ਮਹਿਤਾ 217 ਏ.ਐਫ.ਏ. ਕੋਰਸ ਲਈ ਏਅਰ ਫੋਰਸ ਅਕੈਡਮੀ (ਏ ਐਫ ਏ), ਡੁੰਡੀਗਲ ਵਿੱਚ ਸ਼ਾਮਲ ਹੋਇਆ। ਜਸਕਰਨ ਸਿੰਘ (ਐਮ ਆਰ ਐਸ ਏ ਐਫ ਪੀ ਆਈ ਦਾ ਸੀ ਟੀ ਡਬਲਯੂ) ਏ ਐਫ ਏ ਦੇ 217 ਕੋਰਸ ਵਿੱਚ ਸ਼ਾਮਲ ਹੋਇਆ, ਜਦਕਿ ਪ੍ਰਸ਼ਾਂਤ ਕੁਮਾਰ ਐਮ ਆਰ ਐਸ ਏ ਐਫ ਪੀ ਆਈ ਦਾ ਸੀ ਟੀ ਡਬਲਯੂ) ਰੀਮਾਊਂਟ ਵੈਟਰਨਰੀ ਕੋਰ ਸੈਂਟਰ ਐਂਡ ਕਾਲਜ, ਮੇਰਠ ਵਿੱਚ 92 ਆਰ.ਵੀ.ਵਾਈ.ਓ. (ਰੀਮਾਊਂਟ ਵੈਟਰਨਰੀ ਯੰਗ ਅਫਸਰ) ਕੋਰਸ ਵਿੱਚ ਸ਼ਾਮਲ ਹੋਇਆ।

## ਤਹਿਸੀਲਦਾਰ ਨੇ ਗਣਤੰਤਰ ਦਿਵਸ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਭਲਾਣ (ਹਰਭਜਨ ਢਿੱਲੋਂ)**—ਸੰਦੀਪ ਕੁਮਾਰ ਤਹਿਸੀਲਦਾਰ ਨੰਗਲ ਨੇ ਗਣਤੰਤਰ ਦਿਵਸ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਰਵਿਊ ਮੀਟਿੰਗ ਕੀਤੀ। ਉਨ੍ਹਾਂ 26 ਜਨਵਰੀ ਨੂੰ ਕੀਤੇ ਜਾਣ ਵਾਲੇ ਪ੍ਰਬੰਧਾਂ ਲਈ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਉਹਨਾਂ ਦੱਸਿਆ ਕਿ ਇਸ ਵਾਰ ਇਸ ਪ੍ਰੋਗਰਾਮ ਨੂੰ ਹੋਰ ਵਧੇਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸਮਾਰੋਹ ਦੀਆਂ ਵਿਸ਼ੇਸ਼ ਗਤੀਵਿਧੀਆਂ ਲਈ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਦੇ ਵਿਦਿਆਰਥੀ ਆਪਣੇ ਸਕੂਲ ਇੰਚਾਰਜਾਂ ਨਾਲ ਸਮਾਰੋਹ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਰਿਹਸਲ ਕਰ ਰਹੇ ਹਨ।ਉਨ੍ਹਾਂ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਰੋਹ ਮੌਕੇ ਅਧਿਕਾਰੀ/ਕਰਮਚਾਰੀ ਜ਼ਿੰਮੇਵਾਰੀ ਨਾਲ ਕੰਮ ਕਰਨ, ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਅਤੇ ਸਮਾਰੋਹ ਦੌਰਾਨ ਡਿਊਟੀ ਤੋਂ ਗੈਰ ਹਾਜ਼ਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਮੌਕੇ ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ, ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ, ਪ੍ਰਿੰਸੀਪਲ ਪਰਮਿੰਦਰ ਕੌਰ ਦੂਆ, ਸੁਧੀਰ ਸ਼ਰਮਾ ਸੁਪਰਡੈਂਟ, ਮੁਕੇਸ਼ ਕੁਮਾਰ, ਮੋਨਿਕਾ, ਸੁਗਨ ਚੰਦ, ਕੁਲਵਿੰਦਰ ਸਿੰਘ, ਮੁਕੇਸ਼ ਸ਼ਰਮਾ, ਬਲਵੀਰ ਸਿੰਘ ਤੇ ਵੱਖ-ਵੱਖ ਸਕੂਲਾਂ ਦੇ ਅਧਿਆਪਕ ਹਾਜ਼ਰ ਸਨ।

## 100 ਦਿਨਾਂ ਟੀ ਬੀ ਮੁਕਤ ਅਭਿਆਨ ਸਿਖਰਾਂ 'ਤੇ : ਸੰਜੀਵ ਧਰਵਾਲ

**ਬੁੱਲ੍ਹੋਵਾਲ, (ਵਿਰਦੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਅਤੇ ਜ਼ਿਲ੍ਹਾ ਟੀ ਬੀ ਅਫ਼ਸਰ ਡਾ. ਸ਼ਕਤੀ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਦੇਵ ਸਿੰਘ ਦੀ ਯੋਗ ਅਗਵਾਈ ਹੇਠਾਂ 100 ਦਿਨਾ ਟੀ ਬੀ ਮੁਕਤ ਅਭਿਮਾਨ ਤਹਿਤ ਅੱਜ ਡਾ. ਸ਼ਕਤੀ ਸ਼ਰਮਾ ਦੁਆਰਾ ਜ਼ਿਲ੍ਹੇ 'ਚ ਚੱਲ ਰਹੀ ਮੁਹਿੰਮ ਦਾ ਪਿੰਡ ਚੰਡਿਆਲ ਬਾਲਾਕ ਚੱਕੋਵਾਲ ਦਾ ਦੌਰਾ ਕੀਤਾ। ਜਿਸ ਵਿੱਚ ਉਹਨਾਂ ਪਿੰਡ ਦੇ ਲੋਕਾਂ ਨੂੰ ਦੱਸਿਆ ਕਿ ਇਹ ਮੁਹਿੰਮ 24 ਮਾਰਚ 2025 ਤੱਕ ਚੱਲੇਗੀ ਜਿਸ ਵਿੱਚ 3 ਸਾਲ ਅਤੇ 5 ਸਾਲ ਪੁਰਾਣੇ ਟੀ ਬੀ ਦੇ ਮਰੀਜ਼ਾਂ ਦਾ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੀ ਟੀ ਬੀ ਦੀ ਜਾਂਚ ਮੁਫ਼ਤ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੁਹਿੰਮ ਵਿੱਚ 60 ਤੋਂ ਉੱਪਰ, ਸ਼ੂਗਰ ਵਾਲੇ ਲੋਕਾਂ ਦਾ ਵੀ ਛਾਤੀ ਦਾ ਐਕਸਰੇ, ਬਲਗਮ ਦੀ ਜਾਂਚ ਵੀ ਮੁਫ਼ਤ ਕੀਤੀ ਜਾਵੇਗੀ। ਇਸ ਮੌਕੇ ਉਹਨਾਂ ਦੇ ਨਾਲ ਟੀ ਬੀ ਐਚ ਵੀ ਸੰਜੀਵ ਧਰਵਾਲ, ਐਮ ਪੀ ਐਚ ਡਬਲਯੂ (ਮੇਲ) ਕੁਲਵੰਤ ਸਿੰਘ, ਸੀ ਐਚ ਓ ਹਰਦੀਪ ਕੌਰ, ਆਸ਼ਾ ਵਰਕਰ ਰੰਜੀਨ ਕੁਮਾਰੀ ਆਦਿ ਮੌਜੂਦ ਸਨ।



# ਖੁੱਡੀਆਂ ਨੇ ਸਨੇਟਾ ਵਿਖੇ ਦਾਣਾ ਮੰਡੀ ਦੇ ਨਵੇਂ ਸਬ-ਯਾਰਡ ਦਾ ਰੱਖਿਆ ਨੀਂਹ ਪੱਥਰ

**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਦੇ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗਾਂ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮੋਹਾਲੀ ਦੇ ਪਿੰਡ ਸਨੇਟਾ ਵਿਖੇ 5 ਏਕੜ ਰਕਬੇ ਵਿੱਚ ਬਣਨ ਵਾਲੀ ਦਾਣਾ ਮੰਡੀ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਹ ਮੰਡੀ ਢਾਈ ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ, ਜਿਸ ਨੂੰ 6 ਮਹੀਨੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ।ਨੀਂਹ ਪੱਥਰ ਰੱਖਣ ਤੋਂ ਬਾਅਦ ਇਲਾਕੇ ਦੇ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਖੁੱਡੀਆਂ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਇਸ ਮੰਡੀ ਦੀ ਉਸਾਰੀ ਨੂੰ ਪ੍ਰਵਾਨਗੀ ਦੇ ਕੇ ਇਲਾਕੇ ਦੇ 20 ਤੋਂ ਵਧੇਰੇ ਪਿੰਡਾਂ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਸਨੇਟਾ ਦੇ ਵਿੱਚ ਮੰਡੀ ਦਾ ਫੜ੍ਹ ਨਾ ਹੋਣ ਕਾਰਨ ਸੜਕਾਂ ਦੇ ਕਿਨਾਰੇ ਫ਼ਸਲ ਵੇਚਣ ਲਈ ਢੇਰੀ ਕੀਤੀ ਜਾਂਦੀ ਸੀ।ਜਦੋਂ ਉਨ੍ਹਾਂ ਦੇ ਧਿਆਨ ਵਿੱਚ ਐੱਮ ਐਲ ਏ ਕੁਲਵੰਤ ਸਿੰਘ ਵੱਲੋਂ ਇਹ ਮਾਮਲਾ ਲਿਆਂਦਾ ਗਿਆ ਤਾਂ ਉਨ੍ਹਾਂ ਵੱਲੋਂ ਤੁਰੰਤ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਸਨੇਟਾ ਦੀ ਮੰਡੀ ਬਣਾਉਣ 'ਚ ਆ ਰਹੀਆਂ ਸਾਰੀਆਂ ਅੜਚਣਾਂ ਨੂੰ ਦੂਰ ਕਰਦੇ ਹੋਏ ਇਸ ਨੂੰ ਤੁਰੰਤ ਸ਼ੁਰੂ ਕਰਵਾਇਆ ਜਾਵੇ। ਕੈਬਿਨਟ ਮੰਤਰੀ ਖੁੱਡੀਆਂ ਨੇ ਕਿਹਾ ਕਿ ਇਲਾਕੇ ਦੀ ਵੱਡੀ ਮੰਗ ਪੂਰੀ ਹੋਈ ਹੈ। ਉਨ੍ਹਾਂ ਸਾਲ 2011 'ਚ ਸਨੇਟਾ ਪਿੰਡ ਦੀ ਪੰਚਾਇਤ ਦੀ ਜ਼ਮੀਨ ਕਲੈਕਟਰ ਰੇਟ 'ਤੇ ਦੇਣ ਲਈ ਦਿਖਾਈ ਫਰਾਖਦਿਲੀ ਲਈ ਪੰਚਾਇਤ ਨੂੰ ਵਧਾਈ ਦਿੱਤੀ। ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਸਕੱਤਰ ਰਾਮਵੀਰ, ਏ ਡੀ ਸੀ (ਡੀ) ਸੋਨਮ ਚੌਧਰੀ, ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਦੀਪਾਂਕਰ ਗਰਗ, ਆਪ ਪੰਜਾਬ ਦੇ ਬੁਲਾਰੇ ਹਰਸੁਖਇੰਦਰ ਸਿੰਘ ਬੱਬੀ ਬਾਦਲ, ਕੌਂਸਲਰ ਸਰਬਜੀਤ ਸਿੰਘ ਸਮਾਣਾ, ਮੰਡੀ ਬੋਰਡ ਦੇ ਇੰਜੀਨੀਅਰ ਇਨ ਚੀਫ਼ ਜਤਿੰਦਰ ਸਿੰਘ ਭੰਗੂ ਮੁੱਖ ਇੰਜੀਨੀਅਰ ਮੰਡੀ ਬੋਰਡ ਗੁਰਿੰਦਰ ਸਿੰਘ ਚੀਮਾ, ਕਾਰਜਕਾਰੀ ਇੰਜੀਨੀਅਰ ਸੁਖਵਿੰਦਰ ਸਿੰਘ, ਜੀ ਐਮ ਮੰਡੀ ਬੋਰਡ ਮਨਜੀਤ ਸਿੰਘ ਸੰਧੂ, ਜ਼ਿਲ੍ਹਾ ਮੰਡੀ ਅਫ਼ਸਰ ਗਗਨਦੀਪ ਸਿੰਘ, ਖੇਤੀਬਾੜੀ ਮੰਤਰੀ ਦੇ ਪੀ ਏ ਸੁਰਿੰਦਰ ਸਿੰਘ ਅਤੇ ਸਰਪੰਚ ਗੁਰਦੇਵ ਸਿੰਘ, ਸਾਬਕਾ ਸਰਪੰਚ ਭਗਤ ਰਾਮ ਤੇ ਸੰਜੀਵ ਕੁਮਾਰ ਅਤੇ ਸਮੂਹ ਪੰਚਾਇਤ ਸਨੇਟਾ ਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਮੌਜੂਦ ਸਨ।



## ਲੋਹੜੀ ਸਮਾਗਮ 'ਚ 31 ਨਵਜੰਮੀਆਂ ਧੀਆਂ ਨੂੰ ਦਿੱਤੇ ਤੋਹਫੇ



**ਡੇਰਾਬਸੀ, (ਵਿਨੈ ਕੁਮਾਰ ਜੈਨ)**-ਬਾਲ ਵਿਕਾਸ ਪ੍ਰੋਜੈਕਟ ਅਫਸਰ ਡੇਰਾਬੱਸੀ ਵੱਲੋਂ ਦਫਤਰ ਵਿਖੇ ਨਵਜੰਮੀਆਂ ਬੱਚੀਆਂ ਨੂੰ ਪਹਿਲੀ ਲੋਹੜੀ ਮੌਕੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਦੀ ਦੇਖ-ਰੇਖ ਹੇਠ ਹੋਏ ਸਮਾਗਮ 'ਚ ਸੀ.ਡੀ.ਪੀ.ਓ ਡੇਰਾਬੱਸੀ ਸੁਮਨ ਬਾਲਾ ਨੇ ਸ਼ਿਰਕਤ ਕੀਤੀ। ਸੀ.ਡੀ.ਪੀ.ਓ ਨੇ ਬੱਚੀਆਂ ਦੀਆਂ ਮਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਧੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਧੀਆਂ ਦੀ ਲੋਹੜੀ ਪੁੱਤਰਾਂ ਵਾਂਗ ਮਨਾਉਣੀ ਚਾਹੀਦੀ ਹੈ। ਬਾਲ ਵਿਕਾਸ ਪ੍ਰਾਜੈਕਟ ਅਫਸਰ ਡੇਰਾਬੱਸੀ ਸੁਮਨ ਬਾਲਾ ਵੱਲੋਂ 31 ਛੋਟੀਆਂ ਬੱਚੀਆਂ ਦੇ ਮਾਪਿਆਂ ਨੂੰ ਕੰਬਲ, ਬੇਬੀ ਕਿੱਟਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਸੁਪਰਵਾਈਜ਼ਰ ਸੰਜੀਵਾ, ਹਰਸਿਮਰਨਪ੍ਰੀਤ ਕੌਰ, ਮੁੱਖਪਾਲ ਕੌਰ, ਭੁਪਿੰਦਰ ਕੌਰ, ਬਲਾਕ ਕੁਆਰਡੀਨੇਟਰ ਆਸ਼ਿਮਾ, ਕਲਰਕ, ਆਂਗਣਵਾੜੀ ਵਰਕਰ, ਬੱਚਿਆਂ ਦੀਆਂ ਮਾਵਾਂ ਤੇ ਹੋਰ ਲੋਕ ਮੌਜੂਦ ਸਨ।

## 100 ਦਿਨਾਂ ਦੀ ਟੀ.ਬੀ. ਮੁਹਿੰਮ ਨੂੰ ਸਫ਼ਲ ਬਣਾਉਣ ਲਈ ਉਪਰਾਲੇ ਹੋਰ ਤੇਜ਼ ਕੀਤੇ ਜਾਣ : ਸਿਵਲ ਸਰਜਨ

**ਜਲੰਧਰ (ਸ਼ੈਲੀ ਐਲਬਰਟ)**- ਟੀ.ਬੀ. ਮੁਕਤ ਭਾਰਤ ਅਭਿਆਨ ਦੇ ਮੱਦੇਨਜ਼ਰ ਸਿਵਲ ਸਰਜਨ ਡਾ. ਗੁਰਮੀਤ ਲਾਲ ਦੀ ਅਗਵਾਈ ਹੇਠ 100 ਦਿਨਾਂ ਦੀ ਟੀ.ਬੀ. ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਉਪਰਾਲੇ ਹੋਰ ਤੇਜ਼ ਕਰ ਦਿੱਤੇ ਗਏ ਹਨ। ਸਿਵਲ ਸਰਜਨ ਨੇ ਦੱਸਿਆ ਗਿਆ ਕਿ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਟੀ.ਬੀ. ਦੇ ਐਕਟਿਵ ਕੇਸ ਫਾਈਂਡਿੰਗ (ਏ.ਸੀ.ਐਫ.) ਪ੍ਰੋਜੈਕਟ ਤਹਿਤ ਟੀ.ਬੀ. ਰੋਗੀਆਂ ਦੀ ਖੋਜ, ਮੌਤ ਦਰ ਵਿੱਚ ਕਮੀ ਲਿਆਉਣ ਅਤੇ ਟੀ.ਬੀ. ਦੀ ਰੋਕਥਾਮ ਲਈ ਸੰਵੇਦਨਸ਼ੀਲ ਖੇਤਰਾਂ ਵਿੱਚ ਕੈਂਪ ਲਗਾ ਕੇ ਟੀ.ਬੀ. ਦੇ ਮਰੀਜਾਂ ਦੀ ਸਕ੍ਰੀਨਿੰਗ ਕੀਤੀ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਟੀ.ਬੀ. ਦੀ ਰੋਕਥਾਮ ਸੰਬੰਧੀ ਗਤੀਵਿਧੀਆਂ ਨੂੰ ਹੋਰ ਤੇਜ਼ ਕੀਤਾ ਗਿਆ ਹੈ।ਸਿਵਲ ਸਰਜਨ ਵੱਲੋਂ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਅਫ਼ਸਰਾਂ ਨਾਲ ਵੀ.ਸੀ. ਕੀਤੀ ਗਈ ਅਤੇ ਉਨ੍ਹਾਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ । ਉਨ੍ਹਾਂ ਨੇ ਹਦਾਇਤ ਕੀਤੀ ਕਿ ਮੁਹਿੰਮ ਖਤਮ ਹੋਣ ਤੱਕ ਸਾਰੇ ਸਕ੍ਰੀਨ ਕੀਤੇ ਮਰੀਜਾਂ ਦੇ 100 ਫੀਸਦ ਟੈਸਟ ਅਤੇ ਐਕਸ-ਰੇ ਕਰਨਾ ਯਕੀਨੀ ਬਣਾਇਆ ਜਾਵੇ ।ਇਸ 100 ਦਿਨਾਂ ਦੀ ਟੀ.ਬੀ. ਮੁਹਿੰਮ ਦੌਰਾਨ ਜ਼ਿਲ੍ਹੇ ਵਿੱਚ ਸਲੱਮ ਏਰੀਆ, ਇੰਡਸਟ੍ਰੀਅਲ ਏਰੀਆ, ਹਾਈ ਰਿਸਕ ਖੇਤਰ ਕਵਰ ਕੀਤੇ ਜਾ ਰਹੇ ਹਨ ਅਤੇ ਟੀ.ਬੀ. ਦੇ ਮਰੀਜਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਟੀ.ਬੀ. ਦੀ ਮੁਫ਼ਤ ਜਾਂਚ ਅਤੇ ਇਲਾਜ ਦੀ ਸੁਵਿਧਾ ਦਿੱਤੀ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਟੀ.ਬੀ. ਦੀ ਬਿਮਾਰੀ ਦੀ ਮੁਫ਼ਤ ਜਾਂਚ ਅਤੇ ਇਲਾਜ ਟੀ.ਬੀ. ਕੰਟਰੋਲ ਪ੍ਰੋਗਰਾਮ ਤਹਿਤ ਕੀਤਾ ਜਾਂਦਾ ਹੈ ।

## ਪੁਲਸ ਨੇ ਵਾਹਨਾਂ 'ਤੇ ਰਿਫਲੈਕਟਰ ਲਗਾਏ

**ਨਵਾਂਸ਼ਹਿਰ, (ਮਨੋਜ ਲਾਡੀ)**-ਹਨੇਰੀਆਂ ਰਾਤਾਂ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਵਾਹਨਾਂ ਨੂੰ ਸੜਕ ਹਾਦਸਿਆਂ ਤੋਂ ਬਚਾਉਣ ਲਈ ਜ਼ਿਲ੍ਹਾ ਪੁਲਸ ਵੱਲੋਂ ਪ੍ਰਵਾਸੀ ਭਾਰਤੀ ਜਸਪਾਲ ਸਿੰਘ ਵਿਰਕ ਯੂ. ਐਸ. ਏ ਸਰਪੰਚ ਬੀਰੋਵਾਲ ਦੇ ਸਹਿਯੋਗ ਨਾਲ ਉਨ੍ਹਾਂ ਦੇ ਮਰਹੂਮ ਭਰਾ ਸਵ: ਇਕਬਾਲ ਸਿੰਘ ਸਾਬਕਾ ਸਰਪੰਚ ਦੀ ਯਾਦ ਵਿਚ ਲੰਗੜੋਆ ਬਾਈਪਾਸ 'ਤੇ ਡੀ.ਐਸ.ਪੀ ਲਖਵੀਰ ਸਿੰਘ ਅਤੇ ਟ੍ਰੈਫਿਕ ਇੰਚਾਰਜ ਸੁਭਾਸ਼ ਚੌਧਰੀ ਦੀ ਅਗਵਾਈ ਹੇਠਾਂ 200 ਦੇ ਕਰੀਬ ਵਾਹਨਾਂ ਦੇ ਅੱਗੇ ਅਤੇ ਪਿੱਛੇ ਰਿਫਲੈਕਟਰ ਲਗਾਏ ਗਏ। ਡੀ.ਐਸ.ਪੀ ਨੇ ਕਿਹਾ ਕਿ ਧੁੰਦ ਦੇ ਮੌਸਮ ਦੇ ਮੱਦੇਨਜ਼ਰ ਸੜਕੀ ਹਾਦਸਿਆਂ ਨੂੰ ਰੋਕਣ ਲਈ ਇਹ ਮੁਹਿੰਮ ਆਰੰਭ ਕੀਤੀ ਗਈ ਹੈ, ਜਿਹੜੀ ਭਵਿੱਖ ਵਿਚ ਵੀ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਅੱਜ ਟਰੈਕਟਰ-ਟਰਾਲੀਆਂ, ਟਿੱਪਰਾਂ, ਸਾਈਕਲਾਂ, ਤਿੰਨ ਪਹੀਆ ਵਾਹਨਾਂ ਸਮੇਤ ਹੋਰ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ। ਜਸਪਾਲ ਸਿੰਘ ਵਿਰਕ ਨੇ ਕਿਹਾ ਕਿ ਅਜਿਹੇ ਕਾਰਜਾਂ ਨਾਲ ਕਿਸੇ ਵੀ ਕੀਮਤੀ ਜਾਨ ਨੂੰ ਹਾਦਸੇ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਵੀ ਅਜਿਹੇ ਸਮਾਜ ਸੇਵੀ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹਿਣਗੇ। ਇਸ ਮੌਕੇ ਦਿਲਾਵਰ ਸਿੰਘ, ਰਵਿੰਦਰ ਕੌਰ, ਅਮਰਜੀਤ ਸਿੰਘ, ਨੀਰਜ ਕੁਮਾਰ, ਹਰਭਜਨ ਸਿੰਘ ਆਦਿ ਵੀ ਹਾਜਰ ਸਨ।



## ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ ਤੇ ਹੋਰ ਕੁਲੈਕਸ਼ਨ ਸ਼ੁਰੂ : ਡਾ.ਅਮਨਦੀਪ ਕੌਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਦਫ਼ਤਰ ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ, ਵਾਟਰ ਸਪਲਾਈ ਤੇ ਸੀਵਰੇਜ ਦੇ ਬਿੱਲਾਂ, ਟਰੇਡ ਲਾਇਸੈਂਸ ਅਤੇ ਰੈਂਟ/ਤਹਿਬਜ਼ਾਰੀ ਦੀ ਕੁਲੈਕਸ਼ਨ ਸ਼ੁਰੂ ਹੋ ਗਈ ਹੈ। ਇਸ ਕੰਮ ਲਈ ਨਗਰ ਨਿਗਮ ਦਫ਼ਤਰ ਵਿਖੇ ਕਾਊਂਟਰ ਸਥਾਪਿਤ ਕੀਤੇ ਗਏ ਹਨ ਜਿਥੇ ਕਿ ਪਬਲਿਕ ਕੰਮਕਾਜ ਵਾਲੇ ਦਿਨ ਆ ਕੇ ਆਪਣੇ ਬਿੱਲਾਂ ਦੀ ਅਦਾਇਗੀ ਕਰ ਕਰ ਸਕਦੀ ਹੈ। ਉਨ੍ਹਾਂ ਦੱਸਿਆਂ ਕਿ ਪਬਲਿਕ ਦੀ ਸਹੂਲਤ ਲਈ 18 ਜਨਵਰੀ ਨੂੰ ਵੀ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 1:30 ਵਜੇ ਤੱਕ ਕਾਊਂਟਰ ਖੁੱਲ੍ਹੇ ਰਹਿਣਗੇ ਜਿਥੇ ਕਿ ਪਬਲਿਕ ਆਪਣਾ ਕੈਸ਼ ਜਮ੍ਹਾਂ ਕਰਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪਬਲਿਕ ਵਲੋਂ ਕਾਊਂਟਰ 'ਤੇ ਆਪਣਾ ਟੈਕਸ, ਟਰੇਡ ਲਾਇਸੈਂਸ ਅਤੇ ਪਾਣੀ ਅਤੇ ਸੀਵਰੇਜ ਦੇ ਬਿੱਲ ਜਮ੍ਹਾਂ ਕਰਵਾਉਣ ਸਮੇਂ ਘਰ ਦੇ ਬਾਹਰ ਲੱਗੀ ਯੂ. ਆਈ.ਡੀ ਨੰਬਰ ਪਲੇਟ ਦਾ ਵੇਰਵਾ ਵੀ ਲਾਜ਼ਮੀ ਤੌਰ 'ਤੇ ਰਜਿਸਟਰਡ ਕਰਵਾਉਣ।

# ਬਾਲ ਅਵਸਥਾ ਦੀਆਂ ਬਿਮਾਰੀਆਂ ਦੇ ਏਕੀਕ੍ਰਿਤ ਪ੍ਰਬੰਧਨ ਦੀ ਟ੍ਰੇਨਿੰਗ ਸਮਾਪਤ

**ਨਵਾਂਸ਼ਹਿਰ, (ਮਨੋਜ ਲਾਡੀ)**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਨਵਜੰਮੇ ਬੱਚਿਆਂ ਅਤੇ ਬਾਲ ਅਵਸਥਾ ਦੀਆਂ ਬਿਮਾਰੀਆਂ ਦੇ ਏਕੀਕ੍ਰਿਤ ਪ੍ਰਬੰਧਨ (ਆਈ.ਐੱਮ.ਐੱਨ.ਸੀ.ਆਈ.) ਦੀ ਪੰਜ ਰੋਜ਼ਾ ਟ੍ਰੇਨਿੰਗ ਸਫਲਤਾਪੂਰਵਕ ਸਮਾਪਤ ਹੋ ਗਈ ਹੈ। ਇਸ ਟ੍ਰੇਨਿੰਗ ਵਿਚ ਵੱਖ-ਵੱਖ ਸਿਹਤ ਬਲਾਕਾਂ ਤੋਂ ਸੀ.ਐੱਚ.ਓਜ਼ ਤੇ ਏ.ਐੱਨ.ਐੱਮਜ਼ ਨੇ ਭਾਗ ਲਿਆ।ਸਾਰੇ ਪ੍ਰਤੀਭਾਗੀਆਂ ਨੂੰ ਸਫਲਤਾਪੂਰਵਕ ਟ੍ਰੇਨਿੰਗ ਮੁਕੰਮਲ ਕਰਨ 'ਤੇ ਭਾਗੀਦਾਰੀ ਸਰਟੀਫਿਕੇਟ ਵੀ ਤਕਸੀਮ ਕੀਤੇ ਗਏ।ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹੇ ਦੇ ਵੱਖ-ਵੱਖ ਸਿਹਤ ਬਲਾਕਾਂ ਤੋਂ ਆਈਆਂ ਸੀ.ਐੱਚ.ਓਜ਼ ਤੇ ਏ.ਐੱਨ.ਐੱਮਜ਼ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਨਵਜੰਮੇ ਬੱਚਿਆਂ ਅਤੇ ਬਾਲ ਅਵਸਥਾ ਦੀਆਂ ਬਿਮਾਰੀਆਂ ਦੇ ਏਕੀਕ੍ਰਿਤ ਪ੍ਰਬੰਧਨ (ਆਈ.ਐੱਮ.ਐੱਨ.ਸੀ.ਆਈ.) ਟ੍ਰੇਨਿੰਗ ਦਾ ਮੁੱਖ ਉਦੇਸ਼ ਸਿਹਤ ਸੰਭਾਲ ਕਾਮਿਆਂ ਨੂੰ ਸਿੱਖਿਅਤ ਕਰਕੇ ਪੰਜ ਸਾਲ ਤੱਕ ਦੇ ਬੱਚਿਆਂ ਦੀ ਮੌਤ ਦਰ, ਬਿਮਾਰੀਆਂ ਅਤੇ ਦਿਵਿਆਂਗਤਾ ਨੂੰ ਘੱਟ ਕਰਨਾ ਹੈ, ਇਸ ਲਈ ਸਿਹਤ ਸੰਭਾਲ ਵਰਕਰਾਂ ਨੂੰ ਸਾਰੇ ਬਿਮਾਰ ਬੱਚਿਆਂ ਵਿਚ ਖਤਰੇ ਦੇ ਚਿੰਨ੍ਹਾਂ ਦੀ ਬਾਰੀਕੀ ਨਾਲ ਜਾਂਚ ਕਰਨੀ ਚਾਹੀਦੀ ਹੈ।ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਅੱਗੇ ਦੱਸਿਆ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਹਰ ਸਾਲ ਕਰੀਬ ਇਕ ਕਰੋੜ ਬੱਚਿਆਂ ਦੀ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੀ ਮੌਤ ਹੋ ਜਾਂਦੀ ਹੈ, ਜਿਨ੍ਹਾਂ ਵਿਚ ਜ਼ਿਆਦਾਤਰ 1 ਸਾਲ ਦੇ ਬੱਚੇ ਸ਼ਾਮਲ ਹੁੰਦੇ ਹਨ। ਉਨ੍ਹਾਂ ਦੱਸਿਆ ਕਿ 70 ਫੀਸਦੀ ਤੋਂ ਵੱਧ ਬੱਚਿਆਂ ਦੀ ਮੌਤ ਦਾ ਕਾਰਨ ਨਿਮੋਨੀਆ, ਡਾਇਰੀਆ, ਮੀਜ਼ਲ ਅਤੇ ਕੁਪੋਸ਼ਣ ਹੁੰਦਾ ਹੈ। ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਤੇ ਸੂਚਨਾ ਅਫਸਰ ਦਲਜੀਤ ਸਿੰਘ, ਡਿਪਟੀ ਮਾਸ ਮੀਡੀਆ ਅਤੇ ਸੂਚਨਾ ਅਫਸਰ ਤਰਸੇਮ ਲਾਲ, ਬਲਾਕ ਐਕਸਟੈਨਸ਼ਨ ਐਜੂਕੇਟਰ ਹਰਪ੍ਰੀਤ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।



## ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਸ੍ਰੀ ਗੁਰੂ ਹਰਿਕ੍ਰਿਸ਼ਨ ਸੀ ਕੇ ਡੀ ਸਕੂਲ ਆਫ਼ ਐਕਸੀਲੈਂਸ ਦਬੁਰਜੀ ਅੰਮ੍ਰਿਤਸਰ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ 2023-24 ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ। ਸ਼ਬਦ ਕੀਰਤਨ ਉਪਰੰਤ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕੀਤਾ ਗਿਆ।ਫਿਰ ਵਿਦਿਆਰਥੀਆਂ ਦੇ ਇਮਤਿਹਾਨਾਂ ਵਿੱਚੋਂ ਚੰਗੇ ਨੰਬਰਾਂ ਦੇ ਲਈ ਅਤੇ ਸਕੂਲ ਦੀ ਤਰੱਕੀ ਲਈ ਅਰਦਾਸ ਕੀਤੀ ਗਈ ਅਤੇ ਸਕੂਲ ਦੇ ਵਿਦਿਆਰਥੀਆਂ ਨੂੰ ਲੰਗਰ ਵੀ ਛਕਾਇਆ ਗਿਆ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਸਰਜੋਤ ਸਿੰਘ ਸਾਹਨੀ, ਹਰਜੀਤ ਸਿੰਘ ਸੱਚਸੇਵਾ, ਪ੍ਰਿਤਪਾਲ ਸਿੰਘ ਜੀ ਨਰੂਲਾ, ਹੰਸਬੀਰ ਸਿੰਘ ਅਤੇ ਪ੍ਰਿੰਸੀਪਲ ਮੈਡਮ ਹਰਕਮਲਪ੍ਰੀਤ ਕੌਰ ਕਾਲਰਾ ਵੱਲੋਂ ਪੜ੍ਹਾਈ ਵਿੱਚ ਅਵਲ ਆਏ ਹੋਏ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।ਅੰਤ ਵਿੱਚ ਪ੍ਰਿੰਸੀਪਲ ਮੈਡਮ ਹਰਕਮਲਪ੍ਰੀਤ ਕੌਰ ਜੀ ਕਾਲਰਾ ਨੇ ਵਿਦਿਆਰਥੀਆਂ ਨੂੰ ਬੋਰਡ ਦੀਆਂ ਪ੍ਰੀਖਿਆਵਾਂ ਵਿੱਚੋਂ ਚੰਗੇ ਨੰਬਰ ਲਿਆਉਣ ਲਈ ਪ੍ਰੇਰਿਤ ਕੀਤਾ।

# ਪੱਤਰਕਾਰ ਸੰਗਠਨ ਤੇ ਟ੍ਰੈਫਿਕ ਪੁਲਸ ਨੇ ਟ੍ਰੈਫਿਕ ਨਿਯਮਾਂ ਬਾਰੇ ਪੈਂਫਲਟ ਵੰਡੇ

**ਫਗਵਾੜਾ (ਜਸਵਿੰਦਰ ਢੱਡਾ)**

ਨਿੱਤ ਹੋਣ ਵਾਲੇ ਸੜਕੀ ਹਾਦਸਿਆਂ ਨੂੰ ਰੋਕਣ ਅਤੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਮਨੋਰਥ ਸਦਕਾ ਫਗਵਾੜਾ ਪੱਤਰਕਾਰ ਸੰਗਠਨ ਰਜਿ ਫਗਵਾੜਾ ਵਲੋਂ ਪ੍ਰਧਾਨ ਡਾ. ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਟ੍ਰੈਫਿਕ ਪੁਲਸ ਫਗਵਾੜਾ ਦੇ ਸਹਿਯੋਗ ਨਾਲ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ ਦੇ ਸਬੰਧ ਵਿੱਚ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਟ੍ਰੈਫਿਕ ਪੁਲਸ ਫਗਵਾੜਾ ਦੇ ਏ ਐਸ ਆਈ ਅਮਰਜੀਤ ਸਿੰਘ ਨੇ ਆਖਿਆ ਕਿ ਟ੍ਰੈਫਿਕ ਨਿਯਮਾਂ ਪ੍ਰਤੀ ਸਾਨੂੰ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਤਾਂ ਹੀ ਅਸੀ ਰੋਜ਼ਾਨਾ ਹੋਣ ਵਾਲੇ ਸੜਕ ਹਾਦਸਿਆਂ ਤੋਂ ਬਚ ਸਕਦੇ ਹਾਂ। ਧੁੰਦ ਦੇ ਦਿਨਾਂ ਨੂੰ ਮੁੱਖ ਰੱਖਦੇ ਹੋਏ ਰਿਫਲੈਕਟਰ ਟੇਪ ਲਾਈ ਗਈ, ਨਸ਼ੇ ਕਰ ਕੇ ਵਾਹਨ ਨਾ ਚਲਾਉਣ ਬਾਰੇ ਅਤੇ ਟਰੈਫਿਕ ਨਿਯਮਾਂ ਬਾਰੇ, ਅੰਡਰਏਜ ਡਰਾਈਵਿੰਗ ਨਾ ਕਰਨ ਬਾਰੇ, ਲੇਨ ਡਰਾਈਵਿੰਗ ਬਾਰੇ, ਪ੍ਰੈਸ਼ਰ ਹਾਰਨ ਦੀ ਵਰਤੋਂ ਨਾ ਕਰਨ ਬਾਰੇ ਅਤੇ ਵਾਤਾਵਰਨ ਦੀ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ। ਵਾਹਨਾਂ 'ਤੇ ਹਾਈ ਸਿਕਿਓਰਿਟੀ ਨੰਬਰ ਪਲੇਟਾਂ ਲਗਵਾਉਣ, ਦੋ ਪਹੀਆ ਵਾਹਨ 'ਤੇ ਹੈਲਮਟ ਪਾਉਣ ਬਾਰੇ, ਵਾਹਨਾਂ ਨੂੰ ਸੜਕ 'ਤੇ ਖੜ੍ਹਾ ਕਰਨ ਦੀ ਬਜਾਏ ਸਹੀ ਪਾਰਕਿੰਗ ਕਰਨ ਬਾਰੇ, ਖੱਬੇ-ਸੱਜੇ ਮੁੜਨ ਵੇਲੇ ਇੰਡੀਕੇਟਰ ਦੀ ਵਰਤੋਂ ਬਾਰੇ, ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ, ਬੁਲੇਟ ਮੋਟਰਸਾਈਕਲ 'ਤੇ ਪਟਾਕੇ ਨਾ ਮਾਰਨ ਅਤੇ ਨਾ ਮੋਡੀਫਾਈ ਕਰਵਾਉਣ ਦੀ ਅਪੀਲ ਕੀਤੀ ਗਈ। ਇਸ ਤੋਂ ਇਲਾਵਾ ਪੁਲਸ ਤੋਂ ਮਦਦ ਲੈਣ ਅਤੇ ਦੇਣ ਲਈ ਹੈਲਪਲਾਈਨ ਨੰਬਰ 112 ਅਤੇ 181 'ਤੇ ਕਾਲ ਕਰਨ ਬਾਰੇ, ਇਸ ਦੇ ਨਾਲ ਸਾਈਬਰ ਕ੍ਰਾਈਮ ਲਈ 1930 'ਤੇ ਕਾਲ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰਧਾਨ ਡਾ. ਰਮਨ ਸ਼ਰਮਾ, ਮੁਨਸ਼ੀ ਟ੍ਰੈਫਿਕ ਪੁਲਸ ਫਗਵਾੜਾ ਸੋਹਣ ਸਿੰਘ, ਨਰਿੰਦਰਪਾਲ ਸਿੰਘ, ਕਮਲਦੀਪ ਸਿੰਘ , ਜੀਵਨ ਸੰਘਾ, ਅਜੇ ਕੋਛੜ, ਏ ਐਸ ਆਈ ਅਵਤਾਰ ਸਿੰਘ, ਅਮਰਜੀਤ ਸਿੰਘ , ਰਾਮ ਮੂਰਤੀ ਆਦਿ ਮੌਜੂਦ ਸਨ।



## ਗੁਰੂ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਪ੍ਰਭਾਤ ਫੇਰੀਆਂ 21 ਤੋਂ

**ਫਿਲੌਰ, (ਨਿਰਮਲ)**- ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਫਿਲੌਰ ਦੀਆਂ ਸੰਗਤਾਂ ਵੱਲੋਂ ਪ੍ਰਭਾਤ ਫੇਰੀਆਂ 21 ਜਨਵਰੀ ਤੋਂ ਆਰੰਭ ਹੋ ਰਹੀਆਂ ਹਨ। ਵਿਸ਼ਾਲ ਨਗਰ ਕੀਰਤਨ 11 ਫਰਵਰੀ ਮੰਗਲਵਾਰ ਸਵੇਰੇ 9 ਵਜੇ ਇਲਾਕੇ ਦੇ ਸੰਤ ਮਹਾਂਪੁਰਸ਼ਾਂ ਤੇ ਵੱਖ-ਵੱਖ ਡੇਰਾ ਮੁਖੀਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਭਵਨ ਫਿਲੌਰ ਤੋਂ ਆਰੰਭ ਹੋਵੇਗਾ ਜੋ ਸ਼ਹਿਰ ਦੀ ਪਰਿਕਰਮਾ ਉਪਰੰਤ ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਭਵਨ ਫਿਲੌਰ ਵਿਖੇ ਸਮਾਪਤ ਹੋਵੇਗਾ। ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ।

## ਪ੍ਰਸ਼ਾਸਨ ਨੇ ਠੰਢ 'ਚ ਜ਼ਿਲ੍ਹਾ ਵਾਸੀਆਂ ਨੂੰ ਕਰਵਾਇਆ ਨਿੱਘ ਦਾ ਅਹਿਸਾਸ

**ਨਵਾਂਸ਼ਹਿਰ, (ਮਨੋਜ ਲਾਡੀ)**- ਇਸ ਸਾਲ ਹੱਡ ਚੀਰਵੀਂ ਠੰਢ ਦਾ ਮੁਕਾਬਲਾ ਕਰਨ ਦੇ ਉਦੇਸ਼ ਨਾਲ ਇਕ ਪ੍ਰੇਰਨਾਦਾਇਕ ਪਹਿਲਕਦਮੀ ਵਿਚ, ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਨੇ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਠੰਢ ਦੇ ਪ੍ਰਭਾਵ ਨੂੰ ਘਟਾਉਣ ਲਈ ਇਕ ਅਗਾਂਹਵਧੂ ਕਦਮ ਚੁੱਕਿਆ। ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਹੇਠ, ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਦੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਬ੍ਰਾਂਡੇਡ ਤੇ ਚੰਗੀ ਗੁਣਵੱਤਾ ਵਾਲੀਆਂ ਗਰਮ ਜੈਕਟਾਂ ਅਤੇ ਮਜ਼ਬੂਤ ਸਪੋਰਟਸ ਜੁੱਤੇ ਖ਼ਰੀਦੇ। ਯੋਜਨਾ ਦੇ ਹਿੱਸੇ ਵਜੋਂ, 250 ਅਜਿਹੀਆਂ ਜੈਕਟਾਂ ਅਤੇ ਜੁੱਤੀਆਂ ਦੇ ਜੋੜੇ ਖਰੀਦੇ ਗਏ, ਜੋ ਜ਼ਿਲ੍ਹੇ ਵਿਚ ਲੋੜਵੰਦ ਵਿਅਕਤੀਆਂ ਕੋਲ ਜਾ ਕੇ ਉਨ੍ਹਾਂ ਨੂੰ ਪ੍ਰਦਾਨ ਕੀਤੇ ਗਏ।ਇਸੇ ਤਰ੍ਹਾਂ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਪੂਰਾ ਹਫ਼ਤਾ ਚਾਹ ਦੇ ਲੰਗਰ ਲਗਾ ਕੇ ਠੰਢ ਵਿਚ ਨਿੱਘ ਪ੍ਰਦਾਨ ਕਰਨ ਲਈ ਇਕ ਨਵੀਂ ਪਹਿਲ ਕੀਤੀ। ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ, ਜ਼ਿਲ੍ਹਾ ਪ੍ਰਸ਼ਾਸਨ ਠੰਡ ਵਿਚ ਰਾਹਗੀਰਾਂ ਅਤੇ ਡੀ.ਸੀ ਦਫ਼ਤਰ ਆਉਣ ਵਾਲੇ ਲੋਕਾਂ ਨੂੰ ਗਰਮ ਅਦਰਕ ਵਾਲੀ ਚਾਹ ਅਤੇ ਬਿਸਕੁਟ ਦੇਣ ਲਈ ਅੱਗੇ ਆਇਆ। ਠੰਢ ਦੇ ਪੂਰੇ ਹਫ਼ਤੇ ਦੌਰਾਨ ਰੋਜ਼ਾਨਾ ਲੱਗਭਗ 1000 ਕੱਪ ਚਾਹ ਪਿਲਾਈ ਗਈ।



# ਡੀ ਸੀ ਵੱਲੋਂ ਪੰਜਾਬ ਦੇ ਵਿਰਾਸਤੀ ਸਮਾਰਕਾਂ ਸੰਬੰਧੀ ਕੈਲੰਡਰ ਤੇ ਦਸਤਾਵੇਜ਼ੀ ਫਿਲਮ ਜਾਰੀ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ 'ਹੈਰੀਟੇਜ ਮੋਨਿਊਮੈਂਟਸ ਆਫ ਪੰਜਾਬ-ਲੈਂਡਮਾਰਕ ਆਫ਼ ਹਿਸਟੋਰਿਕ ਲੈਗੇਸੀ' ਦੇ ਨਾਂਅ ਹੇਠ ਪੰਜਾਬ ਦੇ ਵਿਰਾਸਤੀ ਸਮਾਰਕਾਂ ਨੂੰ ਦਰਸਾਉਂਦਾ ਤਸਵੀਰਾਂ ਵਾਲਾ ਕੈਲੰਡਰ-2025 ਅਤੇ ਦਸਤਾਵੇਜ਼ੀ ਫਿਲਮ ਰਿਲੀਜ਼ ਕੀਤੀ ਗਈ।ਇਸ ਮੌਕੇ ਦਸਤਾਵੇਜ਼ੀ ਫਿਲਮ ਦੇ ਲੇਖਕ ਅਤੇ ਹੈਰੀਟੇਜ ਪ੍ਰਮੋਟਰ ਹਰਪ੍ਰੀਤ ਸੰਧੂ ਵੀ ਮੌਜੂਦ ਸਨ।ਪੰਜਾਬ ਦੀ ਵਿਰਾਸਤ ਨੂੰ ਦਰਸਾਉਣ ਲਈ ਹਰਪ੍ਰੀਤ ਸੰਧੂ ਵੱਲੋਂ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਡਾ. ਅਗਰਵਾਲ ਨੇ ਕਿਹਾ ਕਿ ਉਨ੍ਹਾਂ ਦਾ ਇਹ ਉਪਰਾਲਾ ਜਿਥੇ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਵਿੱਚ ਸਹਾਈ ਸਾਬਤ ਹੋਵੇਗਾ, ਉਥੇ ਪੰਜਾਬ ਦੇ ਵਿਰਸੇ ਦੀ ਖੁਸ਼ਬੂ ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਜਲੰਧਰ ਦੇ ਚਾਰ ਪ੍ਰਮੁੱਖ ਵਿਰਾਸਤੀ ਸਥਾਨਾਂ ਨੂੰ ਕੈਲੰਡਰ ਵਿੱਚ ਪ੍ਰਮੁੱਖਤਾ ਨਾਲ ਉਜਾਗਰ ਕਰਨ ਲਈ ਵੀ ਹਰਪ੍ਰੀਤ ਸੰਧੂ ਨੂੰ ਸਲਾਹਿਆ।ਇਨ੍ਹਾਂ ਪ੍ਰਮੁੱਖ ਸਥਾਨਾਂ ਵਿੱਚ ਦਖਣੀ ਸਰਾਏ (ਨਕੋਦਰ), ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ (ਫਿਲੌਰ), ਨੂਰਮਹਿਲ ਸਰਾਏ (ਨੂਰਮਹਿਲ) ਅਤੇ ਮੁਹੰਮਦ ਮੋਮਿਨ ਅਤੇ ਹਾਜੀ ਜਮਾਲ ਦਾ ਮਕਬਰਾ (ਨਕੋਦਰ) ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਇਸ ਕੋਸ਼ਿਸ਼ ਨਾਲ ਜ਼ਿਲ੍ਹਾ ਜਲੰਧਰ ਵਿਚਲੇ ਵਾਸਤੂਕਲਾ ਅਤੇ ਸੱਭਿਆਚਾਰਕ ਖਜ਼ਾਨਿਆਂ ਨੂੰ ਰੌਸ਼ਨੀ ਵਿੱਚ ਲਿਆਉਣ ਲਈ ਲੋਕ ਜਾਗਰੂਕਤਾ ਵਿੱਚ ਬਹੁਤ ਵਾਧਾ ਹੋਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਹਰਪ੍ਰੀਤ ਸੰਧੂ ਭਵਿੱਖ ਵਿੱਚ ਵੀ ਅਜਿਹੇ ਉੱਦਮ ਜਾਰੀ ਰੱਖਣਗੇ।ਇਸ ਮੌਕੇ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਅਧਿਕਾਰੀ, ਬੁੱਧੀਜੀਵੀ, ਲੇਖਕ, ਉੱਘੇ ਡਾਕਟਰ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਨਾਗਰਿਕ ਮੌਜੂਦ ਸਨ।



# ਡਰਾਈਵਰਾਂ ਦੀਆਂ ਅੱਖਾਂ ਦਾ ਚੈੱਕਅੱਪ ਕੈਂਪ ਲਾਇਆ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**—ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਹੁਸ਼ਿਆਰਪੁਰ ਇੰਸਟੀਚਿਊਟ ਆਫ਼ ਆਟੋਮੋਟਿਵ ਐਂਡ ਡਰਾਈਵਿੰਗ ਸਕਿੱਲ ਵਿਖੇ ਡਰਾਈਵਰਾਂ ਲਈ ਅੱਖਾਂ ਦੀ ਜਾਂਚ ਦਾ ਕੈਂਪ ਲਾਇਆ ਗਿਆ। ਕੈਂਪ ਦੌਰਾਨ 120 ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸਮੇਂ-ਸਮੇਂ ਸਿਰ ਆਪਣੀਆਂ ਅੱਖਾਂ ਚੈਕ ਕਰਵਾਉਣ ਦੀ ਵੀ ਤਾਕੀਦ ਕੀਤੀ ਗਈ। ਖੇਤਰੀ ਟਰਾਂਸਪੋਰਟ ਅਫ਼ਸਰ ਰਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਕੈਂਪ ਦੌਰਾਨ ਡਰਾਈਵਰਾਂ ਨੂੰ ਸੜਕ ਸੁਰੱਖਿਆ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਉਂਦਿਆਂ ਟ੍ਰੈਫਿਕ ਨਿਯਮਾਂ ਦੀ ਬਾਕਾਇਦਾ ਪਾਲਣਾ ਦਾ ਸੰਦੇਸ਼ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਡਰਾਈਵਰਾਂ ਨੇ ਵੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਦਾ ਅਹਿਦ ਲਿਆ।



# ਬਿਆਸ ਪਿੰਡ ਦਾ ਦੋ ਦਿਨਾ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਬਿਆਸ ਪਿੰਡ ਦਾ ਦੋ ਦਿਨਾ ਪੁਰਾਤਨ ਛਿੰਝ ਮੇਲਾ ਅੱਜ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਿਆ। ਛਿੰਝ ਮੇਲੇ ਦੇ ਦੂਸਰੇ ਦਿਨ ਬਿਆਸ ਪਿੰਡ ਛਿੰਝ ਕਮੇਟੀ (ਰਜਿ), ਐਨ.ਆਰ.ਆਈ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਾਂਝੇ ਸਹਿਯੋਗ ਨਾਲ ਪ੍ਰਧਾਨ ਚੈਂਚਲ ਸਿੰਘ ਦੀ ਅਗਵਾਈ ਵਿੱਚ ਕੁਸ਼ਤੀਆਂ ਦੇ ਦੰਗਲ ਕਰਵਾਏ ਗਏ। ਛਿੰਝ ਮੇਲੇ ਵਿਚ ਪੰਜਾਬ ਭਰ ਤੋਂ ਆਏ ਵੱਖ-ਵੱਖ ਅਖਾੜਿਆਂ ਦੇ ਪਹਿਲਵਾਨਾਂ ਦੇ ਦੰਗਲ ਕਰਵਾਏ ਗਏ।ਪਟਕੇ ਦੀ ਕੁਸ਼ਤੀ ਛੋਟਾ ਸੁਦਾਮ ਨੇ ਆਸ਼ੀਸ਼ ਮਾਮੂਪੁਰ ਨੂੰ ਚਿੱਤ ਕਰਕੇ ਜਿੱਤੀ। ਇਸ ਮੌਕੇ ਜੇਤੂ ਅਤੇ ਉਪ-ਜੇਤੂ ਪਹਿਲਵਾਨਾਂ ਨੂੰ ਨਗਦ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ। ਪੱਟਕੇ ਦੀ ਕੁਸ਼ਤੀ ਦਾ ਪਹਿਲਾ ਅਤੇ ਦੂਸਰਾ ਇਨਾਮ ਕਪੂਰ ਸਿੰਘ ਅਲਾਵਲਪੁਰ ਅਤੇ ਸੰਤੋਖ ਸਿੰਘ ਦੌਲਤਪੁਰ ਨੂੰ ਦਿੱਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀ ਸੱਜਣਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਪ੍ਰਧਾਨ ਚੈਂਚਲ ਸਿੰਘ, ਕਸ਼ਮੀਰ ਸਿੰਘ, ਨੰਬਰਦਾਰ ਰਣਜੀਤ ਸਿੰਘ, ਮਨਜੀਤ ਸਿੰਘ ਸਾਬਕਾ ਪੰਚ, ਹਰਵਿੰਦਰ ਸਿੰਘ ਪੰਚ, ਸੁਸ਼ੀਲ ਕੁਮਾਰ, ਹਰਵਿੰਦਰ ਸਿੰਘ, ਅਮਰਜੀਤ ਸਿੰਘ, ਹਰਨੇਕ ਸਿੰਘ ਸੈਕਟਰੀ, ਸਰਪੰਚ ਊਸ਼ਾ ਰਾਣੀ, ਪੰਚ ਬਲਰਾਜ ਮਡਾਰ, ਸੰਤ ਸਿੰਘ, ਕਪੂਰ ਸਿੰਘ ਢੀਂਡਸਾ, ਸੂਬਾ ਸਿੰਘ, ਭੁਪਿੰਦਰ ਸਿੰਘ, ਜਰਨੈਲ ਸਿੰਘ, ਸਤਨਾਮ ਸਿੰਘ, ਪਿੰਦਾ ਢੀਂਡਸਾ ਯੂ ਐਸ ਏ, ਸੰਤੋਖ ਸਿੰਘ ਦੌਲਤਪੁਰ, ਰਾਜਾ ਪੰਚ, ਟੇਕ ਚੰਦ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਹੈਰੋਇਨ ਸਮੇਤ ਨੌਜਵਾਨ ਗ੍ਰਿਫਤਾਰ

**ਫਗਵਾੜਾ ( ਡਾ. ਰਮਨ)**- ਮੁੱਖ ਅਫਸਰ ਥਾਣਾ ਸਤਨਾਮਪੁਰਾ ਇੰਸਪੈਕਟਰ ਹਰਦੀਪ ਸਿੰਘ ਦੀ ਨਿਗਰਾਨੀ ਹੇਠ ਏ.ਐਸ.ਆਈ ਦਰਸ਼ਨ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਹਦੀਆਬਾਦ ਚੌਕ ਫਗਵਾੜਾ ਵਿਖੇ ਨਾਕਾਬੰਦੀ ਕਰਕੇ ਅਲਾਦੀਨ ਉਰਫ ਭੋਲਾ ਪੁੱਤਰ ਤਾਜ ਮਹੁੰਮਦ ਵਾਸੀ ਗੁੰਮਟਾਲਾ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਪਾਸੋਂ 100 ਗ੍ਰਾਮ ਹੈਰੋਇੰਨ ਬ੍ਰਾਮਦ ਕਰਕੇ ਖਿਲਾਫ ਮੁਕੱਦਮਾ ਨੰਬਰ 04 ਮਿਤੀ 16.01.2025 ਅ/ਧ 21-61-85 ਐਨ ਡੀ ਪੀ ਸੀ ਐਕਟ ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਭਗੌੜਾ ਕਾਬੂ-ਇਸੇ ਹੀ ਤਰ੍ਹਾਂ ਏ.ਐਸ.ਆਈ ਦਰਸ਼ਨ ਸਿੰਘ ਨੰਬਰ ਨੇ ਸਮੇਤ ਸਾਥੀ ਕਰਮਚਾਰੀਆਂ ਦੇ ਮੁੱਕਦਮਾ ਨੰਬਰ 197 ਮਿਤੀ 17.12.2019 ਅ/ਧ 380,457,411 ਆਈ ਪੀ ਸੀ ਥਾਣਾ ਸਤਨਾਮਪੁਰਾ ਫਗਵਾੜਾ ਦਾ ਦੋਸ਼ੀ ਬੂਟਾ ਕੁਮਾਰ ਉਰਫ ਬਿੱਟੂ ਪੁੱਤਰ ਰਾਣਾ ਵਾਸੀ ਮਹੇੜੂ ਕਲੋਨੀ ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਜੋ ਮਿਤੀ 18.09.2024 ਅਦਾਲਤ ਫਗਵਾੜਾ ਵਲੋਂ ਪੀ.ਓ ਘੋਸ਼ਿਤ ਕੀਤਾ ਗਿਆ ਸੀ, ਨੂੰ ਕਾਬੂ ਕੀਤਾ ਹੈ।



19- January - Page-8-2025-Advt.qxd 1/18/2025 11:04 PM Page 1




ਕਿਰਤ ਹੀ ਸਮਾਜ ਦੀ ਅਸਲ ਪਾਲਣਹਾਰ ਹੈ।

ਸਾਰੀ ਉਮਰ ਕਿਰਤੀ ਲੋਕਾਂ ਦੀ ਬਿਹਤਰੀ ਲਈ ਵਿੱਢੇ ਸੰਘਰਸ਼ ਦੇ ਸਿਪਾਹ ਸਲਾਰ

## ਸਵਰਨ ਸਿੰਘ ਨਾਗੋਕੇ



ਨੂੰ ਇਨਕਲਾਬੀ ਸ਼ਰਧਾਂਜਲੀ

ਕਾਮਰੇਡ ਸਵਰਨ ਸਿੰਘ ਨਾਗੋਕੇ ਸਾਬਕਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਸਭਾ ਅਤੇ ਸੂਬਾ ਕੌਂਸਲ ਮੈਂਬਰ ਸੀ ਪੀ ਆਈ 4 ਜਨਵਰੀ 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ।

19 ਜਨਵਰੀ 2025 ਦਿਨ ਐਤਵਾਰ ਨੂੰ ਪਾਠ ਦੇ ਭੋਗ ਪੈਣ ਉਪਰੰਤ 1 ਤੋਂ 2 ਵਜੇ ਤੱਕ ਪਿੰਡ ਨਾਗੋਕੇ ਵਿੱਚ ਸ਼ਰਧਾਂਜਲੀ ਸਮਾਗਮ ਹੋਵੇਗਾ।

ਸਮੇਂ ਸਿਰ ਪਹੁੰਚਣ ਦੀ ਅਪੀਲ

ਵੱਲੋਂ

ਸੂਬਾ ਵਰਕਿੰਗ ਕਮੇਟੀ
ਪੰਜਾਬ ਖੇਤ ਮਜ਼ਦੂਰ ਸਭਾ


# ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਪਾਤੜਾਂ 'ਚ ਸ਼ੁਰੂ



ਪਟਿਆਲਾ, (ਰਾਜ ਥਿੰਦ)- ਕਿਸਾਨ ਅੰਦੋਲਨ ਦੇ ਚਲਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਕਰਕੇ ਵਿਗੜ ਰਹੀ ਸਿਹਤ ਦੀ ਸਥਿਤੀ ਦੇ ਮੱਦੇਨਜਰ ਕਿਸਾਨ ਏਕਤਾ ਲਈ ਸਾਰੀਆਂ ਧਿਰਾਂ ਸਰਗਰਮ ਹਨ ਅਤੇ ਲੋਕਾਂ ਦੀਆਂ ਨਜਰਾਂ ਅੱਜ ਹੋਣ ਵਾਲੀ ਇਸ ਅਹਿਮ ਮੀਟਿੰਗ ਉੱਤੇ ਟਿਕੀਆਂ ਹੋਈਆਂ ਹਨ। ਕਿਸਾਨੀ ਮੰਗਾਂ ਨੂੰ ਲੈ ਕੇ ਬਾਰਡਰਾਂ ਉੱਤੇ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਕਿਸਾਨੀ ਏਕਤਾ ਦੇ ਮੱਦੇਨਜ਼ਰ ਸੰਯੁਕਤ ਕਿਸਾਨ ਮੋਰਚਾ, ਐਸਕੇਐਮ ਗੈਰ ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਤਿੰਨਾਂ ਧਿਰਾਂ ਦੀ ਸਾਂਝੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਰਸਮੀ ਤੌਰ 'ਤੇ ਸ਼ੁਰੂ ਹੋ ਗਈ ਹੈ। ਇਸ ਮੀਟਿੰਗ ਵਿੱਚ ਤਿੰਨਾਂ ਫੋਰਮਾਂ ਦੇ ਵੱਡੇ ਆਗੂ, ਜਿਨ੍ਹਾਂ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਬਣਾਈ ਗਈ ਛੇ ਮੈਂਬਰੀ ਤਾਲਮੇਲ ਕਮੇਟੀ ਮੈਂਬਰ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ, ਹਰਿੰਦਰ ਸਿੰਘ ਲੱਖੋਵਾਲ ਅਤੇ ਡਾਕਟਰ ਦਰਸਨ ਪਾਲ ਤੋਂ ਇਲਾਵਾ ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਸਮੇਤ ਕੁਝ ਹੋਰ ਆਗੂ ਸ਼ਾਮਲ ਹੋਏ ਹਨ। ਜਦੋਂ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ, ਸੁਰਜੀਤ ਸਿੰਘ ਫੂਲ, ਲਖਵਿੰਦਰ ਸਿੰਘ ਔਲਖ ਸੁਖਜੀਤ ਸਿੰਘ ਹਰਦੋ ਝੰਡਾ ਅਤੇ ਕਿਸਾਨ ਮਜਦੂਰ ਮੋਰਚੇ ਵੱਲੋਂ ਸਵਰਨ ਸਿੰਘ ਪੰਧੇਰ ਵੱਲੋਂ ਏਕਤਾ ਦੇ ਮੁੱਦਿਆਂ ਉੱਤੇ ਚਰਚਾ ਸੁਰੂ ਹੋ ਗਈ ਹੈ। ਕਿਸਾਨ ਅੰਦੋਲਨ ਦੇ ਚਲਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਕਰਕੇ ਵਿਗੜ ਰਹੀ ਸਿਹਤ ਦੀ ਸਥਿਤੀ ਦੇ ਮੱਦੇਨਜਰ ਕਿਸਾਨ ਏਕਤਾ ਲਈ ਸਾਰੀਆਂ ਧਿਰਾਂ ਸਰਗਰਮ ਹਨ ਅਤੇ ਲੋਕਾਂ ਦੀਆਂ ਨਜਰਾਂ ਅੱਜ ਹੋਣ ਵਾਲੀ ਇਸ ਅਹਿਮ ਮੀਟਿੰਗ ਉੱਤੇ ਟਿਕੀਆਂ ਹੋਈਆਂ ਹਨ।।

## ਆਂਗਣਵਾੜੀ ਵਰਕਰਾਂ ਨੇ ਅਧਿਕਾਰੀਆਂ ਨੂੰ ਦਿੱਤਾ ਮੰਗ ਪੱਤਰ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)- ਆਂਗਣਵਾੜੀ ਮੁਲਾਜ਼ਮ ਯੂਨੀਅਨ ਸੀਟੂ ਬਲਾਕ ਮਹਿਲ ਕਲਾਂ ਵੱਲੋਂ ਜਥੇਬੰਦੀ ਦੀ ਬਲਾਕ ਪ੍ਰਧਾਨ ਕਰਮਜੀਤ ਕੌਰ ਭੱਦਲਵੱਡ ਦੀ ਅਗਵਾਈ ਹੇਠ ਵਰਕਰਾਂ ਵੱਲੋਂ ਆਪਣੀਆਂ ਭੱਖਦੀਆਂ ਮੰਗਾਂ ਦੀ ਪ੍ਰਾਪਤੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਨ ਉਪਰੰਤ ਸੀ.ਡੀ.ਪੀ.ਓ. ਦਫਤਰ ਬਲਾਕ ਮਹਿਲ ਕਲਾਂ ਸੁਪਰਵਾਈਜ਼ਰ ਅੰਮ੍ਰਿਤਪਾਲ ਕੌਰ ਨੂੰ ਸਰਕਾਰ ਦੇ ਨਾਂ ਮੰਗ ਪੱਤਰ ਦਿੱਤਾ। ਇਸ ਮੌਕੇ ਆਂਗਣਵਾੜੀ ਮੁਲਾਜਮ ਯੂਨੀਅਨ ਸੀਟੂ ਬਲਾਕ ਮਹਿਲ ਕਲਾਂ ਵੱਲੋਂ ਜਥੇਬੰਦੀ ਦੀ ਬਲਾਕ ਪ੍ਰਧਾਨ ਕਰਮਜੀਤ ਕੌਰ ਭੱਦਲਵੱਡ ਨੇ ਕਿਹਾ ਕਿ ਸਰਕਾਰ ਵੱਲੋਂ ਆਂਗਣਵਾੜੀ ਮੁਲਾਜਮਾਂ ਦੀਆਂ ਮੰਗਾਂ ਨੂੰ 1 ਅਣਦੇਖਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਮੰਗ ਕੀਤੀ ਜਾਂਦੀ ਹੈ ਕਿ ਆਈ.ਡੀ.ਐੱਸ. ਦਾ ਬਣਦਾ ਬਜਟ ਦਿੱਤਾ ਜਾਵੇ। ਅੰਤ ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਨਾ ਮੰਨੀਆਂ ਗਈਆਂ ਤਾਂ ਜਥੇਬੰਦੀ ਵੱਲੋਂ ਸੰਘਰਸ ਨੂੰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਅਤੇ ਕੇਂਦਰ ਸਰਕਾਰ ਦੀ ਹੋਵੇਗੀ। ਇਸ ਮੌਕੇ ਰੂਹੀ ਬਾਂਸਲ, ਪਰਮਜੀਤ ਕੌਰ ਮਹਿਲ ਖੁਰਦ, ਸੁਰਿੰਦਰ ਕੌਰ ਰਾਏਸਰ, ਸੁਖਵਿੰਦਰ ਕੌਰ ਮੂੰਮ, ਗਗਨਦੀਪ ਕੌਰ ਭੱਦਲਵੱਢ, ਚਰਨਜੀਤ ਕੌਰ ਮੂੰਮ, ਰਾਜੇਸ ਵਜੀਦਕੇ ਕਲਾ, ਬਲਵਿੰਦਰ ਕੌਰ ਮੂੰਮ,ਗੁਰਪ੍ਰੀਤ ਕੌਰ ਲੋਹਗੜ੍ਹ ਸਰਬਜੀਤ ਕੌਰ ਲੋਹਗੜ੍ਹ ਆਦਿ ਵੀ ਹਾਜ਼ਰ ਸਨ।

# ਕਾਰ ਲੁੱਟ ਦੇ ਮਾਮਲੇ 'ਚ ਪੁਲਸ ਤੇ ਨਿਹੰਗ 'ਚ ਟਕਰਾਅ, 4 ਮੁਲਾਜ਼ਮ ਤੇ ਨਿਹੰਗ ਜ਼ਖਮੀ

**ਜਗਰਾਉ** (ਅਮਿਤਖੰਨਾ) ਬੀਤੀ ਰਾਤ ਜਗਰਾਉਂ ਨੇੜਲੇ ਪਿੰਡ ਕਮਾਲਪੁਰਾ ਵਿੱਚ ਇੱਕ ਕਾਰ ਲੁੱਟ ਦੇ ਮਾਮਲੇ ਵਿੱਚ ਪੁੱਜੀ ਲੁਧਿਆਣਾ ਪੁਲਿਸ ਅਤੇ ਨਿਹੰਗ ਵਿਚਾਲੇ ਟਕਰਾਅ ਹੋ ਗਿਆ। ਪੁਲਿਸ ਅਤੇ ਨਿਹੰਗ ਵਿੱਚ ਹੋਈ ਹੱਥੋਪਾਈ 'ਚ ਜਿੱਥੇ ਚਾਰ ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ ਉੱਥੇ ਹੀ ਨਿਹੰਗ ਨੂੰ ਫੜਨ ਗਈ ਪੁਲਿਸ ਨੂੰ ਗੋਲੀ ਚਲਾਉਣੀ ਪਈ। ਹਾਲਾਂਕਿ ਅਜੇ ਤਕ ਪੁਲਿਸ ਵੱਲੋਂ ਗੋਲੀ ਚਲਾਉਣ ਦੀ ਕੋਈ ਪੁਸ਼ਟੀ ਨਹੀਂ ਕੀਤੀ ਗਈ, ਪਰ ਪਿੰਡ ਕਮਾਲਪੁਰਾ ਦੇ ਲੋਕਾਂ ਅਨੁਸਾਰ ਪੁਲਿਸ ਵੱਲੋਂ ਨਿਹੰਗ 'ਤੇ ਗੋਲੀ ਚਲਾਈ ਗਈ। ਇਸ ਤੋਂ ਇਲਾਵਾ ਘਟਨਾ ਵਾਲੀ ਥਾਂ 'ਤੇ ਡੁੱਲ੍ਹਿਆ ਖੂਨ ਦਿਖਾਉਂਦਿਆਂ ਪਿੰਡ ਵਾਸੀਆਂ ਨੇ ਦੱਸਿਆ ਕਿ ਇਹ ਜ਼ਖਮੀ ਨਿਹੰਗ ਦਾ ਹੀ ਖੂਨ ਹੈ। ਪੁਲਿਸ ਦੀ ਇਕ ਟੀਮ ਪਿੰਡ ਕਮਾਲਪੁਰਾ ਪੁੱਜੀ।,ਜਿੱਥੇ ਉਨ੍ਹਾਂ ਪਿੰਡ ਦੇ ਨਿਹੰਗ ਸਿਮਰਨਜੀਤ ਸਿੰਘ ਨੂੰ ਘੇਰ ਲਿਆ। ਪੁਲਿਸ ਪਾਰਟੀ ਅਤੇ ਨਿਹੰਗ ਵਿਚਾਲੇ ਜ਼ਬਰਦਸਤ ਬਹਿਸ ਤੋਂ ਬਾਅਦ ਹੱਥੋਪਾਈ ਹੋ ਗਈ। ਇਸ ਹੱਥੋਪਾਈ 'ਚ ਨਿਹੰਗ ਨੇ ਪੁਲਿਸ ਦਾ ਟਾਕਰਾ ਕਰਦਿਆਂ ਕਈ ਮੁਲਾਜ਼ਮ ਜ਼ਖਮੀ ਕਰ ਦਿੱਤੇ। ਪਿੰਡ ਵਾਸੀਆਂ ਅਨੁਸਾਰ ਪੁਲਿਸ ਨੂੰ ਅਖੀਰ ਗੋਲੀ ਚਲਾਉਣੀ ਪਈ, ਇਸ ਤੋਂ ਬਾਅਦ ਉਸ ਨੂੰ ਕਾਬੂ ਕਰ ਕੇ ਪੁਲਿਸ ਨੇ ਗੱਡੀ 'ਚ ਪਾ ਲਿਆ। ਪਿੰਡ ਦੇ ਸਰਪੰਚ ਮਨਦੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਇਸ ਘਟਨਾ ਦੀ ਸੂਚਨਾ ਮਿਲਣ 'ਤੇ ਪੁੱਜੇ ਤਾਂ ਪੁਲਿਸ ਨੇ ਨਿਹੰਗ ਸਿਮਰਨਜੀਤ ਸਿੰਘ ਨੂੰ ਆਪਣੀ ਗੱਡੀ 'ਚ ਕਾਬੂ ਕੀਤਾ ਹੋਇਆ ਸੀ। ਪਿੰਡ ਵਾਸੀਆਂ ਨੇ ਹੀ ਉਨ੍ਹਾਂ ਨੂੰ ਦੱਸਿਆ ਕਿ ਪੁਲਿਸ ਨੇ ਗੋਲੀ ਚਲਾਈ, ਜਿਸ ਕਰਕੇ ਨਿਹੰਗ ਸਿੰਘ ਜ਼ਖਮੀ ਹੋਇਆ ਹੈ। ਇਸ ਸਬੰਧੀ ਥਾਣਾ ਹਠੂਰ ਦੇ ਮੁਖੀ ਨਰਿੰਦਰ ਸਿੰਘ ਦਾ ਕਹਿਣਾ ਹੈ ਕਿ ਲੁਧਿਆਣਾ ਪੁਲਿਸ ਬੀਤੀ ਰਾਤ ਕਾਰ ਲੁੱਟ ਦੇ ਮਾਮਲੇ 'ਚ ਨਿਹੰਗ ਸਿਮਰਨਜੀਤ ਸਿੰਘ ਨੂੰ ਫੜਨ ਆਈ ਸੀ ਜਿਸ ਦੌਰਾਨ ਉਸ ਵੱਲੋਂ ਪੁਲਿਸ ਨਾਲ ਹੱਥੋਪਾਈ ਕਰਦਿਆਂ ਮੁਲਾਜਮਾਂ ਨੂੰ ਜਖਮੀ ਕਰ ਦਿੱਤਾ। ਹਠੂਰ ਪੁਲਿਸ ਲੁਧਿਆਣਾ ਹਸਪਤਾਲ ਦਾਖਲ ਮੁਲਾਜ਼ਮਾਂ ਦਾ ਬਿਆਨ ਕਲਮਬੰਦ ਕਰਨ ਲਈ ਜਾ ਰਹੀ। ਪੁਲਿਸ ਵੱਲੋਂ ਗੋਲੀ ਚਲਾਉਣ ਦੇ ਮਾਮਲੇ ਦੀ ਅਜੇ ਕੋਈ ਪੁਸ਼ਟੀ ਨਹੀਂ। ਹੋਈ ਉਹ ਇਸ ਸਬੰਧੀ ਜਾਂਚ ਕਰ ਰਹੇ ਹਨ।


**Public Notice**

Original Previous Transfer Deed No. 1971 dated 22-01-2010 of the Property measuring 01 K -1M, situated at Vill. Ransih Kalan, Teh. Nihal Singh Wala, Distt. Moga and owned by Iqbal Singh S/o Gurdial Singh S/o Veer Singh R/o Vill. Ransih Kalan, Teh. Nihal Singh Wala, Distt. Moga is missing. Anyone having any objection regarding the mortgage of this Property with Punjab & Sind Bank, Branch Nihal Singh Wala, may respond or raise objection within 07 days to Branch Manager, Punjab & Sind Bank, Nihal Singh Wala. Mob. 7007428266.

**PUBLIC NOTICE**

Previous Original Title Deed no. 12806 dated 10-02-2003 executed by Joint Sub Registrar Amritsar in favour of Santosh Kumari and Original GPOA no. 10634 dated 02-01-2007 executed by Joint Sub Registrar Amritsar in favour of Santosh Kumari of Property i.e. House no. 30, area 113 sq. yards Khasra no. 3618/1929/256, 257 min, Tungpai Sub Urban, Abadi Chand Avenue, Amritsar has been lost purchased by Minakshi Arenja W/o Nand Arenja. Anyone having any objection regarding the mortgage of this property with Punjab & Sind Bank, Branch Mudhal, Amritsar may respond or raise objection within 15 days to **Sh. Kheta Ram, Branch Manager, Punjab & Sind Bank, Mudhal, Amritsar. Mobile No. 88270-00926**

**PUBLIC NOTICE**

I Minakshi Arenja W/o Sh. Nand Arenja R/o Hosue no. 30, Ward no. 13, Chand Avenue, Bankay Bihari Wali Gali, Balala Roed, Amritsar, declare thal Previous Original Title Deed no. 12806 dated 10-02-2003 executed by Joint Sub Registrar Amritsar in favour of Santosh Kumari and Original GPOA no. 10634 dated 02-01-2007 executed by Joint Sub Registrar Amritsar in favour of Santosh Kumari of my Property i.e. House no. 30, Tungpai Sub Urban, Abadi Chand Avenue, Amritsar, measuring 113 sq. Yards, Khasra no. 3618/1929/256, 257 min, Sale Deed no. 16351 daled 25-03-2008, Book no. 1, Volume no. 3228, Page no. 5253 has been lost and report Unique ID no. 5 has been lodged on dated 19.07.2007 in Police Station Company Bagh. Now, property is to be Mortgaged with Bank. If any person has any objection of interest with regard to above said property or is having any claim/knowledge of above said Document allege to have been lost, he may approach and file objection within 15 days before undersigned. Anybody dealing in any manner regarding the property mentioned in lost Registry shall be responsible of his own. If anybody/borrower find/get lost Sale deed, the same will be informed at above address. However, no loan has been taken from any bank/financial institution or private person against said previous Sale Deed nor the same is involved in any Court Case Litigation.

Sd/- Minakshi Arenja
W/o Sh. Nand Arenja


# ਕਤਲ ਕੇਸ ਦੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ

### * ਮੁਦਈ ਧਿਰ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ) - ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ ਨੇ ਕਤਲ ਕੇਸ ਦੇ ਇਕ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਅਤੇ ਮੁਦਈ ਧਿਰ ਨੂੰ ਦੋ ਲੱਖ ਰੁਪਏ ਮੁਆਵਜ਼ਾ ਦਿੱਤੇ ਜਾਣ ਦਾ ਵੀ ਹੁਕਮ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸ਼ੇਰਾਂਵਾਲਾ ਥਾਨਾ ਲੰਬੀ ਦੇ ਰਹਿਣ ਵਾਲੇ ਲਾਭ ਸਿੰਘ ਨੇ ਆਪਣੇ ਹੀ ਪਿੰਡ ਦੇ ਇਕ ਵਿਅਕਤੀ ਕੰਵਲਜੀਤ ਸਿੰਘ ਨੂੰ ਆਪਣੇ ਘਰ ਸੱਦਕੇ ਸ਼ਰਾਬ ਵਿੱਚ ਨਸ਼ੇ ਵਾਲੀਆਂ ਗੋਲੀਆਂ ਮਿਲਾ ਕੇ ਉਸ ਦਾ ਕਤਲ ਕਰ ਦਿੱਤਾ ਸੀ। ਕਤਲ ਕਰਕੇ ਮ੍ਰਿਤਕ ਦੀ ਲਾਸ਼ ਨੂੰ ਘਰ ਵਿੱਚ ਹੀ ਬਣੀ ਇਕ ਪੁਰਾਣੀ ਖੂਹੀ ਵਿੱਚ ਦੱਬ ਦਿੱਤਾ। ਉਧਰ ਕੰਵਲਜੀਤ ਸਿੰਘ ਦੀ ਗੁੰਮਸ਼ੁਦਗੀ ਨੂੰ ਲੈ ਕੇ ਜਦੋਂ ਮਾਮਲਾ ਪੁਲਿਸ ਦੇ ਧਿਆਨ ਵਿੱਚ ਆਇਆ ਤਾਂ ਦੋਸ਼ੀ ਲਾਭ ਸਿੰਘ ਨੇ ਪਿੰਡ ਦੇ ਸਰਪੰਚ ਰਾਹੀਂ ਪੁਲੀਸ ਕੋਲ ਆਪਣਾ ਦੋਸ਼ ਮੰਨ ਲਿਆ ਅਤੇ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਪੁਲਿਸ ਨੂੰ ਲਾਸ਼ ਬਰਾਮਦ ਕਰਵਾ ਦਿੱਤੀ। ਇਸ ਸਬੰਧ ਵਿੱਚ ਥਾਣਾ ਲੰਬੀ ਵਿਖੇ 4 ਸਤੰਬਰ 2019 ਨੂੰ ਲਾਭ ਸਿੰਘ ਦੇ ਖਿਲਾਫ ਮੁਕਦਮਾ ਦਰਜ ਕੀਤਾ ਗਿਆ ਅਤੇ ਮਾਮਲਾ ਅਦਾਲਤ ਵਿੱਚ ਪੇਸ਼ ਕਰ ਦਿੱਤਾ। ਅਦਾਲਤ ਵਿੱਚ ਜ਼ਿਲ੍ਹਾ ਅਟਾਰਨੀ ਸੰਜੀਵ ਕੁਮਾਰ ਕੋਛੜ ਦੀਆਂ ਦਲੀਲਾਂ ਨਾਲ ਸਹਿਮਤੀ ਹੁੰਦਿਆਂ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਅਤੇ 10 ਹਜ਼ਾਰ ਰੁਪਏ ਜ਼ੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਜ਼ੁਰਮਾਨਾ ਅਦਾ ਨਾ ਕਰਨ 'ਤੇ ਸਜ਼ਾ ਵਿਚ 3 ਮਹੀਨੇ ਦਾ ਵਾਧਾ ਹੋਵੇਗਾ। ਸ੍ਰੀ ਕੋਛੜ ਨੇ ਦੱਸਿਆ ਕਿ ਅਦਾਲਤ ਨੇ 'ਪੰਜਾਬ ਵਿਕਟਮ ਕੰਪਨਸੈਸ਼ਨ ਸਕੀਮ' ਤਹਿਤ ਮੁਦਈ ਧਿਰ ਜਿਸ ਵਿੱਚ ਮ੍ਰਿਤਕ ਦੀ ਵਿਧਵਾ ਸਿਮਰਨਜੀਤ ਕੌਰ ਤੇ ਉਸਦੀਆਂ ਧੀਆਂ ਸ਼ਾਮਲ ਹਨ ਨੂੰ 2 ਲੱਖ ਰੁਪਏ ਮੁਆਵਜ਼ਾ ਦਿੱਤੇ ਜਾਣ ਦਾ ਵੀ ਹੁਕਮ ਦਿੱਤਾ ਹੈ।

## ਧੌਲਾ ਕਿੰਗਰਾ 'ਚ ਆਇਆ ਘੜਿਆਲ, ਮਹਿਕਮੇ ਨੇ ਕੀਤਾ ਕਾਬੂ



ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ):-ਸ਼ਹਿਰ ਦੇ ਨੇੜਲੇ ਪਿੰਡ ਧੌਲਾ ਕਿੰਗਰਾ ਦੇ ਕੋਲੋਂ ਲੰਘਦੇ ਸੂਏ ਵਿੱਚ ਖਤਰਨਾਕ ਘੜਿਆਲ ਆਉਣ ਕਰਕੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ।

ਇਸ ਖਤਰਨਾਕ ਘੜਿਆਲ ਨੂੰ ਲੈ ਕੇ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਪਿਛਲੇ ਲਗਾਤਾਰ 10 ਦਿਨਾਂ ਤੋਂ ਇਹ ਘੜਿਆਲ ਉਨ੍ਹਾਂ ਦੇ ਪਿੰਡ ਨੇੜਿਓ ਲੰਘਦੇ ਸੂਏ ਵਿਚ ਅਕਸਰ ਹੀ ਦੇਖਿਆ ਜਾਂਦਾ ਸੀ, ਜਿਸ ਕਰਕੇ ਪਿੰਡ ਦੇ ਵਿਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਕਿਉਂਕਿ ਇਸ ਸੂਏ ਵਿੱਚੋਂ ਪਿੰਡ ਦੇ ਕਿਸਾਨ ਭਰਾਵਾਂ ਨੇ ਆਪਣੇ-ਆਪਣੇ ਖੇਤਾਂ ਨੂੰ ਮੋਘਿਆਂ ਰਾਹੀਂ ਪਾਣੀ ਲਗਾਉਣਾ ਹੁੰਦਾ ਹੈ, ਜਿਸ ਕਰਕੇ ਪਿੰਡ ਦੇ ਸੂਏ ਵਿੱਚ ਉੱਤਰ ਕੇ ਮੋਘੇ ਬੰਦ ਕਰਨ ਜਾਂ ਖੋਲ੍ਹਣ ਨੂੰ ਲੈ ਕੇ ਇਸ ਖਤਰਨਾਕ ਘੜਿਆਲ ਦਾ ਸੂਏ ਵਿਚ ਹੋਣ ਦਾ ਡਰ ਬਣਿਆ ਹੋਇਆ ਸੀ, ਜਿਸ ਨੂੰ ਕਿ ਹੁਣ ਰੈਸਕਿਊ ਟੀਮ ਵੱਲੋਂ ਇਸ ਕੜਿਆਲ ਦਾ ਰੈਸਕਿਊ ਕਰ ਲਿਆ ਗਿਆ ਹੈ।

# ਬਰੇਟਾ ਨਗਰ ਕੌਂਸਲ ਦੀ ਕਰੋੜਾਂ ਰੁਪਏ ਦੀ ਜ਼ਮੀਨ 'ਤੇ ਕਬਜ਼ਾ ਕਰਨ ਦਾ ਦੋਸ਼

### * ਅਦਾਲਤੀ ਸਟੇਅ ਦੇ ਬਾਵਜੂਦ ਵਿਧਵਾ ਦਲਿਤ ਔਰਤ ਦੇ ਪਰਵਾਰ ਨੂੰ ਕੀਤਾ ਜਾ ਰਿਹੈ ਪ੍ਰੇਸ਼ਾਨ



ਬੁਢਲਾਡਾ - (ਅਸ਼ੋਕ ਲਾਕੜਾ) - ਅੱਜ ਇੱਥੇ ਸੀ.ਪੀ.ਆਈ.(ਐਮ) ਦੇ ਜ਼ਿਲ੍ਹਾ ਆਗੂ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੀਨੀਅਰ ਆਗੂ ਕਾਮਰੇਡ ਜਸਵੰਤ ਸਿੰਘ ਬੀਰੋਕੇ ਕਲਾਂ , ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾ. ਘਨੀਸ਼ਾਮ ਨਿੱਕੂ , ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਜਿੰਦਰ ਸਿੰਘ ਬਰੇਟਾ ਅਤੇ ਸੀ.ਪੀ.ਆਈ.(ਐਮ) ਤਹਿਸੀਲ ਬੁਢਲਾਡਾ ਦੇ ਸਕੱਤਰ ਕਾਮਰੇਡ ਸੰਤ ਰਾਮ ਬੀਰੋਕੇ ਨੇ ਦੋਸ਼ ਲਾਇਆ ਕਿ ਸਰਕਾਰੀ ਸਕੂਲ ਦੇ ਨੇੜੇ ਬਰੇਟਾ ਨਗਰ ਕੌਂਸਲ ਦੀ ਕਰੋੜਾਂ ਰੁਪਏ ਦੀ ਜਮੀਨ ਉੱਪਰ ਇੱਕ ਧਾਰਮਿਕ ਸੰਸਥਾ ਦੀ ਆੜ ਵਿੱਚ ਕੁੱਝ ਭੂ-ਮਾਫੀਆ ਕਿਸਮ ਦੇ ਲੋਕਾਂ ਵੱਲੋਂ ਸੱਤਾਧਾਰੀ ਧਿਰ ਦੀ ਸਹਿ 'ਤੇ ਨਜਾਇਜ ਕਬਜ਼ਾ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਨਗਰ ਕੌਂਸਲ ਬਰੇਟਾ, ਪ੍ਰਸਾਸ਼ਨ ਦੇ ਅਧਿਕਾਰੀ ਮੂਕ ਦਰਸਕ ਬਣੇ ਬੈਠੇ ਹਨ। ਅੱਜ ਇੱਥੇ ਉਕਤ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਗਰ ਕੌਂਸਲ ਬਰੇਟਾ ਪਾਸ ਇਸ ਜਗ੍ਹਾ 'ਤੇ ਤਜਵੀਜਤ ਪਾਰਕ ਬਣਾਉਣ ਲਈ ਕਰੀਬ 30 ਲੱਖ ਰੁਪਏ ਦੀ ਗ੍ਰਾਂਟ ਵੀ ਆਈ ਸੀ, ਜਿਸ ਦੇ ਬਕਾਇਦਾ ਟੈਂਡਰ ਹੋ ਕੇ ਇਸ ਰਾਸ਼ੀ ਵਿੱਚੋਂ ਕਰੀਬ 7 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਇਸ ਜਗ੍ਹਾ ਵਿੱਚ ਨੀਹਾਂ ਕੱਢੀਆਂ ਗਈਆਂ ਹਨ ਅਤੇ ਭਰਤ ਪਾਈ ਗਈ ਹੈ। ਆਗੂਆਂ ਨੇ ਦੱਸਿਆ ਕਿ ਇਸ ਜਗ੍ਹਾ ਦੇ ਬਿਲਕੁਲ ਨਾਲ ਇੱਕ ਦਲਿਤ ਵਿਧਵਾ ਔਰਤ ਅਤੇ ਉਸ ਦੇ ਲੜਕੇ ਦੇ ਘਰ ਦਾ ਗੇਟ ਬੰਦ ਕਰਨ ਲਈ ਭੂ-ਮਾਫੀਆ ਦੇ ਲੋਕਾਂ ਨੇ ਗੇਟ ਕੱਢ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹਾਲਾਂ ਕਿ ਉਕਤ ਵਿਧਵਾ ਔਰਤ ਅਤੇ ਉਸ ਦੇ ਲੜਕੇ ਨੇ ਨਗਰ ਕੌਂਸਲ ਵਿਰੁੱਧ ਮਾਨਯੋਗ ਅਦਾਲਤ ਬੁਢਲਾਡਾ ਵਿਖੇ ਦੀਵਾਨੀ ਕੇਸ ਦਾਇਰ ਕਰਕੇ ਸਟੇਅ ਲਈ ਹੋਈ ਹੈ। ਉਨ੍ਹਾਂ ਦੱਸਿਆ ਕਿ ਭੂ-ਮਾਫੀਆ ਅਨਸਰਾਂ ਨੇ ਉਕਤ ਵਿਧਵਾ ਔਰਤ ਦੇ ਵਿਰੋਧ ਕਰਨ 'ਤੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਆਗੂਆਂ ਨੇ ਦੋਸ਼ ਲਾਇਆ ਕਿ ਅਦਾਲਤ ਦੁਆਰਾ ਸਟੇਅ ਹੋਣ ਦੇ ਬਾਵਜੂਦ ਵਿਧਵਾ ਦਲਿਤ ਔਰਤ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਇਸ ਪਰਿਵਾਰ ਨੂੰ ਉਜਾੜਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਕਤ ਆਗੂਆਂ ਨੇ ਮੁੱਖ ਮੰਤਰੀ ਪੰਜਾਬ , ਸਥਾਨਕ ਸਰਕਾਰਾਂ ਵਿਭਾਗ ਦੇ ਕੈਬਨਿਟ ਮੰਤਰੀ, ਹਲਕਾ ਵਿਧਾਇਕ ਅਤੇ ਡਿਪਟੀ ਕਮਿਸਨਰ ਮਾਨਸਾ ਤੋਂ ਮੰਗ ਕੀਤੀ ਹੈ ਕਿ ਨਗਰ ਕੌਂਸਲ ਦੀ ਕਰੋੜਾਂ ਰੁਪਏ ਦੀ ਜਮੀਨ 'ਤੇ ਨਜਾਇਜ ਕਬਜ਼ਾ ਹੋਣ ਅਤੇ ਦਲਿਤ ਪਰਿਵਾਰ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਫੌਰੀ ਤੌਰ 'ਤੇ ਰੋਕਣ ਲਈ ਸਖਤ ਕਦਮ ਚੁੱਕੇ ਜਾਣ।

# ਤਿੰਨ ਨਗਰ ਕੌਂਸਲਾਂ ਦੀਆਂ ਚੋਣਾਂ 10 ਮਾਰਚ ਤੱਕ ਕਰਾਉਣ ਦੇ ਹੁਕਮ

ਪਟਿਆਲਾ, (ਥਿੰਦ) ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ 3 ਨਗਰ ਕੌਂਸਲਾਂ ਦੀਆਂ ਚੋਣਾਂ ਨਾ ਕਰਾਉਣ ਲਈ ਸੂਬਾ ਚੋਣ ਕਮਿਸ਼ਨਰ ਨੂੰ ਸਖਤ ਫਿਟਕਾਰ ਲਾਈ ਹੈ। ਸੁਣਵਾਈ ਦੌਰਾਨ ਸੂਬਾ ਚੋਣ ਕਮਿਸ਼ਨਰ ਦੀ ਤਰਫ਼ੋਂ ਕਿਹਾ ਗਿਆ ਕਿ ਇਨ੍ਹਾਂ ਤਿੰਨਾਂ ਨਗਰ ਕੌਂਸਲਾਂ ਦੀਆਂ ਚੋਣਾਂ 10 ਮਾਰਚ ਤੱਕ ਕਰਾਈਆਂ ਜਾਣਗੀਆਂ। ਸੂਬਾ ਸਰਕਾਰ ਨੇ ਵੀ ਹਾਈਕੋਰਟ ਨੂੰ ਭਰੋਸਾ ਦਿੱਤਾ ਹੈ ਕਿ 10 ਮਾਰਚ ਤੱਕ ਚੋਣਾਂ ਕਰਾ ਦਿੱਤੀਆਂ ਜਾਣਗੀਆਂ। ਹਾਈਕੋਰਟ ਨੇ ਸਖਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਹੈ। ਨਵੰਬਰ ਵਿੱਚ ਸੁਪਰੀਮ ਕੋਰਟ ਨੇ ਸਰਕਾਰ ਨੂੰ 10 ਹਫ਼ਤਿਆਂ ਵਿੱਚ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਸੀ। ਹਾਈਕੋਰਟ ਨੇ ਕਿਹਾ ਕਿ ਜੇਕਰ ਪਟੀਸ਼ਨਰ ਚਾਹੇ ਤਾਂ ਉਹ ਇਸ ਮਾਮਲੇ 'ਚ ਮਾਣਹਾਨੀ ਪਟੀਸ਼ਨ ਦਾਇਰ ਕਰ ਸਕਦਾ ਹੈ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਨੂੰ ਸੂਬੇ ਦੀਆਂ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਕਰਾਉਣ ਲਈ ਮਜਬੂਰ ਹੋਣਾ ਪਿਆ ਸੀ। ਇਸ ਦੇ ਬਾਵਜੂਦ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ ਨੇ ਤਰਨਤਾਰਨ, ਤਲਵਾੜਾ ਤੇ ਡੇਰਾ ਬਾਬਾ ਨਾਨਕ ਨਗਰ ਕੌਂਸਲਾਂ ਦੀਆਂ ਚੋਣਾਂ ਨਹੀਂ ਕਰਾਈਆਂ। ਐਡਵੋਕੇਟ ਭੀਸਮ ਕਿੰਗਰ ਨੇ ਇਸ ਦੇਰੀ ਵਿਰੁੱਧ ਹਾਈਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਸੀ। ਪਿਛਲੀ ਸੁਣਵਾਈ ਦੌਰਾਨ ਹਾਈਕੋਰਟ ਨੇ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ ਨੂੰ ਸਖਤ ਫਟਕਾਰ ਲਾਉਂਦਿਆਂ ਕਿਹਾ ਸੀ ਕਿ ਤੁਸੀਂ ਲੋਕਤੰਤਰ ਦਾ ਮਜ਼ਾਕ ਉਡਾਇਆ ਹੈ।

ਹਾਈਕੋਰਟ ਨੇ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨਰ ਨੂੰ ਸ਼ੁੱਕਰਵਾਰ ਤੱਕ ਦਾ ਸਮਾਂ ਦਿੱਤਾ ਸੀ ਅਤੇ ਕਿਹਾ ਸੀ ਕਿ ਜੇਕਰ ਉਸ ਸਮੇਂ ਤੱਕ ਚੋਣਾਂ ਦੀ ਤਰੀਕ ਨਾ ਦੱਸੀ ਗਈ ਤਾਂ ਚੋਣ ਕਮਿਸ਼ਨਰ ਨੂੰ ਪੇਸ਼ ਹੋਣਾ ਪਵੇਗਾ। ਅਦਾਲਤ ਨੂੰ ਦੱਸਿਆ ਗਿਆ ਕਿ ਇਨ੍ਹਾਂ ਤਿੰਨਾਂ ਵਿੱਚੋਂ ਦੋ ਲਈ ਚੋਣਾਂ 2020 ਤੋਂ ਪਹਿਲਾਂ ਹੋਣੀਆਂ ਚਾਹੀਦੀਆਂ ਸਨ।

ਚਾਰ ਸਾਲਾਂ ਤੋਂ ਚੋਣਾਂ ਨਹੀਂ ਹੋਈਆਂ ਤੇ ਅਜੇ ਵੀ ਸਮਾਂ ਮੰਗਿਆ ਜਾ ਰਿਹਾ ਹੈ। ਹਾਈਕੋਰਟ ਨੇ ਕਿਹਾ ਕਿ ਹੁਣ ਬਹੁਤ ਹੋ ਗਿਆ ਹੈ, ਹੁਣ ਹੋਰ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਹਾਈਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ 27 ਜਨਵਰੀ ਤੱਕ ਟਾਲ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਤੁਹਾਨੂੰ ਜਲਦੀ ਹੀ ਚੋਣਾਂ ਕਰਾਉਣੀਆਂ ਪੈਣਗੀਆਂ।


**ਪੰਜਾਬ ਨੈਸ਼ਨਲ ਬੈਂਕ punjab national bank**

ਬਰਾਂਚ : ਨਿਊ ਜਵਾਹਰ ਨਗਰ (220100), ਮਾਡਲ ਟਾਊਨ, ਜਲੰਧਰ-144003

**ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ ਦੇ ਬਕਾਇਆਂ ਲਈ ਨੋਟਿਸ**

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫ਼ਤਰ : ਨਿਊ ਜਵਾਹਰ ਨਗਰ (220100), ਮਾਡਲ ਟਾਊਨ, ਜਲੰਧਰ ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੇ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| SR NO. | LOCKER NO. | ਨਾਂਅ | ਬਰਾਂਚ |
|---|---|---|---|
| 1 | AD00282 | ਅਰਜਨ ਸਿੰਘ ਅਤੇ ਸ੍ਰੀਮਤੀ ਅਰਵਿੰਦਰ ਕੌਰ | ਨਿਊ ਜਵਾਹਰ ਨਗਰ ਜਲੰਧਰ (220100) |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਬੈਂਕ ਕਿਰਾਏ ਦੀ ਕਲਾਜ਼ ਨੰ. 9 ਅਨੁਸਾਰ ਬੈਂਕ ਵੱਲੋਂ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 18.01.2025 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਡਵੀਜਨ ਸਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-Sig-JAT-1-24-25 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 06/02/2025, 15.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਨੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

| | | | |
|---|---|---|---|
| ਕੰਮ ਦਾ ਨਾਮ | ਜੰਮੂ ਸੰਭਾਗ ਦੇ ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਅਤੇ ਚਕਰਵਾਹਲ (ਸਿੰਗਲ ਲਾਈਨ) ਦੇ ਵਿਚ ਆਈਬੀਐਸ ਦੇ ਪ੍ਰਾਵਧਾਨ ਦੇ ਸਬੰਧ ਵਿਚ ਐਸ ਐਂਟ ਟੀ ਕੰਮ। | | |
| ਟੈਂਡਰ ਪੂਰਾ ਕਰਨ ਦੀ ਮਿਤੀ ਸਮਾਂ | 06/02/2025 15:00 | ਟੈਂਡਰ ਦੇ ਸ਼ੁੱਧੀਪੱਤਰ ਨੂੰ ਅਪਲੋਡ ਕਰਨ ਦੀ ਮਿਤੀ ਸਮਾਂ | 16/01/2025 11:53 |
| ਵਿਗਿਆਪਿਤ ਮੂਲ (ਰੁ:) | 10069436.86 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਕਰਨ ਦੀ ਮਿਤੀ | 23/01/2025 |
| ਬਿਆਨਾ ਰਾਸ਼ੀ (ਰੁ:) | 200400.00 | ਪੂਰਾ ਹੋਣ ਦਾ ਸਮਾਂ | 6 ਮਹੀਨੇ |

ਟੈਂਡਰ ਸੂਚਨਾ ਨੰ:-433_Sig_JAT_1_24_25 ਮਿਤੀ : 16/1/2025
ਸਮਾਪਨ ਮਿਤੀ/ਸਮਾਂ : 06.02.2025 15:00

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 202/25



**ਅਦਾਲਤੀ ਇਸ਼ਤਿਹਾਰ**

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ ਦੂਜਾ, ਸਬ-ਤਹਿਸੀਲ , ਬਿਆਸ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ : 6 ਐੱਨ ਟੀ, ਰਕਬਾ ਪਿੰਡ ਬੁੱਢਾ ਥੇਹ, ਕਿਸਮ ਕੇਸ : ਦਰੁਸਤੀ ਗਿਰਦਾਵਰੀ

ਵਿਸ਼ਾ : ਕੇਸ ਅਨੁਵਾਨ ਗ੍ਰਾਮ ਪੰਚਾਇਤ ਪਿੰਡ ਬੁੱਢਾ ਥੇਹ ਰਾਹੀਂ ਰਘਬੀਰ ਸਿੰਘ, ਸਰਪੰਚ ਬੁੱਢਾ ਥੇਹ

ਬਨਾਮ : ਜਗਦੀਸ਼ ਸਿੰਘ ਪੁੱਤਰ ਭਜਨ ਲਾਲ ਅਤੇ ਹੋਰ, ਵਾਕਿਆ ਰਕਬਾ ਪਿੰਡ ਬੁੱਢਾ ਥੇਹ

ਅਖਬਾਰ ਨੋਟਿਸ ਬਨਾਮ ਉਤਰਵਾਦੀ

ਤਰੀਕ ਪੇਸ਼ੀ : 27-01-2025

ਦਰੁਸਤੀ ਗਿਰਦਾਵਰੀ ਕੇਸ ਅਨੁਵਾਨ ਗ੍ਰਾਮ ਪੰਚਾਇਤ ਪਿੰਡ ਬੁੱਢਾ ਥੇਹ ਰਾਹੀਂ ਰਘਬੀਰ ਸਿੰਘ ਸਰਪੰਚ ਬੁੱਢਾ ਥੇਹ

ਬਨਾਮ

ਜਗਦੀਸ਼ ਸਿੰਘ ਪੁੱਤਰ ਭਜਨ ਲਾਲ ਅਤੇ ਹੋਰ, ਵਾਕਿਆ ਰਕਬਾ ਪਿੰਡ ਬੁੱਢਾ ਥੇਹ

(1) ਜਗਦੀਸ਼ ਸਿੰਘ ਪੁੱਤਰ ਭਜਨ ਸਿੰਘ (2) ਸਰਦਾਰਾ ਸਿੰਘ ਪੁੱਤਰ ਮੂਲਾ ਸਿੰਘ (3) ਸੁਖਦੇਵ ਸਿੰਘ ਪੁੱਤਰ ਉਤਮ ਸਿੰਘ (4) ਰਘਬੀਰ ਸਿੰਘ ਪੁੱਤਰ ਕਰਮ ਸਿੰਘ (5) ਜਗੀਰ ਸਿੰਘ ਪੁੱਤਰ ਦਰਸ਼ਨ ਸਿੰਘ (6) ਫੌਜਾ ਸਿੰਘ ਪੁੱਤਰ ਰਾਮ ਸਿੰਘ (7) ਹਰਜੀਤ ਸਿੰਘ ਪੁੱਤਰ ਕਰਮ ਸਿੰਘ (8) ਸਵਰਨ ਸਿੰਘ ਪੁੱਤਰ ਗੁਰਦਿੱਤ ਸਿੰਘ (9) ਸਰਦੂਲ ਸਿੰਘ ਪੁੱਤਰ ਲੱਖਾ ਸਿੰਘ (10) ਸੁੱਖਾ ਸਿੰਘ ਪੁੱਤਰ ਲੱਖਾ ਸਿੰਘ (11) ਹਰਬੰਸ ਸਿੰਘ ਪੁੱਤਰ ਗੰਡਾ ਸਿੰਘ (12) ਮੱਖਣ ਸਿੰਘ ਪੁੱਤਰ ਸੁੰਦਰ ਸਿੰਘ (13) ਕੁੰਦਨ ਸਿੰਘ ਪੁੱਤਰ ਜਗਤ ਸਿੰਘ (14) ਗਿਆਨ ਸਿੰਘ (15) ਮਕਤੂਲ ਸਿੰਘ ਪੁੱਤਰ ਈਸ਼ਰ ਸਿੰਘ (16) ਦਲਬੀਰ ਸਿੰਘ ਪੁੱਤਰ ਤੇਜਾ ਸਿੰਘ (17) ਕਸ਼ਮੀਰ ਸਿੰਘ ਪੁੱਤਰ ਦਰਸ਼ਨ ਸਿੰਘ (18) ਫੌਜਾ ਸਿੰਘ ਪੁੱਤਰ ਰਾਮ ਸਿੰਘ (19) ਹਰਮੀਤ ਸਿੰਘ ਪੁੱਤਰ ਬਹਾਦਰ ਸਿੰਘ (20) ਸੁਖਵੰਤ ਸਿੰਘ ਪੁੱਤਰ ਉਤਮ ਸਿੰਘ (21) ਸਰਬਜੀਤ ਸਿੰਘ ਪੁੱਤਰ ਕੁੰਦਨ ਸਿੰਘ (22) ਅਮਰਜੀਤ ਸਿੰਘ ਪੁੱਤਰ ਕੁੰਦਨ ਸਿੰਘ (23) ਚੰਨਣ ਸਿੰਘ ਪੁੱਤਰ ਭਾਨ ਸਿੰਘ (24) ਸੁੱਚਾ ਸਿੰਘ ਪੁੱਤਰ ਮੱਖਣ ਸਿੰਘ (25) ਫੁਲਵਿੰਦਰ ਸਿੰਘ ਪੁੱਤਰ ਜਗੀਰ ਸਿੰਘ (26) ਲੱਖਾ ਸਿੰਘ ਪੁੱਤਰ ਸੁੰਦਰ ਸਿੰਘ (27) ਮਹਿੰਦਰ ਸਿੰਘ ਪੁੱਤਰ ਕੇਸਰ ਸਿੰਘ

ਇਸ ਨੋਟਿਸ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਉਕਤ ਦਰੁਸਤੀ ਗਿਰਦਾਵਰੀ ਦਾ ਕੇਸ ਚੱਲ ਰਿਹਾ ਹੈ। ਇਸ ਕੇਸ ਵਿੱਚ ਉਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਨੋਟਿਸ ਰਾਹੀਂ ਉਕਤ ਦਰਜ ਉਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਕੇਸ ਵਿੱਚ ਜੇਕਰ ਕੋਈ ਇਤਰਾਜ਼ ਹੋਵੇ ਤਾਂ ਅਗਲੀ ਤਰੀਕ ਪੇਸ਼ੀ ਨੂੰ ਅਲਾਸਤਨ ਜਾਂ ਵਕਾਲਤਨ ਹਾਜ਼ਰ ਆ ਕੇ ਦਰੁਸਤੀ ਗਿਰਦਾਵਰੀ ਕੇਸ ਦੀ ਪੈਰਵਾਈ ਕਰਨ ਲਈ ਆਖਰੀ ਮੌਕਾ ਦਿੱਤਾ ਜਾਂਦਾ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਆਪ ਦਾ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੂਜਾ-ਕਮ-ਨਾਇਬ ਤਹਿਸੀਲਦਾਰ, ਬਾਬਾ ਬਕਾਲਾ ਸਾਹਿਬ
ਨੰਬਰ : ਰੀਡਰ/ਐਨ ਟੀ/1268
ਮਿਤੀ : 15-01-2025



**AXIS BANK**

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਨੂੰ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕਰਕੇ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਕੀਤੀ ਸੌਦੇਬਾਜ਼ੀ ਬਕਾਇਆ ਨਿਕਲਦੀ ਰਕਮ ਅਤੇ ਇਸ ਉਪਰ ਬਣਦੇ ਵਿਆਜ ਲਈ (ਸਕਿਊਰਡ ਕ੍ਰੈਡੀਟਰ ਦਾ ਨਾਂਅ) ਚਾਰਜ ਦਾ ਵਿਸ਼ਾ ਹੋਵੇਗਾ।
ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਊਰਡ ਐੱਸਟਸ ਦੀ ਪ੍ਰਾਪਤੀ ਲਈ ਉਪਲੱਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ ਸਹਿ-ਕਰਜ਼ਦਾਰ ਦਾ ਨਾਂਅ | ਗਹਿਣੇ ਰੱਖੀ ਜਾਇਦਾਦ ਦਾ ਵੇਰਵਾ | ਐਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ |
|---|---|---|---|---|---|
| 1. ਸ੍ਰੀ ਗੁਰਪ੍ਰੀਤ ਸਿੰਘ ਗਿੱਲ ਪੁੱਤਰ ਚਰਨਜੀਤ ਸਿੰਘ ਗਿੱਲ (ਕਰਜ਼ਦਾਰ/ਗਿਰਵੀਕਾਰ), 2. ਸ੍ਰੀਮਤੀ ਸਿਮਰਨਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਗਿੱਲ (ਸਹਿ-ਕਰਜ਼ਦਾਰ) ਅਤੇ 3. ਸ੍ਰੀ ਰਵੀ ਇੰਦਰ ਸਿੰਘ ਪੁੱਤਰ ਸ੍ਰੀ ਚਰਨਜੀਤ ਸਿੰਘ ਗਿੱਲ (ਸਹਿ-ਕਰਜ਼ਦਾਰ) ਸਾਰੇ ਵਾਸੀ ਪਿੰਡ ਭਗਵਾਨਪੁਰ, ਭਿੱਖੀਵਿੰਡ, ਨੇੜੇ ਆਟਾ ਚੱਕੀ, ਤਰਨ ਤਾਰਨ, ਪੰਜਾਬ-143304 | ਵਿਕਰੀ ਬੈਨਾਮਾ ਨੰ. 2020-21/93/1/2560 ਮਿਤੀ 03 ਅਗਸਤ 202 ਰਾਹੀਂ ਗੁਰਪ੍ਰੀਤ ਸਿੰਘ ਗਿੱਲ ਪੁੱਤਰ ਚਰਨਜੀਤ ਸਿੰਘ ਗਿੱਲ ਦੇ ਨਾਂਅ 'ਤੇ ਕਾਲਾ ਘਨੂੰਪੁਰ ਅਰਬਨ, ਨਵੀਂ ਅਬਾਦੀ, ਗਲੀ ਨੰ. 1, ਸੰਧੂ ਕਾਲੋਨੀ, ਤਹਿ. ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਖਸਰਾ ਨੰ. 470, 471,481,482, 483, 484, 452,462, 463, 464,,465, 466, 460,473, 468, 461, 469, 472 ਤਹਿਤ ਜਾਇਦਾਦ/ਮਕਾਨ ਨੰ. 09 (ਪੁਰਾਣਾ) ਅਤੇ 09-ਸੀ (ਨਵਾਂ) ਯੂ ਆਈ ਡੀ ਨੰ. ਜੀ-2/47697 ਕੁਲ ਰਕਬਾ 219.76 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ (ਵਿਕਰੀ ਬੈਨਾਮੇ ਅਨੁਸਾਰ) ਪੂਰਬ : ਜਾਇਦਾਦ ਨੰ. ਸੀ-10, ਪੱਛਮ : ਜਾਇਦਾਦ ਨੰ. ਸੀ-8, ਉਤਰ : ਜਾਇਦਾਦ ਹੋਰਨਾਂ ਦੀ, ਦੱਖਣ : ਗਲੀ 19 ਫੁੱਟ। | 05th-Sep-2024 | 06th-Sep-2024 | 15.01.2025 | ਰੁਪਏ 34, 64,105/- (ਰੁਪਏ ਚੌਂਤੀ ਲੱਖ ਚੌਂਹਠ ਹਜ਼ਾਰ ਇੱਕ ਸੌ ਪੰਜ ਕੇਵਲ) |
| 1. ਸ੍ਰੀ ਰਾਜੇਸ਼ ਕੁਮਾਰ ਪੁੱਤਰ ਅਮੀਨ ਚੰਦ (ਕਰਜ਼ਦਾਰ) ਅਤੇ 2. ਸ੍ਰੀਮਤੀ ਸ਼ੁਭ ਲਤਾ ਪਤਨੀ ਰਾਜੇਸ਼ ਕੁਮਾਰ (ਸਹਿ-ਕਰਜ਼ਦਾਰ/ਗਹਿਣਕਾਰ) ਦੋਵੇਂ ਵਾਸੀ ਸਰਕਾਘਾਟ, ਲਗਯਾਰ-ਮੰਡੀ ਹਿਮਾਚਲ ਪ੍ਰਦੇਸ਼-175026 ਵਿਖੇ ਵੀ : #20, ਬਚਿਤ ਨਗਰ, ਪਿੰਡ ਰੇਰੂ, ਨੇੜੇ ਵਿਕਾਸ ਮਾਡਲ ਸਕੂਲ, ਜਲੰਧਰ-144001 | ਵਿਕਰੀ ਬੈਨਾਮਾ ਵਸੀਕਾ ਨੰ. 5224 ਮਿਤੀ 4-10-2016 ਰਾਹੀਂ ਸ਼ੁਭ ਲਤਾ ਪਤਨੀ ਸ੍ਰੀ ਰਾਜੇਸ਼ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਅਬਾਦੀ ਬਚਿੱਤ ਨਗਰ, ਪਿੰਡ ਰੇਰੂ, ਤਹਿ. ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਜਮਾਂਬੰਦੀ ਵਾਸਤੇ ਸਾਲ 2009-10 ਹਦਬਸਤ ਨੰ. 207 ਅਨੁਸਾਰ 3//11/1/2/1, 20/1/2/1, 20/2/1/2, 20/3/2/1, 213/1/1/2, 9//11/1/2/1, 4//17, 18, 23/2, 9//1/2, 2/1, 9/6, 10/1/1, 3//22/1/1, 4//16/1/2, 16/2/1/1, 23/3/1/1, 27, 9//9/5, 11/2, 20/1/2, 4//13, 24/2/1/1, 4//7/2, 14 , ਖੇਵਟ ਖਤੌਨੀ ਨੰ. 73/83-84-85, 418/494/495-496 'ਚ ਸ਼ਾਮਲ ਮਕਾਨ ਰਕਬਾ 06 ਮਰਲੇ 24 ਵਰਗ ਫੁੱਟ ਦਾ ਅੱਧਾ ਹਿੱਸਾ ਰਿਹਾਇਸ਼ੀ ਜਾਇਦਾਦ 03 ਮਰਲੇ 12 ਵਰਗ ਫੁੱਟ ਦੇ ਸਾਰੇ ਹਿੱਸੇ। ਹੱਦਾਂ (ਦਸਤਾਵੇਜ਼ਾਂ ਅਨੁਸਾਰ) ਪੂਰਬ : ਰਸਤਾ 20', ਪੱਛਮ : ਹੋਰਨਾਂ ਦਾ ਪਲਾਟ, ਉੱਤਰ : ਹੋਰ, ਦੱਖਣ : ਬਾਕੀ ਹਿੱਸਾ। | 03rd-Sep-2023 | 04th-Nov-2023 | 16.01.2025 | ਰੁਪਏ 6, 01,954/- (ਰੁਪਏ ਰੁਪਏ ਛੇ ਲੱਖ ਇੱਕ ਹਜ਼ਾਰ ਨੌਂ ਸੌ ਚੁਰੰਜਾ ਕੇਵਲ) |

ਮਿਤੀ : 19.01.2025
ਸਥਾਨ : ਲੁਧਿਆਣਾ
ਸਹੀ/-ਅਧਿਕਾਰਤ ਅਫਿਸਰ, ਐਕਸ ਬੈਂਕ ਲਿਮ.



**AXIS BANK** ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮ., ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001,
ਕਾਰਪੋਰੇਟ ਦਫਤਰ : 'ਐਕਸਿਸ ਹਾਊਸ', ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ ਪਾਂਡੁਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025,
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਨੂੰ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕਰਕੇ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਕੀਤੀ ਸੌਦੇਬਾਜ਼ੀ ਬਕਾਇਆ ਨਿਕਲਦੀ ਰਕਮ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।
ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਊਰਡ ਐੱਸਟਸ ਦੀ ਪ੍ਰਾਪਤੀ ਲਈ ਉਪਲੱਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਐੱਨ ਪੀ ਏ ਦੀ ਮਿਤੀ / ਕਬਜ਼ੇ ਦੀ ਮਿਤੀ / ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ 'ਚ) |
|---|---|---|
| 1. | 1. ਮੈਸ. ਮਾਡਰਨ ਇੰਡਸਟਰੀਜ਼ (ਰਾਹੀਂ ਇਸ ਦੇ ਮਾਲਕ) ਮਾਲ ਮੰਡੀ ਬਟਾਲਾ ਜ਼ਿਲ੍ਹਾ ਗੁਰਦਾਸਪੁਰ-143505 2. ਸ੍ਰੀ ਅਨਿਲ ਕੁਮਾਰ ਅਗਰਵਾਲ ਪੁੱਤਰ ਅਸ਼ੋਕ ਕੁਮਾਰ ਅਗਰਵਾਲ (ਮਾਲਕ) ਮਕਾਨ ਨੰ. 12, ਕ੍ਰਿਸ਼ਨਾ ਕਾਲੋਨੀ, ਅਰਮਾਨ ਪੈਲੇਸ ਰੋਡ, ਬਟਾਲਾ ਜ਼ਿਲ੍ਹਾ ਗੁਰਦਾਸਪੁਰ -143505 3. ਸ੍ਰੀਮਤੀ ਮੀਨਾ ਰਾਣੀ ਪਤਨੀ ਅਸ਼ੋਕ ਕੁਮਾਰ ਅਗਰਵਾਲ ਮਕਾਨ ਨੰ. 12, ਕ੍ਰਿਸ਼ਨਾ ਕਾਲੋਨੀ, ਅਰਮਾਨ ਪੈਲੇਸ ਰੋਡ, ਬਟਾਲਾ ਜ਼ਿਲ੍ਹਾ ਗੁਰਦਾਸਪੁਰ -143505 | 06th-Sep-2024 / 29th-Aug-2024 / 14th JAN-2025 / ਰੁਪਏ 81,70,756/- (ਰੁਪਏ ਇਕਾਸੀ ਲੱਖ ਸੱਤਰ ਹਜ਼ਾਰ ਸੱਤ ਸੌ ਛਪੰਜਾ ਕੇਵਲ) |
| | 1. ਗਿਰਵੀ ਰੱਖੀ ਜਾਇਦਾਦ ਦਾ ਵੇਰਵਾ : ਕੁੱਲ ਜਾਇਦਾਦ : ਇੰਡੀਸਟਰੀਅਲ ਜਾਇਦਾਦ ਏਰੀਆ 12.5 ਮਰਲੇ, ਪੁਰਾਣੀ ਮੰਡੀ ਬਟਾਲਾ ਵਿਖੇ ਸਥਿਤ। ਜਾਇਦਾਦ ਨੰ.1 ਸ੍ਰੀਮਤੀ ਮੀਨਾ ਰਾਣੀ ਪਤਨੀ ਅਸ਼ੋਕ ਕੁਮਾਰ ਦੇ ਨਾਂਅ 'ਤੇ ਵਿਕਰੀ ਬੈਨਾਮਾ ਮਿਤੀ 23.07.2001 ਦਸਤਾਵੇਜ਼ ਨੰ. 1765 ਅਨੁਸਾਰ ਫੈਜ਼ਪੁਰਾ, ਤਹਿ. ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਖਾਨਾ ਸ਼ੁਮਾਰੀ ਨੰ. ਬੀ-12/916 ਵਾਲੀ ਜਾਇਦਾਦ/ਪਲਾਟ ਰਕਬਾ 04-1/2 ਮਰਲੇ ਦੇ ਸਾਰੇ ਹਿੱਸੇ। ਹੱਦਾਂ (ਵਿਕਰੀ ਬੈਨਾਮੇ ਅਨੁਸਾਰ) : ਪੂਰਬ : ਰਸਤਾ, ਪੱਛਮ : ਖਾਲੀ ਦੁਕਾਨ, ਉਤਰ : ਕੁਲਦੀਪ ਸਿੰਘ, ਦੱਖਣ : ਕੈਲਾਸ਼ ਦੀ ਮਲਕੀਅਤ, ਜਾਇਦਾਦ ਨੰ.2 ਸ੍ਰੀਮਤੀ ਮੀਨਾ ਰਾਣੀ ਪਤਨੀ ਅਸ਼ੋਕ ਕੁਮਾਰ ਦੇ ਨਾਂਅ 'ਤੇ ਵਿਕਰੀ ਬੈਨਾਮਾ ਮਿਤੀ 3.01.2001 ਦਸਤਾਵੇਜ਼ ਨੰ.4076 ਅਨੁਸਾਰ ਪੁਰਾਣੀ ਮਾਲ ਮੰਡੀ, ਬਟਾਲਾ, ਤਹਿ. ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਖਾਨਾ ਸ਼ੁਮਾਰੀ ਨੰ. ਬੀ-12/916 ਵਾਲੀ ਜਾਇਦਾਦ/ਪਲਾਟ ਰਕਬਾ 08 ਮਰਲਾ (ਕਰਮ=ਸਾਢੇ ਪੰਜ ਫੁੱਟ) ਦੇ ਸਾਰੇ ਹਿੱਸੇ। ਹੱਦਾਂ (ਵਿਕਰੀ ਬੈਨਾਮੇ ਅਨੁਸਾਰ), ਪੂਰਬ : ਮਾਲ ਮੰਡੀ, ਪੱਛਮ : ਬੀਕੋ, ਉਤਰ : ਬੀਕੋ, ਦੱਖਣ : ਅਨਿਲ ਕੁਮਾਰ ਦੀ ਮਲਕੀਅਤ | |
| 2. | 1. ਜੋਗਾ ਸਿੰਘ ਪੁੱਤਰ ਜਗੀਰ ਸਿੰਘ ਮਕਾਨ ਨੰ.81, ਪਿੰਡ ਪੰਧੇਰ, ਫਤਿਹਗੜ੍ਹ ਚੂੜੀਆਂ ਅੰਮ੍ਰਿਤਸਰ (ਪੰਜਾਬ)-143602, ਨਾਲ ਹੀ : ਪਿੰਡ ਪੰਧੇਰ ਕਲਾਂ, ਜੌਹਲ ਕੋਟਲਾ ਗੁਜਰਾਂ, ਅੰਮ੍ਰਿਤਸਰ (ਪੰਜਾਬ)-143606 2. ਸੁਖਵਿੰਦਰ ਸਿੰਘ ਪੁੱਤਰ ਜੋਗਾ ਸਿੰਘ ਮਕਾਨ ਨੰ. 89, ਪੰਧੇਰੇ ਕਲਾ, ਅੰਮ੍ਰਿਤਸਰ, (ਪੰਜਾਬ)-143602, ਨਾਲ ਹੀ : ਪਿੰਡ ਪੰਧੇਰ ਕਲਾਂ, ਜੌਹਲ ਕੋਟਲਾ ਗੁਜਰਾਂ, ਅੰਮ੍ਰਿਤਸਰ (ਪੰਜਾਬ)-143606 | 13th-Sep-2024 / 01st Sep-2024 / 14th JAN-2025 / ਰੁਪਏ 7,83,313/- (ਰੁਪਏ ਸੱਤ ਲੱਖ ਤਰਿਆਸੀ ਹਜ਼ਾਰ ਤਿੰਨ ਸੌ ਤੇਰਾਂ ਕੇਵਲ) |
| | ਵਿਕਰੀ ਬੈਨਾਮਾ 807 ਮਿਤੀ 23.09.2014 ਰਾਹੀਂ ਸੁਖਜਿੰਦਰ ਸਿੰਘ ਪੁੱਤਰ ਜੋਗਾ ਵਾਸੀ ਪਿੰਡ ਪੰਧੇਰ ਕਲਾਂ, ਤਹਿ. ਅਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਪਿੰਡ ਪੰਧੇਰ, ਹੱਦਬਸਤ ਨੰ. 323, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2010-11 ਅਨੁਸਾਰ ਖਸਰਾ ਨੰ. 16//14/2 (2-0) ਖੇਵਟ ਨੰ. 88 ਖਤੌਨੀ ਨੰ. 302 ਵਿੱਚੋਂ ਜਗ੍ਹਾ/ਪਲਾਟ ਰਕਬਾ 6.11 ਮਰਲੇ (ਕਰਮ= ਸਾਢੇ ਪੰਜ ਫੁੱਟ) ਪੈਮਾਇਸ਼ ਸਾਢੇ 60 ਫੁੱਟ x ਸਾਢੇ 27 ਫੁੱਟ, 6.11/40 ਹਿੱਸੇ ਦੇ ਸਾਰੇ ਹਿੱਸੇ। ਹੱਦਾਂ (ਵਿਕਰੀ ਬੈਨਾਮੇ ਅਨੁਸਾਰ) ਪੂਰਬ : ਬਲਜੀਤ ਸਿੰਘ ਦੀ ਜਾਇਦਾਦ, ਪੱਛਮ : ਸੜਕ/ਰਸਤਾ, ਉਤਰ : ਮੁਖਤਾਰ ਸਿੰਘ ਜਾਇਦਾਦ, ਦੱਖਣ : ਜਾਇਦਾਦ ਦਾ ਬਾਕੀ ਹਿੱਸਾ। | |
| 3. | 1. ਸ੍ਰੀ ਅਤਿੰਦਰ ਕੁਮਾਰ ਪੁੱਤਰ ਮਨੋਹਰ ਸਿੰਘ ਮਕਾਨ ਨੰ. 134/18, ਪਿੰਡ ਕੋਟਲੀ ਨੰਗਲ, ਤਹਿ. ਤੇ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)-143521 2. ਸ੍ਰੀਮਤੀ ਪਰਮੀਤ ਕੌਰ ਪਤਨੀ ਮਨੋਹਰ ਸਿੰਘ ਮਕਾਨ ਨੰ. 134/18, ਪਿੰਡ ਕੋਟਲੀ ਨੰਗਲ, ਤਹਿ. ਤੇ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)-143521 3. ਸ੍ਰੀ ਹਰਮਿੰਦਰ ਸਿੰਘ ਪੁੱਤਰ ਮਨੋਹਰ ਸਿੰਘ ਮਕਾਨ ਨੰ. 134/18, ਪਿੰਡ ਕੋਟਲੀ ਨੰਗਲ, ਤਹਿ. ਤੇ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)-143521 | 05th-Oct-2024 / 25th Sep-2024 / 15th JAN-2025 / ਰੁਪਏ 24,59, 143/- (ਰੁਪਏ ਚੌਵੀ ਲੱਖ ਉਨਾਹਠ ਹਜ਼ਾਰ ਇੱਕ ਸੌ ਤਰਤਾਲੀ ਕੇਵਲ) |
| | ਗਿਰਵੀ ਰੱਖੀ ਜਾਇਦਾਦ ਦਾ ਵੇਰਵਾ : ਦਸਤਾਵੇਜ਼ ਨੰ. 2018-19/147/1/2930 ਮਿਤੀ 25.3.2019 ਰਾਹੀਂ ਅਤਿੰਦਰਪਾਲ ਸਿੰਘ ਅਤੇ ਹਰਮਿੰਦਰ ਸਿੰਘ ਪੁੱਤਰ ਮਨੋਹਰ ਸਿੰਘ ਦੇ ਨਾਂਅ 'ਤੇ ਪੁਲਸ ਲਾਇਨ ਰੋਡ, ਗੁਰਦਾਸਪੁਰ ਹੱਦਬਸਤ ਨੰ. 337, ਤਹਿ. ਅਤੇ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2014-15 ਵਿੱਚ ਦਰਜ ਖਸਰਾ ਨੰ. 817 (0-6), 819 (0-6), 824 (0-13), 826(0-6), 818/5/3 (6-7) ਤਹਿਤ ਜਾਇਦਾਦ/ਪਲਾਟ ਰਕਬਾ 2.75 ਮਰਲੇ ਦੇ ਸਾਰੇ ਹਿੱਸੇ। ਹੱਦਾਂ (ਟਰਾਂਸਫਰ ਡੀਡ ਅਨੁਸਾਰ) ਪੂਰਬ : ਗਲੀ, ਪੱਛਮ : ਸੜਕ, ਉਤਰ : ਡਾਕਟਰ ਦੀ ਜਾਇਦਾਦ, ਦੱਖਣ : ਰੋਸ਼ਨ ਦੀ ਜਾਇਦਾਦ | |
| 4. | 1. ਸ੍ਰੀਮਤੀ ਸ਼ੁਭਲਤਾ ਪਤਨੀ ਤਰਸੇਮ ਰਾਜ ਪਿੰਡ ਉਪਰਲੀ ਲਮੀਨੀ, ਤਹਿ. ਤੇ ਜ਼ਿਲ੍ਹਾ ਪਠਾਨਕੋਟ (ਪੰਜਾਬ)-145001, ਸ੍ਰੀ ਰਮਨ ਸ਼ਰਮਾ ਪੁੱਤਰ ਤਰਸੇਮ ਰਾਜ ਪਿੰਡ ਉਪਰਲੀ ਲਾਮੀਨੀ, ਨੇੜੇ ਆਸ਼ੂ ਜਰਨਲ ਸਟੋਰ, ਤਹਿ. ਤੇ ਜ਼ਿਲ੍ਹਾ ਪਠਾਨਕੋਟ (ਪੰਜਾਬ)-145001, ਸ੍ਰੀ ਵਿਕਰਮ ਸ਼ਰਮਾ ਪੁੱਤਰ ਤਰਸੇਮ ਰਾਜ ਪਿੰਡ ਉਪਰਲੀ ਲਮੀਨੀ, ਅਬੋਟਰਵਨ, ਤਹਿ. ਤੇ ਜ਼ਿਲ੍ਹਾ ਪਠਾਨਕੋਟ (ਪੰਜਾਬ)-145001, ਨਾਲ ਹੀ : ਮਕਾਨ ਨੰ. 26, ਨਾਨਕ ਨਗਰ ਲੱਧੇਵਾਲੀ, ਨੇੜੇ ਟੈਲੀਫੋਨ ਐਕਸਚੇਂਜ, ਜਲੰਧਰ (ਪੰਜਾਬ)-144001 | 10th-Oct-2024 / 30th Sep-2024 / 15th JAN-2025 / ਰੁਪਏ 20,75,053.68/- ਰੁਪਏ ਵੀਹ ਲੱਖ ਪਝੰਤਰ ਹਜ਼ਾਰ ਤਰਵੰਜਾ ਅਤੇ ਅਠਾਹਠ ਪੈਸੇ ਕੇਵਲ) |
| | ਗਿਰਵੀ ਰੱਖੀ ਜਾਇਦਾਦ ਦਾ ਵੇਰਵਾ : ਦਸਤਾਵੇਜ਼ ਨੰ. 2018-19/44/1/3613 ਮਿਤੀ 5 ਫਰਵਰੀ 2019 ਰਾਹੀਂ ਰਮਨ ਸ਼ਰਮਾ ਅਤੇ ਵਿਕਰਮ ਸ਼ਰਮਾ ਦੋਵੇਂ ਪੁੱਤਰ ਤਰਸੇਮ ਰਾਜ ਦੇ ਨਾਂਅ 'ਤੇ ਪਿੰਡ ਲਮੀਨੀ ਹਦਬਸਤ ਨੰ. 342 ਤਹਿ. ਅਤੇ ਜ਼ਿਲ੍ਹਾ ਪਠਾਨਕੋਟ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2013-14 ਵਿੱਚ ਦਰਜ ਅਨੁਸਾਰ ਰੈਕਟ 26 ਕਿੱਲਾ 24(8-0), ਰੈਕਟ 26 ਕਿੱਲਾ 17/1(3-18) ਵਿੱਚੋਂ ਜਾਇਦਾਦ/ਪਲਾਟ ਰਕਬਾ 08 ਮਰਲੇ ਦੇ ਸਾਰੇ ਹਿੱਸੇ। ਹੱਦਾਂ (ਟਰਾਂਸਫਰ ਡੀਡ ਅਨੁਸਾਰ) ਪੂਰਬ : ਮਨਜੀਤ ਸਿੰਘ ਦਾ ਮਕਾਨ, ਪੱਛਮ : ਗਲੀ, ਉਤਰ : ਪਲਾਟ ਅਤੇ ਸੁਧੀਰ ਸ਼ਰਮਾ ਦਾ ਮਕਾਨ, ਦੱਖਣ : ਦਰਸ਼ਨਾ ਦੇਵੀ ਦੀ ਪਲਾਟ | |
| 5. | 1. ਮੈਸ. ਜਗਦੰਬੇ ਟਰੇਡਿੰਗ ਕੰਪਨੀ (ਰਾਹੀਂ ਇਸ ਦੇ ਮਾਲਕ) ਮੰਡੀ ਸੁਰ ਸਿੰਘ ਐਮ ਸੀ ਬੀ ਨੋਟੀਫਾਈਡ ਏਰੀਆ ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ-143302 2. ਯੋਗੇਸ਼ ਕੁਮਾਰ ਪੁੱਤਰ ਕੁਲਦੀਪ ਕੁਮਾਰ (ਮਾਲਕ) ਮਕਾਨ ਨੰ. 206, ਖਾਲੜਾ ਰੋਡ, ਕਰਮ ਸਿੰਘ ਵਾਲੀ ਗਲੀ, ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ-143303 3. ਕਮਲੇਸ਼ ਰਾਣੀ ਪਤਨੀ ਕੁਲਦੀਪ ਕੁਮਾਰ (ਗਰੰਟਰ), ਖਾਲੜਾ ਰੋਡ, ਕਰਮ ਸਿੰਘ ਵਾਲੀ ਗਲੀ, ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ-143303 | 31th-Jul-2024 / 29th-Jul-2024 / 16th JAN-2025 / ਰੁਪਏ 46,21,189/-ਰੁਪਏ ਛਿਆਲੀ ਲੱਖ ਇੱਕੀ ਹਜ਼ਾਰ ਇੱਕ ਸੌ ਉਨਾਨਵੇਂ ਕੇਵਲ) |
| | ਗਿਰਵੀ ਰੱਖੀ ਜਾਇਦਾਦ ਦਾ ਵੇਰਵਾ : ਕਮਲੇਸ਼ ਰਾਣੀ ਪਤਨੀ ਕੁਲਦੀਪ ਕੁਮਾਰ ਦੇ ਨਾਂਅ ਸੇਲ ਡੀਡ ਨੰ. 1742 ਮਿਤੀ 14.11.2011 ਤਹਿਤ ਏਰੀਆ ਭਿੱਖੀਵਿੰਡ ਤਹਿ. ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2006-2007 ਅਨੁਸਾਰ ਖਾਤਾ ਖਤੌਨੀ ਨੰ. 34 ਕਿੱਲਾ ਨੰ. 75//18/2 ਮਿਨ ਅਧੀਨ ਰਿਹਾਇਸ਼ੀ ਜਾਇਦਾਦ ਰਕਬਾ 00 ਕਨਾਲ-16 ਮਰਲੇ ਦੇ ਸਾਰੇ ਹਿੱਸੇ। ਹੱਦਾਂ (ਟਰਾਂਸਫਰ ਡੀਡ ਅਨੁਸਾਰ) ਪੂਰਬ : ਪਲਾਟ, ਪੱਛਮ : ਗਲੀ, ਉਤਰ : ਪ੍ਰੇਮ ਲਾਲ ਦੀ ਮਾਲਕੀ, ਦੱਖਣ : ਦਿਆਲ ਸਿੰਘ ਅਤੇ ਤਰਲੋਕ ਸਿੰਘ ਦੀ ਮਾਲਕੀ | |

ਮਿਤੀ : 19.01.2025, ਸਥਾਨ : ਪੰਜਾਬ ਸਹੀ/- ਅਧਿਕਾਰਤ ਅਫਸਰ ਐਕਸਿਸ ਬੈਂਕ ਲਿਮ.


# ਕਲਾਸੀਫਾਈਡ ਇਸ਼ਤਿਹਾਰ


**ਆਮ ਸੂਚਨਾ**

ਪਰਸਾ ਸਿੰਘ ਪੁੱਤਰ ਪਾਲ ਸਿੰਘ, ਪਿੰਡ ਖਿਲਚੀਆਂ (ਅੰਮ੍ਰਿਤਸਰ) ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਏ.ਪੀ. 09/0535, ਨੂੰ ਧਰਮ ਸਿੰਘ ਪੁੱਤਰ ਪਰਸਾ ਸਿੰਘ, ਪਿੰਡ ਖਿਲਚੀਆਂ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 10 ਦਿਨਾਂ ਅੰਦਰ ਉੱਪ ਮੰਡਲ ਅਫਸਰ ਬੁਟਾਰੀ ਪੁੱਜਣ ।

ਮੈਂ, ਬੰਟੀ ਪੁੱਤਰ ਸ੍ਰੀ ਰੂਪ ਲਾਲ ਵਾਸੀ ਮਕਾਨ ਨੰ: 3614/38, ਗਲੀ ਨੰ: 4, ਤੇਜ ਮੋਹਨ ਨਗਰ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਮੇਰੀ ਮਾਂ ਮਨਜੀਤ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਜੋ ਕੋਈ ਵੀ ਉਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਅਤੇ ਮੇਰਾ ਪਰਿਵਾਰ ਇਸ ਵਿੱਚ ਕਿਸੇ ਤਰ੍ਹਾਂ ਦੇ ਕੋਈ ਵੀ ਜ਼ਿੰਮੇਵਾਰ ਨਹੀਂ ਹੋਣਗੇ। ਸੰਬੰਧਿਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਸੁਨੀਤਾ ਰਾਣੀ ਪਤਨੀ ਸ੍ਰੀ ਰਮੇਸ਼ ਕੁਮਾਰ, ਵਾਸੀ ਮਕਾਨ ਨੰ.-1/2, ਨਿਊ ਗਾਂਧੀ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਿਤ ਵੋਹਰਾ ਅਤੇ ਮੇਰੀ ਨੂੰਹ ਕੋਮਲ ਮੇਰੇ ਕਹਿਣੇ ਤੋਂ ਬਾਹਰ ਹਨ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਇਸ ਵਿਚ ਮੇਰੀ ਜਾਂ ਮੇਰੇ ਬਾਕੀ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ।

ਅਸੀ ਸੁਰਿੰਦਰ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ ਅਤੇ ਕੁਲਵਿੰਦਰ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਪਿੰਡ ਰਾਜਾਤਾਲ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦਲਜੀਤ ਸਿੰਘ ਜੋ ਕਿ ਸਾਡੇ ਕਹਿਣੇ ਸੁਨਣੇ ਤੋਂ ਬਾਹਰ ਹੈ। ਸਾਡੀ ਕੋਈ ਗੱਲ ਨਹੀਂ ਸੁਣਦਾ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਅਸੀਂ ਉਸ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਰਾਮ ਸਰੂਪ ਪੁੱਤਰ ਸ੍ਰੀ ਰੱਖਾ ਰਾਮ ਵਾਸੀ ਪਿੰਡ ਬੱਸੀ ਹਸਤ ਖਾਂ, ਡਾਕਖਾਨਾ ਬਹਾਦੁਰਪੁਰ ਬਾਹੀਆਂ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਇੰਦਰਜੀਤ ਅਤੇ ਉਸ ਦੀ ਪਤਨੀ ਸੁਮਨ ਬਾਲਾ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਤੇਜਿੰਦਰ ਸਿੰਘ ਵਾਸੀ 1699, ਗਲੀ ਪੰਜਾਬ ਸਿੰਘ, ਬਾਬਾ ਸਾਹਿਬ ਚੌਂਕ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸਨੇਹਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਇਸ ਦੇ ਕਿਸੇ ਵੀ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਅਸੀਂ ਹਰੀ ਓਮ ਪ੍ਰਕਾਸ਼ ਪੁੱਤਰ ਸਾਧੂ ਰਾਮ ਪੁੱਤਰ ਕੰਵਰ ਸੈਨ ਅਤੇ ਸ੍ਰੀਮਤੀ ਨੀਲਮ ਅੱਗਰਵਾਲ ਪਤਨੀ ਹਰੀ ਓਮ ਪ੍ਰਕਾਸ਼ ਪੁੱਤਰ ਸਾਧੂ ਰਾਮ ਵਾਸੀਆਨ ਮਕਾਨ ਨੰ. 163/423, ਗਲੀ ਨੰਬਰ 02, ਨੇੜੇ ਸਪੋਰਟਕਿੰਗ ਸ਼ੋਅ ਰੂਮ, ਨਿਊ ਟਾਊਨ ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਮਿਤ ਅੱਗਰਵਾਲ ਅਤੇ ਉਸ ਦੀ ਪਤਨੀ ਚਾਂਦ ਬਾਲਾ ਅਤੇ ਸਾਡਾ ਲੜਕਾ ਨਿਪੁਨ ਅੱਗਰਵਾਲ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬੀਰੂ ਪੁੱਤਰ ਅਬੀ ਵਾਸੀ ਵਾਰਡ ਨੰ. 8, ਡਗਾਰਾ, ਤਹਿਸੀਲ ਬਲਾਵਰ, ਜ਼ਿਲ੍ਹਾ ਕੱਠੂਆ ਜੰਮੂ ਅਤੇ ਕਸ਼ਮੀਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੀ ਭੈਣ ਸਲੀਮਾ ਦੇ ਲੜਕੇ ਸ਼ੇਰੂ ਨੂੰ ਤਿੰਨ ਸਾਲ ਦੀ ਉਮਰ 'ਚ ਗੋਦ ਲਿਆ ਸੀ। ਸ਼ੇਰੂ ਮੇਰੇ ਕੋਲੋਂ 4 ਸਾਲ ਪਹਿਲਾਂ ਬਿਨਾਂ ਦੱਸਿਆਂ ਆਪਣੀ ਮਾਤਾ ਕੋਲ ਚਲੇ ਗਿਆ ਸੀ, ਜਿਸ ਨੇ ਢਾਈ ਸਾਲ ਪਹਿਲਾਂ ਹੋਰ ਸ਼ਾਦੀ ਕਰ ਲਈ ਸੀ ਅਤੇ ਉਸ ਦਾ ਇੱਕ ਲੜਕਾ ਵੀ ਹੈ। ਹੁਣ ਮੇਰੀ ਭੈਣ ਦੇ ਲੜਕੇ ਮੇਰੇ ਨਾਲ ਕੋਈ ਸੰਬੰਧ ਨਹੀਂ ਹੈ। ਮੈਂ ਆਪਣੀ ਭੈਣ, ਉਸ ਦੇ ਲੜਕੇ ਅਤੇ ਲੜਕੀ ਦੇ ਪਤਨੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੱਲ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਰਜਵੰਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

**Change of Name**

I, Prerna Mehendru (Aadhar No. 527417734062) W/o Rajesh Kapil D/o Narinder Kumar resident of H. No. 606, Street No. 12/B, Avtar Nagar, Jalandhar changed my name after mareiage from Prerna Mehendru to Prerna Kapil. All concerned may please Note.

I, Sagar Sagar S/o Jaswinder Singh R/o Village Drawan Po Salala District Jalandhar, Punjab, India has changed my name as Sagar Katnoria.

I, hitherto known as Jaswider Kaur wife of Surjit Ram resident of Village Shakarpur, PO. Pachranga, District Jalandhar, Punjab 144201, have changed my name from Jaswider Kaur to Jaswinder Kaur.

I, Parminder jit w/o Som pal new Gobind nagar hoshiarpur distt. Hoshiarpur have changed my name parminder jit to parminder Jeet.

I,Sarabjit Kaur W/O Balbir Singh R/O Vill.Pabbarali PO Paracha Teh Dera Baba Nanak, Gurdaspur, Punjab have changed my name from Sarabjit Kaur to Sarbjit Kaur.Concerned note.

I, Anita Rani alias Meena Kumari W/O Ashok Kumar Madan R/O H.No.8,Malviya Enclave,Madan Mohan Malviya Road, Amritsar, Punjab have changed my name from Anita Rani alias Meena Kumari to Anita Rani. Concerned note.

I, Kusum Kumari W/o Jai Kumar R/o 241 A, Basant Avenue, Maqbool Road, Amritsar, Punjab-143001 have changed my name from Kusum Kumari to Kusum Kumari Kochar.

I, Padam Kumar S/o Dwarka Das Chopra R/o H.No. 232, W.No. 18, Railway Mandi, Distt. Hoshiarpur Punjab have changed my name from Padam Kumar to Padam Chopra. Concerned note.

I, Kumar Rahul S/o Rajesh Kumar R/o 72, Gali No.4, Sunder Nagar, Amritsar have changed my son's name from Suksham Preet to Saksham Malhotra

I, Dipika Magoo W/o Sunny Nayyar R/o Baba Jawand Singh Colony, Ward No.06, Raja Sansi, Raja Sansi, Raja Sansi Amritsar have changed my name from Dipika Magoo to Deepika

I, Neetu Arora W/o Pardeep Kumar R/o Street No.4, Basant Vihar, Nr. Jagdev Gas Godown, Ghanupur Kale, Chheharta, Amritsar-143105 have changed my name from Neetu Arora to Ritu Mehta

I, Gursewak Singh S/o Harjinder Singh R/o Jandiala Guru Distt Amritsar have declare that Singh is my surname Gursewak is my given name

I, Anureet Kaur Sandhu D/o Sarbjit Singh R/o H.No.214 Gali No.4 Sunder Nagar Shivala Road Amritsar have changed my name to Anureet Kaur

I, Vandana D/o Ravinder Paul R/o H.No.242 Dashmesh Avenue Naushera Khurd Near Cold Store Majitha Road Amritsar have changed my name from Vandana to Given Name Vandana Surname Paul.

**ਨਾਂਅ ਦੀ ਬਦਲੀ**

ਮੈਂ, ਗਗਨਦੀਪ ਸਿੰਘ ਚਹਿਲ ਪੁੱਤਰ ਜਗਤਾਰ ਸਿੰਘ, ਪਿੰਡ ਘਨੌਰੀ ਕਲਾਂ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਗਗਨਦੀਪ ਸਿੰਘ ਰੱਖ ਲਿਆ ਹੈ।

ਮੈਂ, ਮਨਜੀਤ ਕੌਰ ਪਤਨੀ ਨਾਜਰ ਸਿੰਘ, ਪਿੰਡ ਮੀਮਸਾ (ਸੰਗਰੂਰ) ਆਪਣੇ ਲੜਕੇ ਅਮਨਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣਦੇਣ ਕਰਨ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਵਿਧੂ ਸ਼ੇਖਰ ਪੁੱਤਰ ਸਤੀਸ਼ ਕੁਮਾਰ ਵਾਸੀ ਵਾਰਡ ਨੰ. 01, ਮਲਿਕ ਸਟਰੀਟ, ਲਹਿਰਾਗਾਗਾ, ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ ਨੇ ਆਪਣਾ ਨਾਂਅ ਵਿਧੂ ਸ਼ੇਖਰ ਗੋਇਲ ਤੋਂ ਬਦਲ ਕੇ ਵਿਧੂ ਸ਼ੇਖਰ ਰੱਖ ਲਿਆ ਹੈ।

ਮੈਂ, ਰਵਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ ਚੱਬਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਸੱਸ ਦੇ ਦੋ ਨਾਂਅ ਸੁਵਿੰਦਰ ਕੌਰ ਉਰਫ ਸੁਖਵਿੰਦਰ ਕੌਰ ਪਤਨੀ ਪਾਲ ਸਿੰਘ ਹਨ। ਮੇਰੀ ਸੱਸ ਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੰਬੰਧਤ ਨੋਟ ਕਰਨ।

ਮੈਂ, ਰਵਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ ਚੱਬਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਭੂਆ ਸਵਰਨ ਕੌਰ ਉਰਫ ਦਲਜੀਤ ਕੌਰ ਪੁੱਤਰੀ ਪ੍ਰੀਤਮ ਸਿੰਘ ਨੂੰ ਉਕਤ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੰਬੰਧਤ ਨੋਟ ਕਰਨ।

**Change of Name**

I, Bhupinder Singh Matharu S/o Jaswinder Singh Matharu R/o H.No.15, L 2-372, Gali No.5, Gurnam Nagar, Sultanwind Road, Amritsar have changed my name from Bhupinder Singh Matharu to Bhupinder Singh

I Suresh Katoch S/O Charan Das R/O Mohalla Ajit Nagar near Chintpurni Mandir, Kapurthala declare that have changed my name from Suresh Katoch to Suresh Kumar. Please note.

I, Aarti W/o Parmjit Singh R/o VPO. Khokhar Faujjian, Distt Gurdaspur, Punjab have changed my name from Arti Rani to Aarti. Concerned Note.

I, Sarabhjit Kaur W/O Keshwa Nand R/O Vpo Dhanowali, Jalandhar, Punjab Have Changed My Name From Sarabjit Kaur To Sarabhjit Kaur. All Concerned Please Note.

I, Keshwa Nand S/O Jamna Das R/O House No 23, Vpo Dhanowali, Jalandhar, Punjab Have Changed My Name From Kasheva Nand To Keshwa Nand. All Concerned Please Note.

I, Inderjit Singh Bhangoo S/O Sohale Singh R/O Jagjit Colony, Dhilwan Road, Dakoha, Jalandhar, Punjab Have Changed My Name From Inderjeet Singh Bhangu To Inderjit Singh Bhangoo. All Concerned Please Note.

I, Hitherto Known As Rawinder Jit W/O Manmohan Singh Virk Residing At 214, Bank Enclave, Po Model Town, Jalandhar, Punjab 144003 Have Changed My Name And Shall Hereafter Be Known As Ravinderjit Kaur.


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

19-Jan-PAGE-9.qxd 1/18/2025 10:52 PM Page 1



# ਮੋੜ ਕੱਟਦਿਆਂ ਓਵਰਲੋਡ ਟਰੱਕ ਹਾਦਸਾਗ੍ਰਸਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸਥਾਨਕ ਰਜਾਦਾ ਰੋਡ ਕਾਦੀਆਂ ਵਿਖੇ ਮੋੜ ਕੱਟਦੇ ਸਮੇਂ ਇੱਕ ਓਵਰਲੋਡ ਟਰੱਕ ਦੇ ਹਾਦਸਾਗ੍ਰਸਤ ਹੋਣ ਦੀ ਖਬਰ ਮਿਲੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਟਰੱਕ ਚਾਲਕ ਬੱਸ ਸਟੈਂਡ ਤੋਂ ਰਜ਼ਾਦਾ ਰੋਡ ਵਾਲੀ ਸਾਈਡ ਤੇ ਜਾ ਰਿਹਾ ਸੀ। ਜਦੋਂ ਉਹ ਰਜਾਦਾ ਰੋਡ ਤੋਂ ਵਰਿਆਮ ਚੌਂਕ ਨੂੰ ਮੁੜਨ ਲੱਗਾ ਤਾਂ ਅਚਾਨਕ ਉਸਦਾ ਟਰੱਕ ਬੇਕਾਬੂ ਹੋ ਕੇ ਸੜਕ ਕਿਨਾਰੇ ਬਣੇ ਇੱਕ ਗੇਟ ਦੇ ਥੰਮ੍ਹ ਨਾਲ ਜਾ ਟਕਰਾਇਆ ।ਇਸ ਹਾਦਸੇ ਦੇ ਵਿੱਚ ਜਾਨੀ ਮਾਲੀ ਨੁਕਸਾਨ ਤੋਂ ਬਚਾ ਰਿਹਾ ਅਤੇ ਡਰਾਈਵਰ ਵਾਲ ਵਾਲ ਬਚਿਆ।ਉਥੇ ਮੌਜੂਦ ਕੁਝ ਲੋਕਾਂ ਨੇ ਦੱਸਿਆ ਕਿ ਜੇਕਰ ਟਰੱਕ ਪਿੱਲਰ ਦੇ ਨਾਲ ਨਾ ਲੱਗਦਾ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ।ਪਰ ਡਰਾਈਵਰ ਦੀ ਬਹਾਦਰੀ ਦੇ ਕਾਰਨ ਟਰੱਕ ਵੱਡੇ ਹਾਦਸੇ ਤੋਂ ਵਾਲ ਵਾਲ ਬਚਿਆ ਅਤੇ ਟਰੱਕ ਦਾ ਮਾਮੂਲੀ ਨੁਕਸਾਨ ਹੋਇਆ ।ਲੋਕਾਂ ਨੇ ਦੱਸਿਆ ਕਿ ਜਦੋਂ ਟਰੱਕ ਡਰਾਈਵਰ ਟਰੱਕ ਨੂੰ ਮੋੜਨ ਲੱਗਾ ਤਾਂ ਅਚਾਨਕ ਉਸਦੇ ਟਰੱਕ ਦਾ ਅਗਲਾ ਟਾਇਰ ਟੇਢਾ ਹੋ ਗਿਆ ਅਤੇ ਟਰੱਕ ਦਾ ਐਕਸਲ ਟੁੱਟਣ ਦੇ ਕਾਰਨ ਇਹ ਹਾਦਸਾ ਵਾਪਰ ਗਿਆ।ਲੋਕਾਂ ਨੇ ਟਰੱਕਾਂ ਵਾਲਿਆਂ ਨੂੰ ਅਤੇ ਟਰੱਕ ਚਾਲਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਟਰੱਕ ਦੇ ਵਿੱਚ ਲੋੜ ਤੋਂ ਵੱਧ ਮਾਲ ਨਾ ਲੱਦਿਆ ਕਰਨ ਕਿਉਂਕਿ ਜਦੋਂ ਵੀ ਕੋਈ ਟਰੱਕ ਚਾਲਕ ਆਪਣੀ ਗੱਡੀ ਦੇ ਵਿੱਚ ਜ਼ਿਆਦਾ ਮਾਲ ਲੋਡ ਕਰ ਲੈਂਦਾ ਹੈ ਤਾਂ ਅਜਿਹੇ ਹਾਦਸੇ ਵਾਪਰਦੇ ਹਨ ।



# ਮੋਦੀ ਸਰਕਾਰ ਨੂੰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨਾਲ ਤੁਰੰਤ ਗੱਲਬਾਤ ਸ਼ੁਰੂ ਕਰਨ ਦੀ ਅਪੀਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਸੰਯੁਕਤ ਕਿਸਾਨ ਮੋਰਚਾ 'ਚ ਸ਼ਾਮਿਲ ਜਮਹੂਰੀ ਕਿਸਾਨ ਸਭਾ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੀ ਕੌਮੀ ਤਾਲਮੇਲ ਕਮੇਟੀ ਦੇ ਸੁਝਾਵਾਂ ਨੂੰ ਲਾਗੂ ਕਰਨ ਲਈ ਬਾਰਡਰ ਤੇ ਸਥਿਤ ਪਿੰਡ ਡੱਲਾ ਰਾਜਪੂਤਾਂ-ਸਾਹੋਵਾਲ ਦੀ ਵਿਸ਼ੇਸ਼ ਮੀਟਿੰਗ ਜੱਗਾ ਸਿੰਘ, ਮੁਖਤਾਰ ਸਿੰਘ, ਸ਼ਮਸ਼ੇਰ ਤੇ ਗਾਇਕ ਗੁਰਪਾਲ ਗਿੱਲ ਦੀ ਪ੍ਰਧਾਨਗੀ 'ਚ ਹੋਈ ਜਿੱਥੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਮੰਡੀ ਕਰਨ ਨਾਲ ਜੁੜਿਆ ਨਵਾਂ ਖਰੜਾ ਰੱਦ ਕਰਾਉਣ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ ਤੇ ਦਬਾਅ ਪਾਉਣ ਵਾਸਤੇ ਕਿ ਮੋਦੀ ਸਰਕਾਰ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਗੱਲਬਾਤ ਤੁਰੰਤ ਸ਼ੁਰੂ ਕਰੇ ਅਤੇ ਮੋਰਚੇ ਦੀਆਂ ਬਾਕੀ ਮੰਗਾਂ ਐੱਮਐੱਸਪੀ ਦੀ ਕਨੂੰਨੀ ਗਰੰਟੀ ਤੇ ਮਜ਼ਦੂਰਾਂ ਕਿਸਾਨਾਂ ਦਾ ਕਰਜ਼ਾ ਰੱਦ ਕਰਾਉਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਪ੍ਰਧਾਨ ਮੰਤਰੀ ਨੂੰ ਮੋਰਚੇ ਵੱਲੋਂ ਇਸ ਸਬੰਧੀ ਪੱਤਰ ਲਿਖਿਆ ਜਾ ਰਿਹਾ ਹੈ! ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਉਕਤ ਮੰਗਾਂ ਦੇ ਹੱਲ ਲਈ ਦੇਸ਼ ਭਰ 'ਚ ਸਾਰੇ ਲੋਕ ਸਭਾ ਅਤੇ ਰਾਜ ਸਭਾ ਦੇ ਸੰਸਦ ਮੈਂਬਰਾਂ ਨੂੰ ਜਨਤਕ ਵਫ਼ਦ ਮਿਲ ਕੇ ਪੁਰਜ਼ੋਰ ਮੰਗ ਕਰੇਗਾ ਕਿ ਉਹ ਕੇਂਦਰ ਸਰਕਾਰ ਨੂੰ ਲਿਖਣ ਤੇ ਖਾਸ ਕਰਕੇ ਪ੍ਰਧਾਨ ਮੰਤਰੀ ਨੂੰ ਫੌਰੀ ਮਿਲ ਕੇ ਵੀ ਕਹਿਣ ਕਿ ਉਹ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ ਤੁਰੰਤ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕਰੇ! ਉਹਨਾਂ ਅੱਗੇ ਦੱਸਿਆ ਕਿ ਅੰਮ੍ਰਿਤਸਰ ਦੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ 21 ਜਨਵਰੀ ਨੂੰ ਸਾਰੀਆਂ ਜਥੇਬੰਦੀਆਂ ਦੀ ਅਗਵਾਈ ਚੇ ਸੈਂਕੜੇ ਕਿਸਾਨ ਮਜ਼ਦੂਰ ਤੇ ਟਰੇਡ ਯੂਨੀਅਨਾਂ ਦੇ ਕਾਰਕੁੰਨ ਵੱਡੇ ਵਫ਼ਦ ਰਾਹੀਂ ਮਿਲਣਗੇ! ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਤੇ ਦਬਾਅ ਵਧਾਉਣ ਲਈ 26 ਜਨਵਰੀ ਨੂੰ ਪਿੰਡਾਂ, ਬਲਾਕਾਂ ਤੇ ਤਹਿਸੀਲ ਕੇਂਦਰਾਂ 'ਤੇ ਲੋਕ ਲਾਮਬੰਦੀ ਕਰਨ ਲਈ ਟਰੈਕਟਰਾਂ ਦੇ ਮਾਰਚ ਕੀਤੇ ਜਾਣਗੇ! ਮੀਟਿੰਗ ਵਿੱਚ ਕੇਂਦਰ ਸਰਕਾਰ ਵਿਰੁੱਧ ਨਾਅਰੇ ਮਾਰਦਿਆਂ ਫੈਸਲਾ ਕੀਤਾ ਗਿਆ ਕਿ ਉਹ ਵੱਡੀ ਗਿਣਤੀ ਵਿੱਚ ਇਨ੍ਹਾਂ ਪ੍ਰੋਗਰਾਮਾਂ ਵਿੱਚ ਵੱਧ-ਚੜ੍ਹ ਕੇ ਸ਼ਾਮਿਲ ਹੋਣ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਪੰਚ ਸੋਨਾ ਸਿੰਘ, ਮੈਂਬਰ ਬਲਵੰਤ ਸਿੰਘ, ਮੈਂਬਰ ਸਤਨਾਮ ਸਿੰਘ ਅਤੇ ਗੋਗੀ ਆਦਿ ਨੇ ਵੀ ਆਪਣੇ ਵਿਚਾਰ ਰੱਖੇ।



# ਪੰਜਾਬ ਸਰਕਾਰ ਨੇ ਪਿਛਲੇ ਸਾਲ 2100 ਕਰੋੜ ਰੁਪਏ ਦੇ ਪ੍ਰਾਜੈਕਟ ਸ਼ੁਰੂ ਕੀਤੇ : ਜਗਰੂਪ ਸਿੰਘ ਸੇਖਵਾਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਦੇ ਜਲ ਸਰੋਤ ਵਿਭਾਗ ਨੇ ਸੂਬੇ ਦੇ ਪਾਣੀ ਸਬੰਧੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਨੂੰ ਪਾਣੀ ਦੀ ਸਮਾਨ ਵੰਡ ਯਕੀਨੀ ਬਣਾਉਣ ਲਈ ਬੇਮਿਸਾਲ ਮੀਲ ਪੱਥਰ ਹਾਸਲ ਕੀਤੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਹੈ ਕਿ ਜਲ ਸਰੋਤ ਵਿਭਾਗ ਵੱਲੋਂ ਪਿਛਲੇ ਸਾਲ ਦੇ ਅੰਤ ਤੱਕ 2100 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰਾਜੈਕਟਾਂ ਨੂੰ ਸਫ਼ਲਤਾਪੂਰਵਕ ਲਾਗੂ ਕਰਕੇ ਇੱਕ ਇਤਿਹਾਸਕ ਪ੍ਰਾਪਤੀ ਕੀਤੀ ਹੈ, ਜਿਸ ਵਿੱਚ ਨਹਿਰਾਂ ਦੀ ਵਿਆਪਕ ਲਾਈਨਿੰਗ, ਮੁਰੰਮਤ ਅਤੇ ਖਾਲ਼ਿਆਂ ਨੂੰ ਸੁਰਜੀਤ ਕਰਨਾ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਵਿਸਥਾਰਤ ਕਾਰਜਾਂ ਨਾਲ ਪਾਣੀ ਦੀ ਸਮਾਨ ਵੰਡ ਦੀ ਵਚਨਬੱਧਤਾ ਨੂੰ ਪੂਰਾ ਕਰਦਿਆਂ ਟੇਲਾਂ ਤੱਕ ਕਿਸਾਨਾਂ ਵਾਸਤੇ ਪਾਣੀ ਉਪਲਬਧ ਕਰਵਾ ਕੇ ਮਹੱਤਵਪੂਰਨ ਸੁਧਾਰ ਕੀਤਾ ਗਿਆ ਹੈ। ਚੇਅਰਮੈਨ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸਭ ਤੋਂ ਮਹੱਤਵਪੂਰਨ ਪ੍ਰਾਪਤੀਆਂ ਵਿੱਚੋਂ ਇੱਕ ਸਰਹਿੰਦ ਫੀਡਰ ਦੀ ਰੀਲਾਈਨਿੰਗ ਰਾਹੀਂ ਸੇਮ ਦੀ ਸਮੱਸਿਆ ਨੂੰ ਹੱਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਜਲ ਸਰੋਤ ਵਿਭਾਗ ਵੱਲੋਂ 671.478 ਕਰੋੜ ਰੁਪਏ ਦੀ ਕੁੱਲ ਲਾਗਤ ਵਾਲੇ ਇਸ ਪ੍ਰਾਜੈਕਟ ਵਿੱਚੋਂ ਹੁਣ ਤੱਕ 89.61 ਕਿੱਲੋਮੀਟਰ ਰੀਲਾਈਨਿੰਗ ਦੇ ਕਾਰਜ ਮੁਕੰਮਲ ਕੀਤੇ ਜਾ ਚੁੱਕੇ ਹਨ, ਜਿਸ ਤੇ 543.43 ਕਰੋੜ ਰੁਪਏ ਖ਼ਰਚ ਹੋ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ ਖਾਲ਼ਿਆਂ ਦੀ ਬਹਾਲੀ ਸਬੰਧੀ ਮੁਹਿੰਮ ਦੇ ਵੀ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ।ਦੋ ਤੋਂ ਤਿੰਨ ਦਹਾਕਿਆਂ ਤੱਕ ਬੰਦ ਪਏ 15947 ਖਾਲ਼ਿਆਂ ਨੂੰ ਵਿਭਾਗ ਨੇ ਸਫ਼ਲਤਾਪੂਰਵਕ ਸੁਰਜੀਤ ਕੀਤਾ ਹੈ। ਇਸ ਪਹਿਲਕਦਮੀ ਨਾਲ ਪਹਿਲੀ ਵਾਰ 950 ਤੋਂ ਵੱਧ ਪਿੰਡਾਂ ਵਿੱਚ ਸਿੰਜਾਈ ਲਈ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ। ਚੇਅਰਮੈਨ ਸ. ਸੇਖਵਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਪ੍ਰਗਤੀਸ਼ੀਲ ਤਬਦੀਲੀ ਕਰਦਿਆਂ ਖਾਲ਼ਿਆਂ ਦੀ ਮੁਰੰਮਤ 25 ਸਾਲਾਂ ਤੋਂ ਪਹਿਲਾਂ ਨਾ ਕਰਨ ਸਬੰਧੀ ਪਾਬੰਦੀ ਹਟਾ ਦਿੱਤੀ ਹੈ ਜਿਸ ਨਾਲ ਖੇਤਰੀ ਅਧਿਕਾਰੀ ਹੁਣ ਤੁਰੰਤ ਖਾਲ਼ਿਆਂ ਦੀ ਮੁਰੰਮਤ ਅਤੇ ਬਹਾਲੀ ਸਬੰਧੀ ਕਾਰਜ ਕਰਨ ਦੇ ਯੋਗ ਹੋ ਗਏ ਹਨ।ਉਨ੍ਹਾਂ ਕਿਹਾ ਕਿ ਮਨਰੇਗਾ ਅਤੇ ਸੂਬੇ ਦੇ ਫੰਡਾਂ ਨੂੰ ਜੋੜ ਕੇ ਸੂਬੇ ਨੇ ਸਿਰਫ਼ ਦੋ ਸਾਲਾਂ ਵਿੱਚ 700 ਕਿੱਲੋਮੀਟਰ ਤੱਕ ਫੈਲੇ 909 ਤੋਂ ਵੱਧ ਖਾਲ਼ਿਆਂ ਨੂੰ ਸੁਰਜੀਤ ਕੀਤਾ ਹੈ।



# ਆਂਗਣਵਾੜੀ ਵਰਕਰਾਂ/ਹੈਲਪਰਾਂ ਸੀ ਡੀ ਪੀ ਓ ਦਫਤਰ ਅੱਗੇ ਰੋਸ ਮੁਜ਼ਾਹਰਾ ਕਰਕੇ ਮੰਗ ਪੱਤਰ ਸੌਂਪਿਆ



**ਮਜੀਠਾ (ਸੋਇਮ ਆਨੰਦ)**

ਆਲ ਇੰਡੀਆ ਫੈਡਰੇਸ਼ਨ ਦੇ ਸੱਦੇ 'ਤੇ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਜ਼ਿਲਾ ਪ੍ਰਧਾਨ ਗੁਰਮਿੰਦਰ ਕੌਰ ਹਰੀਆਂ ਦੀ ਅਗਵਾਈ ਵਿੱਚ ਆਂਗਣਵਾੜੀ ਵਰਕਰਾਂ ਹੈਲਪਰਾਂ ਨੇ ਸੀਡੀਪੀਓ ਮਜੀਠਾ ਦਫਤਰ ਬਾਹਰ ਰੋਸ ਮੁਜ਼ਾਹਰਾ ਕਰਕੇ ਆਪਣੀਆਂ ਮੁੱਖ ਮੰਗਾਂ ਲਈ ਵਿੱਤ ਮੰਤਰੀ ਸੀਤਾ ਰਮਨ ਦੇ ਨਾਮ ਸੀਡੀਪੀਓ ਮਜੀਠਾ ਰਾਹੀਂ ਮੰਗ ਪੱਤਰ ਦਿੱਤਾ।ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਗੁਰਮਿੰਦਰ ਕੌਰ ਹਰੀਆਂ ਨੇ ਕਿਹਾ ਕਿ ਅੱਜ ਦੀ ਸਭ ਤੋਂ ਵੱਡੀ ਸਮੱਸਿਆ ਬੱਚਿਆਂ ਵਿੱਚ ਕੁਪੋਸ਼ਣ ਦੀ ਹੈ, ਜਿਸ ਵਾਸਤੇ ਸਰਕਾਰ ਦਿਨੋਂ ਦਿਨ ਬਜਟ ਵਧਾਉਣ ਦੀ ਬਜਾਏ ਘਟਾ ਰਹੀ ਹੈ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦਾ ਸਿਹਤ ਪੱਖੋਂ ਵਿਕਾਸ ਨਹੀ ਹੋਵੇਗਾ।ਅੰਕੜਿਆਂ ਮੁਤਾਬਕ ਬੱਚੇ ਕੁਪੋਸ਼ਣ ਕਰਕੇ ਅਮੀਨੀਆ, ਘੱਟ ਕੱਦ, ਘੱਟ ਵਜ਼ਨ ਤੋਂ ਪੀੜਤ ਹਨ।ਉਨ੍ਹਾਂ ਕਿਹਾ ਕਿ ਵਰਕਰਾਂ ਹੈਲਪਰਾਂ ਲਈ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ, ਵਰਕਰ ਨੂੰ ਗ੍ਰੇਡ ਤਿੰਨ ਤੇ ਹੈਲਪਰ ਨੂੰ ਗ੍ਰੇਡ ਚਾਰ ਦਾ ਦਰਜਾ ਦਿੱਤਾ ਜਾਵੇ, ਆਈਸੀਡੀਐੱਸ ਸਕੀਮ ਨੂੰ ਬਣਦਾ ਬਜਟ ਦਿੱਤਾ ਜਾਵੇ ।ਆਗੂਆਂ ਕਿਹਾ ਕਿ ਦੇਸ਼ ਦੇ ਰਾਸ਼ਟਰਪਤੀ ਨੂੰ ਚਿੱਠ ਲਿਖ ਕੇ ਮਾਣਯੋਗ ਹਾਈ ਕੋਟ ਗੁਜਰਾਤ ਤੇ ਸੁਪਰੀਮ ਕੋਰਟ ਦੇ ਫੈਸਲੇ ਲਾਗੂ ਕਰਨ ਲਈ ਮੰਗ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਦੇ ਲਈ 13 ਫਰਵਰੀ ਨੂੰ ਦਿੱਲੀ ਵਿਖੇ ਚਿਤਾਵਨੀ ਰੈਲੀ ਰੱਖੀ ਗਈ ਹੈ, ਜਿਸ ਵਿੱਚ ਆਂਗਣਵਾੜੀ ਵਰਕਰਾਂ ਹੈਲਪਰਾਂ ਵਲੋ ਮਾਣਯੋਗ ਰਾਸ਼ਟਰਪਤੀ ਦੇ ਨਾਮ ਤੇ ਮੰਗ ਪੱਤਰ ਵੀ ਦਿੱਤਾ ਜਾਵੇਗਾ।ਇਸ ਮੌਕੇ ਜ਼ਿਲਾ ਪ੍ਰਧਾਨ ਗੁਰਮਿੰਦਰ ਕੌਰ, ਬਲਾਕ ਸਕੱਤਰ ਚਰਨਜੀਤ, ਸਰਕਲ ਪ੍ਰਧਾਨ ਅਮਨਦੀਪ ਕੌਰ ਮਜੀਠਾ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਮਨਿੰਦਰ ਕੌਰ, ਨੀਲਮ ਰਾਣੀ, ਰੁਪਿੰਦਰ ਕੌਰ, ਅਨੀਤਾ, ਮੀਨਾਕਸ਼ੀ, ਅਨੂਪ ਕੌਰ, ਮਨਦੀਪ ਕੌਰ, ਰੀਟਾ ਰਾਣੀ, ਸ਼ਾਰਧਾ, ਪ੍ਰੀਆ ਕੁਮਾਰੀ, ਆਰਤੀ, ਰੇਨੂ ਬਾਲਾ, ਸੁਖਵਿੰਦਰ ਕੌਰ, ਬਲਜੀਤ ਕੌਰ, ਨੀਰੂ ਬਾਲਾ, ਨਰਿੰਦਰ ਕੌਰ, ਸੁਨੀਤਾ ਕੁਮਾਰੀ, ਸੁਨੀਤਾ ਦੇਵੀ, ਅਨੀਤਾ ਰਾਣੀ, ਸੰਦੀਪ ਕੌਰ, ਸਰਬਜੀਤ ਕੌਰ, ਨਿਰਮਲਾ ਦੇਵੀ, ਲਖਵਿੰਦਰਜੀਤ ਕੌਰ ਆਦਿ ਹਾਜ਼ਰ ਸਨ।

# ਝਬਾਲ ਪੁਖਤਾ 'ਚ ਗੰਦੇ ਪਾਣੀ ਦੇ ਨਿਕਾਸ ਲਈ ਕਾਰਜ ਸ਼ੁਰੂ : ਚੇਅਰਮੈਨ ਰਮਨ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਝਬਾਲ ਪੁਖਤਾ ਵਿਖੇ ਪੰਚਾਇਤ ਦੇ ਸਰਪੰਚ ਕਵਿਤਾ ਸ਼ਰਮਾ ਤੇ ਪੰਚਾਇਤ ਮੈਂਬਰਾਂ ਦੇ ਪੂਰਨ ਸਹਿਯੋਗ ਸਦਕਾ ਸਰਪੰਚ ਦੇ ਪਤੀ ਚੇਅਰਮੈਨ ਰਮਨ ਕੁਮਾਰ ਝਬਾਲ ਦੀ ਯੋਗ ਅਗਵਾਈ ਵਿੱਚ ਹੇਠ ਗੰਦੇ ਪਾਣੀ ਦੇ ਨਿਕਾਸ ਹੇਤ ਛੱਪੜ ਦੀ ਨੁੱਕਰ ਤੇ ਬਣੇ ਪੋਰੇ ਰਾਹੀਂ ਮੋਟਰ ਨਾਲ ਪਾਣੀ ਪਾ ਕੇ ਠੱਠੀ ਰੋਡ ਨੂੰ ਜਾਂਦੇ ਨਾਲੇ ਰਾਹੀਂ ਰੋਹੀ ਡਰੇਨ ਵਿੱਚ ਪਾਉਣ ਦੀ ਸ਼ੁਰੂਆਤ ਕੀਤੀ ਗਈ।ਚੇਅਰਮੈਨ ਝਬਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਪਿੰਡ ਵਿੱਚ ਲੱਗੇ ਗੰਦਗੀ ਦੇ ਢੇਰ ਨੂੰ ਜੇਸੀਬੀ ਦੀ ਮਦਦ ਨਾਲ ਚੁਕਾਇਆ ਗਿਆ ਅਤੇ ਛੱਪੜ ਦੇ ਕਿਨਾਰਿਆਂ ਤੋਂ ਜੜੀ ਬੂਟੀ ਨੂੰ ਹਟਾ ਕੇ ਸਫਾਈ ਕਰਵਾਏ ਜਾਣ ਦੇ ਨਾਲ ਨਾਲ ਪੂਰੀ ਤਰ੍ਹਾਂ ਡੁੱਬ ਚੁੱਕੀ ਸਿੱਧੀ ਸੜਕ ਤੇ ਮਿੱਟੀ ਪਵਾ ਕੇ ਦੁਬਾਰਾ ਚਾਲੂ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਜਾਣਕਾਰੀ ਦਿੰਦਿਆਂ ਚੇਅਰਮੈਨ ਰਮਨ ਕੁਮਾਰ ਝਬਾਲ ਨੇ ਕਿਹਾ ਕਿ ਪੰਚਾਇਤ ਮਹਿਕਮੇ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਪਿੰਡ ਵਿੱਚੋਂ ਗੰਦਗੀ ਦੇ ਢੇਰ ਚੁਕਾਏ ਅਤੇ ਸਫਾਈ ਕੀਤੀ ਗਈ ਤੇ ਜਲਦ ਹੀ ਗੰਦੇ ਪਾਣੀ ਦੇ ਨਿਕਾਸ ਤੋਂ ਪਿੰਡ ਝਬਾਲ ਪੁਖਤਾ ਵਾਸੀਆਂ ਨੂੰ ਨਿਜ਼ਾਤ ਦਿਵਾਈ ਜਾਵੇਗੀ।ਇਸ ਮੌਕੇ ਬਾਬਾ ਵਰਿਆਮ ਸਿੰਘ ਝਬਾਲ, ਪੱਤਰਕਾਰ ਹਰਜਿੰਦਰ ਸਿੰਘ ਲਾਲਾ, ਪੱਤਰਕਾਰ ਹਰਦੀਪ ਸਿੰਘ ਸੋਨੀ, ਪੱਤਰਕਾਰ ਸੁਖਜਿੰਦਰ ਸਿੰਘ, ਮੈਂਬਰ ਪੰਚਾਇਤ ਪ੍ਰਗਟ ਸਿੰਘ, ਮੈਂਬਰ ਸੋਨੂੰ, ਮੈਂਬਰ ਬੂਟਾ ਸਿੰਘ ਝਬਾਲ, ਮੈਂਬਰ ਗੋਰਾ ਸੂਦ ਝਬਾਲ, ਮੈਂਬਰ ਦਿਲਬਾਗ ਸਿੰਘ, ਮੈਂਬਰ ਗੁਰਜੰਟ ਸਿੰਘ ਰਾਜੂ, ਮੈਂਬਰ ਰੂਬੀ, ਮੈਂਬਰ ਸੋਨੂੰ ਝਬਾਲ, ਸੋਨੀ ਜੰਟੀ, ਬਲਵਿੰਦਰ ਸਿੰਘ ਮਿੰਟੂ ਝਬਾਲ, ਜੀਤਾਂ ਸਿੰਘ ਬਾਜ਼ੀਗਰ ਝਬਾਲ, ਲੱਡੂ ਝਬਾਲ ਅਤੇ ਪਿੰਡ ਵਾਸੀ ਵੀ ਹਾਜ਼ਰ ਸਨ।



# ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ ਏ ਦੇਣ ਦੇ ਮਾਮਲੇ 'ਚ ਕੇਂਦਰ ਤੇ ਗੁਆਂਢੀ ਰਾਜਾਂ ਤੋਂ ਪੱਛੜੀ

**ਵੇਰਕਾ (ਰਾਣਾ)**

ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਚੇਅਰਮੈਨ ਗੁਰਦੀਪ ਸਿੰਘ ਮੋਤੀ, ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਸਲਾਹਕਾਰ ਬਲਦੇਵ ਸਿੰਘ ਸਹਿਦੇਵ, ਗੁਰਮੇਲ ਸਿੰਘ ਮੈਲਡੇ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਪ੍ਰੇਮ ਚਾਵਲਾ, ਸੱਤਿਆਪਾਲ ਗੁਪਤਾ, ਜਗਤਾਰ ਸਿੰਘ ਭੁੰਗਰਨੀ, ਗੁਰਜੀਤ ਸਿੰਘ ਘੋੜੇਵਾਹ ਮੁੱਖ ਜਥੇਬੰਦਕ ਸਕੱਤਰ, ਅਵਤਾਰ ਸਿੰਘ ਤਾਰੀ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ, ਪ੍ਰੈੱਸ ਸਕੱਤਰ ਭੁਪਿੰਦਰ ਸਿੰਘ ਸੇਖੋਂ ਅਤੇ ਕੁਲਵੰਤ ਸਿੰਘ ਚਾਨੀ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਜਸਵਿੰਦਰ ਪਾਲ ਉੱਘੀ, ਬਲਜਿੰਦਰ ਸਿੰਘ ਪਟਿਆਲਾ, ਹਰਭਵਾਨ ਸ੍ਰੀ ਮੁਕਤਸਰ ਸਾਹਿਬ, ਡਿੰਪਲ ਰੁਹੇਲਾ, ਸੰਜੀਵ ਕੁਮਾਰ ਬਠਿੰਡਾ, ਮੇਲਾ ਸਿੰਘ ਪੁੰਨਾਂਵਾਲ, ਸੀਤਾ ਰਾਮ ਸ਼ਰਮਾ, ਜਗਮੋਹਨ ਨੌਲੱਖਾ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬ ਪ੍ਰਧਾਨ ਦੀਦਾਰ ਸਿੰਘ ਪੱਟੀ, ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ, ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾਈ ਆਗੂ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਦਰਸ਼ੀ ਕਾਂਤ ਰਾਜਪੁਰਾ, ਪੈਰਾ ਮੈਡੀਕਲ ਸਟਾਫ ਦੇ ਸੂਬਾਈ ਆਗੂ ਗੁਰਪ੍ਰੀਤ ਸਿੰਘ ਮੰਗਵਾਲ, ਪ੍ਰਭਜੀਤ ਸਿੰਘ ਉੱਪਲ, ਨਿਸ਼ਾਨ ਸਿੰਘ ਗੁਰਦਾਸਪੁਰ, ਰਾਜਦੀਪ ਸਿੰਘ ਹੁਸ਼ਿਆਰਪੁਰ ਨੇ ਦੱਸਿਆ ਕਿ ਕੇਂਦਰ ਸਰਕਾਰ, ਹਰਿਆਣਾ ਸਰਕਾਰ, ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਸਮੇਤ ਸਾਰੇ ਗੁਆਂਢੀ ਰਾਜਾਂ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਿਤੀ 1 ਜੁਲਾਈ 2024 ਤੋਂ 53 ਫੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ ਜਦਕਿ ਪੰਜਾਬ ਰਾਜ ਨੂੰ ਵਿਕਾਸ ਦੀਆਂ ਲੀਹਾਂ ਤੇ ਲੈ ਕੇ ਜਾਣ ਦਾ ਢੰਡੋਰਾ ਪਿੱਟਣ ਵਾਲੀ ਭਗਵੰਤ ਮਾਨ ਸਰਕਾਰ ਦੇ ਪੌਣੇ ਤਿੰਨ ਸਾਲਾਂ ਦੇ ਰਾਜਭਾਗ ਦੌਰਾਨ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸਿਰਫ 42 ਫੀਸਦੀ ਡੀ ਏ ਹੀ ਮਿਲ ਰਿਹਾ ਹੈ ਜੋਕਿ 11 ਫੀਸਦੀ ਘੱਟ ਮਿਲ ਰਿਹਾ ਹੈ।ਡੀ ਏ ਦੀਆਂ ਕਿਸ਼ਤਾਂ ਨਾ ਮਿਲਣ ਕਰਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਵਿਆਪਕ ਰੋਸ ਪਾਇਆ ਜਾ ਰਿਹਾ ਹੈ।ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਖ-ਵੱਖ ਵਰਗਾਂ ਦੇ ਸੰਘਰਸ਼ਾਂ ਨੂੰ ਤਮਾਸ਼ਬੀਨ ਬਣ ਕੇ ਵੇਖ ਰਹੀ ਹੈ।ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਤੀਰੇ ਦਾ ਢੁੱਕਵਾਂ ਜਵਾਬ ਦੇਣ ਲਈ 18 ਜਨਵਰੀ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਸੂਬਾ ਪੱਧਰੀ ਮੀਟਿੰਗ ਕੀਤੀ ਜਾ ਰਹੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਮੀਟਿੰਗ ਦੌਰਾਨ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਸੰਘਰਸ਼ ਦੇ ਤਿੱਖੇ ਪ੍ਰੋਗਰਾਮ ਉਲੀਕੇ ਜਾਣਗੇ ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵੱਡੇ ਸੰਘਰਸ਼ਾਂ ਲਈ ਪਿੰਡਾਂ 'ਚ ਲਾਮਬੰਦੀ ਮੀਟਿੰਗਾਂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲਕ ਵਲੋਂ ਤਿੰਨਾਂ ਫੋਰਮਾਂ ਦੇ ਪ੍ਰੋਗਰਾਮਾਂ ਅਨੁਸਾਰ ਹੱਕੀ ਮੰਗਾਂ ਲੈਣ ਲਈ ਜੋਨ ਦੇ ਪਿੰਡਾਂ ਵਿੱਚ ਲੋਕਾਂ ਨੂੰ ਸੰਘਰਸ਼ਾਂ ਲਈ ਜਾਗਰੂਕ ਅਤੇ ਲਾਮਬੱਧ ਕਰਨ ਸਬੰਧੀ ਮੀਟਿੰਗਾਂ ਦਾ ਸਿਲਸਲਾ ਆਰੰਭ ਦਿੱਤਾ ਹੈ। ਇਸ ਤਹਿਤ ਅੱਜ ਬੁਰਜ ਸਾਹਿਬ ਜ਼ੋਨ ਦੇ ਪਿੰਡ ਛੀਨਾ ਰੇਤ ਵਾਲਾ ਤੇ ਗਿੱਲਮੰਜ ਵਿੱਚ ਮੀਟਿੰਗਾਂ ਕਰਕੇ ਕਿਸਾਨ ਮਜ਼ਦੂਰਾਂ ਨੂੰ ਹੱਕਾਂ ਪ੍ਰਤੀ ਜਾਗਰੂਕ ਕਰਦਿਆਂ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲਕ ਨੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਲਾਮਬੱਧ ਕੀਤਾ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਕਿਸਾਨ ਮਜ਼ਦੂਰ ਮੰਗਾਂ ਦੀ ਪੂਰਤੀ ਲਈ ਅੰਦੋਲਨ 2 ਸ਼ੰਭੂ ਖਨੌਰੀ ਅਤੇ ਰਤਨਪੁਰ, ਰਾਜਸਥਾਨ ਬਾਰਡਰਾਂ ਤੇ ਲਗਾਤਾਰ ਜਾਰੀ ਹੈ। ਅੰਦੋਲਨ ਨੂੰ ਹੋਰ ਤਿੱਖਾ ਕਰਕੇ ਦਿੱਲੀ ਜਾਣ ਵਾਲੇ ਰਸਤੇ ਬੈਰੀਕੇਡ ਹਟਵਾ ਕੇ ਮੋਦੀ ਸਰਕਾਰ ਤੋਂ ਮੰਨੀਆਂ ਹੋਈਆਂ ਮੰਗਾਂ ਬਾਰੇ ਸਵਾਲ ਕੀਤੇ ਜਾਣਗੇ ਤੇ ਆਪਣੀ ਵਾਰੀ ਮੁਤਾਬਿਕ 20 ਫਰਵਰੀ ਨੂੰ ਦਿੱਲੀ ਜਾਣ ਦੀਆਂ ਤਿਆਰੀਆਂ ਕਰਵਾਈਆਂ ਗਈਆਂ। ਪਿੰਡ ਗਿੱਲ ਮੰਜ ਮੀਟਿੰਗ ਵਿੱਚ ਅਜੀਤ ਸਿੰਘ, ਸ਼ਾਮ ਸਿੰਘ, ਗੁਰਦੇਵ ਸਿੰਘ, ਮਹਿਲ ਸਿੰਘ, ਰਤਨ ਸਿੰਘ, ਸਤਨਾਮ ਸਿੰਘ, ਹਰਪਾਲ ਸਿੰਘ ਅਤੇ ਪਿੰਡ ਛੀਨਾ ਰੇਤ ਵਾਲਾ ਮੀਟਿੰਗ ਵਿੱਚ ਰਵੇਲ ਸਿੰਘ, ਕਸ਼ਮੀਰ ਸਿੰਘ, ਬਲਬੀਰ ਸਿੰਘ, ਜੱਸਾ ਸਿੰਘ, ਬੀਰ ਗਿਆਨੀ, ਬਿੱਟੂ ਆਦਿ ਇਕਾਈ ਆਗੂਆਂ ਤੋਂ ਇਲਾਵਾ ਕਿਸਾਨ ਬੀਬੀਆਂ ਵਿੱਚ ਸ਼ਾਮਲ ਸਨ।

# ਪੁਲਸ ਨੇ ਨਗਰ ਕੌਂਸਲ ਦਫਤਰ ਵਿਖੇ ਨਸ਼ਿਆਂ ਸੰਬੰਧੀ ਲਗਾਇਆ ਜਾਗਰੂਕਤਾ ਸੈਮੀਨਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਐੱਸਐੱਸਪੀ ਬਟਾਲਾ ਸੁਹੇਲ ਕਾਸਿਮ ਮੀਰ ਦੇ ਦਿਸ਼ਾ ਹੁਕਮਾਂ ਹੇਠ ਡੀਐੱਸਪੀ ਰਵਿੰਦਰ ਪਾਲ ਸਿੰਘ ਢਿੱਲੋਂ ਦੇ ਵੱਲੋਂ ਸਥਾਨਕ ਨਗਰ ਕੌਂਸਲ ਕਾਦੀਆਂ ਦਫਤਰ ਵਿਖੇ ਨਸ਼ਿਆਂ ਸਬੰਧੀ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ ਜਿਸ ਵਿੱਚ ਥਾਣਾ ਕਾਦੀਆਂ ਦੇ ਐੱਸਐੱਚਓ ਨਿਰਮਲ ਸਿੰਘ ਮੌਜੂਦ ਰਹੇ ।ਡੀਐੱਸਪੀ ਰਵਿੰਦਰ ਪਾਲ ਸਿੰਘ ਢਿੱਲੋਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਇੱਕ ਬਹੁਤ ਵੱਡੀ ਦੇਸ਼ ਲਈ ਘਾਤਕ ਬਿਮਾਰੀ ਹੈ ਅਤੇ ਇਸ ਤੋਂ ਨੌਜਵਾਨਾਂ ਨੂੰ ਬਚਾਉਣ ਦੇ ਲਈ ਲਗਾਤਾਰ ਪੰਜਾਬ ਪੁਲਿਸ ਯਤਨ ਕਰ ਰਹੀ ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਕੀਤੇ ਵਾਅਦਿਆਂ ਤੇ ਚੱਲਦਿਆਂ ਪੰਜਾਬ ਪੁਲਿਸ ਦੇ ਵੱਲੋਂ ਲਗਾਤਾਰ ਪੰਜਾਬ ਦੇ ਅੰਦਰ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਅਤੇ ਉਨਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿੱਚ ਨਸ਼ੇ ਨੂੰ ਖਤਮ ਕਰਨ ਦੇ ਲਈ ਸਮੂਹ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਇਲਾਕੇ ਦੇ ਲੋਕ ਵੱਧ ਤੋਂ ਵੱਧ ਪੁਲਿਸ ਦਾ ਸਹਿਯੋਗ ਕਰਨ ।ਜੇਕਰ ਕੋਈ ਇਲਾਕੇ ਦੇ ਵਿੱਚ ਨਸ਼ਾ ਵੇਚਦਾ ਤਾਂ ਉਸ ਦੀ ਇਤਲਾਹ ਤੁਰੰਤ ਨਜ਼ਦੀਕੀ ਥਾਣੇ ਵਿੱਚ ਦਿੱਤੀ ਜਾਵੇ ।ਉਨ੍ਹਾਂ ਨੇ ਲੋਕਾਂ ਨਾਲ ਵਾਅਦਾ ਕੀਤਾ ਕਿ ਇਤਲਾਹ ਦੇਣ ਵਾਲਿਆਂ ਦਾ ਨਾਮ ਗੁਪਤ ਰੱਖਿਆ ਜਾਵੇਗਾ।ਨਸ਼ੇ ਦੇ ਸੌਦਾਗਰਾਂ ਖਿਲਾਫ ਵੱਡੀ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਜੇਲਾਂ ਵਿੱਚ ਬੰਦ ਕੀਤਾ ਜਾਵੇਗਾ।ਇਸ ਮੌਕੇ ਉਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਡੀਐੱਸਪੀ ਰਵਿੰਦਰ ਪਾਲ ਸਿੰਘ ਢਿੱਲੋਂ, ਐੱਸਐੱਚਓ ਨਿਰਮਲ ਸਿੰਘ, ਸ਼ਿੰਗਾਰਾ ਸਿੰਘ ਬਲਾਕ ਪ੍ਰਧਾਨ, ਸਰਪੰਚ ਗਰੀਬ ਸਿੰਘ ਠੱਕਰ ਸੰਧੂ, ਹਰਭਜਨ ਸਿੰਘ, ਗੁਰਦੇਵ ਸਿੰਘ ਮੈਂਬਰ ਪੰਚਾਇਤ, ਸੁਲੱਖਣ ਸਿੰਘ ਮੈਂਬਰ ਪੰਚਾਇਤ, ਮੁਨਸ਼ੀ ਘਨਸ਼ਾਮ, ਨਗਰ ਕੌਂਸਲ ਕਾਦੀਆਂ ਤੋਂ ਸੈਨੇਟਰੀ ਇੰਚਾਰਜ ਕਮਲਪ੍ਰੀਤ ਸਿੰਘ ਰਾਜਾ, ਇੰਦਰਪ੍ਰੀਤ ਸਿੰਘ ਰੋਹਿਤ ਭਾਟੀਆ, ਰਵਿੰਦਰਜੀਤ ਸਿੰਘ, ਗੁਰਬਾਜ ਸਿੰਘ ਬਾਜਵਾ ਅਤੇ ਸਮੂਹ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਦਿਨ-ਦਿਹਾੜੇ ਲੁਟੇਰਿਆਂ ਨੇ ਲੁੱਟ ਦੀ ਵਾਰਦਾਤ ਨੂੰ ਦਿੱਤਾ ਅੰਜ਼ਾਮ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**

ਵਿਧਾਨ ਸਭਾ ਹਲਕਾ ਪੱਟੀ ਲੁੱਟਾਂ, ਖੋਹਾਂ, ਚੋਰੀਆਂ, ਡਕੈਤੀਆਂ, ਕਤਲ ਆਦਿ ਦੀਆਂ ਵਾਰਦਾਤਾਂ ਹੋਣ ਕਰਕੇ ਪੂਰੇ ਪੰਜਾਬ 'ਚ ਮਸ਼ਹੂਰ ਹੋ ਗਿਆ ਆਏ ਦਿਨ ਪੱਟੀ ਸ਼ਹਿਰ ਅੰਦਰ ਅਤੇ ਆਸਪਾਸ ਦੇ ਲੱਗਦੇ ਪਿੰਡਾਂ ਵਿੱਚ ਸ਼ਰੇਆਮ ਲੁੱਟਾਂ ਖੋਹਾਂ ਹੋ ਰਹੀਆਂ ਹਨ, ਜਿਸ ਨਾਲ ਪੱਟੀ ਹਲਕੇ ਦੇ ਲੋਕ ਸਹਿਮ ਭਰੇ ਮਾਹੌਲ 'ਚ ਰਹਿ ਰਹੇ ਹਨ ਅਤੇ ਪੁਲਸ ਪ੍ਰਸ਼ਾਸ਼ਨ ਦੀ ਢਿੱਲੀ ਕਾਰਜ਼ੁਗਾਰੀ 'ਤੇ ਸਵਾਲੀਆ ਚਿੰਨ੍ਹ ਲੱਗ ਰਿਹਾ ਕਿ ਚੋਰ ਜਾਂ ਲੁਟੇਰੇ ਸ਼ਰੇਆਮ ਦਿਨ ਦਿਹਾੜੇ ਆਉਂਦੇ ਅਤੇ ਲੁੱਟਮਾਰ ਕਰਕੇ ਚਲੇ ਜਾਂਦੇ ਹਨ, ਜਿਸਦੀ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦ ਪੱਟੀ ਸ਼ਹਿਰ 'ਚ ਸਥਿਤ ਰਿਲਾਇੰਸ ਸਮਾਰਟ ਪੁਆਇੰਟ 'ਚ ਸਵੇਰੇ ਤਕਰੀਬਨ 7.30 ਵਜੇ ਤਿੰਨ ਚਾਰ ਅਣਪਛਾਤੇ ਲੁਟੇਰੇ ਹਥਿਆਰਾਂ ਨਾਲ ਲੈਸ ਹੋ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ।ਕਰੀਬ ਇੱਕ ਲੱਖ ਰੁਪਏ ਨਗਦੀ ਅਤੇ ਇੱਕ ਮੋਬਾਇਲ ਫੋਨ ਅਤੇ ਕੁਝ ਖਾਣ ਪੀਣ ਵਾਲਾ ਸਮਾਨ ਲੁੱਟ ਕੇ ਲੈ ਗਏ।ਪੁਲਸ ਨੇ ਰਿਲਾਇੰਸ ਸਮਾਰਟ ਪੁਆਇੰਟ ਵਿਖੇ ਪਹੁੰਚ ਕੇ ਵਾਰਦਾਤ ਦੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ।ਪੁਲਸ ਪ੍ਰਸ਼ਾਸ਼ਨ ਨੇ ਕਿਹਾ ਕਿ ਸਮਾਰਟ ਪੁਆਇੰਟ 'ਤੇ ਲੱਗੇ ਸੀ ਸੀ ਟੀ ਵੀ ਦੀ ਫੁਟੇਜ ਨਾਲ ਲੁੱਟਮਾਰ ਕਰਨ ਵਾਲੇ ਵਿਅਕਤੀਆਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।ਪੱਟੀ ਹਲਕੇ ਦੇ ਲੋਕਾਂ ਦਾ ਕਹਿਣਾ ਕਿ ਪੁਲਸ ਪ੍ਰਸ਼ਾਸ਼ਨ ਗੂੜੀ ਨੀਂਦ 'ਚ ਸੁੱਤਾ ਹੋਇਆ ਤੇ ਇਹ ਕਦੋਂ ਜਾਗੇਗਾ ਕਿਉਂਕਿ ਕੁਝ ਦਿਨ ਪਹਿਲਾਂ ਬਾਹਮਣੀ ਵਾਲਾ ਚੌਂਕ 'ਚ ਸਥਿਤ ਬਾਬਾ ਇਲੈਕਟ੍ਰਾਨਿਕ ਟੀਵੀ ਫਰਿਜ਼ਾਂ ਆਦਿ ਦਾ ਸ਼ੋ ਰੂਮ ਚ ਚੋਰੀ ਹੋਈ ਸੀ, ਜਿਸ ਨਾਲ ਬਾਬਾ ਇਲੈਕਟ੍ਰਾਨਿਕ ਦਾ ਲੱਖਾਂ ਦਾ ਨੁਕਸਾਨ ਹੋ ਗਿਆ ਉਹ ਚੋਰ ਵੀ ਅਜੇ ਤੱਕ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ।ਬਹੁਤ ਅਫਸੋਸ ਵਾਲੀ ਗੱਲ ਹੈ ਕਿ ਪੁਲਿਸ ਨਾਕੇ ਉੱਪਰ ਕੋਈ ਵੀ ਪੁਲਸ ਕਰਮਚਾਰੀ ਤਾਇਨਾਤ ਨਹੀਂ ਹੁੰਦਾ ਜਦਕਿ ਚੋਰੀ ਦੀ ਘਟਨਾ ਬੀਤ ਜਾਣ ਤੋਂ ਬਾਅਦ ਵੀ ਉਸ ਨਾਕੇ 'ਤੇ ਕੋਈ ਵੀ ਪੁਲਸ ਕਰਮਚਾਰੀ ਤਾਇਨਾਤ ਨਹੀਂ ਕੀਤਾ ਗਿਆ, ਜਿਸ ਕਾਰਨ ਗਲਤ ਅਨਸਰਾਂ ਵੱਲੋਂ ਸ਼ਰੇਆਮ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ।ਪੁਲਸ ਪ੍ਰਸ਼ਾਸ਼ਨ ਨੂੰ ਐਕਸ਼ਨ ਮੋਡ 'ਚ ਆਉਣਾ ਚਾਹੀਦਾ ਹੈ ਜਿਸ ਨਾਲ ਸ਼ਹਿਰ ਅੰਦਰ ਹੋ ਰਹੀਆਂ ਵੱਖ ਵੱਖ ਘਟਨਾਵਾਂ ਬੰਦ ਹੋ ਸਕਣ ਤੇ ਲੋਕ ਬਿਨ੍ਹਾਂ ਕਿਸੇ ਡਰ, ਖੌਫ ਆਪਣੀ ਜ਼ਿੰਦਗੀ ਸਕੂਨ ਨਾਲ ਜੀ ਸਕਣ।




# ਜ਼ੱਫਰਵਾਲ 'ਚ ਹੋਏ ਝਗੜੇ ਸੰਬੰਧੀ ਛੇ ਜਣਿਆਂ ਵਿਰੁੱਧ ਕੇਸ ਦਰਜ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਿੰਡ ਜੱਫਰਵਾਲ ਦੇ ਜੰਝ ਘਰ ਦੀ ਛੱਤ ਉਪਰ ਨੇੜਲੇ ਘਰ ਵਾਲਿਆਂ ਵੱਲੋਂ ਕੱਢੇ ਦਰਵਾਜੇ ਨੂੰ ਬੰਦ ਕਰਨ ਲਈ ਕਹਿਣ ਵਾਲਿਆਂ ਨੂੰ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਜਖਮੀਂ ਕਰ ਦੇਣ ਦੇ ਦੋਸ਼ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਛੇ ਜਣਿਆਂ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੀ ਮੁਖੀ ਇਸਪੈਕਟਰ ਬਲਜੀਤ ਕੌਰ ਨੇ ਦੱਸਿਆ ਅਕਾਸ਼ ਮਸੀਹ ਪੁੱਤਰ ਅਜੀਦ ਮਸੀਹ ਵਾਸੀ ਜੱਫਰਵਾਲ ਨੇ ਪੁਲਸ ਨੂੰ ਦੱਸਿਆ ਉਹ (ਅਕਾਸ਼ ਮਸੀਹ) ਅਤੇ ਯੂਨਸ ਮਸੀਹ ਪੁੱਤਰ ਪਿਆਰਾ ਮਸੀਹ ਆਪਣੇ ਘਰ ਦੇ ਨਜਦੀਕ ਜੰਝ ਘਰ ਵਿੱਚ ਖੜੇ ਸੀ ਕਿ ਮੁਬਾਰਕ ਮਸੀਹ, ਜਸਪਾਲ ਮਸੀਹ, ਸੁਰਜੀਤ ਮਸੀਹ ਪੁੱਤਰਾਂਨ ਗ੍ਰੀਫਨ ਮਸੀਹ, ਗੋਲਡੀ ਪੁੱਤਰ ਜਸਪਾਲ ਮਸੀਹ, ਅਮਨਦੀਪ ਪਤਨੀ ਵਰੇਸ ਮਸੀਹ ਅਤੇ ਹਰਜੀਤ ਪਤਨੀ ਜਸਪਾਲ ਵਾਸੀਆਨ ਜੱਫਰਵਾਲ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਉਸ ਅਕਾਸ਼ ਮਸੀਹ ਅਤੇ ਯੂਨਸ ਮਸੀਹ ਨੂੰ ਜਖਮੀ ਕਰ ਦਿੱਤਾ। ਅਕਾਸ਼ ਮਸੀਹ ਨੇ ਦੱਸਿਆ ਉੱਕਤ ਵਿਅਕਤੀਆਂ ਨੇ ਜੰਝ ਘਰ ਦੀ ਛੱਤ ਉੱਪਰ ਦਰਵਾਜਾ ਕੱਢਿਆ ਹੋਇਆ ਹੈ ਅਤੇ ਉਹ ਜੰਝ ਘਰ ਦੀ ਛੱਤ ਉਪਰ ਕੱਢਿਆ ਦਰਵਾਜਾ ਬੰਦ ਕਰਨ ਲਈ ਉਨ੍ਹਾਂ ਨੂੰ ਕਹਿੰਦੇ ਸਨ। ਇਸ ਰੰਜਿਸ ਦੇ ਚੱਲਦਿਆਂ ਦਸਤੀ ਹਥਿਆਰਾਂ ਨਾਲ ਉਨ੍ਹਾਂ ਨੂੰ ਸੱਟਾਂ ਮਾਰ ਕੇ ਜਖਮੀਂ ਕੀਤਾ ਹੈ। ਇਸ ਮਾਮਲੇ ਦੇ ਜਾਂਚ ਅਧਿਕਾਰੀ ਏਐਸਆਈ ਬਲਬੀਰ ਸਿੰਘ ਨੇ ਅਕਾਸ਼ ਮਸੀਹ ਦੇ ਬਿਆਨਾਂ ਅਨੁਸਾਰ ਮੁਬਾਰਕ ਮਸੀਹ, ਜਸਪਾਲ ਮਸੀਹ, ਸੁਰਜੀਤ ਮਸੀਹ, ਗੋਲਡੀ, ਅਮਨਦੀਪ ਅਤੇ ਹਰਜੀਤ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਓਬਰਾਏ ਦੇ ਯਤਨਾਂ ਸਦਕਾ 55 ਸਾਲਾ ਯਸ਼ਪਾਲ ਦਾ ਮ੍ਰਿਤਕ ਸਰੀਰ ਦੁਬਈ ਤੋਂ ਭਾਰਤ ਪੁੱਜਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਖਾੜੀ ਮੁਲਕਾਂ ਅੰਦਰ ਲੋਕਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐਸ ਪੀ ਸਿੰਘ ਓਬਰਾਏ ਦੇ ਸਹਿਯੋਗ ਸਦਕਾ ਜਲੰਧਰ ਨਾਲ ਸਬੰਧਤ 55 ਸਾਲਾ ਯਸ਼ਪਾਲ ਪੁੱਤਰ ਰਤਨ ਲਾਲ ਦਾ ਮ੍ਰਿਤਕ ਸਰੀਰ ਮੌਤ ਤੋਂ ਕਰੀਬ 16 ਦਿਨਾਂ ਬਾਅਦ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।ਮ੍ਰਿਤਕ ਸਰੀਰ ਸਰਬੱਤ ਦਾ ਭਲਾ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ, ਖ਼ਜ਼ਾਨਚੀ ਨਵਜੀਤ ਸਿੰਘ ਘਈ ਤੇ ਸੁਖਚੈਨ ਸਿੰਘ ਹੇਰ ਵੱਲੋਂ ਪ੍ਰਾਪਤ ਕਰਕੇ ਪਰਿਵਾਰਕ ਮੈਂਬਰਾਂ ਨੂੰ ਸੌਂਪਿਆ ਗਿਆ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐਸ ਪੀ ਸਿੰਘ ਓਬਰਾਏ ਨੇ ਦੱਸਿਆ ਕਿ ਯਸ਼ਪਾਲ ਵੀ ਹੋਰਨਾਂ ਵਾਂਗ ਕਰੀਬ 7 ਸਾਲ ਪਹਿਲਾਂ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਦੁਬਈ ਕੰਮਕਾਜ ਲਈ ਆਇਆ ਸੀ ਕਿ ਬੀਤੀ 1 ਜਨਵਰੀ ਨੂੰ ਅਚਾਨਕ ਦਿਲ ਦਾ ਦੌਰਾ ਪੈ ਜਾਣ ਨਾਲ ਉਸ ਦੀ ਮੌਤ ਹੋ ਗਈ। ਡਾ.ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸੰਬੰਧੀ ਮ੍ਰਿਤਕ ਦੇ ਪਰਵਾਰ ਨੇ ਯਸ਼ਪਾਲ ਦੇ ਨਾਲ ਰਹਿਣ ਵਾਲੇ ਅਮਰਜੀਤ ਸਿੰਘ ਰਾਹੀਂ ਸੰਪਰਕ ਕਰਕੇ ਯਸ਼ਪਾਲ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਕਿਹਾ ਸੀ। ਜਿਸ ਉਪਰੰਤ ਭਾਰਤੀ ਦੂਤਾਵਾਸ ਦੀ ਮਦਦ ਨਾਲ ਉਨ੍ਹਾਂ ਆਪਣੇ ਨਿੱਜੀ ਸਹਾਇਕ ਬਲਦੀਪ ਸਿੰਘ ਚਾਹਲ ਦੀ ਦੇਖ ਰੇਖ 'ਚ ਸਾਰੇ ਲੋੜੀਂਦੇ ਕਾਗਜ਼ਾਤ ਮੁਕੰਮਲ ਕਰਵਾ ਕੇ ਯਸ਼ਪਾਲ ਦੀ ਮ੍ਰਿਤਕ ਦੇਹ ਨੂੰ ਭਾਰਤ ਪਹੁੰਚਾਇਆ ਹੈ।ਮ੍ਰਿਤਕ ਸਰੀਰ ਲੈਣ ਹਵਾਈ ਅੱਡੇ ਤੇ ਪਹੁੰਚੀ ਯਸ਼ਪਾਲ ਦੀ ਪਤਨੀ ਰੀਟਾ ਰਾਣੀ, ਭਰਾ ਰਾਜਪਾਲ, ਪੁੱਤਰ ਟਵਿੰਕਲ ਤੇ ਜਵਾਈ ਵਿਨੋਦ ਨੇ ਡਾ. ਐਸ ਪੀ ਸਿੰਘ ਓਬਰਾਏ ਦਾ ਇਸ ਔਖੇ ਘੜੀ ਵੇਲੇ ਉਨ੍ਹਾਂ ਦੀ ਮਦਦ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ।



# ਰੈਡੀਮੇਡ ਕੱਪੜੇ ਦੀ ਦੁਕਾਨ ਤੋਂ ਚੋਰੀ ਕਰਨ ਵਾਲੇ 2 ਚੋਰ ਕਾਬੂ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਵਿਖੇ ਸਥਿਤ ਪੋਸ਼ਾਕ ਰੈਡੀਮੇਡ ਕੱਪੜੇ ਦੀ ਦੁਕਾਨ ਦੇ ਤਾਲੇ ਤੋੜ ਕੇ ਚੋਰ ਹਜ਼ਾਰਾਂ ਦੀ ਨਗਦੀ ਤੇ ਲੱਖਾਂ ਰੁਪਏ ਦਾ ਕੱਪੜਾ ਲੈ ਕੇ ਫਰਾਰ ਹੋ ਗਏ ਸਨ, ਜਿਨ੍ਹਾਂ ਦੀ ਸਾਰੀ ਘਟਨਾ ਆਲੇ ਦੁਆਲੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਸੀ, ਜਿਸ ਦੇ ਅਧਾਰ 'ਤੇ ਦੀਨਾਨਗਰ ਪੁਲਸ ਵੱਲੋਂ ਇਹਨਾਂ ਚੋਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਸੀ, ਜਿਨ੍ਹਾਂ 'ਚੋਂ ਦੋ ਚੋਰਾਂ ਨੂੰ ਕਾਬੂ ਕਰ ਲਿਆ ਗਿਆ। ਦੀਨਾਨਗਰ ਦੇ ਥਾਣਾ ਮੁਖੀ ਅਜਵਿੰਦਰ ਸਿੰਘ ਨੇ ਦੱਸਿਆ ਕਿ ਜਿਹੜੇ 2 ਚੋਰਾਂ ਨੂੰ ਕਾਬੂ ਕੀਤਾ ਹੈ, ਉਹਨਾਂ ਦਾ ਨਾਂ ਅਜੈ ਪਿੰਡ ਤਾਰਾਗੜ੍ਹ ਅਤੇ ਅਕਾਸ਼ ਪਿੰਡ ਦਬੁਰਜੀ ਅਤੇ ਜੋ ਬਾਕੀ ਦੋ ਹਨ ਉਹਨਾਂ ਦੀ ਵੀ ਭਾਲ ਕੀਤੀ ਜਾ ਰਹੀ ਹੈ।

# ਬਾਵਾ ਲਾਲ ਦਿਆਲ ਦੇ 670ਵੇਂ ਜਨਮ ਦਿਵਸ ਨੂੰ ਸਮਰਪਿਤ ਸੰਧਿਆ ਫੇਰੀਆਂ 27 ਤੱਕ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**

ਸਤਿਗੁਰੂ ਸ੍ਰੀ ਬਾਵਾ ਲਾਲ ਦਿਆਲ ਮਹਾਰਾਜ ਜੀ ਦੇ 670ਵੇਂ ਜਨਮ ਦਿਵਸ 31 ਜਨਵਰੀ ਦੇ ਸਬੰਧ ਵਿੱਚ ਧਿਆਨਪੁਰ ਧਾਮ ਦੇ ਮੌਜੂਦਾ ਗੱਦੀਨਸ਼ੀਨ ਸ੍ਰੀ 1008 ਮਹੰਤ ਸ੍ਰੀ ਰਾਮ ਸੁੰਦਰ ਦਾਸ ਜੀ ਦੀ ਆਗਿਆ ਦੇ ਨਾਲ ਅਜਨਾਲਾ ਦੇ ਮੰਦਿਰ ਲਾਲ ਦੁਆਰਾ ਵਲੋਂ 25 ਤੋਂ ਲੈ ਕੇ 27 ਜਨਵਰੀ ਤੱਕ ਸੰਧਿਆ ਫੇਰੀਆਂ ਹੋਣਗੀਆਂ।ਲਾਲ ਦੁਆਰਾ ਮੰਦਿਰ ਕਮੇਟੀ ਦੇ ਪ੍ਰਧਾਨ ਰਾਕੇਸ਼ ਮਰਵਾਹਾ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸੰਧਿਆ ਫੇਰੀਆਂ ਲਗਾਤਾਰ 22 ਦਿਨ ਤੱਕ ਅਜਨਾਲਾ ਸ਼ਹਿਰ ਦੇ ਵੱਖ-ਵੱਖ ਘਰਾਂ ਵਿੱਚ ਹੋਵੇਗੀ।ਅਤੇ ਲਾਲ ਦੁਆਰ ਮੰਦਿਰ ਤੋਂ ਹਰ ਰੋਜ਼ 7 ਵਜੇ ਚੱਲੇਗੀ ਅਤੇ ਰਾਤ 9,30 ਵਜੇ ਆਰਤੀ ਹੋਵੇਗੀ।ਅਜਨਾਲਾ ਵਾਸੀਆਂ ਬੇਨਤੀ ਹੈ ਕੀ ਸੰਧੀਆਂ ਫੇਰੀਆਂ ਵਿੱਚ ਹਾਜ਼ਰ ਹੋ ਕੇ ਸਤਿਗੁਰੂ ਸ੍ਰੀ ਬਾਵਾ ਲਾਲ ਦਿਆਲ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ ਤੇ ਸਤਿਸੰਗ ਦਾ ਅਨੰਦ ਮਾਣ ਕੇ ਆਪਣਾ ਜੀਵਨ ਸਫ਼ਲ ਬਣਾਉ।ਇਸ ਮੌਕੇ ਲਾਲ ਦੁਆਰ ਮੰਦਿਰ ਦੇ ਪੰਡਿਤ ਰਾਜਿੰਦਰ ਪ੍ਰਸ਼ਾਦ ਸ਼ਾਸਤਰੀ, ਸਤੀਸ਼ ਅਰੋੜਾ, ਧਾਰਮਿਕ ਲੋਕ ਗਾਇਕ ਦੀਪਕ ਕੌਸ਼ਲ ਅਜਨਾਲਾ, ਇੰਦਰਜੀਤ ਸ਼ਰਮਾ, ਬਰਿੰਦਰ ਸਚਦੇਵਾ, ਹਰਜਿੰਦਰ ਕੁਮਾਰ, ਗੌਤਮ ਸੋਨੂੰ, ਕਰਨ ਕੁਮਾਰ ਸ਼ਰਮਾ, ਰਮੇਸ਼ ਕੁਮਾਰ ਬਿਜਲੀ ਵਾਲੇ, ਡਾ. ਰਾਜਿੰਦਰ ਸ਼ਰਮਾ, ਅਨਿਕੇਤ ਮਰਵਾਹਾ, ਪੁਰੀ ਅਜਨਾਲਾ, ਬਬਲੂ ਅਜਨਾਲਾ, ਸੂਰਜ ਕੁਮਾਰ ਪੁਰੀ, ਚਾਂਦ ਅਰੋੜਾ, ਰਵੀ ਕੁਮਾਰ ਮਦਾਨ, ਮਨੀਸ਼ ਕੁਮਾਰ ਉਪਲ, ਰੋਹਨ ਸ਼ਰਮਾ, ਵਿਵੇਕ ਭਾਰਦਵਾਜ, ਮਨੀਸ਼ ਮਾਨਵ ਸ਼ਰਮਾ, ਡਾ. ਕੇਸ਼ਵ ਕੁਮਾਰ, ਮੋਹਿਤ ਕੁਮਾਰ ਅਰੋੜਾ, ਬੰਟੀ ਸ਼ਰਮਾ, ਸੰਨੀ ਕੁਮਾਰ, ਮਨਜੀਤ ਕੁਮਾਰ, ਰਾਜ ਕੁਮਾਰ, ਹਰਸ਼ ਕੁਮਾਰ ਆਦਿ ਹਾਜ਼ਰ ਸਨ।



# ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ 'ਚ ਕੌਮੀ ਯੁਵਾ ਦਿਵਸ ਮਨਾਇਆ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਐੱਨਐੱਸਐੱਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਵੱਲੋਂ ਪ੍ਰੋਗਰਾਮ ਅਫਸਰ ਪ੍ਰੀਤਮ ਸਿੰਘ ਦੀ ਦੇਖ ਰੇਖ ਹੇਠ ਰਾਸ਼ਟਰੀ ਯੁਵਾ ਦਿਵਸ ਮਨਾਇਆ ਗਿਆ। ਸਮੂਹ ਭਾਰਤ ਦੇਸ਼ ਵਿੱਚ ਹਰੇਕ ਸਾਲ 12 ਤੋਂ 19 ਜਨਵਰੀ ਤੱਕ ਕੌਮੀ ਯੁਵਾ ਹਫਤਾ ਮਨਾਇਆ ਜਾਂਦਾ ਹੈ। ਇਸ ਦੌਰਾਨ ਨੌਜਵਾਨਾਂ ਨੂੰ ਯੁਵਕ ਸੇਵਾ ਵਿਭਾਗ ਵੱਲੋਂ ਨਸ਼ੇ ਅਤੇ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਜਾਗਰੂਕ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰਿੰ. ਕਿਰਨ ਕੇਸਰ ਨੇ ਨੌਜਵਾਨਾਂ ਨੂੰ ਨਸ਼ੇ ਅਤੇ ਹੋਰ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਦੇ ਹੋਏ ਸਮਾਜ ਲਈ ਭਲਾਈ ਲਈ ਕਾਰਜਸ਼ੀਲ ਹੋਣ ਦਾ ਪ੍ਰਣ ਦਿਵਾਇਆ। ਉਨ੍ਹਾਂ ਨੇ ਕਿਹਾ ਕਿ ਨੌਜਵਾਨ ਦੇਸ਼ ਅਤੇ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਇਸ ਲਈ ਨੌਜਵਾਨ ਵਰਗ ਨੂੰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ। ਸਮਾਗਮ ਦੇ ਅਖੀਰ ਵਿੱਚ ਪ੍ਰੋਗਰਾਮ ਅਫ਼ਸਰ ਪ੍ਰੀਤਮ ਸਿੰਘ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਆਪਣੇ ਵਿਦਿਆਰਥੀ ਕਾਲ ਵਿੱਚ ਵੱਡੀਆਂ ਕਠਿਨਾਈਆਂ ਅਤੇ ਕੁਰੀਤੀਆਂ ਦਾ ਸਾਹਮਣਾ ਕਰਕੇ ਸੁਚਾਰੂ ਅਤੇ ਉਸਾਰੂ ਕਾਰਜਾਂ ਵਿੱਚ ਲੱਗੇ ਨੌਜਵਾਨ ਆਪਣੀ ਜ਼ਿੰਦਗੀ 'ਚ ਕਦੇ ਵੀ ਨਹੀਂ ਹਾਰਦੇ, ਸਗੋਂ ਦੂਸਰਿਆਂ ਲਈ ਹਮੇਸ਼ਾ ਪ੍ਰੇਰਨਾ ਦੇ ਸਰੋਤ ਬਣਦੇ ਹਨ। ਇਸ ਪ੍ਰੋਗਰਾਮ ਵਿੱਚ ਮੁੱਖ ਅਧਿਆਪਕਾ ਹਰਦੀਪ ਕੌਰ ਦੁਆਰਾ ਸੁਆਮੀ ਵਿਵੇਕਾਨੰਦ ਦੇ ਜੀਵਨ 'ਤੇ ਚਾਨਣਾ ਪਾਇਆ ਗਿਆ ਅਤੇ ਨੌਜੁਆਨਾਂ ਨੂੰ ਉਨ੍ਹਾਂ ਦੀਆਂ ਦਿੱਤੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ।

# ਪੰਜਾਬ 'ਚ ਨਹੀਂ ਲੱਗੀ ਕੰਗਨਾ ਰਣੌਤ ਦੀ 'ਐਮਰਜੈਂਸੀ'

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ' ਫ਼ਿਲਮ ਦੀ ਰਲੀਜ਼ ਨੂੰ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਭਰ ਅੰਦਰ ਸਿਨੇਮਾ ਘਰਾਂ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਰੋਸ ਨੂੰ ਦੇਖਦਿਆਂ ਸਿਨੇਮਾ ਪ੍ਰਬੰਧਕਾਂ ਨੇ ਫਿਲਮ ਐਮਰਜੈਂਸੀ ਨੂੰ ਨਾ ਚਲਾਉਣ ਦਾ ਫੈਸਲਾ ਕੀਤਾ, ਜਿਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਦਰਸ਼ਨ ਸਮਾਪਤ ਕੀਤੇ ਗਏ।ਅੰਮ੍ਰਿਤਸਰ ਵਿਖੇ ਫਿਲਮ ਦੇ ਵਿਰੋਧ ਵਿੱਚ ਪੀਵੀਆਰ ਸਿਨੇਮਾ (ਸੂਰਜ ਚੰਦਾ ਤਾਰਾ), ਟਰੀਲੀਅਮ ਮਾਲ ਅਤੇ ਅਲਫਾ ਵਨ ਮਾਲ ਵਿਖੇ ਪ੍ਰਦਰਸ਼ਨ ਕੀਤੇ ਗਏ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਪ੍ਰਤਾਪ ਸਿੰਘ ਨੇ ਕੀਤੀ।ਇਸ ਮੌਕੇ ਗਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ ਫ਼ਿਲਮ ਵਿਚ ਸਿੱਖ ਕਿਰਦਾਰਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਇਤਰਾਜ਼ ਦਰਜ ਕਰਵਾਏ ਜਾ ਚੁੱਕੇ ਹਨ।

# ਬੁਲੰਦੀਆਂ 'ਤੇ ਪਹੁੰਚੇ ਹਾਕੀ ਖਿਡਾਰੀਆਂ ਨੂੰ ਹਰਭਜਨ ਸਿੰਘ ਈ ਟੀ ਓ ਨੇ ਦਿੱਤੀ ਮੁਬਾਰਕਬਾਦ

**ਅੰਮ੍ਰਿਤਸਰ, ਜੰਡਿਆਲਾ ਗੁਰੂ (ਨਰਿੰਦਰ ਜੀਤ ਸਿੰਘ/ਹਰਿੰਦਰਪਾਲ ਸਿੰਘ)**

ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਰਾਸ਼ਟਰਪਤੀ ਵੱਲੋਂ ਖੇਡਾਂ ਵਿੱਚ ਪਾਏ ਯੋਗਦਾਨ ਲਈ ਹਾਕੀ ਖਿਡਾਰੀ ਨੂੰ ਦਿੱਤੇ ਗਏ ਸਨਮਾਨ ਲਈ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਖਿਡਾਰੀਆਂ ਦੀ ਬਦੌਲਤ ਦੇਸ਼ ਵਿੱਚ ਦੁਬਾਰਾ ਹਾਕੀ ਪ੍ਰੇਮ ਬੱਚਿਆਂ ਵਿੱਚ ਪੈਦਾ ਹੋਇਆ ਹੈ।ਉਨ੍ਹਾਂ ਕਿਹਾ ਕਿ ਵੱਡੇ ਮਾਣ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਜ਼ਿਲ੍ਹੇ ਅੰਮ੍ਰਿਤਸਰ ਦੇ ਪਿੰਡ ਤਿੰਮੋਵਾਲ ਦੇ ਵਸਨੀਕ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੂੰ ਮੇਜਰ ਧਿਆਨ ਚੰਦ ਖੇਡ ਰਤਨ ਐਵਾਰਡ 2024 , ਮੇਰੇ ਹਲਕੇ ਦੇ ਪਿੰਡ ਰਜਧਾਨ ਦੇ ਵਸਨੀਕ ਜਰਮਨਪ੍ਰੀਤ ਸਿੰਘ ਅਤੇ ਸੁਖਜੀਤ ਸਿੰਘ ਕਾਕਾ ਨੂੰ ਅਰਜਨ ਐਵਾਰਡ ਦੇਸ਼ ਦੇ ਰਾਸ਼ਟਰਪਤੀ ਵਲੋਂ ਮਿਲਿਆ ਹੈ।ਉਨ੍ਹਾਂ ਉਕਤ ਖਿਡਾਰੀਆਂ, ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਆਸ ਹੈ ਕਿ ਜਿੱਥੇ ਇਹ ਖਿਡਾਰੀ ਖੇਡ ਵਿੱਚ ਹੋਰ ਬੁਲੰਦੀਆਂ ਨੂੰ ਛੂਹਣਗੇ ਉੱਥੇ ਇਨ੍ਹਾਂ ਵੱਲ ਵੇਖ ਕੇ ਇਨ੍ਹਾਂ ਦੇ ਪਾਏ ਹੋਏ ਪੂਰਨਿਆਂ ਉਤੇ ਚੱਲ ਕੇ ਸਾਡੇ ਪੰਜਾਬ ਦੇ ਵਿੱਚ ਖੇਡਾਂ ਦੀ ਨਵੀਂ ਪਨੀਰੀ ਤਿਆਰ ਹੋਵੇਗੀ, ਜੋ ਕਿ ਦੇਸ਼ ਦਾ ਨਾਂ ਆਉਣ ਵਾਲੇ ਸਮੇਂ ਵਿੱਚ ਰੌਸ਼ਨ ਕਰੇਗੀ।ਜ਼ਿਕਰਯੋਗ ਹੈ ਕਿ ਹਰਮਨਪ੍ਰੀਤ ਸਿੰਘ ਖੇਡ ਰਤਨ ਪੁਰਸਕਾਰ ਨਾਲ ਸਨਮਾਨਤ ਹੋਣ ਵਾਲਾ ਪੰਜਵਾਂ ਪੰਜਾਬੀ ਖਿਡਾਰੀ ਅਤੇ ਦੇਸ਼ ਦਾ ਛੇਵਾਂ ਹਾਕੀ ਖਿਡਾਰੀ ਹੈ।ਭਾਰਤੀ ਹਾਕੀ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ ਨੂੰ ਆਪਣੀ ਕਪਤਾਨੀ ਹੇਠ ਭਾਰਤ ਨੂੰ ਪੈਰਿਸ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਮੈਡਲ ਜਿਤਾਉਣ ਕਰਕੇ ਦੁਨੀਆ ਹਾਕੀ ਦੇ ਸਰਪੰਚ ਦੇ ਨਾਂਅ ਨਾਲ ਪੁਕਾਰਦੀ ਹੈ। ਹਰਮਨਪ੍ਰੀਤ ਸਿੰਘ ਬਾਬਾ ਬਕਾਲਾ ਨੇੜਲੇ ਪਿੰਡ ਤਿੰਮੋਵਾਲ ਦਾ ਜੰਮਪਲ ਹੈ।ਜੂਨੀਅਰ ਹਾਕੀ ਵਿਸ਼ਵ ਕੱਪ ਦੇ ਸੋਨ ਤਮਗੇ ਤੋਂ ਸੁਨਹਿਰੀ ਸਫ਼ਰ ਸ਼ੁਰੂ ਕਰਨ ਵਾਲੇ ਭਾਰਤੀ ਹਾਕੀ ਟੀਮ ਦੇ ਡਿਫੈਂਡਰ ਅਤੇ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੇ ਟੋਕੀਓ ਤੇ ਪੈਰਿਸ ਵਿਖੇ ਹੋਈਆਂ ਦੋਵੇਂ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਮੈਡਲ ਜਿੱਤਿਆ।ਪੈਰਿਸ ਵਿਖੇ ਉਹ 10 ਗੋਲਾਂ ਨਾਲ ਟਾਪ ਸਕੋਰਰ ਬਣਿਆ।241 ਮੈਚਾਂ ਵਿੱਚ 212 ਗੋਲਾਂ ਨਾਲ ਉਹ ਗੋਲ ਕਰਨ ਵਿੱਚ ਧਿਆਨ ਚੰਦ ਤੇ ਬਲਬੀਰ ਸਿੰਘ ਸੀਨੀਅਰ ਤੋਂ ਬਾਅਦ ਤੀਜੇ ਨੰਬਰ ਉੱਪਰ ਹੈ।ਆਪਣੇ ਖੇਡ ਕਰੀਅਰ ਵਿੱਚ ਹਰਮਨਪ੍ਰੀਤ ਸਿੰਘ ਨੇ ਇੱਕ ਵਾਰ ਏਸ਼ੀਅਨ ਗੇਮਜ਼, ਇੱਕ ਵਾਰ ਏਸ਼ੀਆ ਕੱਪ, ਤਿੰਨ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨ ਤਮਗ਼ਾ, ਦੋ ਵਾਰ ਚੈਂਪੀਅਨਜ਼ ਟਰਾਫੀ ਵਿੱਚ ਚਾਂਦੀ ਦਾ ਤਮਗ਼ਾ, ਪ੍ਰੋ ਲੀਗ ਅਤੇ ਵਿਸ਼ਵ ਹਾਕੀ ਲੀਗ ਵਿੱਚ ਇੱਕ-ਇੱਕ ਵਾਰ ਕਾਂਸੀ ਦਾ ਤਮਗ਼ਾ ਤੇ ਇੱਕ ਵਾਰ ਕਾਮਨਵੈਲਥ ਗੇਮਜ਼ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ ਹੈ।ਪੰਜਾਬ ਪੁਲਸ ਵਿੱਚ ਡੀਐੱਸਪੀ ਵਜੋਂ ਸੇਵਾਵਾਂ ਨਿਭਾ ਰਿਹਾ ਹਰਮਨਪ੍ਰੀਤ ਸਿੰਘ ਅਰਜੁਨ ਐਵਾਰਡ ਜੇਤੂ ਹੈ। ਉਹ ਤਿੰਨ ਵਾਰ ਐੱਫ. ਆਈ. ਐੱਚ. ਵੱਲੋਂ ਵਰਲਡ ਪਲੇਅਰ ਆਫ ਦਾ ਯੀਅਰ ਐਲਾਨਿਆ ਗਿਆ ਹੈ।




# ਪਰਵਿੰਦਰ ਕੌਰ ਬੰਗਾ ਨੇ ਗੁਰਦੁਆਰਾ ਸਾਹਿਬ ਦਾ ਕੀਤਾ ਦੀਦਾਰ



**ਆਦਮਪੁਰ (ਪਰਮਜੀਤ ਸਿੰਘ)**-ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਡਰੋਲੀ ਕਲਾਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਘੀ ਦਾ ਸ਼ੁੱਭ ਦਿਹਾੜਾ ਮਨਾਇਆ ਗਿਆ। ਸਵੇਰ ਤੋਂ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋ ਰਹੀਆਂ ਸਨ ਅਤੇ ਗੁਰੂ ਜੱਸ ਸਰਵਣ ਕਰ ਰਹੀਆਂ ਸਨ । ਇਸ ਦੌਰਾਨ ਐਨ ਆਰ ਆਈ ਸਭਾ ਤੋਂ ਪੰਜਾਬ ਪ੍ਰਧਾਨ ਮੈਡਮ ਸ਼੍ਰੀਮਤੀ ਪਰਵਿੰਦਰ ਕੌਰ ਬੰਗਾ ਨੇ ਵੀ ਉਚੇਚੇ ਤੌਰ 'ਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਦੀਦਾਰ ਕੀਤੇ। ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇਂ ਸਿਰਪਾਉ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਤੇ ਗੁਰੂਘਰ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਮੈਡਮ ਪਰਵਿੰਦਰ ਕੌਰ ਨੇ ਐਨ ਆਰ ਆਈ ਭੈਣ-ਭਰਾਵਾਂ ਨੂੰ ਮੁਸ਼ਲਿ ਸਮੇਂ ਹਰ ਸੰਭਵ ਮਦਦ ਕਰਦੇ ਰਹਿਣ ਦਾ ਭਰੋਸਾ ਦਿੱਤਾ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਮਾਣ-ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਬਜਾਜੀ ਦੇ ਵਪਾਰੀਆਂ ਨਾਲ ਕਰ ਅਫ਼ਸਰ ਵੱਲੋਂ ਜੀ ਐੱਸ ਟੀ ਸੰਬੰਧੀ ਮੀਟਿੰਗ



**ਜਗਰਾਉਂ, (ਸੰਜੀਵ ਅਰੋੜਾ)** ਸਹਾਇਕ ਆਯੁਕਤ ਰਾਜ ਕਰ ਡਾ. ਹਰਪ੍ਰੀਤ ਸਿੰਘ ਦੀਆਂ ਹਦਾਇਤਾਂ 'ਤੇ ਜੀ.ਐੱਸ.ਟੀ. ਦਫ਼ਤਰ ਵਿੱਚ ਰਾਜ ਕਰ ਅਫ਼ਸਰ ਐੱਚ.ਐੱਸ. ਡਿੰਪਲ ਦੀ ਅਗਵਾਈ ਹੇਠ ਕਰ ਨਿਰੀਖਕ ਪ੍ਰੇਮਜੀਤ ਸਿੰਘ, ਗੁਰਦੀਪ ਸਿੰਘ ਤੇ ਬਿੰਦਰ ਸਿੰਘ ਦੀ ਮੌਜੂਦਗੀ ਵਿੱਚ ਜਗਰਾਉਂ ਕਲਾਥ ਮਰਚੈਂਟਸ ਐਸੋਸੀਏਸ਼ਨ ਦੀ ਵਿਸ਼ਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਦਲੀਪ ਕਤਿਆਲ ਬੰਬੇ ਸਿਲਕ ਸਟੋਰ ਅਤੇ ਦੀਪਇੰਦਰ ਸਿੰਘ ਮਿੰਕੀ ਭੰਡਾਰੀ ਸੀਨੀਅਰ ਉਪ ਪ੍ਰਧਾਨ ਤੇ ਬੌਬੀ ਭੰਡਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਕਰ ਅਫ਼ਸਰ ਐੱਚ. ਐੱਸ. ਡਿੰਪਲ ਦੁਆਰਾ ਵਪਾਰੀਆਂ ਨਾਲ ਗੱਲਬਾਤ ਕਰਦਿਆਂ ਹਦਾਇਤ ਕੀਤੀ ਕਿ ਸਭ ਦੁਕਾਨਾਂ ਦੇ ਅੱਗੇ ਜੀ.ਐੱਸ.ਟੀ. ਨੰਬਰ ਲਿਖ ਕੇ ਲਾਇਆ ਜਾਵੇ ਤੇ ਜੇਕਰ ਉਨ੍ਹਾਂ ਕੋਲ ਕੰਪੋਜੀਸ਼ਨ ਸਕੀਮ ਅਧੀਨ ਨੰਬਰ ਹੈ ਤਾਂ ਇਸ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਜਾਵੇ। ਜਿਨ੍ਹਾਂ ਵਪਾਰੀਆਂ ਕੋਲ ਜੀ. ਐੱਸ. ਟੀ. ਨੰਬਰ ਨਹੀਂ ਹੈ, ਪਰ ਉਨ੍ਹਾਂ ਨੇ ਅਜੇ ਤੱਕ ਪੰਜੀਕਰਨ ਨਹੀਂ ਕਰਾਇਆ, ਨੂੰ ਵੀ ਇਕ ਹਫ਼ਤੇ ਦੇ ਅੰਦਰ-ਅੰਦਰ ਜੀ. ਐੱਸ. ਟੀ. ਨੰਬਰ ਲੈਣ ਦੀ ਸਖ਼ਤ ਹਦਾਇਤ ਕੀਤੀ ਗਈ। ਨੰਬਰ ਹੋਣ ਦੇ ਬਾਵਜੂਦ, ਦੁਕਾਨ ਦੇ ਬਾਹਰ ਨੰਬਰ ਡਿਸਪਲੇਅ ਨਾ ਕਰਨ ਵਾਲਿਆਂ ਅਤੇ ਨੰਬਰ ਲੈਣ ਦੀ ਯੋਗਤਾ ਦੇ ਬਾਵਜੂਦ ਨੰਬਰ ਨਾ ਲੈਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਤਾੜਨਾ ਕਰਦਿਆਂ ਉਨ੍ਹਾਂ ਕਿਹਾ ਕਿ ਅਗਲੇ ਹਫ਼ਤੇ ਤੋਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਪਾਰੀਆਂ ਨੇ ਆਪਣਾ ਮਾਲ ਗੋਦਾਮਾਂ ਵਿੱਚ ਜਾਂ ਘਰਾਂ ਵਿੱਚ ਵੀ ਰੱਖਿਆ ਹੈ, ਪਰ ਇਸ ਬਾਰੇ ਵਿਭਾਗ ਨੂੰ ਜਾਣਕਾਰੀ ਨਹੀਂ ਦਿੱਤੀ, ਉਹ ਵੀ ਆਪਣੇ ਪੋਰਟਲ ਰਾਹੀਂ ਸੋਧ ਦੀ ਅਰਜ਼ੀ ਦੇ ਕੇ ਇਹ ਅਮੈਂਡਮੈਂਟ ਦੋ-ਤਿੰਨ ਦਿਨ ਦੇ ਅੰਦਰ-ਅੰਦਰ ਕਰਾ ਲੈਣ।

# ਨਸ਼ਾ ਤਸਕਰਾਂ ਵੱਲੋਂ ਪੈਟਰੋਲ ਬੰਬਾਂ ਨਾਲ ਘਰ ਸਾੜਨ ਦੀ ਨਿਖੇਧੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਪਿੰਡ ਦਾਨ ਸਿੰਘ ਵਾਲਾ ਵਿਖੇ ਨਸ਼ਾ ਤਸਕਰਾਂ ਵੱਲੋਂ ਗ਼ਰੀਬਾਂ ਦੇ ਘਰਾਂ 'ਤੇ ਪੈਟਰੋਲ ਬੰਬ ਸੁੱਟਣ ਵਾਲਿਆਂ ਨੂੰ ਬਚਾਉਣ ਲਈ ਇਸ ਨੂੰ ਦੋ ਗਰੁੱਪਾਂ ਦੀ ਲੜਾਈ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਪੁਲਸ ਨੇ ਸਾਰੀ ਮਜ਼ਦੂਰ ਬਸਤੀ ਨੂੰ ਘੇਰਾ ਪਾਇਆ ਹੋਇਆ ਸੀ।ਜੇਕਰ ਰੈਲੀ ਨੂੰ ਕਾਰਵਾਈ ਘਟਨਾ ਤੋਂ ਪਹਿਲਾਂ ਕੀਤੀ ਹੁੰਦੀ ਤਾਂ ਇਹ ਕਾਂਡ ਨਾ ਵਾਪਰਦਾ।ਰੈਲੀ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਮਾਸਟਰ ਸੇਵਕ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਮੱਖਣ ਸਿੰਘ ਤਲਵੰਡੀ, ਮਜ਼ਦੂਰ ਮੁਕਤੀ ਮੋਰਚਾ ਵੱਲੋਂ ਲਿਬਰੇਸ਼ਨ ਵਲੋਂ ਅਮੀ ਲਾਲ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਰਾਜਵਿੰਦਰ ਸਿੰਘ ਰਾਣਾ ਸੂਬਾਈ ਪ੍ਰਧਾਨ ਏਕਟੂ, ਗੁਰਨਾਮ ਸਿੰਘ ਦਾਊਦ ਜਨਰਲ ਸਕੱਤਰ ਦਿਹਾਤੀ ਮਜ਼ਦੂਰ ਸਭਾ ਗੁਰਪ੍ਰੀਤ ਸਿੰਘ ਬੀ ਕੇ ਯੂ ਉਗਰਾਹਾਂ ਮਜ਼ਦੂਰ ਆਗੂ ਬਲਕਾਰ ਸਿੰਘ ਤੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਆਗੂਆਂ ਨੇ ਸੰਬੋਧਨ ਕੀਤਾ।ਸਾਰੇ ਹੀ ਆਗੂਆਂ ਵੱਲੋਂ ਪੁਲਸ ਨੂੰ ਸੂਚਿਤ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨ ਲਈ ਪੁਲਸ ਦੀ ਨਿਖੇਧੀ ਕੀਤੀ।ਨਸ਼ੇ ਦੀ ਵਿਕਰੀ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਰੈਲੀ ਵਿੱਚ ਮੰਗ ਕੀਤੀ ਗਈ ਕਿ ਪੀੜਤ ਪਰਵਾਰਾਂ ਨੂੰ ਤੁਰੰਤ ਘਰ ਬਣਾਉਣ ਲਈ ਗ੍ਰਾਂਟ ਜਾਰੀ ਕੀਤੀ ਜਾਵੇ ਅਤੇ ਜ਼ਖ਼ਮੀਆਂ ਦੇ ਇਲਾਜ ਦਾ ਖਰਚਾ ਸਰਕਾਰ ਕਰੇ।ਦੋਸ਼ੀਆਂ 'ਤੇ ਸਖ਼ਤ ਧਾਰਾਵਾਂ ਲਾਕੇ ਜੇਲ੍ਹ ਭੇਜਿਆ ਜਾਵੇ।

ਅਖੀਰ ਐਕਸ਼ਨ ਕਮੇਟੀ ਵੱਲੋਂ ਕੀਤੇ ਫ਼ੈਸਲੇ ਅਨੁਸਾਰ 28 ਜਨਵਰੀ ਨੂੰ ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

# ਕ੍ਰਿਸ਼ੀ ਵਿਗਿਆਨ ਕੇਂਦਰ 'ਚ ਵਿਗਿਆਨਕ ਸਲਾਹਕਾਰ ਕਮੇਟੀ ਦੀ ਮੀਟਿੰਗ

**ਸਮਰਾਲਾ, (ਸੁਰਜੀਤ ਸਿੰਘ)**- ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਵਿਗਿਆਨਕ ਸਲਾਹਕਾਰ ਕਮੇਟੀ ਮੀਟਿੰਗ ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ. ਲੁਧਿਆਣਾ ਦੀ ਪ੍ਰਧਾਨਗੀ ਅਤੇ ਡਾ. ਜੀ.ਐਸ ਮਾਂਗਟ, ਅਪਰ ਨਿਰਦੇਸਕ ਖੋਜ ਦੀ ਸਹਿ -ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਾਗਬਾਨੀ, ਭੂਮੀ ਅਤੇ ਜਲ ਸੰਭਾਲ ਵਿਭਾਗ, ਨਾਬਾਰਡ, ਪਸ਼ੂ ਪਾਲਣ ਵਿਭਾਗ, ਜੰਗਲਾਤ ਵਿਭਾਗ, ਸੀ ਡੀ ਪੀ ਓ, ਅਗਾਂਹਵਧੂ ਕਿਸਾਨ ਬੀਬੀਆਂ ਅਤੇ ਕਿਸਾਨ ਅਤੇ ਹੋਰ ਮੈਂਬਰ ਵੀ ਹਾਜ਼ਰ ਸਨ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਮੁੱਖ ਮਹਿਮਾਨਾਂ ਦਾ ਕੇ.ਵੀ.ਕੇ. ਦੇ ਫਾਰਮ ਵਿਖੇ ਟੈਕਨਾਲੋਜੀ ਪਾਰਕ, ਬੀਜ ਉਤਪਾਦਨ ਫਾਰਮ ਅਤੇ ਪ੍ਰਦਰਸ਼ਨੀ ਯੂਨਿਟਾਂ ਦਾ ਦੌਰਾ ਕਰਵਾਇਆ ਗਿਆ। ਇੰਜੀ. ਕਰੁਣ ਸ਼ਰਮਾ, ਸਹਾਇਕ ਪ੍ਰੋਫੈਸਰ (ਐਗਰੀ. ਇੰਜੀ.) ਨੇ ਚੇਅਰਮੈਨ ਕੋ-ਚੇਅਰਮੈਨ, ਅਤੇ ਵਿਗਿਆਨਕ ਸਲਾਹਕਾਰ ਕਮੇਟੀ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ। ਡਾ. ਵਿਪਨ ਰਾਮਪਾਲ, ਸਹਿਯੋਗੀ ਨਿਰਦੇਸ਼ਕ (ਸਿਖਲਾਈ) ਨੇ ਪਿਛਲੇ ਸਾਲ ਦੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਦੀ ਰਿਪੋਰਟ ਅਤੇ ਸਾਲ 2024 ਦੌਰਾਨ ਕੇ.ਵੀ.ਕੇ. ਦੀਆਂ ਗਤੀਵਿਧੀਆਂ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ। ਇਸ ਤੋਂ ਬਾਅਦ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਾਰੇ ਵਿਗਿਆਨੀਆਂ ਨੇ ਸਾਲ 2025-26 ਦੇ ਸਿਖਲਾਈ ਕਾਰਜ ਪ੍ਰੋਗਰਾਮ ਸਾਂਝੇ ਕੀਤੇ ਅਤੇ ਇੰਜੀ. ਕਰੁਣ ਸ਼ਰਮਾ (ਐਗਰੀ.ਇੰਜੀ.), ਡਾ. ਹਰਸ਼ਨੀਤ ਸਿੰਘ (ਭੂਮੀ ਵਿਗਿਆਨ), ਡਾ. ਜਗਦੀਪ ਕੌਰ ( ਕੀਟ ਵਿਗਿਆਨ) ਡਾ. ਪਰਵਿੰਦਰ ਕੌਰ (ਗ੍ਰਹਿ ਵਿਗਿਆਨ ) ਅਤੇ ਡਾ. ਵੀਰਪ੍ਰਤਾਪ ਸਿੰਘ (ਫਲ ਵਿਗਿਆਨ) ਨੇ ਭਾਗੀਦਾਰਾਂ ਤੋਂ ਆਪਣੇ ਆਪਣੇ ਸੁਝਾਅ ਮੰਗੇ। ਡਾ. ਮੱਖਣ ਸਿੰਘ ਭੁੱਲਰ ਨੇ ਮਾਹਰਾਂ ਨੂੰ ਸਿਖਿਆਰਥੀਆਂ ਦੀ ਸਫਲ ਉੱਦਮੀ ਕਿਸਾਨਾਂ ਨਾਲ ਵੱਧ ਤੋਂ ਵੱਧ ਐਕਸਪੋਜ਼ਰ ਵਿਜ਼ਟ ਕਰਵਾਉਣ ਲਈ ਪ੍ਰੇਰਿਤ ਕੀਤਾ। ਡਾ. ਮਾਂਗਟ ਨੇ ਸਿਖਲਾਈ ਪ੍ਰੋਗਰਾਮਾਂ ਵਿੱਚ ਸਮਾਜਿਕ ਮੁੱਦਿਆਂ 'ਤੇ ਯੂਨੀਵਰਸਿਟੀ ਤੋਂ ਮਾਹਰਾਂ ਦੇ ਲੈਕਚਰ ਕਰਵਾਉਣ ਲਈ ਕਿਹਾ। ਅੰਤ ਵਿੱਚ ਡਾ. ਵਿਪਨ ਰਾਮਪਾਲ, ਸਹਿਯੋਗੀ ਨਿਰਦੇਸ਼ਕ (ਸਿਖਲਾਈ) ਨੇ ਸਾਰੇ ਮਹਿਮਾਨਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ।




# ਮਾਘੀ ਮੇਲੇ ਦੌਰਾਨ ਸ਼ਲਾਘਾਯੋਗ ਪ੍ਰਬੰਧ ਦੌਰਾਨ ਸਮਾਜ ਸੇਵੀ ਸੰਸਥਾਵਾਂ ਵੱਲੋਂ ਡਿਪਟੀ ਕਮਿਸ਼ਨਰ ਦਾ ਵਿਸ਼ੇਸ਼ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** 40 ਮੁਕਤਿਆਂ ਦੀ ਪਵਿੱਤਰ ਧਰਤੀ ਵਿਖੇ ਲੱਗਣ ਵਾਲੇ ਮਾਘੀ ਮੇਲੇ ਦੌਰਾਨ ਇਸ ਵਾਰ ਪ੍ਰਸ਼ਾਸਨ ਵੱਲੋਂ ਕੀਤੇ ਸ਼ਲਾਘਾਯੋਗ ਪ੍ਰਬੰਧਾਂ ਨੂੰ ਦੇਖਦੇ ਹੋਏ ਜ਼ਿਲ੍ਹੇ ਦੀਆਂ 50 ਤੋਂ ਵੱਧ ਸਮਾਜ ਸੇਵੀ ਸੰਸਥਾਵਾਂ ਦਾ ਵਫ਼ਦ ਡਾਕਟਰ ਨਰੇਸ਼ ਪਰੂਥੀ ਜ਼ਿਲ੍ਹਾ ਕੋਆਰਡੀਨੇਟਰ ਐਨਜੀਓ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦਫ਼ਤਰ ਪਹੁੰਚ ਕੇ ਡਿਪਟੀ ਕਮਿਸ਼ਨਰ ਰਜੇਸ਼ ਤ੍ਰਿਪਾਠੀ ਨੂੰ ਸਨਮਾਨਤ ਕੀਤਾ।

ਡਾਕਟਰ ਨਰੇਸ਼ ਪਰੂਥੀ, ਬੂਟਾ ਰਾਮ ਕਮਰਾ, ਵਰਿੰਦਰ ਪਾਲ ਸਿੰਘ ਗਲੋਰੀ, ਜਸਪਾਲ ਸਿੰਘ, ਗੁਰਪਿੰਦਰ ਸਿੰਘ ਰਾਣਾ, ਸ਼ਾਮ ਲਾਲ ਗੋਇਲ, ਬਲਦੇਵ ਸਿੰਘ ਬੇਦੀ, ਨਰਿੰਦਰ ਸਿੰਘ ਅਸ਼ਵਨੀ, ਗਿਰਧਰ ਸੁਭਾਸ਼ ਮੈਦਾਨ, ਭਾਈ ਰਾਹੁਲ ਸਿੰਘ ਸਿੱਧੂ, ਡਾਕਟਰ ਵਿਜੇ ਸੁਖੀਜਾ, ਦਵਿੰਦਰ ਗਾਂਧੀ, ਤਰਸੇਮ ਗੋਇਲ, ਦਰਸ਼ਨ ਸਿੰਘ, ਭੋਲਾ ਯਮਲਾ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਹਾਜ਼ਰ ਸਨ।

ਜ਼ਿਲ੍ਹਾ ਕੁਆਰਡੀਨੇਟਰ ਡਾਕਟਰ ਨਰੇਸ਼ ਪਰੂਥੀ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਮਾਘੀ ਮੇਲੇ ਦੌਰਾਨ ਪ੍ਰਬੰਧ ਬਹੁਤ ਹੀ ਸ਼ਲਾਘਾਯੋਗ ਸਨ। ਹਰੇਕ ਚੌਂਕ ਵਿੱਚ ਐਲ ਈ ਡੀ ਲਾ ਕੇ ਸ੍ਰੀ ਦਰਬਾਰ ਸਾਹਿਬ ਦਾ ਸਿੱਧਾ ਪ੍ਰਸਾਰਨ ਜੋ ਦਿਖਾਇਆ, ਕਿਉਂ ਲੋਕਾਂ ਨੂੰ ਸਿੱਧੇ ਗੁਰੂ ਘਰ ਦੇ ਦਰਸ਼ਨ ਹੋ ਸਕੇ।

ਉਨ੍ਹਾਂ ਕਿਹਾ ਕਿ ਦੋ ਦਿਨਾਂ ਦਾ ਜੋ ਸ਼ਹੀਦੀ ਨਾਟਕ ਪੇਸ਼ ਕੀਤਾ ਗਿਆ, ਉਹ ਸ਼ਲਾਘਾਯੋਗ ਸੀ।

ਉਨ੍ਹਾਂ ਕਿਹਾ ਕਿ ਇਹੋ ਜਿਹੇ ਉੱਚ ਅਧਿਕਾਰੀਆਂ ਦੀ ਲੋੜ ਹੈ, ਜੋ ਡਿਊਟੀ ਦੇ ਨਾਲ-ਨਾਲ ਸੇਵਾ ਭਾਵਨਾ ਵਿੱਚ ਵੀ ਵਿਸ਼ਵਾਸ ਰੱਖਦੇ ਹਨ।

# ਰੋਡ ਸ਼ੋਅ ਦੌਰਾਨ ਬਾਦਲ ਦਲ 'ਤੇ ਵਰ੍ਹੇ ਜਥੇਦਾਰ ਦਾਦੂਵਾਲ



**ਸਿਰਸਾ (ਸੁਰਿੰਦਰ ਪਾਲ ਸਿੰਘ)** ਹਲਕਾ ਕਾਲਾਂਵਾਲੀ 35 ਨੰਬਰ ਵਾਰਡ ਤੋਂ ਸਮੁੰਦਰੀ ਜਹਾਜ਼ ਦੇ ਚੋਣ ਨਿਸ਼ਾਨ ਹੇਠ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਉਮੀਦਵਾਰ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਦੇ ਮੁਖੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਆਖਰੀ ਦਿਨ ਰੋਡ ਸ਼ੋਅ ਦੌਰਾਨ ਹਲਕਾ ਕਾਲਾਂਵਾਲੀ ਦੀਆਂ ਵੱਖ-ਵੱਖ ਥਾਵਾਂ 'ਤੇ ਸਿਰੋਪਾਓ ਸਾਹਿਬ ਸਮੇਤ ਬਹੁਤ ਸਾਰੇ ਸਨਮਾਨ ਦਿੱਤੇ ਗਏ।

ਦਾਦੂਵਾਲ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਦੇ ਸਿੱਖਾਂ ਨੇ ਬੜੀ ਜੱਦੋ ਜਹਿਦ ਉਪਰੰਤ ਹੋਂਦ ਵਿੱਚ ਲਿਆਂਦੀ ਹੈ, ਜਿਸ ਲਈ ਹਰਿਆਣੇ ਦੇ ਸਿੱਖਾਂ ਨੂੰ ਜੇਲ੍ਹੀਂ ਜਾਣਾ ਪਿਆ ਅਤੇ ਮੁਕੱਦਮੇ ਝੱਲਣੇ ਪਏ, ਹੜਤਾਲਾਂ ਧਰਨੇ ਤੇ ਮੁਜ਼ਾਹਰੇ ਕਰਨੇ ਪਏ, ਫਿਰ ਜਾ ਕੇ ਲੰਮੀ ਜੱਦੋਜਹਿਦ ਮਗਰੋਂ 2014 ਵਿੱਚ ਵੱਖਰੀ ਕਮੇਟੀ ਹੋਂਦ ਵਿੱਚ ਲਿਆਂਦੀ ਗਈ। ਦਾਦੂਵਾਲ ਨੇ ਕਿਹਾ ਕਿ ਹੁਣ ਫਿਰ ਬਾਦਲ ਦਲ ਹਰਿਆਣਾ ਕਮੇਟੀ ਉੱਪਰ ਕਬਜ਼ਾ ਕਰਨ ਲਈ ਸਰਗਰਮ ਹੋ ਗਿਆ ਹੈ, ਜਿਸ ਨੇ ਹਰਿਆਣਾ ਵਿੱਚ ਡੰਮੀ ਦਲ ਬਣਾ ਕੇ ਅਤੇ ਹਰਿਆਣੇ ਦੇ ਕੁਝ ਅਖੌਤੀ ਆਗੂਆਂ ਨੂੰ ਮੋਹਰੇ ਬਣਾ ਕੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣੇ ਦੀਆਂ ਸਿੱਖ ਸੰਗਤਾਂ ਨੂੰ ਹੁਣ ਸੁਚੇਤ ਹੋਣ ਦੀ ਲੋੜ ਹੈ।

# ਸ਼ਰਧਾ ਨਾਲ ਮਨਾਈ ਬਾਬਾ ਮਤਵਾਲਾ ਦੀ 33ਵੀਂ ਬਰਸੀ

**ਸਿਰਸਾ (ਸੁਰਿੰਦਰ ਪਾਲ ਸਿੰਘ)** ਨਗਰ ਤਿਲੋਕੇਵਾਲਾ ਦੇ ਗੁਰਦੁਆਰਾ ਨਿਰਮਲਸਰ ਸਾਹਿਬ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਮੋਹਨ ਸਿੰਘ ਮਤਵਾਲਾ ਦੀ 33ਵੀਂ ਬਰਸੀ ਧੂਮਧਾਮ ਨਾਲ ਮਨਾਈ ਗਈ।ਗੁਰਦੁਆਰਾ ਨਿਰਮਲਸਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਮੀਤ ਸਿੰਘ ਨੇ ਦੱਸਿਆ ਕਿ ਸੰਤ ਬਾਬਾ ਮੋਹਨ ਸਿੰਘ ਜੀ ਦੀ 33 ਵੀਂ ਬਰਸੀ ਉੱਤੇ ਸ੍ਰੀ ਅਖੰਡ ਪਾਠ ਤੇ ਸ੍ਰੀ ਸਹਿਜ ਪਾਠ ਸਾਹਿਬ ਦੀ ਚੱਲ ਰਹੀ ਲੜੀ ਦੇ ਭੋਗ ਪਾਏ ਗਏ।

ਭੋਗ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਦੌਰਾਨ ਮੁੱਖ ਬੁਲਾਰਿਆਂ ਤੋਂ ਬਿਨਾਂ ਰਾਗੀ ਢਾਡੀ ਜਥਿਆਂ ਨੇ ਸੰਗਤ ਨੂੰ ਨਿਹਾਲ ਕੀਤਾ।ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਬਾਬਾ ਅਵਤਾਰ ਸਿੰਘ ਮਸਤੂਆਣਾ ਸਾਹਿਬ, ਹਲਕਾ ਕਾਲਾਂਵਾਲੀ ਦੇ ਮੌਜੂਦਾ ਵਿਧਾਇਕ ਸੀਸ਼ਪਾਲ ਕੇਹਰਵਾਲਾ, ਬਾਬਾ ਗੁਰਪਾਲ ਸਿੰਘ ਚੋਰਮਾਰ ਭਾਜਪਾ ਆਗੂ ਜਗਦੀਸ਼ ਚੋਪੜਾ, ਬਾਬਾ ਦਰਸ਼ਨ ਸਿੰਘ ਦਾਦੂ, ਮਹੰਤ ਸ਼ਿਵਾ ਨੰਦ ਕੇਵਲ, ਭਾਈ ਗੁਰਜੀਤ ਸਿੰਘ ਜੀ ਹਜ਼ੂਰੀ ਰਾਗੀ, ਬਾਬਾ ਕਾਕਾ ਸਿੰਘ ਜੀ ਬੁੰਗਾ ਮਸਤੂਆਣਾ, ਬਾਬਾ ਟੇਕ ਸਿੰਘ ਧਨੌਲਾ, ਬਾਬਾ ਪ੍ਰੀਤਮ ਸਿੰਘ ਮੱਲੜੀ, ਬਾਬਾ ਹਰਿੰਦਰ ਪਾਲ ਸਿੰਘ ਬਾਬਾ ਗੁਰਜੀਤ ਸਿੰਘ ਕਾਰ ਸੇਵਾ, ਬਾਬਾ ਜਗਜੀਤ ਸਿੰਘ ਝੰਡਾ ਖੁਰਦ, ਮਹੰਤ ਕਰਮਜੀਤ ਸਿੰਘ ਰਾਮਾ ਮੰਡੀ, ਬਾਬਾ ਸੁਖਪਾਲ ਸਿੰਘ ਜੀ ਤਖਤਮਲ, ਭਾਈ ਅੰਮ੍ਰਿਤਪਾਲ ਸਿੰਘ ਔਢਾਂ, ਭਾਈ ਬਿੰਦਰ ਸਿੰਘ ਖਾਲਸਾ ਕਾਲਾਂਵਾਲੀ, ਬਾਬਾ ਬਲਦੇਵ ਸਿੰਘ ਰੂਹੜਿਆਂਵਾਲੀ, ਬਾਬਾ ਗੁਰਪਾਲ ਸਿੰਘ ਜੀ ਚੋਰਮਾਰ, ਬਾਬਾ ਅਵਤਾਰ ਸਿੰਘ ਮਸਤੂਆਣਾ ਸਾਹਿਬ, ਸਟੇਜ ਸੱਕਤਰ ਭਾਈ ਸੁਖਵਿੰਦਰ ਸਿੰਘ ਰਾਗੀ ਤੇ ਭਾਈ ਅਵਤਾਰ ਸਿੰਘ ਕਾਲਾਂਵਾਲੀ ਤੋ ਬਿਨਾਂ ਵੱਡੀ ਤਾਦਾਦ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ।



# ਸਰਕਾਰੀ ਗਊਸ਼ਾਲਾ ਦੇ ਕੰਮਕਾਜ ਦੀ ਸਮੀਖਿਆ ਲਈ ਬੈਠਕ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਜ਼ਿਲ੍ਹਾ ਵੈਲਫੇਅਰ ਸੁਸਾਇਟੀ ਦੀ ਬੈਠਕ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਦੀ ਪ੍ਰਧਾਨਗੀ ਹੇਠ ਹੋਈ।ਇਸ ਵਿੱਚ ਪਿੰਡ ਸਲੇਮ ਸ਼ਾਹ ਵਿਖੇ ਬਣੀ ਸਰਕਾਰੀ ਗਊਸ਼ਾਲਾ ਦੇ ਕੰਮ ਕਾਜ ਦੀ ਸਮੀਖਿਆ ਕੀਤੀ ਗਈ।

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਮੈਂਬਰਾਂ ਨੂੰ ਕਿਹਾ ਕਿ ਗਊਸ਼ਾਲਾ ਲਈ ਤੂੜੀ ਤੇ ਪਰਾਲੀ ਸਮੇਤ ਹੋਰ ਚਾਰੇ ਦੀ ਜ਼ਿਆਦਾ ਤੋਂ ਜ਼ਿਆਦਾ ਮਾਤਰਾ ਦਾਨ ਵਿੱਚ ਦੇਣ ਲਈ ਲੋਕਾਂ ਨੂੰ ਉਤਸ਼ਾਹਤ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਆਉਣ ਵਾਲੀ ਕਣਕ ਦੀ ਵਾਢੀ ਤੋਂ ਪਹਿਲਾਂ ਯੋਜਨਾਬੰਦੀ ਕੀਤੀ ਜਾਵੇ ਕਿ ਗਊਸ਼ਾਲਾ ਲਈ ਜ਼ਿਆਦਾ ਤੋਂ ਜ਼ਿਆਦਾ ਤੂੜੀ ਦਾਨ ਵਿੱਚ ਮਿਲ ਸਕੇ।ਉਨ੍ਹਾਂ ਦੱਸਿਆ ਕਿ ਸਰਕਾਰੀ ਗਊਸ਼ਾਲਾ ਵਿਖੇ 1300 ਜਾਨਵਰ ਰੱਖੇ ਹੋਏ ਹਨ ਤੇ ਪਿਛਲੇ ਸਮੇਂ ਦੌਰਾਨ ਲਗਭਗ 1700 ਕੁਇੰਟਲ ਪਰਾਲੀ ਵੀ ਦਾਨ ਵਿੱਚ ਲਈ ਗਈ ਸੀ।ਉਨ੍ਹਾਂ ਨਗਰ ਕੌਂਸਲਾਂ ਨੂੰ ਹਦਾਇਤ ਕੀਤੀ ਕਿ ਜਮ੍ਹਾਂ ਹੋਇਆ ਕਾਊ ਸੈਸ ਗਊਸ਼ਾਲਾ ਦੀ ਸੁਸਾਇਟੀ ਨੂੰ ਭੇਜਿਆ ਜਾਵੇ।

ਇਸ ਦੇ ਨਾਲ ਹੀ ਐਸਪੀਸੀਏ ਦੇ ਕੰਮ ਕਾਰ ਸਬੰਧੀ ਵੀ ਬੈਠਕ ਹੋਈ, ਜਿਸ ਵਿੱਚ ਜਾਨਵਰਾਂ ਤੇ ਅੱਤਿਆਚਾਰ ਰੋਕਣ ਵਾਲੇ ਐਕਟ ਤਹਿਤ ਜਾਨਵਰਾਂ ਦੀ ਦੇਖ-ਰੇਖ ਲਈ ਖਰਚੇ ਦੀਆਂ ਦਰਾਂ ਨਿਰਧਾਰਤ ਕੀਤੀਆਂ ਗਈਆਂ।ਇਸ ਸਬੰਧੀ ਪਸ਼ੂ ਪਾਲਣ ਵਿਭਾਗ ਦੇ ਸਹਾਇਕ ਡਾਇਰੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਜਾਨਵਰਾਂ ਤੇ ਤਸ਼ੱਦਦ ਕਰਦਾ ਹੈ ਤਾਂ ਅਜਿਹੇ ਜਾਨਵਰਾਂ ਨੂੰ ਸਾਂਭ ਸੰਭਾਲ ਲਈ ਕੇਸ ਪ੍ਰਾਪਰਟੀ ਵਜੋਂ ਵਿਭਾਗ ਕੋਲ ਆ ਜਾਂਦੇ ਹਨ ਤੇ ਇਨ੍ਹਾਂ 'ਤੇ ਦੇਖਭਾਲ ਤੇ ਆਉਣ ਵਾਲੇ ਖਰਚਾ ਦੀਆਂ ਦਰਾਂ ਨਿਰਧਾਰਤ ਕੀਤੀਆਂ ਗਈਆਂ ਅਤੇ ਜਿੰਨੀ ਦੇਰ ਤੱਕ ਅਜਿਹੇ ਮਾਮਲੇ ਵਿੱਚ ਕੇਸ ਚੱਲਦਾ ਹੈ, ਉਹ ਜਾਨਵਰ ਐਸਪੀਸੀਏ ਕੋਲ ਰਹਿੰਦਾ ਹੈ ਅਤੇ ਉਸਦੇ ਦੇਖਭਾਲ ਤੇ ਆਏ ਖਰਚੇ ਦੀ ਭਰਪਾਈ ਉਸ ਦੇ ਮਾਲਕ ਤੋਂ ਕੀਤੀ ਜਾਂਦੀ ਹੈ।

# ਪੀਲੀ ਕੁੰਗੀ ਦੀ ਰੋਕਥਾਮ ਲਈ ਕਿਸਾਨ ਕਰਦੇ ਰਹਿਣ ਖੇਤਾਂ ਦਾ ਨਿਰੀਖਣ: ਮੁੱਖ ਖੇਤੀਬਾੜੀ ਅਫ਼ਸਰ

**ਪਟਿਆਲਾ, ( ਅਵਤਾਰ ਜਟਾਣਾ)** ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਕਣਕ ਦੀ ਫ਼ਸਲ ਨੂੰ ਪੀਲੀ ਕੁੰਗੀ ਦੇ ਹਮਲੇ ਤੋਂ ਬਚਾਉਣ ਲਈ ਆਪਣੇ ਖੇਤਾਂ ਦਾ ਨਿਰੀਖਣ ਸਵੇਰੇ ਸ਼ਾਮ ਕਰਦੇ ਰਹਿਣ। ਉਨ੍ਹਾਂ ਨੇ ਦੱਸਿਆ ਕਿ ਪੀਲੀ ਕੁੰਗੀ ਦੇ ਹਮਲੇ ਲਈ ਦਿਨ ਦਾ ਤਾਪਮਾਨ 13-24 ਡਿਗਰੀ ਸੈਲਸੀਅਸ ਅਤੇ ਰਾਤ ਦਾ ਤਾਪਮਾਨ 7-13 ਡਿਗਰੀ ਸੈਲਸੀਅਸ ਅਤੇ ਨਮੀ ਦੀ ਮਾਤਰਾ 85 ਫ਼ੀਸਦੀ ਅਨੁਕੂਲ ਹੁੰਦੀ ਹੈ।ਇਸ ਬਿਮਾਰੀ ਦਾ ਹਮਲਾ ਨੀਮ ਪਹਾੜੀ ਇਲਾਕਿਆਂ ਤੋਂ ਸ਼ੁਰੂ ਹੋ ਕੇ ਮੈਦਾਨੀ ਇਲਾਕਿਆਂ ਵਿੱਚ ਫੈਲਦਾ ਹੈ।ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਨੇ ਕਿਹਾ ਕਿ ਇਸ ਬਿਮਾਰੀ ਨਾਲ ਕਣਕ ਦੀ ਫ਼ਸਲ ਦੇ ਪੱਤੇ ਹਲਦੀ ਰੰਗ ਦੇ ਹੋ ਜਾਂਦੇ ਹਨ ਅਤੇ ਜਦੋਂ ਕਿਸਾਨ ਆਪਣੇ ਖੇਤਾਂ ਵਿੱਚ ਇਸ ਦਾ ਨਿਰੀਖਣ ਕਰਦੇ ਹਨ ਤਾਂ ਉਨ੍ਹਾਂ ਦੇ ਕੱਪੜਿਆਂ ਉਥਪਰ ਹਲਦੀ ਰੰਗ ਸਾਫ਼ ਨਜ਼ਰ ਆਉਂਦਾ ਹੈ।ਜੇਕਰ ਕਿਸੇ ਕਿਸਾਨ ਦੇ ਖੇਤ ਵਿੱਚ ਇਸ ਬਿਮਾਰੀ ਦਾ ਹਮਲਾ ਦੇਖਣ ਵਿੱਚ ਆਵੇ ਤਾਂ ਉਹ ਤੁਰੰਤ ਸਬੰਧਤ ਬਲਾਕ ਖੇਤੀਬਾੜੀ ਅਫ਼ਸਰ ਦੇ ਦਫ਼ਤਰ ਵਿਖੇ ਸੰਪਰਕ ਕਰਨ ਤਾਂ ਜੋ ਇਸ ਬਿਮਾਰੀ ਨੂੰ ਹਵਾ ਰਾਹੀ ਹੋਰ ਖੇਤਾਂ ਵਿੱਚ ਫੈਲਣ ਤੋਂ ਰੋਕਿਆ ਜਾ ਸਕੇ।ਉਨ੍ਹਾਂ ਨੇ ਦੱਸਿਆ ਕਿ ਇਸ ਬਿਮਾਰੀਆਂ ਦੀਆਂ ਨਿਸ਼ਾਨੀਆਂ ਮੈਗਨੀਜ, ਯੂਰੀਆ ਅਤੇ ਸਲਫ਼ਰ ਦੀ ਕਮੀ ਨਾਲ ਮੇਲ ਖਾਂਦੀਆਂ ਹਨ, ਪ੍ਰੰਤੂ ਇਸ ਬਿਮਾਰੀ ਦੇ ਹਮਲੇ ਦਾ ਪਤਾ ਕੱਪੜਿਆਂ ਉਥਪਰ ਪੀਲੇ ਰੰਗ ਦੇ ਨਿਸ਼ਾਨ ਤੋਂ ਆਸਾਨੀ ਨਾਲ ਪਤਾ ਲੱਗ ਜਾਂਦਾ ਹੈ।

# ਸਭਿਆਚਾਰਕ ਪ੍ਰੋਗਰਾਮ ਦੀ ਹੋਈ ਪਹਿਲੀ ਰਿਹਰਸਲ



**ਮਾਲੇਰਕੋਟਲਾ (ਅਸਗਰ ਪਰਿਹਾਰ)** ਗਣਤੰਤਰ ਦਿਵਸ ਸਬੰਧੀ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੇਸ਼ ਕੀਤੇ ਜਾਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਦੀ ਪਹਿਲੀ ਰਿਹਰਸਲ ਸਥਾਨਕ ਡਾਕਟਰ ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਕਰਵਾਈ ਗਈ।

ਇਸ ਦੌਰਾਨ ਸੱਭਿਆਚਾਰਕ ਗਤੀਵਿਧੀਆਂ ਦਾ ਜਾਇਜ਼ਾ ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ ਨੇ ਲਿਆ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਪ੍ਰਿੰਸੀਪਲ ਆਰਤੀ ਗੁਪਤਾ, ਡਾ. ਮੀਨਾ ਕੁਮਾਰੀ, ਡਾ. ਸਲੀਮ ਜ਼ੁਵੇਰੀ ਵੀ ਮੌਜੂਦ ਸਨ। ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ ਨੇ ਰਿਹਰਸਲ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਗਣਤੰਤਰ ਦਿਵਸ ਦਾ ਸਮਾਗਮ ਦੇਸ਼ ਭਗਤੀ ਦੇ ਜਜ਼ਬੇ ਨਾਲ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਤੇ ਦੇਸ਼ ਭਗਤੀ ਨਾਲ ਸਬੰਧਤ ਪੇਸ਼ਕਾਰੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਸਕੂਲਾਂ ਦੇ ਪ੍ਰਬੰਧਕਾਂ/ਨੁਮਾਇੰਦਿਆਂ ਨੂੰ ਆਦੇਸ਼ ਦਿੱਤੇ ਕਿ ਪਾਈਆਂ ਗਈਆਂ ਖਾਮੀਆਂ ਅਗਲੀ ਸਾਂਝੀ ਰਿਹਰਸਲ ਤੱਕ ਦੂਰ ਕਰ ਲਈਆਂ ਜਾਣ। ਉਨ੍ਹਾਂ ਹੋਰ ਦੱਸਿਆ ਕਿ ਅਗਲੀ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 20 ਜਨਵਰੀ ਨੂੰ ਤੇ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਪਹਿਲੀ ਰਿਹਰਸਲ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ, ਕੇ.ਐਮ.ਆਰ.ਡੀ.ਜੈਨ ਕਾਲਜ (ਲੜਕੀਆਂ), ਸੀਤਾ ਗਰਾਮਰ ਸਕੂਲ, ਸੋਹਰਾਬ ਪਬਲਿਕ ਸਕੂਲ, ਸਾਹਿਬਜ਼ਾਦਾ ਫ਼ਤਹਿ ਸਿੰਘ ਪਬਲਿਕ ਸਕੂਲ, ਐਸ.ਬੀ.ਐਮ.ਪਬਲਿਕ ਸਕੂਲ, ਡੀ.ਏ.ਵੀ ਪਬਲਿਕ ਸਕੂਲ ਤੇ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨੇ ਵੱਖ-ਵੱਖ ਸੱਭਿਆਚਾਰਕ ਰਿਹਰਸਲ ਵਿੱਚ ਭਾਗ ਲਿਆ।

# ਵਾਅਦੇ ਪੂਰੇ ਨਾ ਕਰਕੇ 'ਆਪ' ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ : ਕਾਮਰੇਡ ਸੇਖੋਂ

**ਮਲੇਰਕੋਟਲਾ (ਅਸਗਰ ਪਰਿਹਾਰ)** ਜ਼ਿਲ੍ਹਾ ਮਲੇਰਕੋਟਲਾ ਸਕੱਤਰੇਤ ਮੈਂਬਰਾਂ ਦੀ ਮੀਟਿੰਗ ਕਾਮਰੇਡ ਮੁਹੰਮਦ ਸਤਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਸੀ.ਪੀ.ਆਈ (ਐਮ) ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਕਾਮਰੇਡ ਸੇਖੋਂ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ ਅੰਦਰ ਲਗਾਤਾਰ ਲੋਕਾਂ ਦੇ ਸੁਰੱਖਿਆ 'ਤੇ ਹਮਲੇ ਹੋ ਰਹੇ ਹਨ। ਅਮਨ ਕਾਨੂੰਨ ਦੀ ਹਾਲਤ ਵਿਗੜਦੀ ਜਾ ਰਹੀ ਹੈ, ਲੁੱਟਾਂ ਖੋਹਾਂ ਡਕੈਤੀਆਂ ਥਾਣਿਆਂ ਤੇ ਲਗਾਤਾਰ ਵਧ ਰਹੇ ਹਮਲੇ ਪੰਜਾਬ ਦੀ ਅਮਨ-ਸ਼ਾਂਤੀ ਨੂੰ ਭੰਗ ਕਰ ਰਹੀ ਹੈ, ਉਨ੍ਹਾਂ ਕੁੱਝ ਦਿਨ ਪਹਿਲਾਂ ਬਠਿੰਡੇ ਦਾਨ ਸਿੰਘ ਵਾਲਾ ਪਿੰਡ 'ਚ ਦਲਿਤਾਂ ਦੇ ਘਰ ਲੂਹ ਦਿੱਤੇ ਨਸ਼ਾ ਤਸਕਰਾਂ ਵੱਲੋਂ ਉਨ੍ਹਾਂ ਦੇ ਘਰ 'ਚ ਸਰਕਾਰ ਦੀ ਖਾਮੋਸ਼ੀ ਇਹ ਸਾਬਤ ਕਰਦੀ ਹੈ ਕਿ ਸਰਕਾਰ ਨਸ਼ਾ ਤਸਕਰਾਂ ਨਾਲ ਮਿਲੀ ਹੋਈ ਹੈ। ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਵੀ ਗੱਲ ਕਹੀ ਕਿ ਇਖ਼ਲਾਕੀ ਅਧਾਰ ਦੇ ਉੱਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੇ ਅੰਦਰ ਆਜ਼ਾਦ ਭਾਰਤ ਦੇ ਅੰਦਰ 21ਵੀਂ ਸਦੀ 'ਚ ਜਦੋਂ ਅਸੀਂ ਵਿਚਰ ਰਹੇ ਹਾਂ ਤਾਂ ਉਸ ਸਮੇਂ ਤੁਸੀਂ ਲੋਕਾਂ ਦੇ ਉੱਤੇ ਵੱਡੇ-ਵੱਡੇ ਹਮਲੇ ਜਿਹੜੇ ਲੋਕਾਂ ਦੇ ਜਾਨ ਤੇ ਮਾਲ ਦੀ ਸੁਰੱਖਿਆ ਦਾਅ 'ਤੇ ਲੱਗੀ ਹੋਵੇ ਤਾਂ ਉਸ ਵੇਲੇ ਤੁਸੀਂ ਕੋਈ ਵੀ ਐਕਸ਼ਨ ਕਰਨ ਵਾਸਤੇ ਤਿਆਰ ਨਹੀਂ ਤਾਂ ਹਾਲਾਤ ਹੋਰ ਵੀ ਖਰਾਬ ਹੋਣਗੇ। ਕਾਮਰੇਡ ਸੇਖੋਂ ਨੇ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਦਾ ਆਮ ਲੋਕਾਂ ਦਾ ਮੁੱਦਾ ਮਹਿੰਗਾਈ ਨੇ ਬੇਰੁਜ਼ਗਾਰੀ ਦੇ ਲੱਕ ਤੋੜਿਆ ਹੈ। ਉਨ੍ਹਾਂ ਕਿਹਾ ਕੇਂਦਰ ਤੇ ਪੰਜਾਬ ਸਰਕਾਰ ਨੂੰ ਆਮ ਲੋਕਾਂ ਦੇ ਹੱਕ 'ਚ ਫੈਸਲੇ ਕਰਨੇ ਚਾਹੀਦੇ ਹਨ। ਸੇਖੋਂ ਨੇ ਕਿਹਾ ਕਿ ਡੀਜ਼ਲ-ਪੈਟਰੋਲ ਦੇ ਰੇਟਾਂ 'ਤੇ ਕੱਟ ਲਾਉਣਾ ਚਾਹੀਦਾ ਹੈ, ਜੇਕਰ ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ, ਨਹੀਂ ਤਾਂ ਇਸ ਮਹਿੰਗਾਈ ਨਾਲ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ ਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਭਾਅ ਅਸਮਾਨੀ ਚੜ੍ਹ ਗਏ ਹਨ। ਉਨ੍ਹਾਂ ਕਿਹਾ ਕਿ ਜਿਸ ਕਰਕੇ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਅੰਤ 'ਚ ਕਾਮਰੇਡ ਸੇਖੋਂ ਨੇ ਪਾਰਟੀ ਕੰਮਾਂ ਦੀ ਵੰਡ ਕੀਤੀ ਤੇ ਪਾਰਟੀ ਨਵੀਨੀਕਰਨ ਫਾਰਮਾਂ ਦਾ ਕੰਮ 20 ਫਰਵਰੀ ਤੱਕ ਮੁਕੰਮਲ ਕਰਨ ਲਈ ਕਿਹਾ।

# ਪੰਜਾਬ ਸਰਕਾਰ ਕਿਸਾਨ-ਮਜ਼ਦੂਰ ਆਗੂਆਂ ਤੋਂ ਹੱਥ ਪਰ੍ਹੇ ਰੱਖੇ : ਜਗਮੋਹਨ



**ਮੋਗਾ, (ਇਕਬਾਲ ਸਿੰਘ ਖਹਿਰਾ)** ਪਿਛਲੇ ਦਿਨੀਂ ਫ਼ਿਰੋਜ਼ਪੁਰ ਕੋਰਟ ਵੱਲੋਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਕਿਸਾਨ ਮਜ਼ਦੂਰ ਆਗੂਆਂ ਦੀ ਗ੍ਰਿਫ਼ਤਾਰੀ ਲਈ ਵਰੰਟ ਜਾਰੀ ਕੀਤੇ ਗਏ ਹਨ।

ਜ਼ਿਲ੍ਹਾ ਪ੍ਰੈਸ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਇਹ ਕੇਸ ਇੱਕ ਸਾਜ਼ਿਸ਼ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਮੋਦੀ 5 ਜਨਵਰੀ 2022 ਨੂੰ ਪੰਜਾਬ ਫੇਰੀ 'ਤੇ ਆਇਆ ਸੀ। ਉਨ੍ਹਾਂ ਨੇ ਹੈਲੀਕਾਪਟਰ ਰਾਹੀਂ ਬਠਿੰਡਾ ਤੋਂ ਫ਼ਿਰੋਜ਼ਪੁਰ ਪੁੱਜਣਾ ਸੀ, ਪਰ ਬਿਨਾਂ ਕਿਸੇ ਪਬਲਿਕ ਜਾਣਕਾਰੀ ਤੋਂ ਪ੍ਰਧਾਨ ਮੰਤਰੀ ਨੇ ਰੂਟ ਬਦਲ ਕੇ ਸੜਕ ਰਾਹੀਂ ਜਾਣ ਦਾ ਫ਼ੈਸਲਾ ਕਰ ਲਿਆ ਸੀ। ਇਸ ਫੇਰੀ ਦਾ ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਜ਼ਿਲ੍ਹਾ ਹੈੱਡ ਕੁਆਰਟਰਾਂ ਤੇ ਵਿਰੋਧ ਕਰਨ ਦਾ ਫ਼ੈਸਲਾ ਲਿਆ ਗਿਆ ਸੀ। ਇਸ ਫ਼ੈਸਲੇ ਤਹਿਤ ਹੀ ਬੀਕੇਯੂ ਕ੍ਰਾਂਤੀਕਾਰੀ ਦਾ ਜੱਥਾ ਫ਼ਿਰੋਜ਼ਪੁਰ ਵੱਲ ਜਾ ਰਿਹਾ ਸੀ। ਇਸ ਜੱਥੇ ਨੂੰ ਰਸਤੇ ਵਿੱਚ ਪੁਲਿਸ ਵੱਲੋਂ ਰੋਕ ਲਿਆ ਗਿਆ ਸੀ, ਜਿਸ ਕਾਰਨ ਜਥਾ ਸੜਕ 'ਤੇ ਬੈਠ ਗਿਆ ਸੀ। ਜਥੇ ਤੋਂ ਲਗਭਗ ਇੱਕ ਕਿਲੋਮੀਟਰ ਦੂਰ ਪਿੱਛੇ ਪ੍ਰਧਾਨ ਮੰਤਰੀ ਦਾ ਕਾਫ਼ਲਾ ਆਕੇ ਰੁਕਿਆ ਅਤੇ ਉਥੋਂ ਹੀ ਵਾਪਸ ਹੋ ਗਿਆ। ਉੱਥੇ ਕਿਸੇ ਕਿਸਮ ਦਾ ਕੋਈ ਟਕਰਾਓ ਨਹੀਂ ਹੋਇਆ। ਇਥੋਂ ਤੱਕ ਕਿ ਪ੍ਰਧਾਨ ਮੰਤਰੀ ਦੇ ਕਾਫਲੇ ਵਿੱਚ ਸ਼ਾਮਲ ਕਿਸੇ ਸੁਰੱਖਿਆ ਕ੍ਰਮਚਾਰੀ ਨਾਲ ਕੋਈ ਗੱਲਬਾਤ ਵੀ ਨਹੀਂ ਹੋਈ, ਕਿਉਂਕਿ ਉਹ ਇੱਕ ਕਿਲੋਮੀਟਰ ਪਿੱਛੇ ਖੜੇ ਸਨ। ਹੁਣ ਕਿਸਾਨ ਮੋਰਚੇ ਦੇ ਉਭਾਰ ਕਰਕੇ ਕਿਸੇ ਸਾਜ਼ਿਸ਼ ਤਹਿਤ ਕਿਸਾਨ ਮਜ਼ਦੂਰ ਮੋਰਚੇ ਦਾ ਹਿੱਸਾ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ ) ਦੇ ਆਗੂਆਂ ਨੂੰ ਝੂਠੇ ਇਰਾਦਾ ਕਤਲ ਕੇਸ ਵਿੱਚ ਪਾ ਦਿੱਤਾ ਗਿਆ ਹੈ। ਸੂਬਾ ਕਮੇਟੀ ਇਸ ਦੀ ਪੁਰਜ਼ੋਰ ਵਿਰੋਧ ਕਰਦੀ ਹੈ। ਸੂਬਾ ਕਮੇਟੀ ਸਮਝਦੀ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਕੇਂਦਰ ਸਰਕਾਰ ਨਾਲ ਰਲ ਕੇ ਯੂਨੀਅਨ ਉੱਤੇ ਜਬਰ ਦਾ ਕੁਹਾੜਾ ਵਾਹੁਣ ਦੀ ਤਿਆਰੀ ਵਿੱਚ ਹੈ।

ਇੱਕ ਵੱਖਰੇ ਬਿਆਨ ਰਾਹੀਂ ਇਸ ਝੂਠੇ ਕੇਸ ਦੀ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਬੀਰ ਸਿੰਘ ਲੱਖਾ ਨੇ ਵੀ ਨਿਖੇਧੀ ਕੀਤੀ।

# ਸੂਬਾ ਸਰਕਾਰ ਵੱਲੋਂ ਭ੍ਰਿਸ਼ਟ ਪਟਵਾਰੀਆਂ ਦੀ ਸੂਚੀ ਤਿਆਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਹਰਿਆਣਾ ਸਰਕਾਰ ਨੇ ਪਹਿਲੀ ਵਾਰ ਭ੍ਰਿਸ਼ਟ ਪਟਵਾਰੀਆਂ ਦੀ ਸੂਚੀ ਤਿਆਰ ਕੀਤੀ ਹੈ।ਇਸ ਸੂਚੀ ਵਿੱਚ 370 ਪਟਵਾਰੀਆਂ ਨੂੰ ਭ੍ਰਿਸ਼ਟ ਐਲਾਨਿਆ ਗਿਆ ਹੈ।ਸਰਕਾਰ ਦਾ ਦਾਅਵਾ ਹੈ ਕਿ ਇਹ ਪਟਵਾਰੀ ਮਿਣਤੀ, ਨਿਰੀਖਣ, ਰਿਕਾਰਡ ਦਰੁਸਤ ਕਰਨ ਤੇ ਨਕਸ਼ੇ ਪਾਸ ਕਰਨ ਦੇ ਬਦਲੇ ਭ੍ਰਿਸ਼ਟਾਚਾਰ ਕਰ ਰਹੇ ਹਨ।ਇਨ੍ਹਾਂ ਵਿੱਚੋਂ 170 ਪਟਵਾਰੀ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਸਹਾਇਕ ਵੀ ਰੱਖੇ ਹੋਏ ਹਨ।ਸਰਕਾਰੀ ਖ਼ੁਫ਼ੀਆ ਵਿਭਾਗ ਦੀ ਰਿਪੋਰਟ ਵਿੱਚ ਜਾਣਕਾਰੀ ਸਾਹਮਣੇ ਆਈ ਹੈ ਕਿ ਕੁਝ ਪਟਵਾਰੀਆਂ ਨੇ ਨਿੱਜੀ ਘਰਾਂ ਵਿੱਚ ਦਫ਼ਤਰ ਖੋਲ੍ਹੇ ਹੋਏ ਹਨ, ਉੱਥੇ ਉਹ ਆਪਣੇ ਸਹਾਇਕ ਨਾਲ ਮਿਲ ਕੇ ਲੋਕਾਂ ਦੇ ਕੰਮ ਬਦਲੇ ਰਿਸ਼ਵਤ ਲੈਂਦੇ ਹਨ।ਉਨ੍ਹਾਂ ਪਟਵਾਰੀਆਂ ਦਾ ਇਸ ਸੂਚੀ ਵਿੱਚ ਵੱਖਰੇ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ।ਉਨ੍ਹਾਂ ਦੇ ਨਾਂਵਾਂ ਦੇ ਨਾਲ-ਨਾਲ ਉਨ੍ਹਾਂ ਦੇ ਸਾਥੀਆਂ ਦੇ ਨਾਂਅ ਵੀ ਜਾਰੀ ਕੀਤੇ ਗਏ ਹਨ।ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ (ਏਸੀਐਸ) ਨੇ ਇਹ ਸੂਚੀ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਭੇਜ ਦਿੱਤੀ ਹੈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਇਨ੍ਹਾਂ ਭ੍ਰਿਸ਼ਟ ਮੁਲਾਜ਼ਮਾਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ ਤੇ 15 ਦਿਨਾਂ ਵਿੱਚ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

# ਸਰਦੀ ਦੇ ਮੌਸਮ ਦੌਰਾਨ ਧੁੰਦ 'ਚ ਸੁਰੱਖਿਅਤ ਆਵਾਜਾਈ ਯਕੀਨੀ ਬਨਾਉਣ 'ਤੇ ਜ਼ੋਰ



**ਮਾਲੇਰਕੋਟਲਾ (ਅਸਗਰ ਪਰਿਹਾਰ)** ਸਰਦੀਆਂ ਵਿੱਚ ਧੁੰਦ ਦੇ ਮੌਸਮ ਦੌਰਾਨ ਸੁਰੱਖਿਅਤ ਅਵਾਜਾਈ ਨੂੰ ਸੁਚੱਜੇ ਢੰਗ ਨਾਲ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪੱਧਰੀ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਡਾ. ਪੱਲਵੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਕਪਤਾਨ ਪੁਲਿਸ (ਇਨਵੈਸਟੀਗੇਸ਼ਨ) ਵੈਭਵ ਸਹਿਗਲ, ਕਾਰਜ ਸਾਧਕ ਅਫ਼ਸਰ ਮਾਲੇਰਕੋਟਲਾ ਅਪਰ ਅਪਾਰ ਸਿੰਘ, ਕਾਰਜ ਸਾਧਕ ਅਫ਼ਸਰ ਅਮਰਗੜ੍ਹ/ਅਹਿਮਦਗੜ੍ਹ ਵਿਕਾਸ ਉੱਪਲ, ਗੈਰ ਸਰਕਾਰੀ ਮੈਂਬਰ, ਮੁਹੰਮਦ ਤਾਹੀਰ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਧੁੰਦ ਦੌਰਾਨ ਸੜਕਾਂ 'ਤੇ ਘੱਟ ਦਿਸਣ ਕਾਰਨ ਹੋਣ ਵਾਲੀਆਂ ਸੜਕੀ ਦੁਰਘਟਨਾਵਾਂ ਨੂੰ ਰੋਕਣ ਲਈ ਲੋੜੀਂਦੇ ਮਾਪਦੰਡਾਂ ਨੂੰ ਅਪਣਾਇਆ ਜਾਵੇ। ਉਨ੍ਹਾਂ ਵਲੋਂ ਬਲੈਕ ਸਪੌਟ ਥਾਵਾਂ ਦੀ ਪਛਾਣ ਕਰਨ ਤੇ ਸੜਕੀ ਸੁਰੱਖਿਆ ਨੂੰ ਵਧਾਉਣ ਲਈ ਵਾਹਨਾਂ 'ਤੇ ਧੁੰਦ ਵਾਲੀਆਂ ਲਾਈਟਾਂ ਲਾਉਣ ਤੇ ਸੜਕਾਂ 'ਤੇ ਅਵਾਰਾ ਪਸ਼ੂਆਂ ਦੀ ਰੋਕਥਾਮ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ। ਉਨ੍ਹਾਂ ਟ੍ਰੈਫ਼ਿਕ ਪੁਲਸ ਨੂੰ ਹਦਾਇਤ ਕੀਤੀ ਕਿ ਧੁੰਦ ਦੇ ਸਮੇਂ ਦੌਰਾਨ ਸੁਰੱਖਿਅਤ ਡਰਾਇਵਿੰਗ ਤੇ ਵਾਹਨਾਂ 'ਤੇ ਐਮਰਜੰਸੀ ਲਾਈਟਾਂ ਦੀ ਵਰਤੋਂ ਕਰਨ ਅਤੇ ਘੱਟ ਵਿਜ਼ੀਬਿਲਟੀ ਦੌਰਾਨ ਹੌਲੀ ਗੱਡੀ ਚਲਾਉਣ ਪ੍ਰਤੀ ਵਿਸ਼ੇਸ਼ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ।

ਇਸ ਮੌਕੇ ਖੇਤਰੀ ਟਰਾਂਸਪੋਰਟ ਅਫ਼ਸਰ ਗੁਰਮੀਤ ਕੁਮਾਰ ਬਾਂਸਲ ਨੇ ਡਿਪਟੀ ਕਮਿਸ਼ਨਰ ਤੇ ਕਮੇਟੀ ਮੈਂਬਰਾਂ ਨੂੰ ਅਵਗਤ ਕਰਾਇਆ ਕਿ ਜ਼ਿਲ੍ਹੇ ਵਿੱਚ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣ ਲਈ ਲਗਾਤਾਰ ਜ਼ਿਲ੍ਹਾ ਟਰਾਂਸਪੋਰਟ ਦਫ਼ਤਰ ਤੇ ਟ੍ਰੈਫ਼ਿਕ ਪੁਲਸ ਵੱਲੋਂ ਚੈਕਿੰਗਾਂ ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਮਹੀਨਾ ਦਸੰਬਰ 2024 ਤੋਂ ਹੁਣ ਤੱਕ ਵੱਖ-ਵੱਖ ਸਮੇਂ 'ਤੇ ਕਰੀਬ 284 ਵਾਹਨ ਚਾਲਕਾਂ ਦੇ ਚਲਾਨ ਕਰਕੇ ਕਰੀਬ 63 ਲੱਖ 80 ਹਜ਼ਾਰ ਰੁਪਏ ਦੇ ਜੁਰਮਾਨੇ ਕੀਤੇ ਗਏ ਹਨ। ਇਸੇ ਤਰ੍ਹਾਂ ਜ਼ਿਲ੍ਹਾ ਟ੍ਰੈਫ਼ਿਕ ਪੁਲਸ ਵੱਲੋਂ ਕਰੀਬ 1085 ਚਲਾਨ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 451 ਈ. ਚਲਾਨ ਕਰਕੇ ਕਰੀਬ 2 ਲੱਖ 74 ਹਜ਼ਾਰ ਰੁਪਏ ਦੇ ਜੁਰਮਾਨੇ ਵਜੋਂ ਵਸੂਲੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਰਾਸ਼ਟਰੀ ਸੁਰੱਖਿਆ ਮਹੀਨਾ-2025 ਦੌਰਾਨ ਦੁਰਘਟਨਾਵਾਂ ਤੋਂ ਬਚਾਅ ਲਈ ਜਾਗਰੂਕ ਕਰਨ ਵਾਸਤੇ ਸਪੈਸ਼ਲ ਕੈਂਪ ਲਾਉਣ ਤੋਂ ਇਲਾਵਾ ਡਰਾਈਵਰਾਂ ਦੀ ਪੁਲਸ ਵੈਰੀਫ਼ਿਕੇਸ਼ਨ, ਅੱਖਾਂ ਦਾ ਚੈੱਕਅਪ ਤੇ ਡੋਪ ਟੈੱਸਟ ਵੀ ਕਰਾਉਣਾ ਯਕੀਨੀ ਬਣਾਇਆ ਜਾਵੇ।

# ਹੋਣਹਾਰ ਵਿਦਿਆਰਥੀਆਂ ਨੂੰ ਨਕਦ ਵਜ਼ੀਫ਼ੇ, ਲੈਪਟਾਪ ਤੇ ਟੈਬ ਵੰਡੇ




**ਤਲਵੰਡੀ ਸਾਬੋ (ਜਗਦੀਪ ਗਿੱਲ)** ਐਚਐਮਈਐਲ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਤਲਵੰਡੀ ਸਾਬੋ ਦੇ 59 ਪਿੰਡਾਂ ਦੇ 113 ਸਕੂਲਾਂ ਨੂੰ ਗੋਦ ਲੈ ਕੇ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ ਇਸ ਬਲਾਕ ਦੇ 47 ਵਿਦਿਆਰਥੀਆਂ ਨੂੰ ਮੈਰੀਟੋਰੀਅਸ ਸਕੂਲ ਵਿੱਚ ਚੁਣਿਆ ਗਿਆ ਹੈ, ਜਦਕਿ ਬਾਕੀ ਵਿਦਿਆਰਥੀਆਂ ਨੂੰ ਸਾਲਾਨਾ ਸਕਾਲਰਸ਼ਿਪ ਸਕੀਮ ਤਹਿਤ ਨਕਦ ਵਜ਼ੀਫੇ ਦਿੱਤੇ ਜਾ ਰਹੇ ਹਨ। ਲੈਪਟਾਪ ਅਤੇ ਟੈਬ ਜ਼ਰੀਏ ਉਨ੍ਹਾਂ 'ਚ ਪੈਦਾ ਹੋਈ ਮੁਕਾਬਲੇ ਦੀ ਭਾਵਨਾ ਨਾਲ ਵਿਦਿਆਰਥੀ ਹੁਣ ਸਾਇੰਸ, ਗਣਿਤ ਵਿਸ਼ਿਆਂ 'ਚ ਵੀ ਅੱਗੇ ਵਧ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਸ਼ਿਵਪਾਲ ਗੋਇਲ ਨੇ ਪਿੰਡ ਬੰਗੀ ਕਲਾਂ ਦੇ ਸਰਕਾਰੀ ਸਕੂਲ ਆਫ਼ ਐਮੀਨੈਂਸ ਵਿਖੇ ਸਕਾਲਰਸ਼ਿਪ ਵੰਡ ਸਮਾਰੋਹ ਦੌਰਾਨ ਕੀਤਾ।ਉਹ ਸਕੂਲ ਵਿਖੇ ਆਯੋਜਤ ਸਾਲਾਨਾ ਸਮਾਰੋਹ ਵਿੱਚ ਐਚਐਮਈਐਲ ਦੁਆਰਾ ਵੰਡੀ ਗਈ ਸਕਾਲਰਸ਼ਿਪ ਸਕੀਮ ਤਹਿਤ 42 ਹੋਣਹਾਰ ਵਿਦਿਆਰਥੀਆਂ ਨੂੰ ਨਕਦ ਵਜ਼ੀਫੇ, ਲੈਪਟਾਪ ਤੇ ਟੈਬ ਵੰਡਣ ਆਏ ਸਨ।

ਉਨ੍ਹਾਂ ਕਿਹਾ ਕਿ ਸਕਾਲਰਸ਼ਿਪ ਸਕੀਮ ਤਹਿਤ ਬੱਚਿਆਂ ਵਿੱਚ ਪੈਦਾ ਹੋਈ ਮੁਕਾਬਲੇ ਦੀ ਭਾਵਨਾ ਉਨ੍ਹਾਂ ਨੂੰ ਅੱਗੇ ਵਧਣ ਵਿੱਚ ਮਦਦ ਕਰਦੀ ਹੈ। ਰਿਫਾਇਨਰੀ ਵੱਲੋਂ ਦਿੱਤੀ ਗਈ ਨਕਦ ਤੇ ਲੈਪਟਾਪ ਵੀ ਉਨ੍ਹਾਂ ਦੀ ਉੱਚ ਸਿੱਖਿਆ ਵਿੱਚ ਮਦਦਗਾਰ ਸਾਬਤ ਹੁੰਦੇ ਹਨ।ਸ੍ਰੀ ਸ਼ਿਵਪਾਲ ਗੋਇਲ ਨੇ ਦੱਸਿਆ ਕਿ ਰਿਫਾਇਨਰੀ ਨੇ ਮੈਰੀਟੋਰੀਅਸ ਸਕੂਲ ਬਠਿੰਡਾ ਵਿਖੇ ਸੂਬਾ ਸਰਕਾਰ ਵੱਲੋਂ ਆਯੋਜਿਤ ਵਿੰਟਰ ਨੀਟ ਅਤੇ ਜੇਈਈ ਪ੍ਰਤੀਯੋਗੀ ਪ੍ਰੀਖਿਆ ਸਿਖਲਾਈ ਕੈਂਪ ਵਿੱਚ 20 ਸਮਾਰਟ ਐਲ.ਈ.ਡੀ ਪੈਨਲ ਦੇ ਕੇ ਸੂਬੇ ਭਰ ਦੇ 600 ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਕਰਨ ਵਿੱਚ ਸਹਾਇਤਾ ਕੀਤੀ।

ਸਮਾਗਮ ਦੌਰਾਨ ਡੀਈਓ ਨੇ ਕਿਹਾ ਕਿ ਉਹ ਖੁਦ ਸਾਇੰਸ ਅਧਿਆਪਕ ਰਹੇ ਹਨ ਤੇ ਜਦੋਂ ਰਿਫਾਇਨਰੀ ਨੇ ਪਿੰਡ ਤਰਖਾਣਵਾਲਾ ਦੇ ਸਰਕਾਰੀ ਸਕੂਲ ਅਤੇ ਹੋਰ ਪਿੰਡਾਂ ਵਿੱਚ ਸਟੈਮ ਲੈਬ ਖੋਲ੍ਹੀ ਤਾਂ ਇਸ ਦੇ ਸਕਾਰਾਤਮਕ ਨਤੀਜੇ ਸਾਇੰਸ ਅਤੇ ਗਣਿਤ ਵਿਸ਼ਿਆਂ ਵਿੱਚ ਵਿਦਿਆਰਥੀਆਂ ਦੇ ਚੰਗੇ ਨਤੀਜੇ ਦੇ ਰੂਪ ਵਿੱਚ ਆਏ।ਨਤੀਜੇ ਵਜੋਂ ਬੰਗੀ ਕਲਾਂ ਸਕੂਲ ਆਫ਼ ਐਮੀਨੈਂਸ ਵਿਖੇ ਸਾਲ 2034-24 ਦੇ ਸੈਸ਼ਨ ਵਿੱਚ ਬਾਰ੍ਹਵੀਂ ਜਮਾਤ ਦੇ 37 ਵਿਦਿਆਰਥੀਆਂ ਨੂੰ ਰਿਫਾਇਨਰੀ ਤੋਂ ਨਕਦ ਵਜ਼ੀਫੇ ਤੇ ਦਸਵੀਂ ਜਮਾਤ ਦੇ 5 ਵਿਦਿਆਰਥੀਆਂ ਨੂੰ ਨਕਦ ਵਜ਼ੀਫੇ ਮਿਲੇ ਹਨ। ਉਨ੍ਹਾਂ ਦੱਸਿਆ ਕਿ ਸਕਾਲਰਸ਼ਿਪ ਸਕੀਮ ਤਹਿਤ ਪਹਿਲੇ ਵਿਦਿਆਰਥੀਆਂ ਨੂੰ 75,000 ਰੁਪਏ ਤੇ ਦੂਜੇ ਨੂੰ 65,000, ਤੀਜੇ ਨੂੰ 55,000 ਰੁਪਏ ਤੇ ਚੌਥੇ ਵਿਦਿਆਰਥੀਆਂ ਨੂੰ 40,000 ਰੁਪਏ ਨਕਦ ਸਕਾਲਰਸ਼ਿਪ ਦਿੱਤੀ ਜਾਂਦੇ ਹਨ। ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲਿਆਂ ਨੂੰ ਲੈਪਟਾਪ ਦਿੱਤੇ ਜਾਂਦੇ ਹਨ।ਹੁਣ ਤੱਕ ਰਿਫਾਇਨਰੀ ਨੇ 1500 ਤੋਂ ਵੱਧ ਵਿਦਿਆਰਥੀਆਂ ਨੂੰ ਨਕਦ ਸਕਾਲਰਸ਼ਿਪ ਵੰਡੀ ਹੈ, ਜਦੋਂ ਕਿ 16,000 ਵਿਦਿਆਰਥੀਆਂ ਨੂੰ ਸਾਈਕਲ ਵੰਡੇ ਜਾ ਚੁੱਕੇ ਹਨ।

ਇਸ ਤੋਂ ਇਲਾਵਾ ਹਰ ਸਾਲ 21,000 ਵਿਦਿਆਰਥੀਆਂ ਨੂੰ ਸਕੂਲ ਬੈਗ, ਵਰਦੀਆਂ ਤੇ ਹੋਰ ਜ਼ਰੂਰੀ ਚੀਜ਼ਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ।

# ਐੱਲ ਆਈ ਸੀ ਵੱਲੋਂ ਮਹਿਲਾ ਕੈਰੀਅਰ ਏਜੰਟ ਦੀ ਭਰਤੀ ਲਈ ਪਲੇਸਮੈਂਟ ਕੈਂਪ 21 ਨੂੰ

**ਮਾਨਸਾ,: (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ/ ਮਾਡਲ ਕੈਰੀਅਰ ਸੈਂਟਰ, ਮਾਨਸਾ ਵਿਖੇ 21 ਜਨਵਰੀ ਨੂੰ ਐਲ.ਆਈ.ਸੀ. ਆਫ ਇੰਡੀਆ ਵੱਲੋਂ ਮਹਿਲਾ ਕੈਰੀਅਰ ਏਜੰਟ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 10ਵੀਂ ਪਾਸ ਕੇਵਲ ਲੜਕੀਆਂ ਭਾਗ ਲੈ ਸਕਦੀਆਂ ਹਨ ਜਿਨ੍ਹਾਂ ਦੀ ਉਮਰ ਸੀਮਾ 18 ਤੋਂ 40 ਸਾਲ ਤੱਕ ਹੋਣੀ ਚਾਹੀਦੀ ਹੈ ਅਤੇ ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ।

ਕੰਮ ਕਰਨ ਦਾ ਸਥਾਨ ਜ਼ਿਲ੍ਹਾ ਮਾਨਸਾ ਹੋਵੇਗਾ ਅਤੇ ਚੁਣੇ ਗਏ ਪ੍ਰਾਰਥੀਆਂ ਨੂੰ ਤਨਖਾਹ 7000 ਰੁਪਏ ਪ੍ਰਤੀ ਮਹੀਨਾ ਹੋਵੇਗੀ।ਉਨ੍ਹਾਂ ਕਿਹਾ ਕਿ ਚਾਹਵਾਨ ਪ੍ਰਾਰਥੀ ਆਪਣੇ ਅਸਲ ਸਰਟੀਫ਼ਿਕੇਟ ਦੀਆਂ ਫੋਟੋ ਕਾਪੀਆਂ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਕੈਂਪ ਵਾਲੇ ਦਿਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਾਨਸਾ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਿਲ 'ਤੇ) ਕੈਂਪ ਵਾਲੇ ਦਿਨ ਸਵੇਰੇ 10:00 ਵਜੇ ਪਹੁੰਚਣ। ਇੰਟਰਵਿਊ ਦਾ ਸਮਾਂ ਸਵੇਰੇ 10:30 ਤੋਂ ਦੁਪਹਿਰ 1:00 ਵਜੇ ਤੱਕ ਹੋਵੇਗਾ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 78142-44447, 94641-78030 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# 21 ਨਵਜੰਮੀਆਂ ਧੀਆਂ ਨੂੰ ਬੇਬੀ ਬਲੈਂਕਟ ਤੇ ਬੇਬੀ ਕੇਅਰ ਕਿੱਟਾਂ ਭੇਟ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਬਲਾਕ ਅਬੋਹਰ-2 ਵੱਲੋਂ ਪਿੰਡ ਢੀਂਗਾਂ ਵਾਲੀ ਦੇ ਸਰਕਾਰੀ ਸਕੂਲ ਵਿਖੇ ਧੀਆਂ ਦੀ ਲੋਹੜੀ ਦਾ ਬਲਾਕ ਪੱਧਰੀ ਸਮਾਗਮ ਆਯੋਜਤ ਕੀਤਾ ਗਿਆ । ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼੍ਰੀਮਤੀ ਨਵਦੀਪ ਕੌਰ ਵੱਲੋਂ ਸਮੂਹ ਹਾਜ਼ਰੀਨ ਨੂੰ ਲੋਹੜੀ ਦੇ ਤਿਓਹਾਰ ਦੀ ਵਧਾਈ ਦਿੰਦਿਆਂ ਆਖਿਆ ਕਿ ਕਦੇ ਸਮਾਂ ਸੀ ਜਦ ਕੇਵਲ ਲੜਕਾ ਪੈਦਾ ਹੋਣ 'ਤੇ ਹੀ ਲੋਹੜੀ ਮਨਾਈ ਜਾਂਦੀ ਸੀ, ਪਰ ਹੁਣ ਸਮਾਜ ਦੀ ਸੋਚ ਬਦਲਣ ਲੱਗੀ ਹੈ।ਇਸ ਮੌਕੇ ਪਿੰਡ ਦੇ ਸਰਪੰਚ ਸ੍ਰੀ ਚਰਨਜੀਤ ਸਿਆਗ ਵੱਲੋਂ ਦੱਸਿਆ ਗਿਆ ਕਿ ਧੀਆਂ ਦੀ ਲੋਹੜੀ ਪ੍ਰੋਗਰਾਮ ਸਿਰਜਣ ਨਾਲ ਧੀਆਂ ਨੂੰ ਜੰਮਣ ਪ੍ਰਤੀ ਮਾਪਿਆਂ ਅੰਦਰ ਵੀ ਵਧੇਰੇ ਜਾਗਰੂਕਤਾ ਪੈਦਾ ਹੋਈ ਹੈ।ਇਸ ਮੌਕੇ ਸੱਭਿਆਚਾਰਕ ਰੰਗ ਵੀ ਵੇਖਣ ਨੂੰ ਮਿਲੇ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ, ਫ਼ਾਜ਼ਿਲਕਾ ਵੱਲੋਂ ਨਵਜੰਮੀਆਂ ਧੀਆਂ ਦੇ ਮਾਪਿਆਂ ਨੂੰ ਲੋਹੜੀ ਦੇ ਤਿਉਹਾਰ ਦੀ ਵਧਾਈ ਵੀ ਦਿੱਤੀ ਤੇ ਸਨਮਾਨਤ ਵੱਜੋਂ 21 ਨਵਜੰਮੀਆਂ ਧੀਆਂ ਨੂੰ ਬੇਬੀ ਬਲੈਂਕਟ ਤੇ ਬੇਬੀ ਕੇਅਰ ਕਿੱਟਾਂ ਤੇ ਮੂੰਗਫਲੀ ਰਿਓੜੀ ਦੇ ਪੈਕਟ ਭੇਟ ਕੀਤੇ।ਸਮਾਗਮ ਮੌਕੇ ਸਕੂਲ ਦੀ ਲੜਕੀਆਂ ਵਿੱਚ ਪੇਂਟਿੰਗ ਤੇ ਲਿਖਤੀ ਗਤੀਵਿਧੀਆਂ ਕਰਾਈਆਂ ਗਈਆਂ।

# ਰੋਟਰੀ ਕਲੱਬ ਮੋਗਾ ਸਿਟੀ ਨੇ ਸਮਾਜ ਸੇਵਾ ਦੇ ਪ੍ਰੋਜੈਕਟ ਕਰਨ ਦਾ ਸੰਕਲਪ ਲਿਆ



**ਮੋਗਾ, (ਇਕਬਾਲ ਸਿੰਘ ਖਹਿਰਾ)** ਰੋਟਰੀ ਕਲੱਬ ਮੋਗਾ ਸਿਟੀ ਦੀ ਮੀਟਿੰਗ ਚੇਅਰਮੈਨ ਵਿਜੇ ਮਦਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਪ੍ਰਧਾਨ ਸੰਦੀਪ ਗਰਗ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਰੋਟੇਰੀਅਨ ਸੰਜੇ ਗਰਗ, ਪ੍ਰਵੇਸ਼ ਗੋਇਲ, ਗੁਰਜੀਤ ਸਿੰਘ, ਰਾਜੀਵ ਸਿੰਗਲਾ, ਦਿਨੇਸ਼ ਜਿੰਦਲ, ਮੋਹਿਤ ਸਿੰਗਲਾ, ਵਿਜੰਤ ਗੁਪਤਾ, ਰਾਹੁਲ ਜਿੰਦਲ, ਨਿਤਿਨ ਗੁਪਤਾ, ਯਸ਼ ਕੁਮਾਰ, ਨੀਰਜ ਅਗਰਵਾਲ, ਪ੍ਰਦੀਪ ਕੁਮਾਰ, ਰਾਕੇਸ ਧਮੀਜਾ, ਕਪਿਲ ਕਪੂਰ, ਸੰਜੀਵ ਅਰੋੜਾ ਆਦਿ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰੋਟੇਰੀਅਨ ਸੀ.ਏ. ਸੰਦੀਪ ਗਰਗ ਨੇ ਦੱਸਿਆ ਕਿ ਕਲੱਬ ਵੱਲੋਂ ਸਮਾਜ ਸੇਵਾ ਦੇ ਪ੍ਰੋਜੈਕਟਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ ਤੇ ਆਉਣ ਵਾਲੇ ਸਾਲ 2024-25 'ਚ ਕੀਤੇ ਜਾਣ ਵਾਲੇ ਸਮਾਜ ਸੇਵਾ ਦੇ ਪ੍ਰੋਜੈਕਟਾਂ ਦੀ ਰੂਪ-ਰੇਖਾ ਤਿਆਰ ਕਰਕੇ ਐਲਾਨੀ ਗਈ। ਉਨ੍ਹਾਂ ਕਿਹਾ ਕਿ ਕਲੱਬ ਦਾ ਮੁੱਖ ਉਦੇਸ਼ ਮਾਨਵਤਾ ਦੀ ਭਲਾਈ ਲਈ ਕੰਮ ਕਰਨਾ ਹੈ। ਰੁੱਖ ਲਾਉਣ, ਸਕੂਲਾਂ ਵਿੱਚ ਪੜ੍ਹਾਈ ਸਮੱਗਰੀ ਵੰਡਣ, ਲੋੜਵੰਦਾਂ ਨੂੰ ਗ਼ਰਮ ਕੰਬਲ ਤੇ ਗ਼ਰਮ ਕੱਪੜੇ ਦੇਣ ਤੋਂ ਇਲਾਵਾ ਕਲੱਬ ਵੱਲੋਂ ਸਮਾਜ ਸੇਵਾ ਵੀ ਨਿਰੰਤਰ ਜਾਰੀ ਹੈ।

# ਕੰਗਣਾ ਰਣੌਤ ਨੇ ਸਿੱਖ ਕੌਮ 'ਤੇ ਹਮਲਾ ਕੀਤਾ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਵੱਲੋਂ ਬਣਾਈ ਗਈ ਫ਼ਿਲਮ ਐਮਰਜੈਂਸੀ ਦੇ ਵਿਰੋਧ ਵਿਚ ਸ੍ਰੀ ਮੁਕਤਸਰ ਸਾਹਿਬ ਵਿਖੇ ਰਾਜਪਾਲ ਸਿਨੇਮਾ ਦੇ ਮਾਲਕ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਵੱਲੋਂ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਹੈ।

ਹਨੀ ਫੱਤਣਵਾਲਾ ਨੇ ਦੱਸਿਆ ਕਿ 'ਐਮਰਜੈਂਸੀ' ਫ਼ਿਲਮ ਦੀ ਅਭਿਨੇਤਰੀ ਭਾਜਪਾ ਸੰਸਦ ਕੰਗਣਾ ਰਣੌਤ ਉਹ ਔਰਤ ਹੈ, ਜਿਸ ਨੇ 'ਤੇ ਸਾਡੀ ਸਿੱਖ ਕੌਮ 'ਤੇ ਹਮਲਾ ਕੀਤਾ ਤੇ ਕਿਸਾਨੀ ਅੰਦੋਲਨ ਦੌਰਾਨ ਸਾਡੀਆਂ ਮਾਵਾਂ, ਭੈਣਾਂ ਲਈ ਭੱਦੀ ਸ਼ਬਦਾਵਲੀ ਵਰਤੀ ਹੈ, ਇਸ ਲਈ ਅਸੀਂ ਬਤੌਰ ਸਿਨੇਮਾ ਮਾਲਕ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨੁਮਾਇੰਦੇ ਹੋਣ ਦੇ ਨਾਤੇ ਉਦੋਂ ਤੱਕ ਕੰਗਣਾ ਰਣੌਤ ਦੀ ਫ਼ਿਲਮ ਨੂੰ ਆਪਣੇ ਸਿਨੇਮਾ ਘਰਾਂ 'ਚ ਨਹੀਂ ਲੱਗਣ ਦੇਣਾ, ਜਦੋਂ ਤੱਕ ਕੰਗਣਾ ਰਣੌਤ ਖਨੌਰੀ ਬਾਰਡਰ 'ਤੇ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਜਗਜੀਤ ਸਿੰਘ ਡੱਲੇਵਾਲ, ਸਮੁੱਚੀਆਂ ਕਿਸਾਨ ਜਥੇਬੰਦੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਹਰਮੰਦਰ ਸਾਹਿਬ ਵਿਖੇ ਜਾ ਕੇ ਸਮੁੱਚੇ ਗੁਰਧਾਮਾਂ 'ਚ ਨਤਮਸਤਕ ਹੋ ਕੇ ਮਾਫੀ ਨਹੀਂ ਮੰਗ ਲੈਂਦੀ।

# ਡਾ. ਅਰੋੜਾ ਨੇ ਵਾਰਡ ਨੰ: 9 'ਚ ਇੰਟਰਲਾਕਿੰਗ ਟਾਈਲਾਂ ਦਾ ਕੰਮ ਸ਼ੁਰੂ ਕਰਾਇਆ



**ਮੋਗਾ, (ਇਕਬਾਲ ਸਿੰਘ ਖਹਿਰਾ)** ਕੌਂਸਲਰ ਸਰਬਜੀਤ ਕੌਰ ਰੋਡੇ ਦੀ ਅਗਵਾਈ ਹੇਠ ਵਾਰਡ ਨੰ: 9 ਸ਼ਹੀਦ ਭਗਤ ਸਿੰਘ ਨਗਰ ਵਿਖੇ 48 ਲੱਖ ਰੁਪਏ ਤੇ ਰਬ ਨਗਰ ਵਿਖੇ 9 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਸ਼ੁਰੂ ਕਰਾਇਆ ਗਿਆ।

ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਕੌਂਸਲਰ ਸਰਬਜੀਤ ਕੌਰ ਰੋਡੇ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ ਅਤੇ ਵਾਰਡ ਵਾਸੀ ਹਾਜ਼ਰ ਸਨ। ਇਸ ਤੋਂ ਪਹਿਲਾਂ ਵਾਰਡ ਵਿੱਚ ਪੁੱਜਣ 'ਤੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਵਾਰਡ ਕੌਂਸਲਰ ਤੇ ਇਲਾਕਾ ਨਿਵਾਸੀਆਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਸਨਮਾਨ ਕੀਤਾ ਗਿਆ ਤੇ ਵਿਕਾਸ ਕਾਰਜ ਸ਼ੁਰੂ ਕਰਾਉਣ ਲਈ ਧੰਨਵਾਦ ਕੀਤਾ ਗਿਆ।

ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਆਪਣੇ ਹਲਕੇ ਦਾ ਸਰਬਪੱਖੀ ਵਿਕਾਸ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਗ੍ਰਾਂਟਾਂ ਪ੍ਰਾਪਤ ਕਰਕੇ ਮੋਗਾ ਸ਼ਹਿਰ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ ਤੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਸੂਬੇ ਦੀ ਟੀਮ 'ਚ ਕੀਤਾ ਵਾਧਾ

**ਜਲਾਲਾਬਾਦ, (ਜੰਗੀਰ ਕੌਰ)** ਪੰਜਾਬ ਪ੍ਰਦੇਸ਼ ਵਪਾਰ ਮੰਡਲ (ਰਜਿ.) ਦੇ ਪ੍ਰਧਾਨ ਅਮਿਤ ਕਪੂਰ ਨੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੀ ਟੀਮ ਵਿਚ ਵਿਸਥਾਰ ਕਰਦੇ ਹੋਏ ਨੌਜਵਾਨ ਵਪਾਰੀ ਅਮਿਤ ਬਜਾਜ ਨੂੰ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦਾ ਸੈਕਟਰੀ ਨਿਯੁਕਤ ਕੀਤਾ ਗਿਆ ਹੈ।

ਨਵ-ਨਿਯੁਕਤ ਸੈਕਟਰੀ ਅਮਿਤ ਬਜਾਜ ਨੇ ਵਪਾਰ ਮੰਡਲ ਦੇ ਪ੍ਰਧਾਨ ਅਮਿਤ ਕਪੂਰ ਨੂੰ ਆਪਣੀ ਨਿਯੁਕਤੀ 'ਤੇ ਧੰਨਵਾਦ ਕਰਦੇ ਹੋਏ ਪੂਰੀ ਟੀਮ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਤੇ ਤਨਦੇਹੀ ਦੇ ਨਾਲ ਨਿਭਾਉਣਗੇ ਅਤੇ ਉਹ ਵਪਾਰੀਆਂ ਦੀਆਂ ਮੁਸ਼ਕਲਾਂ ਦਾ ਹੱਲ ਕਰਾਉਣ ਲਈ ਮੋਢੇ ਨਾਲ ਮੋਢਾ ਲਾ ਕੇ ਫ਼ਰਜ਼ ਅਦਾ ਕਰਨਗੇ।

ਅਮਿਤ ਬਜਾਜ ਨੇ ਕੇ.ਕੇ. ਮਹੇਸ਼ਵਰੀ ਜਨਰਲ ਸਕੱਤਰ, ਚੇਅਰਮੈਨ ਕਰਤਾਰ ਸਿੰਘ ਜੋੜਾ, ਰਜਿੰਦਰ ਨਿਰੰਕਾਰੀ ਜਨਰਲ ਸਕੱਤਰ, ਅਸ਼ੋਕ ਅਨੇਜਾ ਚੀਫ਼ ਪੈਟਰਨ, ਰਾਮਾ ਸ਼ੰਕਰ ਗੁਪਤਾ ਫ਼ਾਜ਼ਿਲਕਾ ਸੈਕਟਰੀ, ਚੀਫ਼ ਪੈਟਰਨ ਸ਼ਾਮ ਲਾਲ ਅਨੰਦ ਤੇ ਚੀਫ਼ ਸਪੋਕਸਮੈਨ ਸੁਰਿੰਦਰ ਪੰਛੀ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਪੰਜਾਬ ਕਾਰਜਕਾਰੀ ਮੈਂਬਰਾਂ ਨੂੰ ਸ਼ਨਾਖਤੀ ਕਾਰਡ ਵੀ ਜਾਰੀ ਕੀਤੇ ਗਏ।

19-Jan-Sunday.qxd 1/18/2025 11:25 PM Page 1



ਖ਼ਾਨ ਸਾਹਿਬ ਅਲਾਉਦੀਨ ਖ਼ਾਂ
(ਆਖਰੀ ਸਫ਼ੇ 'ਤੇ)

ਨਵਾਂ ਜ਼ਮਾਨਾ
ਐਤਵਾਰਤਾ

ਹਨੇਰੇ ਵਿੱਚ ਸਫ਼ਰ ਕੀਤਾ
ਕਦੇ ਰਸਤਾ ਨਹੀਂ ਦਿਸਿਆ
ਅਸਾਨੂੰ ਤੈਰ ਕੇ ਆਇਆਂ ਨੂੰ ਵੀ
ਦਰਿਆ ਨਹੀਂ ਦਿਸਿਆ।

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 19 ਜਨਵਰੀ 2025
www.nawanzamana.in
ਕੀਮਤ 5.00 ਰੁਪਏ

# 'ਸੀਮੰਤਨੀ ਉਪਦੇਸ਼' : ਹਿੰਦੂ ਸਮਾਜ ਦਾ ਗਿਆਨ-ਮੀਮਾਂਸ ਅਤੇ ਨੈਤਿਕ ਆਲੋਚਨਾ

ਬੀਰੇਂਦਰ ਸਿੰਘ ਰਾਵਤ
ਅਨੁ. : ਭਗਵੰਤ ਰਸੂਲਪੁਰੀ

ਭਾਰਤੀ ਗਿਆਨ ਪਰੰਪਰਾ ਦੀ ਇੱਕ ਬਹੁਤ ਮਹੱਤਵਪੂਰਨ ਕਿਤਾਬ ਹੈ 'ਸੀਮੰਤਨੀ ਉਪਦੇਸ਼'। ਇਸ ਦੀ ਲੇਖਕਾ 'ਇੱਕ ਅਣਜਾਣ ਹਿੰਦੂ ਔਰਤ' ਹੈ। ਇਸ ਕਿਤਾਬ ਵਿੱਚ ਤੁਹਾਨੂੰ ਹਿੰਦੂ ਸਮਾਜ ਦੀ ਇੱਕ ਗਿਆਨ-ਮੀਮਾਂਸ 'ਤੇ ਨੈਤਿਕ ਕਰਟੀਕ ਮਿਲੇਗਾ।

ਉਹ ਵੀ ਅਜਿਹੇ ਸਮੇਂ ਵਿੱਚ, ਜਦੋਂ ਭਾਰਤ ਵਿੱਚ ਨਾਰੀਵਾਦ ਬਾਰੇ 'ਚ ਸ਼ਾਇਦ ਹੀ ਕੋਈ ਜਾਣਦਾ ਹੋਵੇ। ਇਸ ਪੁਸਤਕ ਨੂੰ ਪੜ੍ਹਦਿਆਂ ਤੁਸੀਂ ਦੇਖੋਗੇ ਕਿ ਲੇਖਕਾ ਦਾ ਅਧਿਐਨ ਬਹੁਤ ਤਿੱਖਾ ਅਤੇ ਵਿਸਤ੍ਰਿਤ ਹੈ। ਉਸ ਨੇ ਹਿੰਦੂ ਸਮਾਜ ਵਿੱਚ ਔਰਤਾਂ ਦੇ ਸ਼ੋਸ਼ਣ ਦੀਆਂ ਕਈ ਪਰਤਾਂ ਨੂੰ ਉਜਾਗਰ ਕੀਤਾ, ਚੁਣੌਤੀ ਦਿੱਤੀ ਅਤੇ ਉਹਨਾਂ ਦੇ ਬਦਲ ਵੀ ਪੇਸ਼ ਕੀਤੇ।

ਇਹ ਕਿਤਾਬ ਅੱਜ ਤੋਂ 142 ਸਾਲ ਪਹਿਲਾਂ, 1889 'ਚ ਲਾਹੌਰ ਤੋਂ ਪ੍ਰਕਾਸ਼ਤ ਹੋਈ। ਤਕਰੀਬਨ 100 ਸਾਲਾਂ ਬਾਅਦ, 1988 ਵਿੱਚ, ਡਾ. ਧਰਮਵੀਰ ਨੇ ਇਸ ਦੇ ਗੁੰਮ ਹੋਏ ਖਰੜੇ ਨੂੰ ਮੁੜ ਖੋਜਿਆ ਅਤੇ ਇਸ ਨੂੰ ਪ੍ਰਕਾਸ਼ਿਤ ਕਰਵਾਇਆ। ਡਾਕਟਰ ਧਰਮਵੀਰ ਦਾ ਕਹਿਣਾ ਹੈ ਕਿ ਅਸਲ ਵਿਚ ਇਹ ਪੁਸਤਕ ਸ਼ਾਇਦ ਫ਼ਾਰਸੀ ਲਿੱਪੀ ਵਿਚ ਲਿਖੀ ਗਈ ਹੋਵੇਗੀ। ਇਹ ਪੁਸਤਕ ਦੇਵਨਾਗਰੀ ਵਿਚ ਲੁਧਿਆਣਾ ਦੇ ਰਿਸ਼ੀ ਰਾਮ ਨਾਂਅ ਦੇ ਇਕ ਗੌੜ ਬ੍ਰਾਹਮਣ ਨੇ ਤਿਆਰ ਕੀਤੀ ਸੀ। (ਪੰਨਾ-30)

ਡਾ. ਧਰਮਵੀਰ ਅਨੁਸਾਰ 'ਸੀਮੰਤਨੀ ਉਪਦੇਸ਼' ਦੀ ਲੇਖਕਾ ਵਿਧਵਾ ਸੀ। (ਪੰਨਾ-17)। ਉਹ ਜਾਤ ਪੱਖੋਂ ਕਾਯਸਥ ਸੀ। ਲੇਖਕ ਦੇ ਅਨੁਸਾਰ, ਇਹ ਜਾਤ 'ਆਪਣੀਆਂ ਵਿਧਵਾਵਾਂ ਨਾਲ ਦੁਰਵਿਹਾਰ ਵਿੱਚ ਬਹੁਤ ਕਠੋਰ' ਸੀ। (ਪੰਨਾ 16-17, 89)। ਉਸ ਦਾ ਪਰਵਾਰ ਮੂਲ ਰੂਪ ਵਿੱਚ ਉੱਤਰੀ-ਪੱਛਮੀ ਪ੍ਰਾਂਤ ਤੋਂ ਸੀ ਅਤੇ ਪੰਜਾਬ ਵਿੱਚ ਨਿਵਾਸ ਕਰ ਚੁੱਕਾ ਸੀ। (ਪੰਨਾ-17)। ਲੇਖਕ ਅਨੁਸਾਰ ਪੰਜਾਬ ਦੇ ਲੋਕ ਆਪਣੀਆਂ ਵਿਧਵਾਵਾਂ ਨਾਲ ਇਸ ਕਿਸਮ ਦਾ ਸਲੂਕ ਨਹੀਂ ਕਰਦੇ ਸਨ।

ਮਨੂ ਸਮ੍ਰਿਤੀ ਸਾੜਨ ਦਿਵਸ 25 ਦਸੰਬਰ 1927 ਨੂੰ ਸ਼ੁਰੂ ਹੋਇਆ। 'ਸੀਮੰਤਨੀ ਉਪਦੇਸ਼' ਦੇ ਪ੍ਰਕਾਸ਼ਨ ਤੋਂ 45 ਸਾਲ ਬਾਅਦ, 25 ਦਸੰਬਰ 1927 ਨੂੰ ਮਹਾੜ ਸੱਤਿਆਗ੍ਰਹਿ ਦੇ ਮੌਕੇ 'ਤੇ ਡਾਕਟਰ ਅੰਬੇਡਕਰ ਦੇ ਇਕ ਬ੍ਰਾਹਮਣ ਸਹਿਯੋਗੀ ਗੰਗਾਧਰ ਨੀਲਕੰਠ ਸਹਸਤ੍ਰਬੁੱਧੇ ਵੱਲੋਂ ਮਨੂਸਮ੍ਰਿਤੀ ਨੂੰ ਸਾੜਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਅਤੇ ਇਕ ਅਛੂਤ ਨੇਤਾ ਪੀ ਐੱਨ. ਰਾਜਾਭੋਜ ਨੇ ਇਸ ਦਾ ਸਮਰਥਨ ਕੀਤਾ ਸੀ।

ਇਸ ਤੋਂ ਬਾਅਦ ਮਨੂਸਮ੍ਰਿਤੀ ਪੁਸਤਕ ਨੂੰ ਇਕ ਚਿਤਾ ਉੱਤੇ ਰੱਖਿਆ ਗਿਆ ਅਤੇ ਸਾੜ ਦਿੱਤਾ ਗਿਆ। ਅੰਬੇਡਕਰ ਨੇ ਬ੍ਰਾਹਮਣ ਸਹਿਯੋਗੀ ਗੰਗਾਧਰ ਨੀਲਕੰਠ ਸਹਸਤ੍ਰਬੁੱਧੇ ਅਤੇ ਪੰਜ-ਛੇ ਹੋਰ ਦਲਿਤ ਸਾਧੂਆਂ ਨੇ ਮਨੂ ਸਮ੍ਰਿਤੀ ਦੇ ਅੰਤਮ ਸੰਸਕਾਰ ਦਾ ਕੰਮ ਪੂਰਾ ਕੀਤਾ।

ਸਮਾਗਮ ਦੇ ਪੰਡਾਲ ਵਿੱਚ ਰੱਖੀ ਗਈ ਇਕ ਮਾਤਰ ਤਸਵੀਰ ਮੋਹਨਦਾਸ ਕਰਮਚੰਦ ਗਾਂਧੀ ਦੀ ਸੀ। ਇਸ ਦਾ ਅਰਥ ਇਹ ਲਗਾਇਆ ਗਿਆ ਹੈ ਕਿ ਉਸ ਸਮੇਂ ਤੱਕ ਡਾ. ਅੰਬੇਡਕਰ ਸਮੇਤ ਦਲਿਤ ਦੀ ਅਗਵਾਈ ਦਾ ਗਾਂਧੀ ਤੋਂ ਮੋਹ ਭੰਗ ਨਹੀਂ ਹੋਇਆ ਸੀ।

ਤਾਂ ਅਸੀਂ ਦੇਖਿਆ ਕਿ ਮਨੂ ਸਮ੍ਰਿਤੀ ਨੂੰ ਸਾੜਨ ਦਾ ਖਿਆਲ ਇਕ ਬ੍ਰਾਹਮਣ ਦੇ ਮਨ ਵਿੱਚ ਆਇਆ। ਇਸ ਦੇਸ਼ 'ਚ ਅਨੇਕ ਹਿੰਦੂ ਇਸਤਰੀਆਂ ਨੇ ਬ੍ਰਾਹਮਣਵਾਦੀ ਪਿੱਤਰੀ ਸਤਾ ਅਤੇ ਵਿਸ਼ੇਸ਼ ਕਰਕੇ ਮਨੂ ਸਮ੍ਰਿਤੀ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਵਿੱਚੋਂ ਇਕ ਹੈ ਪੰਡਿਤ ਰਮਾਬਾਈ, ਜਿਸ ਦੀ ਕਿਤਾਬ A high caste Hindu women-1888 ਪ੍ਰਕਾਸ਼ਤ ਹੋਈ। ਤਾਰਾ ਬਾਈ ਸ਼ਿੰਦੇ ਦੀ ਕਿਤਾਬ 'ਇਸਤਰੀ-ਪੁਰਸ਼ ਤੁਲਨਾ' 1882 'ਚ ਪ੍ਰਕਾਸ਼ਤ ਹੋਈ।

1885 ਵਿੱਚ ਮਹਾਤਮਾ ਜੋਤੀਬਾ ਫੂਲੇ ਦੀ 'ਗੁਲਾਮਗਿਰੀ' ਪ੍ਰਕਾਸ਼ਿਤ ਹੋਈ ਸੀ। ਜਿਸ ਵਿੱਚ ਉਸ ਨੇ ਹਿੰਦੂ ਮਿਥਿਹਾਸ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇੱਕ ਹੋਰ ਪੁਸਤਕ 'ਵਾਮ ਸਿੱਖਿਆ' 1872 ਵਿੱਚ ਪ੍ਰਕਾਸ਼ਿਤ ਹੋਈ ਅਤੇ ਇਸ ਤੋਂ ਪਹਿਲਾਂ 1869 ਵਿੱਚ 'ਮੀਰਾਤੁਲ ਉਰੂਸ' ਨਾਂਅ ਦੀ ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਸੀ।

'ਵਾਮ ਸਿੱਖਿਆ' ਅਤੇ 'ਮੀਰਾਤੁਲ ਉਰੂਸ' ਨਾਵਲਾਂ ਦੇ ਰੂਪ ਵਿੱਚ ਲਿਖੀਆਂ ਗਈਆਂ ਪੁਸਤਕਾਂ ਹਨ, ਜਿਨ੍ਹਾਂ ਵਿੱਚ ਔਰਤ ਸਿੱਖਿਆ ਅਤੇ ਉਸ ਦੀ ਆਜ਼ਾਦੀ ਦੇ ਸਵਾਲਾਂ ਉੱਤੇ ਵਿਚਾਰ ਕੀਤਾ ਗਿਆ ਹੈ। 'ਮੀਰਾਤੁਲ ਉਰੂਸ' ਮੁਸਲਿਮ ਔਰਤਾਂ ਅਤੇ 'ਵਾਮ ਸਿੱਖਿਆ' ਹਿੰਦੂ ਔਰਤਾਂ ਲਈ ਲਿਖੀਆਂ ਗਈਆਂ ਸਨ। 1884 ਵਿੱਚ ਭਾਰਤੇਂਦੂ ਹਰੀਸ਼ਚੰਦਰ ਨੇ ਹਿੰਦੂ ਕੁੜੀਆਂ ਨੂੰ 'ਘਰੇਲੂ' ਬਣਾਉਣ ਦੇ ਉਦੇਸ਼ ਨਾਲ 'ਬਾਲਾ ਬੋਧਿਨੀ' ਦਾ ਪ੍ਰਕਾਸ਼ਨ ਸ਼ੁਰੂ ਕੀਤਾ।

### ਸਵਾਰਥੀ ਧਰਮ

'ਸੀਮੰਤਨੀ ਉਪਦੇਸ਼' ਦੀ ਲੇਖਿਕਾ ਹਿੰਦੂ ਧਰਮ ਦਾ ਕਲਿਆਣ ਕਰਨ ਵਾਲੇ ਸਾਰੇ ਲੋਕਾਂ ਨੂੰ ਸੱਦਾ ਦਿੰਦੇ ਹੋਏ ਲਿਖ ਰਹੀ ਹੈ ਕਿ ਜੇਕਰ ਤੁਸੀਂ ਹਿੰਦੁਸਤਾਨ ਨੂੰ ਸਹੀ ਰਸਤੇ 'ਤੇ ਲਿਆਉਣਾ ਚਾਹੁੰਦੇ ਹੋ ਤਾਂ ਪਹਿਲਾਂ ਉਨ੍ਹਾਂ ਕਿਤਾਬਾਂ ਨੂੰ ਅੱਗ ਵਿੱਚ ਸਾੜ ਦਿਓ, ਜਿਸ ਵਿੱਚ ਔਰਤਾਂ ਲਈ ਇਸ ਧਰਮ ਦੀ (ਪਤੀ ਪ੍ਰਤੀ ਸਮਰਪਤ ਧਰਮ ਦੀ) ਹਦਾਇਤ ਹੈ ਅਤੇ ਮਰਦਾਂ ਲਈ ਕੁਝ ਨਹੀਂ ਹੈ। (ਪੰਨਾ-112)।

ਇਸ ਪੁਸਤਕ ਵਿੱਚ ਔਰਤਾਂ ਦੇ ਜੀਵਨ ਨਾਲ ਸੰਬੰਧਤ ਵੱਖ-ਵੱਖ ਪਹਿਲੂਆਂ ਬਾਰੇ ਚਰਚਾ ਕੀਤੀ ਮਿਲੇਗੀ। ਲੇਖਕਾ ਨੇ ਇਸ ਪੁਸਤਕ ਵਿੱਚ ਵਿਭਚਾਰ, ਤਲਾਕ, ਬਾਲ ਵਿਆਹ, ਵਿਧਵਾ ਪੁਨਰ-ਵਿਆਹ, ਘਰੇਲੂ ਹਿੰਸਾ, ਔਰਤਾਂ ਦੀ ਮੁਕਤੀ, ਆਰਥਿਕ ਨਿਰਭਰਤਾ, ਮਨੂ ਅਤੇ ਤੁਲਸੀਦਾਸ ਵਰਗੇ ਲੋਕਾਂ ਦੇ ਮਤਲਬੀ ਵਿਚਾਰ, ਕੱਪੜੇ, ਗਹਿਣੇ ਆਦਿ ਅਨੇਕ ਮੁੱਦਿਆਂ ਨੂੰ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਹੈ।

'ਸੀਮੰਤਨੀ ਉਪਦੇਸ਼' ਦਾ ਅਰਥ ਹੁੰਦਾ ਹੈ ਇਸਤਰੀ, ਨਾਰੀ, ਔਰਤਾਂ। 'ਸੀਮੰਤਨੀ ਉਪਦੇਸ਼' ਦੇ ਦੋ ਅਰਥ ਲਏ ਜਾ ਸਕਦੇ ਹਨ। ਇਕ ਤਾਂ ਇਹ ਕਿ ਇਸਤਰੀ ਨੂੰ ਉਪਦੇਸ਼ ਅਤੇ ਦੂਜਾ ਇਸਤਰੀ ਦਾ ਉਪਦੇਸ਼। ਤੁਸੀਂ ਦੋਵੇਂ ਅਰਥਾਂ 'ਚੋਂ ਕੋਈ ਵੀ ਅਰਥ ਲਓ, ਪਰ ਦੋਹਾਂ ਹੀ ਅਰਥਾਂ 'ਚ ਇਹ ਕਿਤਾਬ ਬ੍ਰਾਹਮਣਵਾਦੀ ਪਿੱਤਰਸੱਤਾ ਨਾਲ ਸਖ਼ਤੀ ਨਾਲ ਟਕਰਾਉਂਦੀ ਹੈ।

ਇਸ ਕਿਤਾਬ 'ਚ ਤੁਹਾਨੂੰ ਬ੍ਰਾਹਮਣਵਾਦੀ ਪਿੱਤਰੀਸੱਤਾ ਦਾ ਚੂਰਾ ਹੋਇਆ ਮਿਲੇਗਾ, ਕਿਉਂਕਿ 'ਸੀਮੰਤਨੀ ਉਪਦੇਸ਼' ਨੇ ਬ੍ਰਾਹਮਣਵਾਦੀ ਪਿੱਤਰੀਸੱਤਾ ਦੀ ਟੀਸੀ ਉੱਤੇ ਜ਼ੋਰਦਾਰ ਸੱਟ ਮਾਰੀ ਹੈ।

ਇਸ ਕਿਤਾਬ 'ਚ ਤੁਹਾਨੂੰ ਅਨੇਕ ਥਾਵਾਂ ਉੱਤੇ ਮਨੂੰ ਜ਼ਖ਼ਮੀ ਪਿਆ ਮਿਲੇਗਾ। ਜਿਵੇਂ ਮਸਿਮ੍ਰਤੀ ਦੇ ਅਨੁਸਾਰ ਸੰਸਾਰ ਵਿੱਚ 10 ਦੋਸ਼ ਹਨ ਅਤੇ ਬ੍ਰਹਮਾ ਨੇ ਸਾਰੇ ਦੋਸ਼ ਇਸਤਰੀਆਂ ਲਈ ਤਿਆਰ ਕੀਤੇ ਹਨ।

ਬ੍ਰਹਮਾ ਦੇ ਗੁਣਾਂ ਅਤੇ ਔਗੁਣਾਂ ਦੀ ਰਚਨਾ ਦੇ ਸਮਾਂਤਰ 'ਸੀਮੰਤਨੀ ਉਪਦੇਸ਼' ਦੀ ਲੇਖਕਾ ਨੇ ਲਿਖਿਆ ਹੈ, 'ਜਿਹੜੇ ਪੁਰਸ਼ ਵਿਭਚਾਰੀ ਹੁੰਦੇ ਹਨ, ਉਨ੍ਹਾਂ ਦਾ ਮਨ ਹਮੇਸ਼ਾ ਕੁੱਤੇ ਵਾਂਗ ਮੈਲ਼ੇ ਵਿੱਚ ਵਲੀਨ ਰਹਿੰਦਾ ਹੈ। ਫਿਰ ਇਹ 10 ਵਿਕਾਰ ਉਨ੍ਹਾਂ 'ਚ ਤੁਰੰਤ ਆ ਜਾਂਦੇ ਹਨ : ਚੋਰੀ, ਹਿੰਸਾ, ਵਿਭਚਾਰ, ਨਿੰਦਿਆ, ਮਾੜੇ ਸ਼ਬਦ, ਝੂਠ, ਕਰੋਧ, ਈਰਖਾ, ਹਉਮੈ ਅਤੇ ਧੋਖਾ।' (ਪੰਨਾ-5)

ਲੇਖਕਾ ਨੇ ਮੰਨਿਆ ਹੈ ਕਿ ਮਰਦਾਂ ਵਾਂਗ, 'ਔਰਤਾਂ ਵੀ ਹੱਤਿਆਰੀ ਹੋ ਸਕਦੀਆਂ ਹੈ।' ਉਹ ਮੰਨਦੀ ਹੈ ਕਿ ਔਰਤਾਂ ਵੀ ਵਿਭਚਾਰੀ ਹੁੰਦੀਆਂ ਹਨ। ਉਹ ਲਿਖਦੀ ਹੈ, 'ਬੇਸ਼ੱਕ, ਜਿਹੜੀਆਂ ਔਰਤਾਂ ਆਪਣੀ ਪਸੰਦ ਅਨੁਸਾਰ ਵਿਆਹ ਕਰਦੀਆਂ ਹਨ ਅਤੇ ਫਿਰ ਆਪਣੇ ਪਤੀ ਨੂੰ ਧੋਖਾ ਦਿੰਦੀਆਂ ਹਨ, ਦੂਜੇ ਦੇ ਕੋਲ ਜਾਣ ਤਾਂ ਉਨ੍ਹਾਂ ਲਈ ਦੰਡ ਦੀ ਵਿਵਸਥਾ ਹੁੰਦੀ ਹੈ।' (ਪੰਨਾ-5)

ਇਸ ਪੁਸਤਕ ਦੇ 23ਵੇਂ ਅਧਿਆਏ ਵਿਚ ਲੇਖਕਾ ਨੇ ਤੁਲਸੀਦਾਸ ਨੂੰ ਵੀ ਸਵਾਲਾਂ ਦੇ ਘੇਰੇ 'ਚ ਲਿਆਂਦਾ ਹੈ। ਰਾਮਚਰਿਤ ਮਾਨਸ ਦੇ ਅਰਣਯ ਕਾਂਡ ਵਿਚ ਤੁਲਸੀਦਾਸ ਨੇ ਔਰਤਾਂ ਦੇ ਚਾਰ ਵਰਗ ਦੱਸੇ ਹਨ। ਲੇਖਕਾ ਉਹਨਾਂ ਵਿੱਚ ਪੰਜਵੀਂ ਸ਼੍ਰੇਣੀ ਜੋੜ ਦਿੰਦੀ ਹੈ। ਉਹ ਦਰਜਾ ਹੈ-ਇਸਤਰੀ ਨੂੰ ਹਿੰਸਾ ਦੀ ਤਾਕਤ ਨਾਲ ਪਤੀ ਵਰਤਾ ਧਰਮ ਦਾ ਪਾਲਣ ਕਰਵਾਉਣਾ। ਵਿਧਵਾ ਪੁਨਰ-ਵਿਆਹ ਦੇ ਮਾਮਲੇ ਵਿਚ ਉਪਦੇਸ਼ ਦਿੰਦੇ ਹੋਏ ਇਹ ਕਿਤਾਬ ਅਨੇਕ ਬਦਲ ਸਾਹਮਣੇ ਰੱਖਦੀ ਹੈ। ਹਿੰਦੂਆਂ ਵਿਚ ਪੁਨਰ-ਵਿਆਹ ਦੇ ਵਿਰੁੱਧ ਰਚੇ ਗਏ ਵਿਖਿਆਨਾਂ-ਕਥਾਵਾਂ ਦੀਆਂ ਝੂਠੀਆਂ ਪਰਤਾਂ ਨੂੰ ਖੁਰਚ ਕੇ, ਮਿਟਾ ਕੇ, 'ਸੀਮੰਤਨੀ ਉਪਦੇਸ਼' ਅਸਲ ਮਕਸਦ ਨੂੰ ਉਜਾਗਰ ਕੀਤਾ ਹੈ।




ਉਸ ਅਨੁਸਾਰ ਪਰਵਾਰ 'ਚ ਇਕ ਵਿਧਵਾ ਇਸਤਰੀ ਸਭ ਲਈ ਮੁਫ਼ਤ ਦਾ ਭੋਜਨ ਹੁੰਦਾ ਹੈ। ਉਸ ਦਾ ਸਰੀਰਕ ਸ਼ੋਸ਼ਣ ਕਰਨ ਅਤੇ ਉਸ ਕੋਲੋਂ ਬੇਗਾਰ ਕਰਵਾਉਣ, ਦੋਹਾਂ ਹੀ ਮਸਲਿਆਂ ਵਿੱਚ। (ਪੰਨਾ-6)

### ਵਿਧਵਾਵਾਂ ਨੂੰ ਉਪਦੇਸ਼

ਵਿਧਵਾਵਾਂ ਨੂੰ ਪਹਿਲੀ ਸਲਾਹ ਇਹ ਹੈ ਕਿ ਹਿੰਦੋਸਤਾਨ ਦੇ ਪਰਵਾਰਾਂ ਵਿੱਚ ਔਰਤਾਂ ਨੂੰ ਇੱਕ ਵਾਰ ਬੇਕਦਰੀ ਦੀ ਸਥਿਤੀ ਨੂੰ ਵੇਖਣ ਤੋਂ ਬਾਅਦ, ਉਨ੍ਹਾਂ ਨੂੰ ਦੂਜੀ ਵਾਰ ਵਿਆਹ ਨਹੀਂ ਕਰਨਾ ਚਾਹੀਦਾ ਕਿਉਂਕਿ ਹਿੰਦੂਆਂ ਵਿੱਚ ਚੰਗੇ ਆਦਮੀ ਲੱਭਣੇ ਆਸਾਨ ਨਹੀਂ ਹਨ। ਇਸ ਲਈ ਉਹ ਵਿਧਵਾਵਾਂ ਨੂੰ ਸਲਾਹ ਦਿੰਦੀ ਹੈ ਕਿ "ਬੇਸਬਰੀ ਤੋਂ ਕੰਮ ਨਾ ਲਓ।" ਇਸ ਗੱਲ ਨੂੰ ਧਿਆਨ ਵਿੱਚ ਰੱਖੋ ਕਿ "ਇੱਕ ਮਾੜੇ ਘਰ ਵਾਲੇ ਨਾਲੋਂ ਬਿਨਾਂ ਘਰ ਵਾਲੇ ਦੇ ਜੀਣਾ ਬਿਹਤਰ ਹੈ।" (ਪੰਨਾ 74)

ਉਹ ਲਿਖਦੀ ਹੈ ਕਿ ਤੁਸੀਂ ਆਪਣੇ ਮਾਤਾ-ਪਿਤਾ 'ਤੇ ਦੋਸ਼ ਲਗਾ ਸਕਦੇ ਹੋ ਕਿ ਤੁਹਾਡਾ ਇੰਨੀ ਛੋਟੀ ਉਮਰ ਵਿਚ ਕਿਸੇ ਨਾਲ ਵਿਆਹ ਕਰਵਾ ਦਿੱਤਾ ਹੈ, ਪਰ ਇਹ ਲੋਕ ਦੂਜੇ ਵਿਆਹ ਵਿਚ ਤੁਹਾਡਾ ਸਾਥ ਨਹੀਂ ਦੇਣਗੇ। ਪੁਜਾਰੀ ਵੀ ਇਸ ਕੰਮ ਵਿਚ ਤੁਹਾਡੇ ਨਾਲ ਨਹੀਂ ਖੜਨਗੇ। ਇਸ ਲਈ ਤੁਸੀਂ ਆਪਣੀ ਅਕਲ ਨੂੰ ਚੰਗੀ ਤਰ੍ਹਾਂ ਵਰਤੋ ਅਤੇ ਦੂਜੇ ਵਿਆਹ ਲਈ ਚੰਗੇ ਆਦਮੀ ਨੂੰ ਚੁਣੋ ਅਤੇ ਜੇਕਰ ਕੋਈ ਚੰਗਾ ਆਦਮੀ ਨਹੀਂ ਮਿਲਦਾ ਤਾਂ ਇਕੱਲੇ ਰਹਿਣਾ ਤੁਹਾਡੇ ਹਿੱਤ ਵਿਚ ਹੈ।

'ਸੀਮੰਤਨੀ ਉਪਦੇਸ਼' ਦੀ ਲੇਖਕਾ ਵਿਧਵਾਵਾਂ ਨੂੰ ਕਿਸੇ ਧਰਮ ਦਾ ਡਰ ਨਹੀਂ ਦਿਖਾ ਰਿਹਾ। ਇਸ ਦੀ ਬਜਾਇ, ਉਹ ਠੋਸ ਅਨੁਭਵੀ ਕਾਰਨਾਂ ਨੂੰ ਸਾਹਮਣੇ ਰੱਖ ਰਹੀ ਹੈ। ਉਸ ਦਾ ਜ਼ੋਰ ਕਿਸੇ ਕਾਲਪਨਿਕ ਕਾਰਨਾਂ ਉੱਤੇ ਨਹੀਂ, ਸਗੋਂ ਅਨੁਭਵੀ ਕਾਰਨਾਂ ਉੱਤੇ ਹੈ। ਉਹ ਖੇਤਰਾਂ ਦੇ ਆਧਾਰ 'ਤੇ ਫੈਸਲੇ ਲੈਣ ਦਾ ਉਪਦੇਸ਼ ਦੇ ਰਹੀ ਹੈ।

ਉਸ ਅਨੁਸਾਰ ਵਹਿਮਾਂ-ਭਰਮਾਂ ਅਤੇ ਪਿਤਰੀ ਸੱਤਾ ਦੀ ਗ਼ੁਲਾਮੀ ਵਿੱਚ ਰਹਿਣ ਵਾਲੀਆਂ ਔਰਤਾਂ ਦਾ ਕਹਿਣਾ ਹੈ ਕਿ ਜੋ ਦੂਜੀ ਵਾਰ ਵਿਆਹ ਕਰਦੀ ਹੈ, ਭਗਵਾਨ ਉਸ ਨੂੰ ਨਰਕ ਵਿੱਚ ਭੇਜ ਦਿੰਦਾ ਹੈ। "ਸੀਮੰਤਨੀ ਉਪਦੇਸ਼" ਅਨੁਸਾਰ "ਇਹ ਬਿਲਕੁਲ ਝੂਠ ਹੈ" ਅਤੇ "ਪੰਡਿਤ ਜੀ ਨੇ ਅਗਿਆਨੀ ਲੋਕਾਂ ਨੂੰ ਧੋਖਾ ਦੇਣ ਲਈ ਇਹ ਬਿਆਨ ਦਿੱਤਾ ਹੈ।" ਲੇਖਕ ਹਿੰਦੂ ਔਰਤਾਂ ਲਈ ਨਿਯਮ ਬਣਾਉਣ ਵਾਲਿਆਂ ਦੇ ਦੋਹਰੇ ਚਰਿੱਤਰ ਨੂੰ ਰੇਖਾਂਕਿਤ ਕਰ ਰਿਹਾ ਹੈ ਅਤੇ ਨਾਲ ਹੀ ਆਪਣੇ ਗਿਆਨ-ਵਿਗਿਆਨ ਨਾਲ ਉਨ੍ਹਾਂ ਦੁਆਰਾ ਬਣਾਏ ਡਰ ਦੇ ਜਾਲ਼ ਨੂੰ ਕੱਟ ਵੀ ਰਿਹਾ ਹੈ। (ਪੰਨਾ-74)

ਲੇਖਕਾ ਅਨੁਸਾਰ ਪੰਡਤਾਂ ਵੱਲੋਂ ਇਹ ਵਹਿਮ ਫੈਲਾਇਆ ਗਿਆ ਹੈ ਕਿ ਇੱਕ ਹਿੰਦੂ ਵਿਧਵਾ ਜਿਸ ਨਾਲ ਉਹ ਦੂਜੀ ਵਾਰ ਵਿਆਹ ਕਰਦੀ ਹੈ, ਦੀ ਮੌਤ ਤੋਂ ਬਾਅਦ ਯਮਰਾਜ ਉਸੇ ਆਦਮੀ ਨੂੰ ਲੋਹੇ ਤੋਂ ਬਣਾ ਕੇ ਅੱਗ ਵਿੱਚ ਪਕਾ ਕੇ ਉਸ ਵਿਧਵਾ ਦੇ ਗਲ਼ੇ ਲਗਾਉਂਦਾ ਹੈ। (ਪੰਨਾ-74) ਉਹ ਪਲਟੀਮਾਰ ਕੇ ਕਹਿੰਦੀ ਹੈ ਕਿ ਜੇ ਪੰਡਿਤ ਦੂਜੀ ਵਾਰ ਵਿਆਹ ਕਰ ਲਵੇ ਤਾਂ ਵੀ ਅਜਿਹਾ ਹੋਵੇਗਾ।

ਅਤੇ ਜੇਕਰ ਪੰਡਤ ਜੀ ਇੱਜ਼ਤ ਨਾਲ ਦੁਬਾਰਾ ਵਿਆਹ ਕਰਦੇ ਹਨ ਤਾਂ ਸਮਝੋ ਕਿ ਉਨ੍ਹਾਂ ਔਰਤਾਂ ਬਾਰੇ ਝੂਠ ਫੈਲਾ ਕੇ ਉਨ੍ਹਾਂ ਨਾਲ ਧੋਖਾ ਕੀਤਾ ਹੈ। ਇਹੀ ਕਾਰਨ ਹੈ ਕਿ 'ਸੀਮੰਤਨੀ ਉਪਦੇਸ਼' ਨੇ ਪਤੀਵਰਤਾ ਧਰਮ ਨੂੰ 'ਸਵੈ-ਸੇਵਾ ਧਰਮ' ਕਿਹਾ ਹੈ। (ਪੰਨਾ-112) ਜਦੋਂ ਲੇਖਕ ਕਹਿੰਦਾ ਹੈ ਕਿ 'ਪਤੀਵਰਤਾ ਧਰਮ' ਦਰਅਸਲ ਇਸ ਦਾ ਪ੍ਰਚੱਲਨ ਹਿੰਦੂ ਮਰਦਾਂ ਵੱਲੋਂ ਆਪਣਾ ਮਤਲਬ ਸਿੱਧ ਕਰਨ ਦੇ ਲਈ ਰਚਿਆ ਗਿਆ ਧਰਮ ਹੈ ਤਾਂ ਇਹ ਬ੍ਰਾਹਮਣਵਾਦੀ ਪਿੱਤਰੀਸੱਤਾ ਗਿਆਨ ਮੀਮਾਂਸਾ ਦੇ ਮਨਸੂਬੇ ਦੇ ਕੇਂਦਰ ਨੂੰ ਉਜਾਗਰ ਕਰ ਰਿਹਾ ਹੈ, ਜਿਸ ਨੇ ਧਰਮ ਦੇ ਨਾਂਅ 'ਤੇ ਆਪਣਾ ਮਤਲਬ ਸਿੱਧ ਕਰਨ ਲਈ ਪਤੀਵਰਤਾ ਧਰਮ ਕਹਿ ਦਿੱਤਾ ਹੈ।

ਵਿਧਵਾ ਪੁਨਰ-ਵਿਆਹ ਦੇ ਪੱਖ ਵਿਚ ਵਿਗਿਆਨਕ ਦਲੀਲ ਦਿੰਦੇ ਹੋਏ 'ਸੀਮੰਤਨੀ ਉਪਦੇਸ਼' ਵਿਚ ਲਿਖਿਆ ਹੈ ਕਿ ਕਾਮ-ਸੁੱਖ ਦੀ ਇੱਛਾ ਮਨੁੱਖੀ ਨਹੀਂ, ਸਗੋਂ ਕੁਦਰਤੀ ਹੈ। ਉਹ ਲਿਖਦੀ ਹੈ ਕਿ "ਜੇ ਰੱਬ ਦੀ ਮਰਜ਼ੀ ਹੁੰਦੀ ਕਿ ਪਤੀ ਦੀ ਮੌਤ ਕਾਰਨ ਔਰਤ ਕਿਸੇ ਹੋਰ ਮਰਦ ਨਾਲ ਵਿਆਹ ਨਾ ਕਰੇ, ਤਾਂ ਉਸ ਦੇ ਨਾਲ ਉਸ ਦੀ ਇੱਛਾ ਵੀ ਮਰ ਜਾਂਦੀ। ਨਹੀਂ, ਇਹ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ-ਪਤੀ ਦੇ ਮਰਨ ਉਪਰੰਤ ਵੀ ਇਹ ਇੱਛਾ ਪਰੇਸ਼ਾਨ ਕਰਦੀ ਹੈ। ਬਸ, ਇਸ ਵਿਚ ਪ੍ਰਮਾਤਮਾ ਦੀ ਮਰਜ਼ੀ ਸਪੱਸ਼ਟ ਤੌਰ 'ਤੇ ਪਾਈ ਜਾਂਦੀ ਹੈ ਕਿ ਔਰਤਾਂ ਦੁਬਾਰਾ ਵਿਆਹ ਕਰ ਲੈਣ। ਇੱਕ-ਦੋ ਪਤੀਆਂ ਦੇ ਮਰਨ ਕਰਕੇ ਨਹੀਂ, ਜਿੰਨਾ ਚਿਰ ਇੱਛਾ ਰਹੇਗੀ, ਭਾਵੇਂ ਪੰਜਾਹ ਪਤੀ ਮਰ ਜਾਣ ਤਾਂ ਵੀ ਵਿਆਹ ਜ਼ਰੂਰ ਕਰ ਲਵੇ। (ਪੰਨਾ-78)

ਵਿਧਵਾ ਪੁਨਰ-ਵਿਆਹ ਦੇ ਹੱਕ ਵਿਚ 'ਸੀਮੰਤਨੀ ਉਪਦੇਸ਼' ਦੀ ਇਕ ਹੋਰ ਮਜ਼ਬੂਤ ਦਲੀਲ ਵੀ ਹੈ ਅਤੇ ਇਹ ਦਲੀਲ ਕਿਸੇ ਮਾੜੇ ਧਾਰਮਿਕ ਗ੍ਰੰਥਾਂ ਵਾਂਗ ਮਨਮਰਜ਼ੀ ਵਾਲੀ ਨਹੀਂ, ਸਗੋਂ ਵਿਗਿਆਨਕ ਗਿਆਨ ਤੋਂ ਉਪਜੀ ਹੈ। ਉਹ ਲਿਖਦੀ ਹੈ ਕਿ ਜਦੋਂ ਕਿਸੇ ਦੇ ਪਤੀ ਦੀ ਮੌਤ ਹੋ ਜਾਂਦੀ ਹੈ, ਉਦੋਂ ਵੀ ਔਰਤ ਨੂੰ ਮਾਹਵਾਰੀ ਆਉਂਦੀ ਹੈ। ਇਹ ਵੀ ਰੱਬ ਦਾ ਹੁਕਮ ਹੈ ਕਿ ਉਹ ਮਾਂ ਬਣ ਸਕਦੀ ਹੈ ਅਤੇ ਇਸ ਲਈ ਉਹ ਦੁਬਾਰਾ ਵਿਆਹ ਕਰ ਸਕਦੀ ਹੈ। (ਪੰ-78)। ਜੇ ਕੁਦਰਤ ਚਾਹੁੰਦੀ ਤਾਂ ਹਿੰਦੂ ਵਿਧਵਾ ਕਦੇ ਵੀ ਦੁਬਾਰਾ ਵਿਆਹ ਨਾ ਕਰੇ, ਤਾਂ ਉਹ ਆਪਣੇ ਪਤੀ ਦੀ ਮੌਤ ਹੁੰਦੇ ਹੀ ਵਿਧਵਾ ਦਾ ਮਾਹਵਾਰੀ ਚੱਕਰ ਬੰਦ ਕਰ ਦਿੰਦੀ।

ਸਾਫ਼ ਦਿਸਦਾ ਹੈ ਕਿ 'ਸੀਮੰਤਨੀ ਉਪਦੇਸ਼' ਦੀ ਲੇਖਕਾ ਨੂੰ ਬਾਇਓਲੋਜੀਕਲ ਨਿਯਮਾਂ ਵਿੱਚ ਭਰੋਸਾ ਹੈ, ਬ੍ਰਾਹਮਣੀ ਨਿਯਮਾਂ ਵਿੱਚ ਨਹੀਂ।

ਇਸ ਸੀਮੰਤਨੀ ਦੇ ਉਪਦੇਸ਼ ਵਿਚ ਮਨੂ ਦੁਆਰਾ ਬਣਾਏ ਨਿਯਮਾਂ ਨੂੰ ਮਨੂ ਦਾ ਸਵਾਰਥ ਕਿਹਾ ਗਿਆ ਹੈ। (ਪੰਨਾ-76)। ਮਨੂ ਨੇ ਮਨੁਸਮ੍ਰਿਤੀ ਦੇ ਪੰਜਵੇਂ ਅਧਿਆਏ ਦੇ ਸ਼ਲੋਕ 154 ਅਤੇ 156 ਵਿੱਚ ਮਨੁੱਖਾਂ ਦੇ ਸਵਾਰਥ ਦੇ ਹੱਕ ਵਿੱਚ ਨਿਯਮ ਬਣਾਏ ਹਨ। ਮਨੁਸਮ੍ਰਿਤੀ ਦੇ ਅਧਿਆਇ ਦੇ ਪੰਜਵੇਂ ਸ਼ਲੋਕ 154 ਵਿੱਚ ਲਿਖਿਆ ਹੈ ਕਿ ਇੱਕ ਔਰਤ ਨੂੰ ਇੱਕ ਦੇਵਤਾ ਵਾਂਗ ਘਟੀਆ, ਬਦਚਲਣ, ਬਦਤਮੀਜ਼, ਮੂਰਖ ਅਤੇ ਸਭ ਤੋਂ ਧੋਖੇਬਾਜ਼ ਪਤੀ ਦੀ ਵੀ ਪੂਜਾ ਕਰਨੀ ਚਾਹੀਦੀ ਹੈ।

ਲੇਖਕਾ ਸਿੱਧੇ ਤੌਰ 'ਤੇ ਮਨੂ ਨੂੰ ਟੱਕਰ ਦਿੰਦੀ ਹੋਈ ਸਵਾਲ ਪੁੱਛਦੀ ਹੈ ਕਿ ਜਦੋਂ ਮਰਦ ਆਪਣੀ ਪਤਨੀ ਨੂੰ ਕਿਸੇ ਅਜਨਬੀ ਨਾਲ ਗੱਲ ਕਰਦੇ ਦੇਖਦਿਆਂ ਹੀ ਉਸ ਦਾ ਗਲਾ ਵੱਢਣ ਲਈ ਤਿਆਰ ਹੋ ਜਾਂਦੇ ਹਨ, ਤਾਂ ਫਿਰ ਔਰਤ ਦੇਵਤੇ ਵਾਂਗ ਲਾਲਾਂ ਸੁੱਟਣ ਵਾਲੇ ਪੁਰਸ਼ ਦੀ ਪੂਜਾ ਕਿਉਂ ਕਰੇਗੀ? (ਪੰਨਾ-76)। ਪਰ ਲੇਖਕਾ ਇਹ ਵੀ ਜਾਣਦੀ ਹੈ ਕਿ ਭੈੜੇ ਤੋਂ ਭੈੜੇ ਪਤੀ ਦੀ ਪੂਜਾ ਵੀ ਹਿੰਸਾ ਦੇ ਸਹਾਰੇ ਹੀ ਕੀਤੀ ਜਾ ਸਕਦੀ ਹੈ, ਨਹੀਂ ਤਾਂ ਨਹੀਂ। (ਪੰਨਾ-76)

ਇਹ 'ਸੀਮੰਤਨੀ' ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਅਤੇ ਸਮਝਦੀ ਹੈ ਕਿ ਹਿੰਸਾ ਦੀ ਵਰਤੋਂ ਹਿੰਦੂ ਪਤੀ ਵਰਤਾ ਨੂੰ ਲਾਗੂ ਕਰਨ ਦੀ ਇੱਕ ਵੱਡੀ ਰਣਨੀਤੀ ਹੈ। ਨਹੀਂ ਤਾਂ ਕਿਸੇ ਸਵਾਰਥੀ ਮਰਦ ਨੂੰ ਇੱਜ਼ਤ ਦੇਣ ਦਾ ਅਹਿਸਾਸ ਕਿਸ ਔਰਤ ਕੋਲ ਹੋਵੇਗਾ?

ਹਿੰਦੂਆਂ ਵਿਚ ਬਹੁ-ਪਤਨੀ ਵਿਆਹ ਦੀ ਆਲੋਚਨਾ ਕਰਦਿਆਂ ਲੇਖਕਾ ਸਵਾਲ ਕਰਦੀ ਹੈ ਕਿ ਜਦੋਂ ਖਾਵੰਦ ਆਪਣੀ ਪਤਨੀ ਦੇ ਜਿਉਂਦੇ ਹੋਣ ਦੇ ਬਾਵਜੂਦ ਆਪਣੀ ਪਤਨੀ ਦੀ ਛਾਤੀ 'ਤੇ ਦਸ-ਦਸ ਸੌਂਕਣਾਂ ਨੂੰ ਬਿਠਾ ਦਿੰਦਾ ਹੈ ਤਾਂ ਉਦੋਂ ਪਰਵਾਰ ਅਤੇ ਸਮਾਜ ਦੀ ਬਦਨਾਮੀ ਨਹੀਂ ਹੁੰਦੀ, ਫਿਰ ਵਿਧਵਾ ਦੇ ਪੁਨਰ-ਵਿਆਹ ਨਾਲ ਕਿਵੇਂ ਬਦਨਾਮੀ ਹੋ ਜਾਂਦੀ ਹੈ? (ਪੰਨਾ-77)। ਜੇਕਰ ਇੱਕ ਮਰਦ ਦੀਆਂ ਹਜ਼ਾਰਾਂ ਪਤਨੀਆਂ ਹੋਣ ਦੀ ਗੱਲ ਕਹੀ ਜਾ ਸਕਦੀ ਹੈ ਤਾਂ ਇੱਕ ਔਰਤ ਦੇ ਦੋ ਪਤੀ ਰੱਖਣ ਵਿੱਚ ਕੀ ਹਰਜ ਹੈ? (ਪੰਨਾ-77)

ਉਹ ਲਿਖਦੀ ਹੈ ਕਿ ਵਫ਼ਾਦਾਰੀ ਦਾ ਧਰਮ ਇੱਕ ਸੁਆਰਥੀ ਧਰਮ ਹੈ। ਜਿਹੜਾ ਮਰਦਾਂ ਨੇ ਆਪਣੇ ਸਵਾਰਥ ਲਈ ਬਣਾਇਆ ਹੈ। ਇਹ ਧਰਮ ਇਸ ਲਈ ਬਣਾਇਆ ਗਿਆ ਹੈ ਤਾਂ ਜੋ ਮਨੁੱਖ ਹਰ ਤਰ੍ਹਾਂ ਦੇ ਗ਼ਲਤ ਰਸਤੇ 'ਤੇ ਚੱਲਦੇ ਰਹਿਣ। ਇਸ ਧਰਮ ਦੀ ਜੜ੍ਹ ਵਿੱਚ ਬੰਦਿਆਂ ਵੱਲੋਂ ਖੁੱਲ੍ਹ ਕੇ ਆਪਣੀਆਂ ਇੰਦਰੀਆਂ ਦੇ ਦੁਰਉਪਯੋਗ ਕਰਨ ਦੀ ਇੱਛਾ ਹੈ।

ਇਹ ਸਭ ਜਾਣਦੇ ਹੋਏ ਵੀ ਉਹ ਲਿਖਦੀ ਹੈ ਕਿ ਹੇ ਭਾਰਤ ਦੀਆਂ ਭੈਣੋ! ਬੇਸ਼ੱਕ, ਤੁਸੀਂ ਪਤੀ ਤੋਂ ਬਿਨਾਂ ਰਹਿ ਸਕਦੀਆਂ ਹੋ, ਪਰ ਅਜਿਹਾ ਵਿਆਹ ਨਾ ਕਰਵਾਓ, ਜਿੱਥੇ ਕੋਈ ਸਨਮਾਨ ਨਾ ਹੋਵੇ ਅਤੇ ਸਮੱਸਿਆਵਾਂ ਹੀ ਸਮੱਸਿਆਵਾਂ ਹੋਣ।

ਲੇਖਕ ਲਿਖਦੀ ਹੈ, 'ਏ ਚੰਗੇ ਅਤੇ ਗਰੀਬ ਭੋਲੀਆਂ-ਭਾਲੀਆਂ ਔਰਤੋ!, ਇਨ੍ਹਾਂ ਸੁਆਰਥੀ ਲੋਕ ਜੋ ਕਹਿੰਦੇ ਹਨ, ਉਸ 'ਤੇ ਬਿਲਕੁਲ ਵੀ ਵਿਸ਼ਵਾਸ ਨਾ ਕਰੋ।' (ਪੰਨਾ-112)। ਆਖਿਰ ਇਹ ਸਵਾਰਥੀ ਲੋਕ ਕੌਣ ਹਨ? ਇਹ ਉਹ ਲੋਕ ਹਨ ਜੋ ਹਿੰਦੂ ਔਰਤਾਂ ਨੂੰ ਤਰਕਹੀਣ ਅਤੇ ਅਨੈਤਿਕ ਧਰਮ ਸਿਖਾ ਰਹੇ ਹਨ। ਇਨ੍ਹਾਂ ਵਿੱਚ ਤੁਲਸੀ, ਮਨੂ ਅਤੇ ਕਈ ਹੋਰ ਸ਼ਾਮਲ ਹਨ।

ਹਿੰਦੂ ਧਰਮ ਦਾ ਭਲਾ ਚਾਹੁਣ ਵਾਲੇ ਸਾਰੇ ਲੋਕਾਂ ਨੂੰ ਸੱਦਾ ਦਿੰਦਿਆਂ ਲੇਖਕਾ ਲਿਖ ਰਹੀ ਹੈ ਕਿ ਜੇਕਰ ਤੁਸੀਂ 'ਹਿੰਦੋਸਤਾਨ ਨੂੰ ਸਹੀ ਰਸਤੇ 'ਤੇ ਲਿਆਉਣਾ ਚਾਹੁੰਦੇ ਹੋ ਤਾਂ ਪਹਿਲਾਂ ਉਨ੍ਹਾਂ ਕਿਤਾਬਾਂ ਨੂੰ ਅੱਗ ਵਿੱਚ ਸਾੜੋ, ਜਿਨ੍ਹਾਂ ਵਿੱਚ ਇਸਤਰੀਆਂ ਦੇ ਲਈ ਇਸ ਧਰਮ (ਪਤੀਵਰਤਾ ਧਰਮ) ਦੀਆਂ ਹਦਾਇਤਾਂ ਹਨ ਅਤੇ ਮਰਦਾਂ ਲਈ ਕੁਝ ਨਹੀਂ ਹੈ।' (ਪੰਨਾ-112)

ਲੇਖਕਾ ਦਾ ਮਤਲਬ ਇਹ ਹੈ ਕਿ ਸੈਕਸੂਐਲਿਟੀ ਦੇ ਸੰਦਰਭ ਵਿੱਚ ਡਬਲ ਸਟੈਂਡਰਡ ਨੂੰ ਸਿਰਜਣ, ਪ੍ਰੋਪਾਗੇਟ ਅਤੇ ਪ੍ਰੈਕਟਿਸ ਕਰਨ ਲਈ ਨਿਯਮ ਦੇਣ ਵਾਲੀਆਂ ਕਿਤਾਬਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਲੇਖਕ ਦੇ ਇਸ ਗੁੱਸੇ ਨੂੰ ਵੀ ਮਨੁਸਮ੍ਰਿਤੀ ਸਾੜਨ ਦੇ ਸੰਦਰਭ ਵਿੱਚ ਯਾਦ ਰੱਖਣਾ ਚਾਹੀਦਾ ਹੈ। ਮਨੁਸਮ੍ਰਿਤੀ ਸਾੜਨ ਦਿਵਸ ਲੇਖਿਕਾ ਵੱਲੋਂ 1882 ਵਿੱਚ ਇਸ ਗੱਲ ਨੂੰ ਪ੍ਰਕਾਸ਼ਤ ਕਰਵਾਉਣ ਦੇ 45 ਸਾਲ ਬਾਅਦ 1927 ਵਿੱਚ ਆਰੰਭ ਹੋਇਆ ਸੀ।

ਲੇਖਕਾ ਦਾ ਇਰਾਦਾ ਹੈ ਕਿ ਸੈਕਸੂਐਲਿਟੀ ਦੇ ਸੰਦਰਭ ਵਿੱਚ ਡਬਲ ਸਟੈਂਡਰਡ ਦੇ ਖਿਲਾਫ਼ ਕਿ ਸਖ਼ਤ ਕਦਮ ਚੁੱਕਣ ਦਾ ਤਰੀਕਾ ਵੀ ਦੱਸ ਰਹੀ ਹੈ। ਲੇਖਿਕਾ ਦੱਸ ਰਹੀ ਹੈ ਜਦੋਂ ਤੁਹਾਡਾ ਪਤੀ ਕਿਸੇ ਦੂਜੀ ਔਰਤ ਦੇ ਕੋਲ ਜਾਵੇ ਤੁਸੀਂ ਕਹੋ ਕਿ ਮੈਂ ਵੀ ਦੂਜੇ ਮਰਦ ਦੇ ਕੋਲ ਜਾਵਾਂਗੀ। ਫਿਰ ਜਿਹੜੇ ਸਦਮੇ ਉਨ੍ਹਾਂ ਦੀਆਂ ਜਾਣਕਾਰੀਆਂ ਦੇ ਅਧਾਰ 'ਤੇ ਤੁਹਾਡੇ ਉੱਤੇ ਗੁਜ਼ਰਦੇ ਹਨ, ਉਹ ਸਦਮੇ ਇਨ੍ਹਾਂ ਦੇ ਦਿਲ ਉੱਤੇ ਵੀ ਗੁਜ਼ਰਨਗੇ। ਪੰਨਾ-113) ਜਾਣਕਾਰੀ ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਵਿਭਚਾਰ।

### ਬੇ-ਔਲਾਦ

ਆਓ, ਦੇਖੀਏ ਕਿ 'ਸੀਮੰਤਨੀ ਉਪਦੇਸ਼' ਦੀ ਲੇਖਕ ਨੇ ਬੇਔਲਾਦ ਔਰਤਾਂ ਨੂੰ ਕੀ ਸਲਾਹ ਦਿੱਤੀ ਹੈ? ਉਹ ਲਿਖਦੀ ਹੈ ਕਿ-ਹੇ! ਬੇ-ਔਲਾਦ ਔਰਤੋ। ਇਹ ਨਾ ਸੋਚੋ ਕਿ ਬੱਚੇ ਪੈਦਾ ਕਰਨ ਨਾਲ ਹੀ ਜ਼ਿੰਦਗੀ ਦਾ ਮਕਸਦ ਪੂਰਾ ਹੋ ਜਾਂਦਾ ਹੈ, ਬਲਕਿ ਜੀਵਨ ਦੇ ਮਕਸਦ ਤਾਂ ਅਨੇਕ ਹਨ।

ਹੇ! ਬੇ-ਔਲਾਦ ਹਿੰਦੂਓ, ਇਹ ਨਾ ਸੋਚੋ ਕਿ ਔਲਾਦ ਨਾ ਹੋਣ 'ਤੇ ਤੁਸੀਂ ਕਿਸ ਨੂੰ ਪਿਆਰ ਕਰੋਗੀਆਂ? ਇਹ ਨਾ ਸੋਚੋ ਕਿ ਕੁਦਰਤ ਨੇ ਤੁਹਾਡੇ ਸਰੀਰ ਨੂੰ ਸਿਰਫ਼ ਆਪਣੇ ਬੱਚਿਆਂ ਦੀ ਪਰਵਰਿਸ਼ ਲਈ ਬਣਾਇਆ ਹੈ। ਇਸ ਲਈ ਜੇ ਤੁਹਾਡੇ ਬੱਚੇ ਨਹੀਂ ਹਨ ਤਾਂ ਉਦਾਸ ਨਾ ਹੋਵੋ। ਹਾਲਾਂਕਿ ਬੇਔਲਾਦ ਔਰਤਾਂ ਨੂੰ ਇਸ ਤਰੀਕੇ ਨਾਲ ਖੁਸ਼ੀ ਮਨਾਉਣੀ ਚਾਹੀਦੀ ਹੈ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਬੱਚੇ ਪੈਦਾ ਕਰਨ ਦੀ ਮੁਸੀਬਤ ਤੋਂ ਮਾਫ਼ ਕੀਤਾ ਹੈ। (ਪੰਨਾ-101)

ਵੈਸੇ ਵੀ, ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਬੱਚਿਆਂ ਦੀ ਮਦਦ ਨਾਲ ਆਪਣੇ ਪਰਲੋਕ ਨੂੰ ਸੁਧਾਰੋਗੇ, ਤਾਂ ਸੁਣੋ ਕਿ ਪਰਲੋਕ ਵਰਗੀ ਕੋਈ ਥਾਂ ਨਹੀਂ ਹੈ। ਹਰ ਕਿਸੇ ਨੂੰ ਇਸ ਸੰਸਾਰ ਵਿੱਚ ਆਪਣੇ ਚੰਗੇ-ਮਾੜੇ ਕਰਮਾਂ ਦਾ ਫ਼ਲ ਭੁਗਤਣਾ ਪੈਂਦਾ ਹੈ। ਜੇ ਇਸ ਦੁਨੀਆ ਵਿਚ ਆਪਣਾ ਕੁਝ ਨਹੀਂ ਮਿਲਿਆ ਤਾਂ ਉਸ ਦੁਨੀਆ ਬਾਰੇ ਕੌਣ ਜਾਣਦਾ ਹੈ? ਅਜਿਹੀ ਦੁਨੀਆ, ਜਿਸ ਬਾਰੇ ਅੱਜ ਤੱਕ ਕੋਈ ਖ਼ਬਰ ਹੈ ਨਹੀਂ ਅਤੇ ਜੇ ਹੈ ਵੀ, ਤਾਂ ਤੁਹਾਨੂੰ ਉੱਥੇ ਵੀ ਪੁਰੋਹਿਤ ਮਿਲ ਜਾਣਗੇ, ਜਿਨ੍ਹਾਂ ਨੇ ਇਸ ਸੰਸਾਰ ਤੋਂ ਤੁਹਾਡਾ ਨਾਂਅ ਅਤੇ ਨਿਸ਼ਾਨ ਮਿਟਾ ਦਿੱਤਾ ਹੈ। (ਪੰਨਾ-101) ਅਤੇ ਜੇਕਰ ਔਲਾਦ ਹੋ ਵੀ ਜਾਵੇਗੀ ਤਾਂ ਉਸ ਨੂੰ ਤੁਹਾਡਾ ਨਾਂਅ ਨਹੀਂ ਮਿਲੇਗਾ। ਫਿਰ ਕਿਸੇ ਹੋਰ ਦੇ ਬੱਚੇ ਦੀ ਚਿੰਤਾ ਕਿਉਂ? ਵੈਸੇ, ਮੈਂ ਇਹ ਵੀ ਨਹੀਂ ਕਹਿੰਦੀ ਕਿ ਤੁਹਾਨੂੰ ਬੱਚੇ ਪੈਦਾ ਕਰਨ ਦੀ ਇੱਛਾ ਛੱਡ ਦੇਣੀ ਚਾਹੀਦੀ ਹੈ।

ਜੇਕਰ ਕਿਸੇ ਬਿਮਾਰੀ ਕਾਰਨ ਬੱਚਾ ਪੈਦਾ ਨਹੀਂ ਹੋ ਰਿਹਾ ਤਾਂ ਡਾਕਟਰ ਤੋਂ ਇਲਾਜ ਕਰਵਾਓ, ਪਰ ਸਮਝੋ ਇਹਨਾਂ ਮਰੇ ਹੋਏ ਪੀਰਾਂ ਤੋਂ ਕਦੀ ਔਲਾਦ ਨਹੀਂ ਹੋ ਸਕਦੀ। (ਪੰਨਾ-100)। ਇਸ ਲਈ ਪੀਰਾਂ, ਫ਼ਕੀਰਾਂ ਅਤੇ ਬਾਬਿਆਂ ਦੇ ਜਾਲ਼ ਵਿੱਚ ਫਸ ਕੇ ਆਪਣੇ ਜੀਵਨ ਨੂੰ ਹੈਰਾਨ ਨਾ ਕਰੋ।

ਉਹ ਲਿਖਦੀ ਹੈ ਕਿ ਮਰਦ ਅਤੇ ਔਰਤ ਦੇ ਮਿਲਾਪ ਤੋਂ ਬੱਚੇ ਦਾ ਜਨਮ ਹੁੰਦਾ ਹੈ। (ਪੰਨਾ-101) ਇਸ ਲਈ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਵਧੇਰੇ ਨਾਂਅ ਨੂੰ ਹੋਰ ਸਮਝਣ ਦੀ ਇੱਛਾ ਨਹੀਂ ਕਰਨੀ ਚਾਹੀਦੀ। ਪਰ ਨਹੀਂ, ਔਲਾਦ ਤਾਂ ਮਰਦ ਆਪਣੇ ਕਬਜ਼ੇ ਵਿੱਚ ਕਰ ਲੈਂਦਾ ਹੈ ਅਤੇ ਔਰਤ ਉੱਥੇ ਖੜ੍ਹੀ ਦੇਖਦੀ ਰਹਿ ਜਾਂਦੀ ਹੈ।

ਰਾਜਿਆਂ, ਮਹਾਰਾਜਿਆਂ ਤੋਂ ਲੈ ਕੇ ਆਮ ਲੋਕਾਂ ਤੱਕ ਹਰ ਕਿਸੇ ਵਿੱਚ ਅਜਿਹਾ ਦੇਖਣ ਨੂੰ ਮਿਲਦਾ ਹੈ। ਇਸ ਲਈ ਬੱਚੇ ਪੈਦਾ ਕਰਨ ਦੀ ਤੁਹਾਡੀ ਇੱਛਾ ਬੇਕਾਰ ਹੈ, ਕਿਉਂਕਿ ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਉਦੋਂ ਤੋਂ ਹੀ ਪਿਤਾ ਦੇ ਨਾਂਅ ਨਾਲ ਲੜਕੇ ਦਾ ਨਾਂਅ ਲਿਆ ਜਾਂਦਾ ਹੈ। (ਪੰਨਾ 101) ਔਰਤਾਂ ਨੂੰ ਅਜਿਹਾ ਨਾਂਅ ਕਮਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜੋ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਕਾਇਮ ਰਹੇ।

ਦੇਖੋ, ਮੀਰਾਬਾਈ ਦੀ ਕੋਈ ਔਲਾਦ ਨਹੀਂ ਸੀ। ਉਨ੍ਹਾਂ ਦੇ ਦਿਹਾਂਤ ਨੂੰ ਕਈ ਸਾਲ ਬੀਤ ਚੁੱਕੀ ਹਨ, ਪਰ ਅੱਜ ਤੱਕ ਉਨ੍ਹਾਂ ਦਾ ਨਾਂਅ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। (ਪੰਨਾ-100)

ਕਾਲੀਦਾਸ ਦੀ ਪਤਨੀ ਵਿਦਯੋਤਮਾ ਦੀ ਵੀ ਕੋਈ ਔਲਾਦ ਨਹੀਂ ਸੀ, ਪਰ ਵਿੱਦਿਆ ਦੇ ਸੂਰਜ ਵਾਂਗ ਉਨ੍ਹਾਂ ਦਾ ਨਾਂਅ ਅੱਜ ਤੱਕ ਚਮਕ ਰਿਹਾ ਹੈ। ਲੀਲਾਵਤੀ, ਦਮਯੰਤੀ ਅਤੇ ਸ਼ਕੁੰਤਲਾ ਦੇ ਕੋਈ ਬੱਚੇ ਨਹੀਂ ਸਨ। ਐਲਿਜ਼ਾਬੈਥ ਵਰਗੀਆਂ ਬਹੁਤ ਸਾਰੀਆਂ ਅੰਗਰੇਜ਼ ਔਰਤਾਂ ਉਨ੍ਹਾਂ ਦੀ ਬਦੌਲਤ ਅੱਜ ਤੱਕ ਸਾਰੀਆਂ ਔਰਤਾਂ ਦਾ ਨਾਂਅ ਬਚਿਆ ਹੋਇਆ ਹੈ। (ਪੰਨਾ-100)।

ਇਸ ਲਈ ਜੇਕਰ ਤੁਹਾਡੇ ਬੱਚੇ ਨਹੀਂ ਹਨ, ਤਾਂ ਇਸ ਨੂੰ ਵੱਡੀ ਸਮੱਸਿਆ ਨਾ ਸਮਝੋ। ਤੁਹਾਨੂੰ ਸ਼ਾਇਦ ਮਹਿਸੂਸ ਹੁੰਦਾ ਹੋਵੇਗਾ ਕਿ ਤੁਹਾਡੇ ਕੋਲ ਵੀ ਕੋਈ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ, ਜਿਸ ਦੀ ਤੁਸੀਂ ਸੇਵਾ ਕਰ ਸਕੋ। ਦੁਨੀਆ ਵਿੱਚ ਸੇਵਾ ਕਰਨ ਲਈ ਬਹੁਤ ਕੁਝ ਹੈ। ਦੁਨੀਆ ਵਿੱਚ ਬਹੁਤ ਸਾਰੇ ਅਜਿਹੇ ਹਨ, ਜਿਨ੍ਹਾਂ ਨੂੰ ਸੇਵਾ ਦੀ ਲੋੜ ਹੈ।

ਹੇ ਇਸਤਰੀ! ਤੈਨੂੰ ਸ਼ਾਇਦ ਲੱਗਦਾ ਹੋਵੇਗਾ ਕਿ ਤੁਹਾਨੂੰ ਸਵਰਗ ਵਿਚ ਖ਼ੁਸ਼ੀ ਮਿਲੇਗੀ। ਪਹਿਲੀ ਗੱਲ ਤਾਂ ਇਹ ਹੈ ਕਿ ਤੂੰ ਇਹ ਵੀ ਨਹੀਂ ਜਾਣਦੀ ਕਿ ਸਵਰਗ ਨਾਂਅ ਦੀ ਕੋਈ ਥਾਂ ਨਹੀਂ ਹੈ। ਦੂਸਰੀ ਗੱਲ ਇਹ ਹੈ ਕਿ ਜੇਕਰ ਬੱਚੇ ਤੁਹਾਨੂੰ ਇਸ ਸੰਸਾਰ ਦੇ ਦੁੱਖਾਂ ਤੋਂ ਮੁਕਤ ਨਹੀਂ ਕਰਵਾ ਸਕਦੇ ਤਾਂ ਉਹ ਤੁਹਾਨੂੰ ਸੰਸਾਰ ਦੇ ਦੁੱਖਾਂ ਤੋਂ ਕਿਵੇਂ ਮੁਕਤ ਕਰਨਗੇ? ਮਨੁੱਖ ਨੂੰ ਆਪਣੇ ਚੰਗੇ-ਮਾੜੇ ਦੁੱਖ ਆਪ ਹੀ ਭੋਗਣੇ ਪੈਂਦੇ ਹਨ।

ਤੀਸਰੀ ਗੱਲ ਇਹ ਹੈ ਕਿ ਮਨ ਲਓ ਤੁਸੀਂ ਸਵਰਗ ਵਿੱਚ ਵੀ ਪਹੁੰਚ ਗਏ, ਤਾਂ ਉੱਥੇ ਵੀ ਤੁਹਾਨੂੰ ਉਹੀ ਪਾਂਡੇ-ਪਰੋਹਿਤ ਮਿਲਣਗੇ, ਜਿਨ੍ਹਾਂ ਤੁਹਾਨੂੰ ਇਸ ਸੰਸਾਰ ਵਿੱਚ ਜਿਉਣ ਨਹੀਂ ਦਿੱਤਾ, ਫਿਰ ਕੀ ਉਹ ਤੁਹਾਨੂੰ ਉੱਥੇ ਜਿਉਣ ਦੇਣਗੇ? ਇਸ ਲਈ ਸਵਰਗ ਦੇ ਸੰਬੰਧ 'ਚ ਬਿਲਕੁਲ ਵੀ ਨਾ ਸੋਚੋ। ਇਸ ਸੰਸਾਰ ਵਿੱਚ ਆਪਣੀ ਖ਼ੁਸ਼ੀ ਬਾਰੇ ਸੋਚੋ।

'ਸੀਮੰਤਨੀ ਉਪਦੇਸ਼' ਦੀ ਲੇਖਕਾ ਬ੍ਰਾਹਮਣਵਾਦੀ ਪਿੱਤਰੀਸੱਤਾ ਦੀ ਸੈਕਸੁਅਲ ਪਾਲਿਟਿਕਸ ਨੂੰ ਸਮਝ ਰਹੀ ਹੈ ਅਤੇ ਕੋਸ਼ਿਸ਼ ਕਰ ਰਹੀ ਹੈ ਕਿ ਹਿੰਦੂ ਔਰਤਾਂ ਉਸ ਰਾਜਨੀਤੀ ਦੇ ਜਾਲ਼ ਤੋਂ ਮੁਕਤ ਹੋ ਜਾਣ। ਉਹ ਸੈਕਸੂਅਲ ਪਾਲਿਟਿਕਸ, ਜਿਸ ਤਹਿਤ ਹਿੰਦੂ ਔਰਤਾਂ ਦੀ ਸੈਕਸੂਅਲਿਟੀ ਅਤੇ ਸੈਕਸੂਅਲ ਡਿਜ਼ਾਇਰ ਦੇ ਸੰਬੰਧਤ ਫੈਸਲੇ ਧਰਮ ਦੇ ਠੇਕੇਦਾਰ ਬਣ ਚੁੱਕੇ ਮਰਦਾਂ ਵੱਲੋਂ ਲਏ ਜਾਂਦੇ ਹਨ।



### ਵਿਧਵਾ ਪੁਨਰ-ਵਿਆਹ

ਹਿੰਦੂ ਔਰਤਾਂ ਦੇ ਪੁਨਰ-ਵਿਆਹ ਬਾਰੇ ਲੇਖਕਾ ਲਿਖਦੀ ਹੈ ਕਿ, "ਅੱਜ ਦੇ ਸਮੇਂ ਵਿੱਚ ਜੇਕਰ ਕਿਸੇ ਦਾ ਪਤੀ ਮਰ ਜਾਵੇ ਤਾਂ ਮੇਰੇ ਵਿਚਾਰ ਅਨੁਸਾਰ ਉਸ ਨੂੰ ਦੁਬਾਰਾ ਵਿਆਹ ਨਹੀਂ ਕਰਨਾ ਚਾਹੀਦਾ। ਪਰ ਬਦਮਾਸ਼ੀ ਕਰਨ ਨਾਲੋਂ ਦੁਬਾਰਾ ਵਿਆਹ ਕਰਨਾ ਚੰਗਾ ਹੈ। ਵਿਆਹ ਵਿੱਚ ਬਹੁਤ ਕਠਿਨਾਈਆਂ ਝੱਲਣੀਆਂ ਪੈਂਦੀਆਂ ਹਨ।

ਫਿਰ ਵਿਆਹ ਕਰਵਾ ਕੇ ਕਿਸੇ ਦਾ ਹੱਕ ਕਿਸੇ ਨੂੰ ਦੇਣਾ ਪੈਂਦਾ ਹੈ, ਜਦੋਂ ਤੁਸੀਂ ਆਪਣਾ ਸਰੀਰ ਕਿਸੇ ਹੋਰ ਨੂੰ ਦਿੱਤਾ, ਤਦ ਸੰਸਾਰ ਵਿੱਚ ਤੁਹਾਡੇ ਕੋਲ ਕੀ ਬਚਿਆ?

ਉਹ ਲਿਖਦੀ ਹੈ ਕਿ ਹਿੰਦੋਸਤਾਨੀ ਔਰਤਾਂ ਨੂੰ ਤਾਂ ਕਿਸੇ ਵੀ ਹਾਲਤ ਵਿੱਚ ਆਜ਼ਾਦੀ ਨਹੀਂ ਮਿਲ ਸਕਦੀ। ਪਿਤਾ, ਭਰਾ, ਪੁੱਤਰ, ਰਿਸ਼ਤੇਦਾਰ, ਸਾਰੇ ਹਕੂਮਤ ਕਰਦੇ ਹਨ, ਪਰ ਪਤੀ ਜਿੰਨਾ ਅੱਤਿਆਚਾਰ ਕੋਈ ਨਹੀਂ ਕਰਦਾ। ਔਰਤ ਤਾਂ ਇਹ ਸਾਰੀ ਉਮਰ ਸਾਰਿਆਂ ਦੀ ਰਹਿੰਦੀ ਹੈ, ਪਰ ਵਿਆਹ ਤੋਂ ਬਾਅਦ ਪੂਰੀ ਤਰ੍ਹਾਂ ਖਰੀਦੀ ਹੋਈ ਚੀਜ਼ ਬਣ ਕੇ ਰਹਿ ਜਾਂਦੀ ਹੈ।" (ਪੰਨਾ 84-85)

ਮਨੂ ਨੇ ਮਨੁਸਮ੍ਰਿਤੀ ਵਿਚ ਲਿਖਿਆ ਹੈ ਕਿ ਜਿਹੜੀ ਇਸਤਰੀ ਦੇ ਦੋ ਪਤੀਆਂ ਵਾਲੀ ਹੁੰਦੀ ਹੈ, ਉਸ ਨੂੰ ਪਰਲੋਕ ਵਿਚ ਪਤੀ ਲੋਕ ਦੀ ਪ੍ਰਾਪਤੀ ਨਹੀਂ ਮਿਲਦੀ। ਮਨੂ ਦੇ ਇਸ ਕਥਨ ਦਾ ਢੁੱਕਵਾਂ ਜਵਾਬ ਦਿੰਦਿਆਂ 'ਸੀਮੰਨੀ ਉਪਦੇਸ਼' ਦੀ ਲੇਖਕਾ ਵਿਅੰਗਮਈ ਢੰਗ ਨਾਲ ਲਿਖਦੀ ਹੈ ਕਿ ਪਤੀ ਦੇ ਟਿਕਾਣੇ ਬਾਰੇ ਕੋਈ ਖ਼ਬਰ ਨਹੀਂ ਹੈ ਕਿ ਉਹ ਕਿੱਥੇ ਹੈ? ਇਹ ਕਿਸ ਦੇਸ਼ ਵਿੱਚ ਹੈ? ਇਹ ਕਿੰਨੀ ਦੂਰ ਹੈ? ਮਨੂ ਦਾ ਮਜ਼ਾਕ ਉਡਾਉਣ ਤੋਂ ਬਾਅਦ ਉਹ ਔਰਤਾਂ ਨੂੰ ਸਲਾਹ ਦਿੰਦੀ ਹੈ ਕਿ ਜਿਹੜੀ ਔਰਤ ਇਕ ਪਤੀ ਦੀ ਮੌਤ ਤੋਂ ਬਾਅਦ ਹੋਰ ਮਰਦ ਨਹੀਂ ਕਰਦੀ, ਉਹ ਯਕੀਨਨ ਸ਼ਾਂਤੀ ਨਾਲ ਰਹਿੰਦੀ ਹੈ, ਕਿਉਂਕਿ ਦੂਸਰੀ ਵਾਰ ਵਿਆਹ ਕਰਨ ਵਾਲੀ ਕੁੱਟਮਾਰ ਸਹਿੰਦੀ ਹੈ ਅਤੇ ਬਾਅਦ ਵਿੱਚ ਕਈ ਗੱਲਾਂ ਕਰਕੇ ਪਛਤਾਉਂਦੀ ਵੀ ਹੈ। (ਪੰਨਾ-77)

ਉਹ ਵਿਗਿਆਨਕ ਅਤੇ ਵਿਹਾਰਕ ਕਾਰਨਾਂ ਕਰਕੇ ਪੁਨਰ-ਵਿਆਹ ਦਾ ਜ਼ੋਰਦਾਰ ਸਮਰਥਨ ਕਰਦੀ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਜੇਕਰ ਵਿਧਵਾ ਆਪਣੀਆਂ ਇੰਦਰੀਆਂ 'ਤੇ ਕਾਬੂ ਨਾ ਰੱਖ ਸਕੇ ਤਾਂ ਉਸ ਨੂੰ ਸੰਸਾਰ ਦੇ ਰੀਤੀ-ਰਿਵਾਜਾਂ ਨੂੰ ਤੋੜ ਕੇ ਦੁਬਾਰਾ ਵਿਆਹ ਕਰ ਲੈਣਾ ਚਾਹੀਦਾ ਹੈ, ਪਰ ਕਿਉਂਕਿ ਉਹ ਭਾਰਤੀ ਪਰਵਾਰਾਂ ਵਿੱਚ ਔਰਤਾਂ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦੀ ਹੈ, ਇਸ ਲਈ ਉਸ ਦੀ ਸਲਾਹ ਹੈ ਕਿ ਉਹ ਇਕ ਇੰਦਰੀ ਦੇ ਪਿੱਛੇ ਸਾਰੀਆਂ ਇੰਦਰੀਆਂ ਨੂੰ ਤਕਲੀਫ਼ ਵਿੱਚ ਨਾ ਪਾਵੇ। (ਪੰਨਾ 87)

ਉਹ ਲਿਖਦੀ ਹੈ ਕਿ ਮੰਨ ਲਓ ਕਿ ਤੁਸੀਂ ਆਪਣੇ ਇੰਦਰੀਆਂ ਦੇ ਕਾਬੂ ਹੇਠ ਦੁਬਾਰਾ ਵਿਆਹ ਕਰਵਾ ਲੈਂਦੇ ਹੋ ਅਤੇ ਤੁਹਾਡੇ ਪਤੀ ਨੂੰ ਹੁੱਕਾ ਪੀਣ ਦੀ ਆਦਤ ਹੈ। ਹੁਣ ਜੇ ਉਹ ਰਾਤ ਦੇ 3 ਵਜੇ ਵੀ ਕਹੇਗਾ ਤਾਂ ਹੁੱਕੇ 'ਚ ਅੱਗ ਪਾਉਣੀ ਪਵੇਗੀ। ਭਾਵੇਂ ਕੜਾਕੇ ਦੀ ਠੰਢ ਹੋਵੇ, ਪ੍ਰੰਤੂ ਮਾਲਕ ਦਾ ਹੁੱਕਾ ਤਾਂ ਭਰਨਾ ਹੀ ਪਵੇਗਾ!

ਉਹ ਲਿਖਦੀ ਹੈ ਕਿ ਜੇਕਰ ਕੋਈ ਇਹ ਸੋਚਦਾ ਹੈ ਕਿ ਅਜਿਹੀ ਸਥਿਤੀ ਸਿਰਫ਼ ਗਰੀਬਾਂ ਦੇ ਘਰਾਂ ਵਿੱਚ ਹੀ ਹੁੰਦੀ ਹੈ, ਅਮੀਰਾਂ ਦੇ ਨਹੀਂ, ਤਾਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਵਿੱਚ ਭਾਵੇਂ ਕੋਈ ਸਮਰਾਟ ਹੋਵੇ ਜਾਂ ਕੋਈ ਅਮੀਰ ਜਾਂ ਗਰੀਬ, ਹਰ ਕੋਈ ਔਰਤਾਂ ਨੂੰ ਦਾਸੀ ਸਮਝਣ 'ਚ ਸਾਰੇ ਇਕੋ ਜਿਹੇ ਹਨ।

ਇੱਥੇ ਲੇਖਕਾ ਦੀ ਇੱਕ ਅਬਜ਼ਰਵੇਸ਼ਨ ਦੇਖਣਯੋਗ ਹੈ। ਉਹ ਲਿਖਦੀ ਹੈ ਕਿ ਬਹੁਤ ਦੇਖਿਆ ਗਿਆ ਹੈ ਕਿ ਜਦੋਂ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਂਦੀ ਹੈ ਤਾਂ ਦੋ-ਚਾਰ ਮਹੀਨਿਆਂ ਦੇ ਦੁੱਖ ਤੋਂ ਬਾਅਦ ਉਸ ਦੇ ਚਿਹਰੇ 'ਤੇ ਇਕ ਕਿਸਮ ਦੀ ਅਜ਼ਾਦੀ ਦੀ ਚਮਕ ਦਿਖਾਈ ਦੇਣ ਲੱਗਦੀ ਹੈ, ਜੋ ਪਤੀ ਵਾਲੀਆਂ ਔਰਤਾਂ ਦੇ ਚਿਹਰਿਆਂ 'ਤੇ ਨਹੀਂ ਹੁੰਦੀ। (ਪੰਨਾ-88)। ਇਸ ਲਈ ਉਹ ਵਿਧਵਾਵਾਂ ਨੂੰ ਇਹ ਮੰਤਰ ਦੇ ਰਹੀ ਹੈ ਕਿ ਜਦੋਂ ਵੀ ਤੁਸੀਂ ਦੁਬਾਰਾ ਵਿਆਹ ਕਰਨ ਬਾਰੇ ਸੋਚੋ ਤਾਂ ਵਿਆਹ ਨਾਲ ਆਉਣ ਵਾਲੇ ਦੁੱਖਾਂ ਨੂੰ ਯਾਦ ਕਰੋ। (ਪੰਨਾ- 88)

ਹਾਲਾਂਕਿ ਉਹ ਇਹ ਵੀ ਜਾਣਦੀ ਹੈ ਕਿ 'ਪਤੀ ਤੋਂ ਬਿਨਾਂ ਇਸ ਦੁਨੀਆ ਵਿੱਚ ਰਹਿਣਾ ਬਹੁਤ ਔਖਾ ਹੈ।' ਪਰ ਪਤੀ ਉਹ ਹੋਣਾ ਚਾਹੀਦਾ ਹੈ, ਜਿਸ ਨੂੰ ਉਸ ਦਾ ਦਿਲ ਪਿਆਰ ਕਰਦਾ ਹੈ। ਉਹ ਨਹੀਂ ਜਿਨ੍ਹਾਂ ਨੂੰ ਜ਼ਬਰਦਸਤੀ ਪਤੀ ਬਣਾਇਆ ਗਿਆ ਹੈ। ਜਬਰੀ ਪਤੀ ਬਣਾਏ ਜਾਣ ਨਾਲ ਇਹ ਸੰਸਾਰ ਵਿੱਚ ਨਰਕ ਹੈ। (ਪੰਨਾ-110) ਲੇਖਕਾ ਜੀਵਨ ਸਾਥੀ ਚੁਣਨ ਦੇ ਅਧਿਕਾਰ ਦਾ ਮੁੱਦਾ ਉਠਾ ਰਹੀ ਹੈ।

ਵਿਧਵਾ ਪੁਨਰ-ਵਿਆਹ ਦੇ ਸੰਦਰਭ ਵਿੱਚ ਲੇਖਕਾ ਲਿਖਦੀ ਹੈ ਕਿ ਹੁਣ ਤੁਹਾਨੂੰ ਮਰਦਾਂ ਦਾ ਸਵਾਰਥ ਦਾ ਪਤਾ ਲੱਗ ਗਿਆ ਹੈ। ਇਨ੍ਹਾਂ ਦਾ ਸੁਆਰਥ ਤੁਹਾਨੂੰ ਆਖ਼ਰੀ ਦਮ ਤੱਕ ਆਜ਼ਾਦ ਨਹੀਂ ਹੋਣ ਦੇਵੇਗਾ। ਇਸ ਲਈ, 'ਬਸ ਆਪਣੇ ਆਪ ਹੀ ਹਿੰਮਤ ਕਰੋ ਤੇ ਇਹਨਾਂ ਲੋਕਾਂ 'ਤੇ ਨਿਰਭਰ ਨਾ ਹੋਵੋ।' (ਪੰਨਾ 74)

ਉਹ ਲਿਖਦੀ ਹੈ ਕਿ ਪੁਜਾਰੀਆਂ ਵੱਲੋਂ ਦੱਸੇ ਹੋਏ ਧਰਮ ਦਾ ਪਾਲਣ ਨਾ ਕਰੋ। ਤੁਸੀਂ ਉਸ ਮਾਰਗ ਦੀ ਪਾਲਣਾ ਕਰੋ, ਜੋ ਕੁਦਰਤ ਦੁਆਰਾ ਲੋੜੀਂਦਾ ਮਾਰਗ ਹੈ। ਪਹਿਲਾਂ ਤਾਂ ਆਪਣੇ ਮਾਪਿਆਂ ਨੂੰ ਆਪਣੇ ਵਿਆਹ ਬਾਰੇ ਦੱਸੋ। ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰੋ। ਜੇਕਰ ਉਹ ਨਹੀਂ ਮੰਨਦੇ ਜਾਂ ਤੁਹਾਨੂੰ ਕੁੱਟਣਾ ਸ਼ੁਰੂ ਕਰਦੇ ਹਨ, ਤਾਂ ਤੁਰੰਤ ਸਰਕਾਰ ਨੂੰ ਰਿਪੋਰਟ ਕਰੋ। (ਪੰਨਾ-74)।

ਲੇਖਕਾ 142 ਸਾਲ ਪਹਿਲਾਂ ਔਰਤਾਂ ਨੂੰ ਆਪਣੇ ਹੱਕਾਂ ਲਈ ਕਾਨੂੰਨ ਦਾ ਸਹਾਰਾ ਲੈਣ ਦੀ ਸਲਾਹ ਦਿੰਦੀ ਹੈ। ਉੱਥੇ ਸਿਰਫ਼ ਹੱਥ 'ਤੇ ਹੱਥ ਰੱਖ ਕੇ ਨਾ ਬੈਠੋ। ਔਰਤਾਂ ਵੱਲੋਂ ਉਠਾਈ ਜਾ ਰਹੀ ਚਿੰਤਾ ਨੂੰ ਅੱਗੇ ਰੱਖਦਿਆਂ, ਉਹ ਪੁੱਛਦੀ ਹੈ ਕਿ ਜੇ ਤੁਸੀਂ ਸੋਚਦੇ ਹੋ, ਸਰਕਾਰ ਕੋਲ ਸ਼ਿਕਾਇਤ ਕਰਨ ਲਈ ਕਿਵੇਂ ਜਾਣਾ ਹੈ?

ਖਦਸ਼ੇ ਨੂੰ ਦੂਰ ਕਰਦੇ ਹੋਏ ਉਹ ਔਰਤਾਂ ਨੂੰ ਪੁੱਛਦੀ ਹੈ ਕਿ ਜਦੋਂ ਤੁਹਾਡੇ ਵਿੱਚੋਂ ਕੋਈ ਵਿਧਵਾ ਹੋ ਕੇ ਚਕਲਾ-ਘਰ ਪਹੁੰਚ ਜਾਂਦੀ ਹੈ ਤਾਂ ਮੈਨੂੰ ਦੱਸੋ ਕਿ ਤੁਹਾਨੂੰ ਚਕਲੇ ਬਾਰੇ ਕਿਵੇਂ ਪਤਾ ਲੱਗਾ? ਇੱਥੇ ਉਹ ਅੰਮ੍ਰਿਤਸਰ ਦੇ ਚਕਲਾ-ਘਰਾਂ ਦਾ ਜ਼ਿਕਰ ਕਰਦੀ ਹੈ।

ਇਸ ਲਈ ਵਿਧਵਾਵਾਂ ਨੂੰ ਸੰਬੋਧਨ ਕਰਦੀ ਹੋਈ ਉਹ ਲਿਖਦੀ ਹੈ ਕਿ ਜੇਕਰ ਤੁਸੀਂ ਵਿਧਵਾਪਣ ਦੇ ਦੁੱਖ ਤੋਂ ਮੁਕਤੀ ਚਾਹੁੰਦੀਆਂ ਹੋ ਤਾਂ ਤੁਹਾਨੂੰ ਕਾਨੂੰਨ ਦੇ ਉਪਲੱਬਧ ਢਾਂਚੇ ਨੂੰ ਆਪਣੇ ਹੱਕ ਵਿੱਚ ਵਰਤਣ ਲਈ ਯਤਨ ਕਰਨੇ ਪੈਣਗੇ। (ਪੰਨਾ-74)।

ਫਿਰ ਵੀ ਉਹ ਵਾਰ-ਵਾਰ ਲਿਖਦੀ ਹੈ ਕਿ ਜੇਕਰ ਵਿਧਵਾਵਾਂ ਨੂੰ ਆਪਣੀਆਂ ਇੰਦਰੀਆਂ 'ਤੇ ਕਾਬੂ ਨਹੀਂ ਹੈ ਅਤੇ ਉਹ ਕੁਰਾਹੇ ਪੈਣ ਤੋਂ ਡਰਦੀਆਂ ਹਨ, ਤਾਂ ਉਨ੍ਹਾਂ ਨੂੰ ਦੁਬਾਰਾ ਵਿਆਹ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਇਕ ਪਾਸੇ ਤਾਂ ਉਹ ਖ਼ੁਸ਼ ਰਹਿਣਗੀਆਂ ਤੇ ਦੂਜੇ ਪਾਸੇ ਬੁਰਾਈ ਦੇ ਰਾਹ ਤੁਰਨ ਤੋਂ ਵੀ ਬਚ ਜਾਣਗੀਆਂ।

ਮਨੁਸਮ੍ਰਿਤੀ ਵਿੱਚ ਲਿਖਿਆ ਹੈ ਕਿ ਜੇਕਰ ਕੋਈ ਵਿਧਵਾ ਪਤੀ ਵਰਤਾ ਧਰਮ ਦਾ ਪਾਲਣ ਕਰਦੀ ਹੈ ਤਾਂ ਮਰਨ ਤੋਂ ਬਾਅਦ ਉਹ ਆਪਣੇ ਪਤੀ-ਲੋਕ ਵਿੱਚ ਚਲੀ ਜਾਂਦੀ ਹੈ। ਲੇਖਕਾ ਮਨੂ ਨੂੰ ਤਿੱਖਾ ਸਵਾਲ ਪੁੱਛਦੀ ਹੈ ਕਿ ਜਦੋਂ ਵਿਧਵਾ ਪਤੀ-ਲੋਕ 'ਚ ਆਪਣੇ ਪਤੀ ਨੂੰ ਮਿਲਦੀ ਹੈ ਤਾਂ ਕੀ ਉਹ ਇਸ ਲਾਚਾਰ ਔਰਤ 'ਤੇ ਸ਼ੱਕ ਨਹੀਂ ਕਰੇਗਾ? ਅਜਿਹੀ ਸਥਿਤੀ ਨਾਲ ਨਜਿੱਠਣ ਲਈ, ਵਿਧਵਾ ਨੂੰ ਸਲਾਹ-ਮਸ਼ਵਰੇ ਲਈ ਆਪਣੇ ਪਤੀ ਦੇ ਸੰਸਾਰ ਵਿੱਚ ਪੁਜਾਰੀ ਨੂੰ ਨਾਲ ਲੈ ਜਾਣਾ ਚਾਹੀਦਾ ਹੈ।

ਜੇ ਉਹ ਸਮਝ ਰਹੀ ਹੈ ਕਿ ਜਦੋਂ ਸਾਰੀ ਖੇਡ ਔਰਤ ਦੀ ਸੈਕਸੂਐਲਟੀ 'ਤੇ ਸ਼ੱਕ ਕਰਨ 'ਤੇ ਅਧਾਰਤ ਹੈ, ਤਾਂ ਕੀ ਸਵਰਗ ਵਿਚ ਬੈਠੇ ਉਸ ਦੇ ਪਤੀ ਦੇ ਮਨ ਵਿਚ ਸ਼ੱਕ ਦੀਆਂ ਤਸਵੀਰਾਂ ਨਹੀਂ ਉੱਭਰ ਰਹੀਆਂ ਹੋਣਗੀਆਂ? ਜ਼ਰੂਰ ਉੱਭਰ ਰਹੀਆਂ ਹੋਣਗੀਆਂ। ਲੇਖਕਾ ਲਿਖਦੀ ਹੈ—ਵੈਸੇ ਵੀ ਇਨ੍ਹਾਂ ਵਿੱਚੋਂ ਹਰ ਇੱਕ ਆਦਮੀ ਦਸ-ਦਸ ਵਿਆਹ ਕਰਦਾ ਹੈ।

ਇਕ ਮਰ ਜਾਵੇ ਤਾਂ ਦਸ ਔਰਤਾਂ ਵਿਧਵਾ ਹੋ ਜਾਂਦੀਆਂ ਹਨ ਅਤੇ ਜੇਕਰ ਕੋਈ ਇਕ ਔਰਤ ਮਰਦੀ ਹੈ, ਤਾਂ ਉਹ ਦਸ ਕੁਆਰੀਆਂ ਨਾਲ ਵਿਆਹ ਕਰਵਾ ਲੈਂਦੇ ਹਨ। (ਪੰਨਾ-97)। ਅਜਿਹੇ ਬੰਦਿਆਂ ਦਾ ਸ਼ੱਕ ਤੈਨੂੰ ਸਵਰਗ ਵਿੱਚ ਵੀ ਆਰਾਮ ਨਹੀਂ ਕਰਨ ਦਿੰਦਾ। ਅਜਿਹੇ ਵਿੱਚ ਪਤੀ-ਲੋਕ ਵਿੱਚ ਜਾ ਕੇ ਪਤੀ ਨੂੰ ਮਿਲਣਾ ਇੱਕ ਖਤਰਨਾਕ ਪ੍ਰਸਤਾਵ ਹੈ।

ਹਿੰਦੂ ਪਰਵਾਰਾਂ ਵਿੱਚ ਜਾਇਦਾਦ ਦੀ ਰਾਜਨੀਤੀ 'ਤੇ ਟਿੱਪਣੀ ਕਰਦਿਆਂ 'ਸੀਮੰਤਨੀ ਉਪਦੇਸ਼' ਦੀ ਲੇਖਕਾ ਲਿਖਦੀ ਹੈ, 'ਕੁੜੀਆਂ ਨੂੰ ਆਪਣੇ ਪਿਤਾ ਦੀ ਜਾਇਦਾਦ ਵਿੱਚੋਂ ਇੱਕ ਪੈਸਾ ਵੀ ਨਹੀਂ ਮਿਲਦਾ। ਪਿਤਾ ਦੀ ਦੌਲਤ 'ਤੇ ਉਸ ਦਾ ਕੋਈ ਹੱਕ ਨਹੀਂ।' ਬੇਟੇ ਉੱਤੇ ਉਸ ਦਾ ਦਾਅਵਾ ਚੱਲ ਹੀ ਨਹੀਂ ਸਕਦਾ।

'ਕੀ ਦੁਨੀਆ ਵਿੱਚ ਉਸ ਤੋਂ ਵੱਧ ਮੂਰਖ ਅਤੇ ਕੰਬਖ਼ਤ ਕੋਈ ਹੋਰ ਵੀ ਹੋਵੇਗਾ, ਜਿਸ ਨੂੰ ਆਪਣੇ ਸੁਪਨਿਆਂ ਵਿੱਚ ਵੀ ਅਧਿਕਾਰ ਨਾ ਮਿਲਿਆ ਹੋਵੇ...।' (ਪੰਨਾ- 96) ਦਰਅਸਲ ਉਹ ਇਹ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹਿੰਦੂ ਪਰਵਾਰਾਂ ਵਿੱਚ ਜਾਇਦਾਦ ਦੀ ਵੰਡ ਦੀ ਰਾਜਨੀਤੀ, ਉਨ੍ਹਾਂ ਦੇ ਸੈਕਸੂਅਲ ਪਾਲੀਟਿਕਸ ਦਾ ਹੀ ਹਿੱਸਾ ਹੈ।

ਨਾ ਤਾਂ ਔਰਤਾਂ ਕੋਲ ਪ੍ਰੋਪਰਟੀ ਹੋਵੇਗੀ ਅਤੇ ਨਾ ਹੀ ਉਨ੍ਹਾਂ ਦੀ ਸੈਕਸੂਅਲਟੀ 'ਤੇ ਉਨ੍ਹਾਂ ਦਾ ਆਪਣਾ ਅਧਿਕਾਰ ਹੋਵੇਗਾ। ਜਿਨ੍ਹਾਂ ਦਾ ਅਧਿਕਾਰ ਪ੍ਰੋਪਰਟੀ 'ਤੇ ਹੋਵੇਗਾ, ਉਨ੍ਹਾਂ ਦਾ ਔਰਤਾਂ ਦੀ ਸੈਕਸੂਅਲਟੀ 'ਤੇ ਵੀ ਅਧਿਕਾਰ ਹੋਵੇਗਾ।

ਜਿਸ ਤਰ੍ਹਾਂ ਜ਼ਿਮੀਂਦਾਰਾਂ ਦਾ ਜਾਇਦਾਦ ਰਹਿਤ ਮਜ਼ਦੂਰਾਂ ਦੇ ਸਰੀਰਾਂ 'ਤੇ ਅਧਿਕਾਰ ਹੁੰਦਾ ਹੈ, ਉਸੇ ਤਰ੍ਹਾਂ ਮਰਦ, ਔਰਤਾਂ ਨੂੰ ਜਾਇਦਾਦ ਰਹਿਤ ਬਣਾ ਕੇ, ਉਨ੍ਹਾਂ ਦੇ ਸਰੀਰਾਂ ਅਤੇ ਉਨ੍ਹਾਂ ਦੀ ਸੈਕਸੂਐਲਟੀ 'ਤੇ ਅਧਿਕਾਰ ਰੱਖਦੇ ਹਨ। ਬਾਪ ਵੱਲੋਂ ਧੀਆਂ ਨੂੰ ਆਪਣੀ ਜਾਇਦਾਦ ਤੋਂ ਦੂਰ ਰੱਖਣਾ, ਪਿੱਤਰੀ ਸੱਤਾ ਦੀ ਸੈਕਸੂਐਲਟੀ ਦਾ ਹਿੱਸਾ ਹੈ।

ਪੁਸਤਕ ਦੇ 17ਵੇਂ ਅਧਿਆਏ ਵਿਚ ਲੇਖਕਾ ਨੇ ਪਾਰਵਤੀ ਨਾਂਅ ਦੀ ਇਕ ਵਿਧਵਾ ਲੜਕੀ ਦੀ ਪਿਤਾ ਵੱਲੋਂ ਕੀਤੀ ਹੱਤਿਆ ਦੀ ਦਰਦਨਾਕ ਘਟਨਾ ਨੂੰ ਦਰਜ ਕੀਤਾ ਹੈ। (ਪੰਨਾ-80)। ਜਦੋਂ ਪਾਰਵਤੀ 5 ਸਾਲ ਦੀ ਸੀ ਤਾਂ ਉਸ ਦੀ ਮਾਂ ਦੀ ਮੌਤ ਹੋ ਗਈ ਸੀ। ਉਸ ਦੀ ਮਾਂ ਦੀ ਮੌਤ ਦੇ 2 ਮਹੀਨਿਆਂ ਦੇ ਅੰਦਰ, ਉਸ ਦੇ ਪਿਤਾ ਨੇ ਦੁਬਾਰਾ ਵਿਆਹ ਕਰ ਲਿਆ।

ਜਦੋਂ ਪਾਰਵਤੀ ਸੱਤ ਸਾਲ ਦੀ ਹੋਈ ਤਾਂ ਉਸ ਦਾ ਵਿਆਹ ਕਰ ਦਿੱਤਾ ਗਿਆ ਸੀ। ਵਿਆਹ ਦੇ ਦੋ ਮਹੀਨਿਆਂ ਦੇ ਅੰਦਰ ਹੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਉਹ ਵੇਲਾ ਯਾਦ ਕਰ, ਜਦ ਭਾਰਤ ਭੁੱਖਾ ਰਹਿ ਕੇ, ਹਾਏ ਠੰਢੇ ਹਉਕੇ ਲੈ ਕੇ ਪਿਆ ਵਕਤ ਟਪਾਂਦਾ ਸੀ...

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਭਾਰਤ ਦੇਸ਼ ਦੀ ਰਾਜਧਾਨੀ ਦੀ ਵਿਧਾਨ ਸਭਾ ਚੋਣ ਲਈ ਹਰ ਵੱਡੀ ਧਿਰ ਦਾ ਸਾਰਾ ਜ਼ੋਰ ਲੱਗ ਪਿਆ ਹੈ। ਜਿਹੜੀ ਕਿਸੇ ਪਾਰਟੀ ਦਾ ਕਦੇ ਕੋਈ ਉਸ ਰਾਜ ਵਿੱਚ ਬੰਦਾ ਨਹੀਂ ਜਿੱਤਿਆ ਤੇ ਜਿੱਤਣ ਦਾ ਸੁਫਨਾ ਵੀ ਨਹੀਂ ਲੈਂਦੀ, ਲੀਡਰਸ਼ਿਪ ਉਨ੍ਹਾਂ ਦੀ ਵੀ ਇਹੋ ਪ੍ਰਭਾਵ ਦੇਂਦੀ ਦਿੱਸਦੀ ਹੈ ਕਿ ਉਹ ਸੱਤਾ ਹਾਸਲ ਕਰਨ ਲਈ ਸੰਘਰਸ਼ ਕਰ ਰਹੀ ਹੈ। ਲੋਕਤੰਤਰ ਦਾ ਇਹੋ ਨਿਵੇਕਲਾ ਰੰਗ ਹੈ ਕਿ 'ਥੋਥਾ ਚਨਾ' ਏਥੇ 'ਬਾਜੇ ਘਨਾ' ਦਾ ਮੁਹਾਵਰਾ ਸੱਚਾ ਸਾਬਤ ਕਰਨ ਲਈ ਲੜਦਾ ਦਿੱਸ ਪਵੇ ਤਾਂ ਹੈਰਾਨੀ ਕਿਸੇ ਨੂੰ ਨਹੀਂ ਹੋ ਸਕਦੀ। ਉਂਜ ਇਹ ਚੋਣ ਅੱਧ-ਪਚੱਧੇ ਦਰਜੇ ਵਾਲੇ ਰਾਜ ਦੀ ਵਿਧਾਨ ਸਭਾ ਦੀ ਚੋਣ ਨਹੀਂ, ਅਸਲ ਵਿੱਚ 'ਮਿੰਨੀ ਹਿੰਦੁਸਤਾਨ' ਦੀ ਚੋਣ ਮੰਨ ਕੇ ਲੜੀ ਜਾਂਦੀ ਹੈ, ਕਿਉਂਕਿ ਇਸ ਰਾਜ ਦੇ ਵੋਟਰਾਂ ਵਿੱਚ ਭਾਰਤ ਦੇਸ਼ ਦੇ ਹਰ ਵੱਡੇ ਅਤੇ ਹਰ ਛੋਟੇ ਰਾਜ ਦੇ ਲੋਕ ਸ਼ਾਮਲ ਹੁੰਦੇ ਹਨ। ਕਈ ਲੋਕ ਏਥੇ ਰੋਜ਼ੀ ਦੀ ਭਾਲ ਵਿੱਚ ਆਏ ਅਤੇ ਵਸੇਬਾ ਕਰ ਕੇ ਏਥੋਂ ਦੇ ਹੋ ਗਏ ਸਨ ਅਤੇ ਕੁਝ ਆਪੋ-ਆਪਣੇ ਰਾਜ ਦੀ ਸਰਕਾਰੀ ਜਾਂ ਕਾਰੋਬਾਰੀ ਕੰਪਨੀਆਂ ਦੀ ਕਾਰਿੰਦਗੀ ਦੇ ਸਬੱਬ ਕਾਰਨ ਏਥੇ ਕੁਝ ਸਮੇਂ ਲਈ ਆਏ ਅਤੇ ਵੋਟਾਂ ਪਾਉਣ ਦਾ ਹੱਕ ਰੱਖਦੇ ਹਨ। ਦੇਸ਼ ਦੇ ਹਰ ਰਾਜ ਦੀ ਹਰ ਤਰ੍ਹਾਂ ਦੀ ਸੋਚ ਤੇ ਸਿਆਸਤ ਦਾ ਪ੍ਰਗਟਾਵਾ ਇਸ ਰਾਜ ਦੀ ਚੋਣ ਵਿੱਚ ਆਪਣੀ ਹੋਂਦ ਦਾ ਅਹਿਸਾਸ ਕਰਾਉਂਦਾ ਹੈ ਤੇ ਏਥੇ ਭਾਰਤ ਦੇ ਗਰੀਬ ਰਾਜਾਂ ਦੇ ਹੋਣ ਜਾਂ ਖੁਸ਼ਹਾਲ ਗਿਣੇ ਜਾਣ ਵਾਲੇ ਰਾਜਾਂ ਦੇ ਹੋਣ, ਸਾਰੇ ਵੋਟਰਾਂ ਨੂੰ ਜਦੋਂ ਵੋਟਾਂ ਲੈਣ ਲਈ ਛੋਟਾਂ ਵਾਲਾ ਚੋਗਾ ਖਿਲਾਰਿਆ ਜਾਂਦਾ ਹੈ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਸਾਰਾ ਦੇਸ਼ ਹੀ ਇਹ ਚੋਗਾ ਚੁਗਣ ਰੁੱਝ ਗਿਆ ਹੈ।

ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਝ ਰੈਲੀਆਂ ਦੇ ਵਿੱਚ ਇਹ ਗੱਲ ਕਹੀ ਸੀ ਕਿ ਕੁਝ ਸਿਆਸੀ ਪਾਰਟੀਆਂ ਦੇ ਆਗੂ ਸਾਡੇ ਵੋਟਰਾਂ ਨੂੰ ਮੁਫਤ ਦੀਆਂ ਰਿਉੜੀਆਂ ਵੰਡ ਕੇ ਇਨ੍ਹਾਂ ਦੇ ਬਦਲੇ ਵੋਟਾਂ ਲੈਣਾ ਚਾਹੁੰਦੇ ਹਨ। ਜਿਹੜੀ ਰੈਲੀ ਵਿੱਚ ਪਹਿਲੀ ਵਾਰੀ ਪ੍ਰਧਾਨ ਮੰਤਰੀ ਮੋਦੀ ਨੇ ਇਹ ਗੱਲ ਕਹਿਣ ਦਾ ਮੌਕਾ ਵਰਤਿਆ, ਓਸੇ ਰੈਲੀ ਵਿੱਚ ਖੁਦ ਉਸ ਨੇ ਵੀ ਉਸ ਇਲਾਕੇ ਤੇ ਉਸ ਰਾਜ ਦੇ ਵੋਟਰਾਂ ਲਈ ਏਦਾਂ ਦੀਆਂ ਕਈ ਛੋਟਾਂ ਦਾ ਛੱਟਾ ਦਿੱਤਾ ਅਤੇ ਕਿਹਾ ਸੀ ਕਿ ਏਨਾ ਕੁਝ ਸਿਰਫ ਭਾਜਪਾ ਹੀ ਦੇ ਸਕਦੀ ਹੈ ਅਤੇ ਮੋਦੀ ਤਾਂ ਮੋਦੀ ਹੈ, ਜਿਹੜੀ ਗੱਲ ਉਹ ਕਹਿੰਦਾ ਹੈ, ਉਹ ਫਿਰ ਕਰਦਾ ਵੀ ਹੈ। ਵੰਡਣਾ ਤਾਂ ਰਿਉੜੀਆਂ ਦੇ ਲਾਰਿਆਂ ਦਾ ਲਿਫਾਫਾ ਸੀ, ਉਸ ਨਾਲ ਇਹ ਗੱਲ ਕਹਿ ਦੇਣ ਦਾ ਮਤਲਬ ਸੀ ਕਿ ਬਾਕੀਆਂ ਦਾ ਭਰੋਸਾ ਨਾ ਕਰਿਉ ਅਤੇ ਜੋ ਕੁਝ ਮੈਂ ਕਿਹਾ ਹੈ, ਇਸੇ ਨੂੰ ਸੱਚ ਜਾਣਿਓ। ਉਸ ਵੇਲੇ ਪੰਡਾਲ ਦੀਆਂ ਅਗਲੀਆਂ ਕੁਰਸੀਆਂ ਉੱਤੇ ਬਿਠਾਏ ਪੱਕੇ ਸਮਰਥਕਾਂ ਨੂੰ ਪਤਾ ਹੁੰਦਾ ਹੈ ਕਿ ਇਸ ਤਰ੍ਹਾਂ ਦੀ ਗੱਲ ਸੁਣ ਕੇ ਤਾੜੀਆਂ ਮਾਰਨ ਦੀ ਸ਼ੁਰੂਆਤ ਉਨ੍ਹਾਂ ਕਰਨੀ ਅਤੇ ਫਿਰ ਪੰਡਾਲ ਗੂੰਜਣਾ ਹੁੰਦਾ ਹੈ, ਇਸ ਲਈ ਇਹ ਕੰਮ ਵਕਤ ਸਿਰ ਉਨ੍ਹਾਂ ਕਰ ਦਿੱਤਾ ਸੀ ਤੇ ਕਿਸੇ ਨੂੰ ਇਸ ਦਾਅਵੇ ਦਾ ਸੱਚ ਜਾਂ ਕੱਚ ਸੋਚਣ ਦਾ ਮੌਕਾ ਹੀ ਨਹੀਂ ਸੀ ਰਹਿਣ ਦਿੱਤਾ।

ਅਗਲਿਆਂ ਦਿਨਾਂ ਵਿੱਚ ਅਸੀਂ ਇਹ ਵੇਖਿਆ ਤੇ ਸੁਣਿਆ ਕਿ ਬਾਕੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਦਾਅਵੇ ਨੂੰ ਕਈ ਤਰ੍ਹਾਂ ਭੰਡਿਆ ਸੀ, ਪਰ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਇੰਦਰਾ ਗਾਂਧੀ ਵੀ ਏਦਾਂ ਹੀ ਕਰਦੀ ਹੁੰਦੀ ਸੀ ਕਿ ਇੱਕ ਗੱਲ ਕਹਿੰਦੀ ਅਤੇ ਉਸ ਗੱਲ ਬਾਰੇ ਵਿਰੋਧੀਆਂ ਦਾ ਪ੍ਰਤੀਕਰਮ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਏਦਾਂ ਦਾ ਇੱਕ ਹੋਰ ਦਾਅਵਾ ਕਰਦੀ ਜਾਂ ਸ਼ੋਸ਼ਾ ਛੱਡਦੀ ਅਗਲੇ ਨਵੇਂ ਸ਼ੋਸ਼ੇ ਦੀ ਤਿਆਰੀ ਕਰਨ ਲੱਗ ਜਾਂਦੀ ਸੀ। ਨਰਿੰਦਰ ਮੋਦੀ ਵੀ ਓਸੇ ਵਾਂਗ ਕਰਦਾ ਹੈ। ਅੰਗਰੇਜ਼ੀ ਵਿੱਚ 'ਹਿੱਟ ਐਂਡ ਰਨ' ਦਾ ਮੁਹਾਵਰਾ ਹਾਦਸਾ ਕਰ ਕੇ ਭੱਜ ਜਾਣ ਵਾਲਿਆਂ ਵਾਸਤੇ ਬਣਿਆ ਹੈ, ਪਰ ਇਹੋ ਮੁਹਾਵਰਾ ਭਾਰਤ ਦੀਆਂ ਚੋਣਾਂ ਦੌਰਾਨ ਲੀਡਰਾਂ ਵੱਲੋਂ ਵਿਰੋਧੀਆਂ ਉੱਤੇ ਦੋਸ਼ ਲਾਉਣ ਅਤੇ ਜਵਾਬੀ ਹਮਲਾ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਰੇਂਜ ਤੋਂ ਨਿਕਲ ਕੇ ਕਿਸੇ ਹੋਰ ਇਲਾਕੇ ਵਿੱਚ ਨਵਾਂ ਨਾਅਰਾ ਦੇਣ ਜਾਂ ਨਵਾਂ ਸਿਆਸੀ ਹਾਦਸਾ ਕਰ ਕੇ ਅਗਲੇ ਹਾਦਸੇ ਵਾਸਤੇ ਮੈਦਾਨ ਵੱਲ ਭੱਜ ਜਾਣ ਲਈ ਵਰਤਿਆ ਜਾ ਸਕਦਾ ਹੈ। ਸਿਰਫ ਨਰਿੰਦਰ ਮੋਦੀ ਨਹੀਂ, ਭਾਰਤ ਦੇ ਕਈ ਆਗੂ ਇਸ ਤਰ੍ਹਾਂ ਦੀ ਰਾਜਨੀਤੀ ਕਰਦੇ ਅਤੇ ਲੋਕਾਂ ਨੂੰ ਬੁੱਧ ਬਣਾਈ ਜਾਂਦੇ ਹਨ।

ਅਸੀਂ ਇਨ੍ਹਾਂ ਚੋਣਾਂ ਲਈ ਹੁੰਦੇ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦਾ ਬਿਆਨ ਪੜ੍ਹਿਆ ਸੀ ਕਿ ਦਿੱਲੀ ਵਿੱਚ ਇਸ ਵਾਰ ਫਿਰ ਸਰਕਾਰ ਬਣ ਗਈ ਤਾਂ ਉਨ੍ਹਾ ਦੀ ਪਾਰਟੀ ਏਥੋਂ ਦੀਆਂ ਔਰਤਾਂ ਲਈ ਹਰ ਮਹੀਨੇ ਇੱਕੀ ਸੌ ਰੁਪਏ ਗਰਾਂਟ ਭੇਜਿਆ ਕਰੇਗੀ। ਭਾਜਪਾ ਦੇ ਬੁਲਾਰਿਆਂ ਨੇ ਓਸੇ ਸ਼ਾਮ ਟੀ ਵੀ ਚੈਨਲਾਂ ਉੱਤੇ ਦੁਹਾਈ ਪਾ ਦਿੱਤੀ ਕਿ ਦੇਸ਼ ਦੇ ਲੋਕ ਇਹ ਦੇਖ ਲੈਣ ਕਿ ਕੇਜਰੀਵਾਲ ਫਿਰ ਮੁਫਤ ਦੀਆਂ ਰਿਉੜੀਆਂ ਵੰਡਣ ਲੱਗ ਪਿਆ ਹੈ, ਉਸ ਨੂੰ ਇਹ ਵੀ ਚਿੰਤਾ ਨਹੀਂ ਕਿ ਇਸ ਦੇ ਖਜ਼ਾਨੇ ਵਿੱਚ ਲੋੜੀਂਦੇ ਪੈਸੇ ਹੀ ਨਹੀਂ ਹਨ। ਅਗਲੇ ਦਿਨ ਕਾਂਗਰਸ ਵੱਲੋਂ ਇਹ ਬਿਆਨ ਆ ਗਿਆ ਕਿ ਆਮ ਆਦਮੀ ਪਾਰਟੀ ਤਾਂ ਸਿਰਫ ਇੱਕੀ ਸੌ ਰੁਪਏ ਦੇਣ ਦਾ ਲਾਰਾ ਲਾਉਂਦੀ ਹੈ, ਕਾਂਗਰਸ ਸਰਕਾਰ ਬਣ ਗਈ ਤਾਂ ਹਰ ਔਰਤ ਨੂੰ ਇੱਕੀ ਸੌ ਨਹੀਂ, ਪੰਝੀ ਸੌ ਰੁਪਏ ਅਤੇ ਹਰ ਮਹੀਨੇ ਰਸੋਈ ਗੈਸ ਦਾ ਇੱਕ ਸਿਲੰਡਰ ਸਿਰਫ ਪੰਜ ਸੌ ਰੁਪਏ ਦਾ ਦਿੱਤਾ ਜਾਵੇਗਾ। ਉਸ ਸ਼ਾਮ ਭਾਜਪਾ ਲੀਡਰਾਂ ਨੇ ਅਰਵਿੰਦ ਕੇਜਰੀਵਾਲ ਦੇ ਨਾਲ ਕਾਂਗਰਸ ਲੀਡਰਸ਼ਿਪ ਨੂੰ ਵੀ ਮੁਫਤ ਦੀਆਂ ਰਿਉੜੀਆਂ ਵੰਡਣ ਵਾਲੇ ਕਹਿ ਕੇ ਭੰਡਣ ਦੀ ਲਾਈਨ ਬੰਨ੍ਹ ਦਿੱਤੀ। ਇਹ ਗੱਲ ਵੀ ਸਾਰੇ ਜਾਣਦੇ ਹਨ ਕਿ ਮੀਡੀਏ ਦਾ ਬਹੁਤ ਵੱਡਾ ਹਿੱਸਾ ਸਿਰਫ ਭਾਜਪਾ ਲੀਡਰਸ਼ਿਪ ਦੀ ਅੱਖ ਦੇ ਇਸ਼ਾਰੇ ਦਾ ਮੁਥਾਜ਼ ਹੋਣ ਕਾਰਨ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਨੰਬਰ ਬਣਾਉਣ ਨੂੰ ਤਤਪਰ ਰਹਿੰਦਾ ਹੈ। ਇਨ੍ਹਾਂ ਦੋਵਾਂ ਪਾਰਟੀਆਂ ਦੀ ਭੰਡੀ ਕਰਨ ਲਈ ਹਿੰਦੀ ਦੇ ਇੱਕ ਕੌਮੀ ਪੱਧਰ ਦੇ ਅਖਬਾਰ ਨੇ ਸੰਪਾਦਕੀ ਲੇਖ ਵੀ ਲਿਖ ਦਿੱਤਾ, ਪਰ ਦਿਨ ਦੋ ਨਹੀਂ ਸੀ ਲੰਘ ਸਕੇ ਕਿ ਭਾਜਪਾ ਵਾਲਿਆਂ ਦਾ 'ਸੰਕਲਪ ਪੱਤਰ' ਜਾਰੀ ਹੋ ਗਿਆ, ਜਿਸ ਨੇ ਦੋਵਾਂ ਪਾਰਟੀਆਂ ਨੂੰ ਪਛਾੜ ਦਿੱਤਾ। ਇਸ ਸੰਕਲਪ ਪੱਤਰ ਵਿੱਚ ਦਿੱਲੀ ਦੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਕਿ ਔਰਤਾਂ ਨੂੰ ਹਰ ਮਹੀਨੇ ਪੰਝੀ ਸੌ ਰੁਪਏ ਦੇ ਨਾਲ ਕਾਂਗਰਸ ਵਾਂਗ ਹਰ ਮਹੀਨੇ ਪੰਜ ਸੌ ਰੁਪਏ ਵਿੱਚ ਰਸੋਈ ਗੈਸ ਦਾ ਸਿਲੰਡਰ ਵੀ ਮਿਲੇਗਾ ਅਤੇ ਅਗਲੀ ਗੱਲ ਇਹ ਕਿ ਹੋਲੀ ਅਤੇ ਦੀਵਾਲੀ ਦੇ ਮੌਕੇ ਇੱਕ-ਇੱਕ ਹੋਰ ਸਿਲੰਡਰ ਮੁਫਤ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਤੇ ਕਾਂਗਰਸ ਨੂੰ ਭਾਜਪਾ ਦੇ ਜਿਹੜੇ ਬੁਲਾਰੇ ਦੋ ਦਿਨ ਮੁਫਤ ਦੀਆਂ ਰਿਉੜੀਆਂ ਵੰਡਣ ਲਈ ਭੰਡਦੇ ਰਹੇ ਸਨ, ਉਹ ਸਾਰਾ ਕੁਝ ਭੁੱਲ ਕੇ ਇਹ ਕਹਿਣ ਰੁੱਝ ਗਏ ਕਿ ਭਾਜਪਾ ਨੇ ਕਮਾਲ ਕਰ ਦਿੱਤੀ, ਦਿੱਲੀ ਦੀਆਂ ਔਰਤਾਂ ਲਈ ਹਰ ਮਹੀਨੇ ਮਿਲਣ ਵਾਲੀ ਰਕਮ ਵੀ ਹੋਰ ਪਾਰਟੀਆਂ ਤੋਂ ਵੱਧ ਅਤੇ ਨਾਲ ਗੈਸ ਸਿਲੰਡਰ ਦੀ ਸਹੂਲਤ ਵੀ ਭਾਜਪਾ ਵੱਧ ਦੇਵੇਗੀ। ਇਸ ਤਰ੍ਹਾਂ ਰਿਉੜੀਆਂ ਵੰਡਣ ਜਾਂ ਵੋਟਰਾਂ ਦੇ ਅੱਖੀਂ ਘੱਟਾ ਪਾਉਣ ਦੀ ਖੇਡ ਵਿੱਚ ਭਾਰਤ ਦਾ ਮੀਡੀਆ ਵੀ ਸਿਆਸੀ ਪਾਰਟੀ ਦੇ ਵਾਂਗ ਹੀ ਪੂਰੀ ਤਰ੍ਹਾਂ ਨਿਕਲ ਤੁਰਿਆ ਹੈ।

ਏਥੇ ਆਣ ਕੇ ਜ਼ਰਾ ਉਹ ਦਿਨ ਯਾਦ ਕਰੋ, ਜਦੋਂ ਦੇਸ਼ ਭਗਤਾਂ ਨੇ ਵਿਦੇਸ਼ੀ ਹਕੂਮਤ ਖਿਲਾਫ ਝੰਡਾ ਚੁੱਕਿਆ ਤੇ ਓੜਕਾਂ ਦੀਆਂ ਸਖਤੀਆਂ ਸਹਾਰਦੇ ਹੋਏ ਜੇਲ੍ਹਾਂ ਭੁਗਤਣ ਤੇ ਫਾਂਸੀ ਦੇ ਰੱਸਿਆਂ ਨਾਲ ਝੂਲਣ ਦਾ ਰਾਹ ਫੜਿਆ ਸੀ। ਉਨ੍ਹਾਂ ਨੂੰ ਅੰਗਰੇਜ਼ੀ ਰਾਜ ਇਸ ਲਈ ਬੁਰਾ ਨਹੀਂ ਸੀ ਲੱਗਦਾ ਕਿ ਉਨ੍ਹਾਂ ਦੀ ਚਮੜੀ ਸਾਡੇ ਲੋਕਾਂ ਦੇ ਮੁਕਾਬਲੇ ਗੋਰੀ ਹੋਣ ਕਾਰਨ ਸਾਨੂੰ ਖਿਝ ਚੜ੍ਹਦੀ ਸੀ, ਗੋਰੀ ਚਮੜੀ ਵਾਲੇ ਕਈ ਗੋਰੇ ਲੋਕ ਤਾਂ ਸਾਡੇ ਦੇਸ਼ ਭਗਤਾਂ ਦਾ ਸਹਿਯੋਗ ਵੀ ਕਰਦੇ ਸਨ। ਭਾਰਤੀ ਲੋਕਾਂ ਦੀ ਲੁੱਟ ਵਿਦੇਸ਼ੀ ਸਰਕਾਰ ਦੇ ਏਜੰਟਾਂ ਨੇ ਬਹੁਤ ਕੀਤੀ ਸੀ, ਪਰ ਇਹ ਵੀ ਵੱਡਾ ਕਾਰਨ ਨਹੀਂ ਸੀ ਹੋ ਸਕਦਾ, ਸਾਡੇ ਭਾਰਤ ਦੇਸ਼ ਦੇ ਰਾਜੇ-ਰਜਵਾੜੇ ਜਾਂ ਉਨ੍ਹਾਂ ਦੇ ਰੱਖੇ ਹੋਏ ਜ਼ੈਲਦਾਰ ਆਦਿ ਵੀ ਇਨ੍ਹਾਂ ਲੋਕਾਂ ਨਾਲ ਘੱਟ ਨਹੀਂ ਸੀ ਕਰਿਆ ਕਰਦੇ, ਸਾਰੀ ਖੂਨ-ਪਸੀਨੇ ਦੀ ਕਮਾਈ ਆਪਣੇ ਲੱਠਮਾਰਾਂ ਨੂੰ ਨਾਲ ਲਿਆ ਕੇ ਖੋਹ ਕੇ ਲੈ ਜਾਂਦੇ ਸਨ ਅਤੇ ਆਮ ਲੋਕਾਂ ਦੀਆਂ ਧੀਆਂ ਚੁੱਕ ਕੇ ਆਪਣੀਆਂ ਹਵੇਲੀਆਂ ਤੇ ਮਹਿਲਾਂ ਵਿੱਚ ਵੀ ਚਿੱਟੇ ਦਿਨ ਲੈ ਜਾਇਆ ਕਰਦੇ ਸਨ। ਇਹ ਅਣਖ ਤੋਂ ਵਾਂਝਾ ਮਾਹੌਲ ਸੀ, ਜਿਸ ਦੌਰਾਨ ਦੇਸ਼ ਭਗਤਾਂ ਨੇ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਟੋਡੀਆਂ ਵਿਰੁੱਧ ਜਾਨਾਂ ਕੁਰਬਾਨ ਕਰਨ ਵਾਲਾ ਸੰਘਰਸ਼ ਵਿੱਢਿਆ ਤੇ ਅੰਤ ਤੱਕ ਲੜਿਆ ਸੀ। ਉਹ ਆਖਿਆ ਕਰਦੇ ਸਨ ਕਿ ਦੇਸ਼ ਦੇ ਲੋਕਾਂ ਦੀ ਕ੍ਰਿਤ ਦੇ ਨਾਲ ਸਨਮਾਨ ਨਾਲ ਜਿਉਣ ਦਾ ਹੱਕ ਵੀ ਉਨ੍ਹਾਂ ਨੂੰ ਦਿਵਾਉਣਾ ਹੈ, ਜਿਹੜਾ ਉਸ ਅੰਗਰੇਜ਼ੀ ਰਾਜ ਵਿੱਚ ਨਹੀਂ ਮਿਲ ਸਕਦਾ, ਜਿਸ ਵਿੱਚ ਵੱਡਿਆਂ ਸ਼ਹਿਰਾਂ ਵਿੱਚ ਅੰਗਰੇਜ਼ਾਂ ਲਈ ਰਾਖਵੀਂਆਂ ਮਾਲ ਰੋਡਾਂ ਤੋਂ ਲੰਘਣ ਦੇ ਵਕਤ ਭਾਰਤੀਆਂ ਨੂੰ ਗੋਡੇ ਟੇਕ ਕੇ ਚੱਲਣਾ ਪੈਂਦਾ ਜਾਂ ਛਾਂਟਿਆਂ ਦੀ ਮਾਰ ਖਾਣੀ ਪੈ ਜਾਂਦੀ ਸੀ। ਉਸ ਬੇਅਣਖੇ ਜੀਵਨ ਖਿਲਾਫ ਸੰਘਰਸ਼ ਨੇ ਦੇਸ਼ ਦੇ ਲੋਕਾਂ ਨੂੰ ਆਜ਼ਾਦੀ ਦਿਵਾਈ ਸੀ ਤੇ ਉਨ੍ਹਾਂ ਦਾ ਸਾਰਾ ਕੁਝ ਖੱਟਿਆ-ਕਮਾਇਆ ਅੱਜ ਇਸ ਲੋਕਤੰਤਰ ਵਿੱਚ ਰੁੜ੍ਹਦਾ ਜਾਪਦਾ ਹੈ।

ਅਸੀਂ ਲੋਕ ਜਦੋਂ ਅਜੇ ਬੱਚੇ ਸਾਂ, ਪੰਜਾਬ ਦੇ ਸਕੂਲਾਂ ਵਿੱਚ ਤਿੰਨ ਗਾਣੇ ਬੜੀ ਉਚੇਚ ਨਾਲ ਸਿਖਾਏ ਅਤੇ ਸ਼ਨੀਵਾਰ ਦੀਆਂ ਸਭਾਵਾਂ ਵਿੱਚ ਗਾਉਣ ਲਈ ਬੱਚਿਆਂ ਨੂੰ ਤਿਆਰ ਕੀਤਾ ਜਾਂਦਾ ਸੀ। ਇੱਕ ਗਾਣਾ ਭਾਰਤ ਦੇ ਰਾਸ਼ਟਰੀ ਗੀਤ 'ਜਨ ਗਣ ਮਨ' ਵਾਂਗ ਪੰਜਾਬੀ ਦਾ ਰਾਸ਼ਟਰੀ ਗੀਤ ਸਮਝਿਆ ਜਾਂਦਾ ਸੀ, 'ਹੇ ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ', ਇਹ ਗੀਤ ਤੇਰਾ ਸਿੰਘ ਚੰਨ ਦਾ ਲਿਖਿਆ ਸੀ। ਦੂਸਰਾ ਗੀਤ ਪੰਜਾਬ ਦੇ ਵਿਕਾਸ ਦੀ ਜੜ੍ਹ ਬਣੀਆਂ ਨਹਿਰਾਂ ਬਾਰੇ 'ਭਾਖੜੇ ਤੋਂ ਆਈ ਇੱਕ ਮੁਟਿਆਰ ਨੱਚਦੀ' ਹੁੰਦਾ ਸੀ। ਤੀਸਰਾ ਗੀਤ ਸੀ: 'ਉਹ ਵੇਲਾ ਯਾਦ ਕਰ, ਜਦ ਭਾਰਤ ਭੁੱਖਾ ਰਹਿ ਕੇ, ਹਾਏ ਠੰਢੇ ਹਉਕੇ ਲੈ ਕੇ, ਪਿਆ ਵਕਤ ਟਪਾਂਦਾ ਸੀ, ਉਹ ਵੇਲਾ ਯਾਦ ਕਰ।' ਉਸ ਗੀਤ ਦੀ ਸਾਰੀ ਕਹਾਣੀ ਇਹ ਸੀ ਕਿ ਅਸੀਂ ਲੋਕ ਭੋਖੜੇ ਕੱਟਦੇ ਅਤੇ ਤੇਰ੍ਹਵੇਂ ਮਹੀਨੇ ਵਿੱਚ ਅਗਲੀ ਫਸਲ ਤੋਂ ਪਹਿਲਾਂ ਦਾਣੇ ਮੁੱਕ ਜਾਣ ਕਰ ਕੇ ਸਰਕਾਰੀ ਗਰਾਂਟਾਂ ਦੀ ਝਾਕ ਰੱਖਦੇ ਹੁੰਦੇ ਸਾਂ, ਪਰ ਅੱਜ ਖੇਤਾਂ ਵਿੱਚ ਖਾਣ ਜੋਗਾ ਅੰਨ ਪੈਦਾ ਹੋਣ ਲੱਗ ਪਿਆ ਹੈ ਤਾਂ ਉਹ ਵੇਲਾ ਯਾਦ ਕਰ ਕੇ ਇਸ ਮਾਣਯੋਗ ਸਥਿਤੀ ਦਾ ਅਹਿਸਾਸ ਕਰਨਾ ਚਾਹੀਦਾ ਹੈ। ਲੇਖਕ ਨੇ ਉਹ ਗੀਤ ਸਾਡੀ ਪੀੜ੍ਹੀ ਦੇ ਲੋਕਾਂ ਲਈ ਸ਼ਾਇਦ ਨਹੀਂ, ਸਾਥੋਂ ਪਹਿਲੀ ਪੀੜ੍ਹੀ ਦੇ ਲੋਕਾਂ ਦੀ ਚੇਤਨਾ ਨੂੰ ਟੁੰਬਣ ਲਈ ਲਿਖਿਆ ਹੋਵੇ, ਤਾਂ ਕਿ ਆਜ਼ਾਦੀ ਅਤੇ ਆਪਣੇ ਸਵੈ-ਮਾਣ ਦਾ ਖਿਆਲ ਰੱਖਣ ਅਤੇ ਕਿਸੇ ਅੱਗੇ ਹੱਥ ਜਾਂ ਝੋਲੀ ਅੱਡਣ ਤੋਂ ਪਹਿਲਾਂ ਕੁਝ ਸੋਚਿਆ ਕਰਨ। ਅੱਜ ਫਿਰ ਉਸ ਤਰ੍ਹਾਂ ਦੀ ਸਥਿਤੀ ਪੈਦਾ ਹੁੰਦੀ ਲੱਗਦੀ ਹੈ, ਜਿਸ ਵਿੱਚ ਸਾਡੇ ਲੋਕਾਂ ਨੂੰ ਕਿਰਤ ਕਰਨ ਦੀ ਸੋਝੀ ਤੇ ਸ਼ਕਤੀ ਦੇਣ ਦੀ ਥਾਂ ਮੁਫਤ ਦੀਆਂ ਰਿਉੜੀਆਂ ਚੱਬਣ ਅਤੇ ਏਦਾਂ ਦਾ ਗੱਫਾ ਹੋਰ ਮਿਲਣ ਦੀ ਉਡੀਕ ਵਿੱਚ ਕਿਸੇ ਅਗਲੀ ਚੋਣ ਦੀ ਉਡੀਕ ਵਿੱਚ ਔਂਸੀਆਂ ਪਾਉਣ ਵਾਲਾ ਚਸਕਾ ਲਾ ਦਿੱਤਾ ਹੈ। ਲੀਡਰ ਆਪਣੇ ਆਪ ਨੂੰ ਸਖੀ ਦਾਤੇ ਵਰਗਾ ਪੇਸ਼ ਕਰਨ ਲੱਗਦੇ ਹਨ ਤੇ ਆਮ ਲੋਕਾਂ ਨੂੰ ਆਪਣੇ ਸਾਹਮਣੇ ਹੱਥ ਜਾਂ ਝੋਲੀਆਂ ਅੱਡ ਕੇ ਖੜੇ ਮੰਗਤਿਆਂ ਦੇ ਰੂਪ ਵਿੱਚ ਵੇਖਣਾ ਚਾਹੁੰਦੇ ਹਨ। ਚੋਣਾਂ ਦਾ ਐਲਾਨ ਹੁੰਦੇ ਸਾਰ ਸਬਸਿਡੀਆਂ ਵਾਲੇ ਚੋਣ ਮੈਨੀਫੈਸਟੋ ਜਾਂ ਅਖੌਤੀ 'ਸੰਕਲਪ ਪੱਤਰ' ਜਦੋਂ ਪੇਸ਼ ਕੀਤੇ ਜਾਂਦੇ ਹਨ, ਇਹ ਸਭ ਆਮ ਲੋਕਾਂ ਦੀ ਜ਼ਮੀਰ ਦੀ ਬੋਲੀ ਦੇਣ ਵਾਂਗ ਜਾਪਦੇ ਹਨ। ਜਿਹੜੀ ਪਾਰਟੀ ਜਿੰਨੇ ਵੱਡੇ ਪੱਧਰ ਅਤੇ ਜਿੰਨੀ ਪਹੁੰਚ ਵਾਲੀ ਹੁੰਦੀ ਹੈ, ਓਨਾ ਵੱਧ ਭਾਅ ਪੇਸ਼ ਕਰ ਕੇ ਜ਼ਮੀਰਾਂ ਖਰੀਦਣੀਆਂ ਚਾਹੁੰਦੀ ਜਾਪਦੀ ਹੈ।

ਦਿੱਲੀ ਨੂੰ ਕੋਈ ਭਾਰਤ ਦਾ ਦਿਲ ਅਤੇ ਕੋਈ ਹੋਰ 'ਮਿੰਨੀ ਹਿੰਦੁਸਤਾਨ' ਆਖਦਾ ਹੈ ਅਤੇ ਇਸ ਵਿੱਚ ਕੋਈ ਗਲਤ ਗੱਲ ਵੀ ਨਹੀਂ। ਦੇਸ਼ ਦੇ ਲੋਕ ਕਿੱਦਾਂ ਸੋਚਦੇ ਹਨ, ਹਰ ਰਾਜ ਵਿੱਚ ਚੱਲ ਰਹੀ ਸਿਆਸਤ ਦਾ ਬਹੁਤਾ ਜਾਂ ਥੋੜ੍ਹਾ ਕੁਝ ਰੰਗ ਦਿੱਲੀ ਦੇ ਸੱਭਿਆਚਾਰਕ ਜੀਵਨ ਵਿੱਚ ਵੀ ਝਲਕਦਾ ਹੈ ਅਤੇ ਖਾਹਿਸ਼ਾਂ ਵਿੱਚ ਵੀ। ਜਦੋਂ ਰਾਜਨੀਤਕ ਪਾਰਟੀਆਂ ਦੇ ਆਗੂ ਚੋਣਾਂ ਦਾ ਪਰਾਗਾ ਚੁੱਕਣ ਲਈ ਲੋਕਾਂ ਅੱਗੇ ਏਦਾਂ ਦੀਆਂ ਛੋਟਾਂ ਦਾ ਛੱਟਾ ਦੇਣ ਲੱਗਦੇ ਹਨ ਤਾਂ ਇਸ ਦਾ ਕੁਝ ਅਸਰ ਇਹ ਲੋਕ ਆਪਣੇ ਰਾਜਾਂ ਵਿੱਚ ਵੀ ਲੈ ਜਾਣਗੇ ਅਤੇ ਅਗਲੀ ਵਾਰੀ ਇਹ ਕੁਝ ਓਥੇ ਹੁੰਦਾ ਦਿੱਸੇਗਾ। ਭਾਰਤ ਦੇ ਲੋਕਾਂ ਨੂੰ ਇੱਜ਼ਤ ਨਾਲ ਕਮਾਉਣ ਅਤੇ ਖਾਣ ਜੋਗੇ ਹੋਣ ਲਈ ਕੋਈ ਯੋਜਨਾ ਪੇਸ਼ ਕਰਨ ਵਾਲਾ ਆਗੂ ਅੱਜਕੱਲ੍ਹ ਲੱਭਣਾ ਕਿਸੇ ਗਧੇ ਦੇ ਸਿਰ ਤੋਂ ਗੁਆਚੇ ਹੋਏ ਸਿੰਗ ਲੱਭਣ ਵਰਗਾ ਕੰਮ ਹੈ, ਪਰ ਜ਼ਮੀਰਾਂ ਖਰੀਦਣ ਲਈ ਲਾਰਿਆਂ ਦੇ ਲਾਲੀਪਾਪ ਵੰਡਣ ਦਾ ਕੰਮ ਹਰ ਆਗੂ ਕਰੀ ਜਾਂਦਾ ਹੈ। ਏਦਾਂ ਲੱਗਦਾ ਹੈ ਕਿ ਪੂਰੇ ਦੇਸ਼ ਦੇ ਲੋਕਾਂ ਨੂੰ ਇਹ ਬੇਅਣਖਾ ਕਰ ਦੇਣਾ ਚਾਹੁੰਦੇ ਹਨ, ਤਾਂ ਕਿ ਉਹ ਆਪਣੇ ਪੈਰਾਂ ਸਿਰ ਖੜੇ ਹੋਣ ਤੋਂ ਸਿਰਫ ਵਾਂਝੇ ਨਾ ਰਹਿਣ, ਇਸ ਬਾਰੇ ਸੋਚਣਾ ਵੀ ਛੱਡ ਦੇਣ। ਜਿਹੜਾ ਕੁਝ ਦਿੱਲੀ ਦੀਆਂ ਇਨ੍ਹਾਂ ਚੋਣਾਂ ਵਿੱਚ ਪੇਸ਼ ਹੁੰਦਾ ਪਿਆ ਹੈ, ਉਸ ਕਾਰਨ ਭੁੱਖਾਂ ਕੱਟਦੇ ਵਕਤ ਵੀ ਅਣਖ ਦਾ ਪੱਲਾ ਫੜੀ ਰੱਖਣ ਅਤੇ ਵਿਦੇਸ਼ੀ ਹਾਕਮਾਂ ਵਿਰੁੱਧ ਲੜਨ ਵਾਲੇ ਭਾਰਤ ਦੇ ਲੋਕਾਂ ਨੇ ਓਦੋਂ ਜੋ ਕਰ ਵਿਖਾਇਆ ਸੀ, ਉਹ ਭੁੱਲ ਸਕਦਾ ਹੈ। ਇਸ ਲਈ ਅੱਜ ਵਾਲੇ ਇਸ ਮਾਹੌਲ ਵਿੱਚ ਮੁੜ-ਮੁੜ ਓਦੋਂ ਵਾਲਾ ਇਹ ਗੀਤ ਯਾਦ ਆਉਂਦਾ ਹੈ : ਉਹ ਵੇਲਾ ਯਾਦ ਕਰ, ਜਦ ਭਾਰਤ ਭੁੱਖਾ ਰਹਿ ਕੇ, ਹਾਏ ਠੰਢੇ ਹਉਕੇ ਲੈ ਕੇ ਪਿਆ ਵਕਤ ਟਪਾਂਦਾ ਸੀ, ਉਹ ਵੇਲਾ ਯਾਦ ਕਰ। ਭੋਖੜੇ ਨੂੰ ਜਰਦਿਆਂ ਅਤੇ ਹਉਕੇ ਭਰਦਿਆਂ ਵੀ ਘੱਟੋ-ਘੱਟ ਅਣਖ ਤਾਂ ਪੱਲੇ ਸੀ, ਆਜ਼ਾਦ ਦੇਸ਼ ਦਾ ਲੋਕਤੰਤਰ ਉਹ ਅਣਖ ਵੀ ਖੋਹੀ ਜਾਂਦਾ ਹੈ।

# ਸਪੱਸ਼ਟੀਕਰਨ ਮੰਗਣ ਦੀ ਬਜਾਏ ਬਵਾਲ ਖੜ੍ਹਾ ਕਰਨਾ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਅਜ਼ਾਦੀ ਤੋਂ ਪੌਣੀ ਸਦੀ ਬਾਅਦ ਵੀ ਇੰਜ ਲਗਦਾ ਹੈ ਕਿ ਜਿਵੇਂ ਸਾਡੀ ਸੋਚ ਨੇ ਸਮੇਂ ਦੀ ਹਾਣੀ ਬਣਨ ਦਾ ਕਤਈ ਉਪਰਾਲਾ ਨਾ ਕੀਤਾ ਹੋਵੇ। ਹਰ ਪਾਰਟੀ ਨੇ ਆਪੋ-ਆਪਣੀ ਪਾਰਟੀ ਵਿੱਚ ਅਜਿਹੇ ਸੈੱਲ ਬਣਾਏ ਜਾਂ ਗਠਿਤ ਕੀਤੇ ਹੋਏ ਹਨ, ਜਿਹੜੇ ਸਮੇਂ-ਸਮੇਂ ਆਪੋ-ਆਪਣੀਆਂ ਪਾਰਟੀਆਂ ਦੇ ਬਿਆਨਾਂ ਨੂੰ ਲੋੜ ਪੈਣ 'ਤੇ ਸਪੱਸ਼ਟ ਕਰਦੇ ਰਹਿੰਦੇ ਹਨ। ਇਵੇਂ ਹੀ ਲੋੜ ਪੈਣ 'ਤੇ ਬਾਕੀ ਪਾਰਟੀਆਂ ਦੇ ਬਿਆਨਾਂ 'ਤੇ ਲੋੜ ਪੈਣ 'ਤੇ ਸਪੱਸ਼ਟਤਾ ਮੰਗਦੇ ਰਹਿੰਦੇ ਹਨ ਤਾਂ ਕਿ ਸੰਬੰਧਤ ਪਾਰਟੀ ਦਾ ਉੱਤਰ ਜਨਤਾ ਵਿੱਚ ਕਿਸੇ ਕਿਸਮ ਦਾ ਘਚੋਲਾ ਨਾ ਪਾਵੇ। ਪਰ ਕਈ ਵਾਰ ਪਬਲਿਕ ਵਿੱਚ ਆਪਣੇ ਨੰਬਰ ਬਣਾਉਣ ਦੀ ਖਾਤਰ ਅਜਿਹੇ ਅਸੂਲਾਂ ਨੂੰ ਛਿੱਕੇ ਟੰਗ ਕੇ ਸੰਬੰਧਤ ਖ਼ਬਰ ਬਾਰੇ ਅਜਿਹਾ ਘਚੋਲਾ ਪਾ ਦਿੱਤਾ ਜਾਂਦਾ ਹੈ ਕਿ ਬਾਅਦ 'ਚ ਵੱਡੀ ਲੀਡਰਸ਼ਿਪ ਨੂੰ ਅੱਗੇ ਆਣ ਕੇ ਸਪੱਸ਼ਟ ਕਰਨਾ ਪੈਂਦਾ ਹੈ, ਅਤੇ ਕਈ ਵਾਰ ਦੁੱਖ ਵੀ ਪ੍ਰਗਟ ਕਰਨਾ ਪੈਂਦਾ ਹੈ ਜਿਸ ਨਾਲ ਸੰਬੰਧਤ ਪਾਰਟੀ ਦਾ ਕੱਦ ਮਧਰਾ ਵੀ ਹੋ ਜਾਂਦਾ ਹੈ।

ਪਿਛਲੇ ਦਿਨੀਂ ਜਨਤਾ ਨੇ ਸਮੇਤ ਸਾਡੇ ਪਾਠਕਾਂ ਦੇ, ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐਸ) ਦੇ ਮੁਖੀ ਸ੍ਰੀ ਭਾਗਵਤ ਦਾ ਬਿਆਨ ਸੁਣਿਆ ਹੋਵੇਗਾ, ਜਿਸ ਵਿੱਚ ਉਨ੍ਹਾ ਭਾਰਤ ਦੀ ਅਜ਼ਾਦੀ ਦਾ ਅਗਾਜ਼ ਪਿਛਲੇ ਸਾਲ ਦੇ ਪ੍ਰਾਣ ਪ੍ਰਤਿਸ਼ਟਤਾ ਦਿਨ ਤੋਂ ਮੰਨਿਆ ਹੈ। ਜਿਸ ਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਉਸ ਦਿਨ ਤੋਂ ਪਹਿਲਾਂ ਅਸੀਂ ਸਭ ਕੁਝ ਗੁਲਾਮੀ 'ਚ ਹੀ ਕਰਦੇ ਰਹੇ ਹਾਂ। ਸਿਆਸਤ 'ਤੇ ਨੀਝ ਨਾਲ ਨਜ਼ਰ ਰੱਖਣ ਵਾਲਿਆਂ ਨੂੰ ਇਹ ਵੀ ਯਾਦ ਹੋਵੇਗਾ ਕਿ ਅਜਿਹਾ ਬਚਕਾਨਾ ਬਿਆਨ ਪਹਿਲਾਂ ਵੀ ਬੀ ਜੇ ਪੀ ਦੀ ਨਵੀਂ-ਨਵੀਂ ਬਣੀ ਮੈਂਬਰ ਪਾਰਲੀਮੈਂਟ ਬੀਬੀ ਕੰਗਣਾ ਰਣੌਤ ਨੇ ਇਹ ਕਹਿ ਕੇ ਆਪਣੀ ਅਕਲ ਦਾ ਦੀਵਾਲਾ ਕੱਢਿਆ ਸੀ ਕਿ ਅਸਲ 'ਚ ਭਾਰਤ ਵੀਹ ਸੌ ਚੌਦਾਂ (2014) 'ਚ ਹੀ ਅਜ਼ਾਦ ਹੋਇਆ ਸੀ। ਉਸ ਨੇ ਅਜਿਹਾ ਬਿਆਨ ਆਪਣੇ ਗਿਆਨ ਦੀ ਘਾਟ ਕਰਕੇ ਨਹੀਂ ਦਿੱਤਾ ਸੀ, ਸਗੋਂ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਅਤੇ ਆਪਣੇ ਨੰਬਰ ਬਣਾਉਣ ਵਾਸਤੇ ਦਿੱਤਾ ਸੀ। ਜਿਸ 'ਤੇ ਉਸ ਦੀ ਕਾਫ਼ੀ ਦੂ-ਦੂ ਹੋਈ ਸੀ। ਇਸ ਕਰਕੇ ਸ੍ਰੀ ਭਾਰਗਵ ਦੇ ਤਾਜ਼ਾ ਬਿਆਨ ਨੇ ਸਮਾਜ ਵਿੱਚ ਨਵੀਂ ਹਲਚਲ ਪੈਦਾ ਕਰ ਦਿੱਤੀ ਹੈ। ਜਦ ਕਿ ਸ੍ਰੀ ਭਾਰਗਵ ਸਾਹਿਬ ਨੂੰ ਨਾਲ ਲਗਦਾ ਸਭ ਕੁਝ ਸਪੱਸ਼ਟ ਕਰ ਦੇਣਾ ਚਾਹੀਦਾ ਸੀ। ਦਰਅਸਲ ਆਰ ਐੱਸ ਐੱਸ ਤੇ ਬੀ ਜੇ ਪੀ ਉਹ ਪਾਰਟੀਆਂ ਹਨ, ਜਿਹੜੀਆਂ ਭਾਰਤ ਦੀ ਅਜ਼ਾਦੀ ਸਮੇਂ ਅਜੇ ਗਰਭ 'ਚ ਹੀ ਸਨ। ਫਿਰ ਹੋਂਦ ਵਿੱਚ ਆਉਣ ਤੋਂ ਬਾਅਦ ਕਈ ਚਿਰ ਇਨ੍ਹਾਂ ਦੇਸ਼ ਦਾ ਰਾਸ਼ਟਰੀ ਗੀਤ ਅਤੇ ਰਾਸ਼ਟਰੀ ਤਿਰੰਗਾ ਝੰਡਾ ਆਪਣੇ ਦਫ਼ਤਰਾਂ 'ਤੇ ਨਾ ਝੁਲਾਅ ਕੇ ਆਪਣੀ ਨਫ਼ਰਤ ਦਾ ਪੂਰਾ ਸਬੂਤ ਦਿੱਤਾ। ਇਸੇ ਤਰ੍ਹਾਂ ਇਨ੍ਹਾਂ ਭਾਰਤੀ ਸੰਵਿਧਾਨ ਪ੍ਰਤੀ ਆਪਣੀ ਬੇਰੁਖੀ ਦਿਖਾਈ। ਜਿਸ ਦਾ ਸਬੂਤ ਗ੍ਰਿਹ ਮੰਤਰੀ ਦਾ ਉਹ ਭਾਸ਼ਣ ਹੈ, ਜਿਸ ਵਿੱਚ ਉਨ੍ਹਾਂ ਪੰਜ-ਛੇ ਵਾਰ ਲਗਾਤਾਰ ਅੰਬੇਦਕਰ-ਅੰਬੇਦਕਰ ਕਹਿ ਕੇ ਬੋਲਿਆ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਬਿਨਾਂ ਅਜ਼ਾਦੀ ਦੇ ਮੋਦੀ ਜੀ ਤੋਂ ਪਹਿਲਾਂ ਦੇ ਪ੍ਰਧਾਨ ਮੰਤਰੀ ਰਾਸ਼ਟਰੀ ਝੰਡਾ ਝੁਲਾਉਂਦੇ ਰਹੇ। ਮੋਦੀ ਜੀ ਵੀ ਇਹੋ ਝੰਡਾ ਮੁੱਖ ਮੰਤਰੀ ਸਮੇਂ ਵੀ ਝੁਲਾਉਂਦੇ ਰਹੇ। ਭਾਰਤ ਕਦੋਂ ਅਜ਼ਾਦ ਹੋਇਆ? ਕਿਨ੍ਹਾਂ ਕਰਕੇ ਹੋਇਆ? ਕਿਹੜੇ-ਕਿਹੜੇ ਲੋਕਾਂ ਦੀਆਂ ਕੁਰਬਾਨੀਆਂ ਕਰਕੇ ਹੋਇਆ? ਕਿਹੜੀਆਂ-ਕਿਹੜੀਆਂ ਕੌਮਾਂ ਨੇ ਕਿੰਨੀ-ਕਿੰਨੀ ਗਿਣਤੀ ਵਿੱਚ ਆਪਣੇ ਗਲ 'ਚ ਰੱਸਾ ਪਾ ਕੇ ਸ਼ਹਾਦਤਾਂ ਦਿੱਤੀਆਂ? ਅਗਰ ਇਹ ਸਭ ਤੁਸੀਂ ਨਹੀਂ ਜਾਣਦੇ ਤਾਂ ਸਭ ਦੁਨੀਆ ਜਾਣਦੀ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਨੂੰ ਅਜ਼ਾਦ ਕਰਾਉਣ ਵਾਸਤੇ ਹੀ ਭਾਰਤੀਆਂ ਨੇ ਕੁਰਬਾਨੀਆਂ ਨਹੀਂ ਦਿੱਤੀਆਂ, ਸਗੋਂ ਸੰਸਾਰ ਦੇ ਹੋਰ ਦੇਸ਼ਾਂ ਦੀ ਅਜ਼ਾਦੀ ਵਿੱਚ ਵੀ ਹਿੱਸਾ ਪਾਇਆ ਹੈ।

ਭਾਗਵਤ ਜੀ ਤੁਸੀਂ ਆਪਣੇ-ਆਪ ਨੂੰ ਭਾਵੇਂ ਗੈਰ ਸਿਆਸੀ ਸੰਗਠਨ ਐਲਾਨਦੇ ਹੋ, ਪਰ ਚੋਣਾਂ ਸਮੇਂ ਤੁਹਾਡੀਆਂ ਕਰਾਈਆਂ ਹਜ਼ਾਰਾਂ ਮੀਟਿੰਗਾਂ ਦਾ ਜਨਤਾ ਨੂੰ ਪਤਾ ਲੱਗ ਚੁੱਕਾ ਹੈ। ਇਹ ਵੀ ਪਤਾ ਲੱਗ ਚੁੱਕਾ ਹੈ ਕਿ ਕਿਨ੍ਹਾਂ ਵਾਸਤੇ ਤੁਹਾਡਾ ਅਖੌਤੀ ਗੈਰ ਸਿਆਸੀ ਸੰਗਠਨ ਦਿਨ-ਰਾਤ ਕੰਮ ਕਰ ਰਿਹਾ ਹੈ। ਜਿਸ ਵਿੱਚ ਤੁਸੀਂ ਕਿਹੜੇ ਡਿਪਾਰਟਮੈਂਟ ਵਿੱਚ ਘੁਸਪੈਠ ਕੀਤੀ ਹੈ। ਜਿਸ ਨੂੰ ਜਾਣਨ ਤੋਂ ਬਾਅਦ ਹੀ ਸ੍ਰੀ ਰਾਹੁਲ ਗਾਂਧੀ ਨੇ ਤੁਹਾਡੇ ਸਮੇਤ ਭਾਜਪਾ ਅਤੇ ਤੁਹਾਡੇ ਦੁਆਰਾ ਸਟੇਟ 'ਤੇ ਕੀਤੇ ਕਬਜ਼ੇ ਖ਼ਿਲਾਫ਼ ਲੜਨ ਦੀ ਗੱਲ ਆਖੀ ਹੈ।

ਜਿਸ ਵਿੱਚ ਤੁਸੀਂ ਸਟੇਟ ਅਤੇ ਸਰਕਾਰ ਵਿੱਚ ਫ਼ਰਕ ਨਾ ਸਮਝ ਸਕੇ । ਜਿਸ 'ਤੇ ਤੁਸੀਂ ਸਭ ਸੰਬੰਧਤ ਲਾਣੇ ਦੇ ਤਿਲਮਲਾ ਉਠੇ ਹੋ। ਆਪਣੇ ਦੇਸ਼ ਵਿੱਚ ਰਹਿ ਕੇ ਦੇਸ਼ 'ਚ ਹੋ ਰਹੇ ਗਲਤ ਕੰਮਾਂ ਖ਼ਿਲਾਫ਼ ਲੜਾਈ ਦੇਣਾ ਅਤੇ ਦੇਸ਼ ਨੂੰ ਉਨ੍ਹਾਂ ਕੁਰੀਤੀਆਂ ਤੋਂ ਅਜ਼ਾਦ ਕਰਾਉਣਾ ਦੇਸ਼ ਧ੍ਰੋਹੀ ਨਹੀਂ ਹੁੰਦਾ ਬਲਕਿ ਦੇਸ਼-ਪ੍ਰੇਮ ਦੀ ਭਾਸ਼ਾ ਵਿੱਚ ਆਉਂਦਾ ਹੈ। ਉਂਜ ਵੀ ਭਾਗਵਤ ਜੀ ਆਪਣੇ ਪਿਓ ਅਤੇ ਆਪਣੀ ਦਾਦੀ ਨੂੰ ਆਪਣੀਆਂ ਅੱਖਾਂ ਸਾਹਮਣੇ ਸ਼ਹੀਦ ਹੁੰਦੇ ਦੇਖਣਾ ਦੇਸ਼ ਧ੍ਰੋਹੀ ਕਿਵੇਂ ਹੋ ਸਕਦਾ ਹੈ? ਗੈਰ ਸਿਆਸੀ ਸੰਗਠਨ ਗੈਰ ਸਿਆਸੀ ਸੰਗਠਨ ਹੀ ਰਹਿਣਾ ਚਾਹੀਦਾ ਹੈ। ਇੱਕ ਸੈਕੂਲਰ ਸਟੇਟ ਵਿੱਚ ਹਜ਼ਾਰਾਂ ਕਰੋੜ ਇੱਕ ਧਰਮ ਨੂੰ ਚਮਕਾਉਣ ਦੀ ਖਾਤਰ ਲਾਉਣਾ ਕਿਸ ਸਿਆਣਪ ਦੀ ਗੱਲ ਹੈ? ਜਦ ਪ੍ਰਧਾਨ ਮੰਤਰੀ ਜੀ ਦੇ ਆਪਣੇ ਸ਼ਬਦਾਂ ਮੁਤਾਬਕ ਉਹ ਪੰਜਾਸੀ ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਮੁਹੱਈਆ ਕਰਵਾ ਰਹੇ ਹਨ। ਇਹ ਕਿੱਧਰ ਦੀ ਬਹਾਦਰੀ ਹੈ? ਜਦ ਦੇਸ਼ ਵਿੱਚ ਦਿਨੋ-ਦਿਨ ਅਨਪੜ੍ਹਤਾ ਵਧ ਰਹੀ ਹੈ। ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ। ਦੇਸ਼ ਦੀ ਨੌਜਵਾਨੀ ਬਾਹਰਲੇ ਦੇਸ਼ਾਂ ਵੱਲ ਮੂੰਹ ਕਰ ਚੁੱਕੀ ਹੈ। ਪੇਪਰਾਂ 'ਚ ਆਉਣ ਵਾਲੇ ਸਵਾਲ ਇਮਤਿਹਾਨ ਹੋਣ ਤੋਂ ਪਹਿਲਾਂ ਲੀਕ ਹੋ ਰਹੇ ਹਨ। ਪੇਪਰ ਦੁਬਾਰਾ ਕਰਾਏ ਜਾਣ, ਇਸ ਸਵਾਲ 'ਤੇ ਸੰਬੰਧਤ ਸਰਕਾਰਾਂ ਟੱਸ ਤੋਂ ਮੱਸ ਨਹੀਂ ਹੋ ਰਹੀਆਂ । ਦੇਸ਼ ਦਾ ਲੱਗਭੱਗ ਸਮੁੱਚਾ ਕਿਸਾਨ ਆਪਣੇ ਬਣਦੇ ਹੱਕ ਲੈਣ ਲਈ ਭੁੱਖ ਹੜਤਾਲਾਂ ਸਮੇਤ, ਠੰਢ ਦੇ ਦਿਨਾਂ 'ਚ ਅਕਾਸ਼ ਦੇ ਥੱਲੇ ਸੜਕਾਂ 'ਤੇ ਬੈਠ ਅਤੇ ਸੌਂ ਕੇ ਦਿਨ ਕਟੀ ਕਰ ਰਿਹਾ ਹੈ। ਦੇਸ਼ ਦੇ ਸਮੁੱਚੇ ਹਾਕਮ ਘੁਰਾੜੇ ਮਾਰ ਕੇ ਸੌਂ ਰਹੇ ਹਨ। ਅਸੀਂ ਮੌਕੇ ਦੀ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਾਂਗੇ ਕਿ ਤੁਸੀਂ ਕਿਸਾਨ ਦਾ ਸਬਰ ਚੈੱਕ ਨਾ ਕਰੋ। ਰਹਿੰਦੇ ਸਮੇਂ 'ਚ ਤੁਹਾਨੂੰ ਘੱਟੋ-ਘੱਟ ਉਹ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਤੁਸੀਂ ਆਪਣੀ ਭਗਤੀ 'ਚ ਕਮੀ ਕਹਿ ਕੇ ਸਵੀਕਾਰ ਕਰ ਚੁੱਕੇ ਹੋ। ਮੋਦੀ ਜੀ ਇਹ ਉਹੀ ਕਿਸਾਨ ਹਨ ਜੋ ਸਮੁੱਚੇ ਭਾਰਤ ਦਾ ਢਿੱਡ ਭਰਦੇ ਹਨ ਅਤੇ ਅਨਾਜ ਮੁਹੱਈਆ ਕਰਾਉਂਦੇ ਹਨ, ਉਹ ਤੁਸੀਂ ਅਮਨ-ਅਮਾਨ ਨਾਲ ਆਪਣੇ ਘਰਾਂ ਬੈਠ ਕੇ ਖਾ ਸਕੋ। ਇਸ ਲਈ ਉਹ ਅੱਤ ਦੀ ਸਰਦੀ ਅਤੇ ਅੱਤ ਦੀ ਗਰਮੀ 'ਚ ਸਰਹੱਦਾਂ 'ਤੇ ਆਪਣੀ ਜਾਨ ਤਲੀ 'ਤੇ ਰੱਖ ਕੇ ਦਿਨ-ਰਾਤ ਪਹਿਰਾ ਦਿੰਦੇ ਹਨ। ਅਖੀਰ 'ਚ ਸਾਡੀ ਸਭ ਧਿਰਾਂ ਨੂੰ ਅਪੀਲ ਹੈ ਕਿ ਜੋ ਬਿਆਨ ਸਾਫ਼ ਨਾ ਹੋਵੇ, ਉਸ ਬਾਰੇ ਬੋਲਣ ਤੋਂ ਪਹਿਲਾਂ ਸਪੱਸ਼ਟੀਕਰਨ ਲਵੋ ਅਤੇ ਦਿਓ, ਫਿਰ ਦਲੀਲਪੂਰਵਕ ਬੋਲੋ।

*# ਸੰਪਰਕ : 98721-65741*

# ਮੇਰੇ ਨਾਟਕ ਤੇ ਰੰਗਮੰਚ ਦਾ ਸਫਰ

### ਸੁਖਮਿੰਦਰ ਸੇਖੋਂ

ਮੇਰੇ ਰੰਗਮੰਚ ਦਾ ਸਫਰ ਸਕੂਲ ਤੋਂ ਆਰੰਭ ਹੁੰਦਾ ਹੈ, ਪਰ ਉਦੋਂ ਪਤਾ ਹੀ ਨਹੀਂ ਸੀ ਹੁੰਦਾ ਕਿ ਰੰਗਮੰਚ ਕੀ ਹੁੰਦਾ ਹੈ ਤੇ ਇਹ ਕਿਸ ਬਲਾ ਦਾ ਨਾਂਅ ਹੈ। ਜੇਕਰ ਥੋੜ੍ਹੀ ਖਬਰ ਸੀ ਤਾਂ ਸਿਰਫ ਏਨੀ ਕਿ ਕਿਸੇ ਵੀ ਕਿਤਾਬ ਜਾਂ ਰਸਾਲੇ ਦੇ ਵਰਕੇ ਉਲਟਾਓ ਤੇ ਜਿਹੜੇ ਵੀ ਇਕਾਂਗੀ ਜਾਂ ਨਾਟਕ ਤੇ ਤੁਹਾਡੀ ਨਜ਼ਰ ਅਟਕ ਕੇ ਰਹਿ ਜਾਵੇ, ਬਸ ਖੇਡ ਦਿਓ ਉਹ ਇਕਾਂਗੀ, ਨਾਟਕ ਜਾਂ ਫਿਰ ਆਪਣੇ ਅਧਿਆਪਕਾਂ 'ਤੇ ਛੱਡ ਦਿੱਤਾ ਜਾਂਦਾ ਸੀ। ਸਭ ਤੋਂ ਪਹਿਲਾਂ ਇਕਾਂਗੀ ਜੋ ਮੈਨੂੰ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ, ਉਹ ਸੀ ਡਾ. ਹਰਚਰਨ ਸਿੰਘ ਦਾ 'ਨਵੀਂ ਰੌਸ਼ਨੀ'। ਨਵਾਂ ਨਕੋਰ ਵਿਸ਼ਾ। ਜੇਕਰ ਪੜ੍ਹਾਈ, ਲਿਖਾਈ ਤੇ ਕੁਦਰਤੀ ਸੁੰਦਰਤਾ ਦਾ ਸੁਮੇਲ ਹੋ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਮੈਂ ਤੇ ਰਾਣੀ ਨੇ ਇਸ ਵਿਚ ਪਾਰਟ ਅਦਾ ਕੀਤਾ । ਉਸ ਜ਼ਮਾਨੇ ਦਾ ਇਹ ਇੱਕ ਮਾਡਰਨ ਇਕਾਂਗੀ ਸੀ। ਇਸ ਉਪਰੰਤ ਬਲਵੰਤ ਗਾਰਗੀ ਦਾ ਬੇਬੇ ਸਟੇਜ ਕਰਨ ਦਾ ਅਵਸਰ ਮਿਲਿਆ। ਇਹ ਇਕਾਂਗੀ ਮੈਨੂੰ ਨਿੱਜੀ ਤੌਰ 'ਤੇ ਇਸ ਲਈ ਵੀ ਪਸੰਦ ਸੀ ਚੂੰਕਿ ਇਸ ਵਿੱਚ ਬੇਬੇ, ਯਾਨੀ ਕਿ ਮਾਂ ਦਾ ਕਿਰਦਾਰ ਬਹੁਤ ਸ਼ਕਤੀਸ਼ਾਲੀ ਸੀ ਤੇ ਮੇਰੇ ਪਿੰਡ ਮੈਨੂੰ ਇਸ ਤਰ੍ਹਾਂ ਦੀਆਂ ਮਾਵਾਂ ਦੇ ਦਰਸ਼ਨ ਹੁੰਦੇ ਰਹਿੰਦੇ ਸਨ। ਪਹਿਲਾਂ ਮੈਨੂੰ ਡਾਇਰੈਕਸ਼ਨ ਦਾ ਕੁਝ ਵੀ ਗਿਆਨ ਨਹੀਂ ਸੀ, ਬੱਸ ਕੇਵਲ ਏਨਾ ਹੀ ਆਉਂਦਾ ਸੀ ਕਿ ਕਿਸੇ ਕਿਤਾਬ ਵਿੱਚੋਂ ਕੋਈ ਇਕਾਂਗੀ ਵਗੈਰਾ ਪੜ੍ਹੋ ਤੇ ਫਿਰ ਆਪਣੇ ਹਿਸਾਬ ਨਾਲ ਬੱਚਿਆਂ ਨੂੰ ਇਕੱਠਾ ਕਰਕੇ ਤੋਤੇ ਵਾਂਗ ਡਾਇਲਾਗ ਯਾਦ ਕਰਵਾ ਦੇਵੋ ਅਤੇ ਪਾਤਰਾਂ ਦੇ ਸੁਭਾਅ ਅਨੁਕੂਲ ਨਕਲ ਕਰਕੇ ਖੇਡ ਲਵੋ ਨਾਟਕ—। ਹਾਂਅ , ਜੇਕਰ ਪਤਾ ਸੀ ਤਾਂ ਫਿਲਮੀ ਡਾਇਰੈਕਸ਼ਨ ਦਾ, ਚੂੰਕਿ ਪੋਸਟਰਾਂ ਅਤੇ ਸਕਰੀਨ ਉਤੇ ਡਾਇਰੈਕਟਰ ਦਾ ਨਾਉਂ ਮੋਟੇ ਅੱਖਰਾਂ ਵਿੱਚ ਉਕਰਿਆ ਹੁੰਦਾ ਸੀ, ਪਰ ਰਫਤਾ ਰਫਤਾ ਇੰਨਾ ਜ਼ਰੂਰ ਸਮਝ ਲਿਆ ਕਿ ਐਕਟਿੰਗ ਜਾਂ ਅਦਾਕਾਰੀ ਕੀ ਹੁੰਦੀ ਹੈ ਤੇ ਮੈਂ ਵੀ ਇਹ ਕਰ ਸਕਦਾ ਹਾਂ। ਸਕੂਲ ਤੋਂ ਬਾਅਦ ਅਗਲੀ ਪੜ੍ਹਾਈ ਦੌਰਾਨ ਨਾਟਕਾਂ ਵਿੱਚ ਕੰਮ ਕਰਨ ਦਾ ਬਰਾਬਰ ਮੌਕਾ ਮਿਲਦਾ ਰਿਹਾ।

ਉਨ੍ਹਾ ਦਿਨਾਂ ਵਿੱਚ ਹੀ ਮੈਨੂੰ ਕੁਝ ਬਿਹਤਰ ਰੰਗਕਰਮੀਆਂ ਦੇ ਨਾਟਕ ਵੇਖਣ ਦਾ ਅਵਸਰ ਪ੍ਰਾਪਤ ਹੋਇਆ। ਮਸਲਨ 'ਧਮਕ ਨਗਾਰੇ' ਦੀ (ਰਿਪੁਦਮਨ ਕਾਲਜ ਨਾਭਾ), 'ਲੌਂਗ ਦਾ ਲਿਸ਼ਕਾਰਾ' ਅਤੇ 'ਲੂਣਾ' (ਸੈਂਟਰਲ ਲਾਇਬਰੇਰੀ, ਪਟਿਆਲਾ) ਅਤੇ 'ਅੰਡਰ ਸੈਕਰੇਟਰੀ' (ਬੰਬਈ)। ਪੰਜਾਬੀ ਭਵਨ ਲੁਧਿਆਣਾ, ਟੈਗੋਰ ਥੀਏਟਰ ਚੰਡੀਗੜ੍ਹ, ਸੈਂਟਰਲ ਲਾਇਬਰੇਰੀ ਪਟਿਆਲਾ ਉਦੋਂ ਡਰਾਮਿਆਂ ਦੇ ਗੜ੍ਹ ਹੁੰਦੇ ਸਨ। ਹਾਂਅ, ਪੰਜਾਬੀ ਤੇ ਪੰਜਾਬ ਯੂਨੀਵਰਸਿਟੀ ਵਿੱਚ ਵੀ ਨਾਟਕ ਤੇ ਰੰਗਮੰਚ ਸਿਖਾਇਆ ਜਾਂ ਪੜ੍ਹਾਇਆ ਜਾਂਦਾ ਸੀ। ਨਾਟਕ ਮੁਕਾਬਲੇ ਤੇ ਨਾਟ-ਮੇਲੇ ਹੁੰਦੇ ਸਨ। ਗਾਰਗੀ, ਸੇਠੀ, ਟਿਵਾਣਾ ਦਾ ਆਪਣਾ ਰੰਗਮੰਚ ਸੀ ਤੇ ਗੁਰਸ਼ਰਨ ਭਾਜੀ ਦਾ ਆਪਣਾ ਇੱਕ ਵੱਖਰਾ ਸਟਾਈਲ। ਪੰਜਾਬੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਦੇ ਨਾਟਕ ਪੜ੍ਹਨ ਤੇ ਪੇਸ਼ਕਾਰੀਆਂ ਦੇਖਣ ਦਾ ਸਬੱਬ ਵੀ ਬਣਦਾ ਰਿਹਾ। ਸ਼ਾਇਦ ਇਸੇ ਦਾ ਨਤੀਜਾ ਹੋਵੇਗਾ ਕਿ ਮੈਥੋਂ ਇੱਕ ਪੰਜਾਬੀ ਨਾਟਕ ਵੀ ਲਿਖਿਆ ਗਿਆ, ਜਿਸ ਦਾ ਨਾਂਅ ਸੀ 'ਪਾਗਲ ਕਿਸੇ ਥਾਂ ਦੇ।' ਸੈਂਟਰਲ ਪਬਲਿਕ ਲਾਇਬਰੇਰੀ ਤੇ ਹੋਰ ਥਾਂਵਾਂ 'ਤੇ ਸਟੇਜ ਕੀਤਾ। ਰੰਗਮੰਚ ਤੇ ਨਾਟਕਾਂ ਦੀ ਗੱਡੀ ਵਾਹਵਾ ਚੱਲ ਨਿਕਲੀ । ਗਾਰਗੀ, ਪ੍ਰੋ. ਅਜਮੇਰ ਔਲਖ ਤੇ ਡਾਕਟਰ ਆਤਮਜੀਤ ਰਚਿਤ ਬਹੁਤ ਸਾਰੇ ਨਾਟਕਾਂ ਵਿੱਚ ਭਾਗ ਲਿਆ ਤੇ ਨਿਰਦੇਸ਼ਨ ਵੀ ਦਿੱਤਾ। ਕਾਲੀਦਾਸ, ਸੈਕਸ਼ਪੀਅਰ ਦੁਬਾਰਾ ਪੜ੍ਹੇ। ਪੰਜਾਬੀ ਨਾਟਕ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਨੂੰ ਵੀ ਮੁੜ ਪੜ੍ਹਿਆ । ਤਾਲਸਤਾਏ, ਚੈਖੋਵ, ਮੁਨਸ਼ੀ ਪ੍ਰੇਮ ਚੰਦ ਆਦਿ ਲੇਖਕਾਂ ਦੀਆਂ ਸਾਹਿਤਕ ਕਿਰਤਾਂ 'ਤੇ ਆਧਾਰਤ ਨਾਟਕਾਂ ਦਾ ਵੀ ਹਿੱਸਾ ਬਣਿਆ । ਪਹਿਲੇ ਨਾਟਕ ਤੋਂ ਬਾਅਦ ਹੋਰ ਕੁਝ ਨਾਟਕਾਂ ਨੇ ਵੀ ਮੇਰੀ ਕਲਮ ਤੋਂ ਜਨਮ ਲਿਆ। ਮਸਲਨ-ਨਕਾਬਪੋਸ਼, ਹੀਰੋ ਨਹੀਂ ਆਏਗਾ, ਆਓ ਦਫਤਰ ਚੱਲੀਏ, ਜੰਗਲ ਦਾ ਰਾਜ, ਸੁਲਗਦਾ ਸ਼ਹਿਰ, ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਖੂਨੀ ਦਸਤਾਵੇਜ਼—। ਇਨ੍ਹਾਂ ਵਿੱਚੋਂ ਕੁਝ ਨਾਟਕ ਜਨ ਸਾਹਿਤ (ਭਾਸ਼ਾ ਵਿਭਾਗ, ਪੰਜਾਬ), ਜਾਗ੍ਰਤੀ (ਲੋਕ ਸੰਪਰਕ, ਪੰਜਾਬ) ਆਦਿ ਰਸਾਲਿਆਂ ਵਿਚ ਛਪਣ ਦਾ ਮਾਣ ਹਾਸਲ ਹੋਇਆ ਅਤੇ ਇੱਕ ਨਾਟ-ਸੰਗ੍ਰਹਿ 'ਹੀਰੋ ਨਹੀਂ ਆਏਗਾ' ਵੀ ਪ੍ਰਕਾਸ਼ਿਤ ਹੋਇਆ। ਇਨ੍ਹਾਂ ਨਾਟ-ਰਚਨਾਵਾਂ ਨੂੰ ਪੜ੍ਹ ਕੇ ਦੂਰੋਂ-ਨੇੜਿਓਂ ਰੰਗਕਰਮੀਆਂ ਨੇ ਇਨ੍ਹਾਂ ਇਕਾਂਗੀ ਤੇ ਨਾਟਕਾਂ ਨੂੰ ਸਟੇਜ ਪ੍ਰਦਾਨ ਕੀਤੀ। ਉਨ੍ਹਾਂ ਵਿੱਚੋਂ ਕੁਝ ਇੱਕ ਨੇ ਤਾਂ ਇਨਵੀਟੇਸ਼ਨ ਦਿੱਤੀ, ਪਰ ਕਈਆਂ ਨੇ ਤਾਂ ਨਾਟਕਕਾਰ ਤੋਂ ਪ੍ਰਵਾਨਗੀ ਲੈਣੀ ਵੀ ਗਵਾਰਾ ਨਾ ਸਮਝੀ। ਬਸ ਦੋਸਤਾਂ-ਮਿੱਤਰਾਂ ਜਾਂ ਪ੍ਰੈੱਸ ਦੇ ਮਾਧਿਅਮ ਰਾਹੀਂ ਹੀ ਪਤਾ ਲੱਗਦਾ ਰਿਹਾ। ਏਥੇ ਮੈਨੂੰ ਮਰਹੂਮ ਨਾਟਕਕਾਰ ਹਰਸ਼ਰਨ ਸਿੰਘ ਦਾ ਸੰਵਾਦ ਚੇਤੇ ਆ ਰਿਹਾ ਹੈ- ਦੇਖ ਸੁਖਮਿੰਦਰ, ਤੂੰ ਖੁਸ਼ਕਿਸਮਤ ਏਂ, ਜੋ ਤੇਰੇ ਨਾਟਕ ਇੰਜ ਵੀ ਖੇਡੇ ਜਾਂਦੇ ਨੇ। ਨਹੀਂ ਮਰਨੇ ਬਾਅਦ ਕਿਸ ਭੜੂਏ ਨੇ ਪੁੱਛਣਾ ਜੇ? ਇਹ ਗੱਲ ਉਸ ਮੇਰੇ ਨਾਲ ਉਦੋਂ ਸਾਂਝਾ ਕੀਤਾ, ਜਦੋਂ ਉਸ ਮੈਨੂੰ ਪ੍ਰੇਮ ਸਹਿਤ ਆਪਣੀ ਨਾਟਕੀ-ਕਿਤਾਬ ਉਦਾਸ ਲੋਕ ਭੇਟ ਕੀਤੀ ਸੀ।

ਲੋਕ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਜਦ ਵੀ ਮਿਲਦੇ ਤਾਂ ਮੈਨੂੰ ਕਹਿੰਦੇ, ਸੁਖਮਿੰਦਰ, ਤੈਨੂੰ ਮੇਰਾ ਕੋਈ ਵੀ ਨਾਟਕ ਖੇਡਣ ਲਈ ਆਗਿਆ ਲੈਣ ਦੀ ਜ਼ਰੂਰਤ ਨਈਂ, ਜਦ ਵੀ ਦਿਲ ਕਰੇ, ਖੇਡ ਛੱਡਿਆ ਕਰ-ਮੇਰੇ ਬੋਲਾਂ ਨੂੰ ਹੀ ਮੇਰੇ ਵੱਲੋਂ ਲਿਖੀ ਅਪਰੂਵਲ ਸਮਝੀਂ—, ਪਰ ਇਸ ਦੇ ਨਾਲ ਹੀ ਹੋਰ ਵੀ ਤਾਕੀਦ ਕਰਦੇ —- ਤੂੰ ਨਾ ਤਾਂ ਨਾਟਕ ਲਿਖਣਾ ਕਦੇ ਛੱਡੀਂ ਤੇ ਨਾ ਹੀ ਰੰਗਮੰਚ ਦਾ ਸਾਥ—। ਹੋਰ ਨਹੀਂ ਤਾਂ ਆਪਣੀ ਜਾਂ ਕਿਸੇ ਹੋਰ ਕਹਾਣੀਕਾਰ ਦੀ ਕਿਸੇ ਕਹਾਣੀ ਤੋਂ ਹੀ ਨਾਟਕ ਤਿਆਰ ਕਰ ਛੱਡਿਆ ਕਰ—। ਉਨ੍ਹਾਂ ਦੇ ਨਸੀਹਤ ਭਰੇ ਗਰਜਵੇਂ ਬੋਲ ਅੱਜ ਵੀ ਮੈਨੂੰ ਫਿਜ਼ਾ ਵਿੱਚ ਗੂੰਜਦੇ ਸੁਣਾਈ ਦਿੰਦੇ ਹਨ। ਬੇਸ਼ੱਕ ਲੇਖਕ-ਮਿੱਤਰ ਮੈਨੂੰ ਹਮੇਸ਼ਾ ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਦਾ ਰਚੇਤਾ ਵਧੇਰੇ ਮੰਨਦੇ ਹਨ ਤੇ ਗਾਹੇ-ਬੇਗਾਹੇ ਉਤਸ਼ਾਹ ਵੀ ਦਿੰਦੇ ਰਹਿੰਦੇ ਹਨ, ਪ੍ਰੰਤੂ ਇਸ ਦੇ ਬਾਵਜੂਦ ਨਾਟਕ ਤੇ ਰੰਗਮੰਚ ਮੈਥੋਂ ਕਦੇ ਵੀ ਦੂਰ ਨਹੀਂ ਰਿਹਾ। ਬਿਹਤਰ ਨਾਟਕ ਅੱਜ ਵੀ ਪੜ੍ਹਦਾ ਹਾਂ ਤੇ ਰੰਗਮੰਚ ਘਰਾਂ ਵਿੱਚ ਵੀ ਹੋ ਆਉਂਦਾ ਹਾਂ। ਸ਼ਾਇਦ ਇਸੇ ਦਾ ਸਿੱਟਾ ਹੈ ਕਿ ਅੱਜ ਵੀ ਮੈਂ ਕਦੇ-ਕਦਾਈਂ ਨਾਟਕ-ਸਿਰਜਣ ਦੀ ਕੋਸ਼ਿਸ਼ ਕਰਦਾ ਹਾਂ। ਨਾਟਕ ਤੇ ਰੰਗਮੰਚ ਮੇਰੇ ਸਾਹਵਾਂ ਵਿੱਚ ਮਹਿਕ ਬਣ ਕੇ ਘੁਲੇ ਹੋਏ ਹਨ। ਕਾਸ਼ ਇਵੇਂ ਹੀ ਨਾਟਕ ਤੇ ਰੰਗਮੰਚ ਨਾਲ ਫਕੀਰੀਆ ਦਾ ਰਿਸ਼ਤਾ ਤਾਅ ਉਮਰ ਬਣਿਆ ਰਹੇ।

*ਮੋਬਾਇਲ : 98145-07693*

# ਤੱਤੇ ਦਿਨਾਂ ਦੀ ਭਾਰ-ਮੁਕਤੀ

### ਦਵਿੰਦਰ ਮੰਡ

ਇਸ ਵਾਰ ਮੇਰੇ ਚਾਚੇ ਦੀ ਧੀ, ਕਈ ਸਾਲਾਂ ਬਾਅਦ ਰੱਖੜੀ ਲੈ ਕੇ ਆ ਪਹੁੰਚੀ। ਮੈਂ ਹੈਰਾਨ ਰਹਿ ਗਿਆ।

"ਭੈਣੇ ਇੰਨੇ ਸਾਲ ਲੰਘ ਗਏ? ਤੂੰ ਕਿੱਦਾਂ? ਤੈਨੂੰ ਮੇਰੇ ਘਰ ਬਾਰੇ ਕਿੱਥੋਂ ਪਤਾ ਲੱਗਾ?" ਦਸ ਕੁ ਸਾਲ ਤੋਂ ਪਿੰਡ ਛੱਡਿਆ ਹੋਣ ਕਾਰਨ ਮੈਂ ਦੋ ਤਿੰਨ ਸਵਾਲ ਉਹਨੂੰ ਇਕੱਠਿਆਂ ਕਰ ਦਿੱਤੇ।

"ਭਰਾਵਾ ਕੀ ਦੱਸਾਂ ਤੇਰਾ ਫ਼ੋਨ ਈ ਨਾ ਮਿਲੇ ਫੇ ਮੈਨੂੰ ਮੋਗ੍ਰੀ ਨੇ ਸਾਰਾ ਕੁਝ ਸਮਝਾ ਦਿੱਤਾ, ਮੈਂ ਆ ਪਹੁੰਚੀ ਤੇਰੇ ਕੋਲ, ਸੋਚਿਆ ਨਾਲੇ ਮਿਲ ਲਾਂ, ਨਾਲੇ ਕਈ ਉਲਾਂਭੇ ਲਾਹ ਦੇਮਾਂ ...... ।"

"ਉਲਾਂਭੇ ਕਾਹਦੇ ਭੈਣੇ? ਮੈਂ ਥੋੜ੍ਹਾ ਹੈਰਾਨੀ ਨਾਲ ਪੁੱਛਿਆ।

"ਵੀਰਾ ਥੋੜ੍ਹੇ ਉਲਾਂਭੇ ਕਿਤੇ ..... ਤੂੰ ਉਦੋਂ ਦਾ ਭੁੱਲਿਆ ਥੋੜ੍ਹਾ ਹੋਣੈ ...... ਮੇਰਾ ਭਰਾ ਮਾਨ ਨਾਲ ਆਇਆ ਤੇ ਮੈਂ ਮਿਲੀ ਵੀ ਨਾ ...... ਤੂੰ ਕੀ ਸੋਚਦਾ ਹੋਵੇਂਗਾ, ਤੇਰੇ ਮਿੱਤਰ ਕੀ ਸੋਚਦੇ ਹੋਣਗੇ, ਮੇਰੇ ਤਾਂ ਅੰਦਰ ਇੰਨੇ ਸਾਲਾਂ ਤੋਂ ਬਲ਼-ਬਲ਼ ਜਾਂਦੀਆਂ।" ਭੈਣ ਕੋਈ ਪਿਛਲਾ ਇਤਿਹਾਸ ਲੈ ਕੇ ਬਹਿ ਗਈ।

"ਕਦੋਂ ਦੀਆਂ? ਕੀ ਹੋਇਆ?" ਮੈਂ ਭੈਣ ਦੀ ਗੱਲ ਸੁਣ ਹੈਰਾਨ ਹੋ ਗਿਆ।

"ਲੈ ਦੱਸ ਤੈਨੂੰ ਨੀ ਚੇਤਾ ......? ਮੇਰੇ ਅੰਦਰ ਤਾਂ ਖੌਰੂ ਪਾਉਂਦੈ ਉਹ ਸਮਾਂ ...... ਕੇਹੜੀ ਬੇਲੀ ਮੈਂ ਘਰ ਛੱਡ ਕੇ ਚਲੇ ਗਈ ਭੂਆ ਘਰ, ਲੱਖ ਲਾਹਣਤ ਮੇਰੇ ......।" ਨਾਲ ਹੀ ਭੈਣ ਦੀਆਂ ਅੱਖਾਂ ਵਿਚੋਂ ਅੱਥਰੂ ਸਿੰਮ ਆਏ।

ਹੁਣ ਮੈਨੂੰ ਕਈ ਕੁਝ ਯਾਦ ਆ ਗਿਆ। ਮੈਂ ਅੰਦਰੋਂ-ਅੰਦਰੀਂ ਹੱਸ ਪਿਆ।

"ਭੈਣੇ ਤੂੰ ਆਹ ਘਟਨਾ ਉਦੋਂ ਦੀ ਨਾਲ ਲਈ ਫਿਰਦੀ ...... ਲੈ ਦੱਸ ...... ਮੈਨੂੰ ਤਾਂ ਚਿੱਤ ਚੇਤੇ ਨੀ .....। ਭੈਣ ਚੁੰਨੀ ਨਾਲ ਮੂੰਹ ਪੂੰਝਣ ਲੱਗੀ ਤੇ ਨਾਲ ਹੀ ਮੇਰੀ ਪਤਨੀ ਨਾਲ ਗੱਲੀਂ ਲੱਗ ਗਈ। ਮੈਨੂੰ ਸਾਰਾ ਕੁਝ ਯਾਦ ਆ ਗਿਆ।

ਇਹ 1990-91 ਦੀ ਘਟਨਾ ਹੈ। ਮੈਂ ਐਮ. ਫਿਲ. ਦਾ ਵਿਦਿਆਰਥੀ ਸਾਂ। ਕਹਾਣੀ ਲਿਖਣ ਦਾ ਸ਼ੌਕ ਪੈ ਚੁੱਕਾ ਸੀ।

ਉਨਾਂ ਦਿਨਾਂ 'ਚ ਮੈਂ ਅੰਮ੍ਰਿਤਾ ਪ੍ਰੀਤਮ ਦੇ ਪਰਚੇ 'ਨਾਗਮਣੀ' 'ਚ ਨਿਰੰਤਰ ਛੱਪ ਰਿਹਾ ਸਾਂ। ਤਲਵਾੜੇ ਕਹਾਣੀ ਦਰਬਾਰ ਰੱਖਿਆ ਗਿਆ ਸੀ। ਇਸ ਕਹਾਣੀ ਦਰਬਾਰ ਦੇ ਕਰਤਾ-ਧਰਤਾ ਕਹਾਣੀਕਾਰ ਪ੍ਰੇਮ ਗੋਰਖੀ ਸੀ। 'ਦੀਵਾ ਬਲੇ ਸਾਰੀ ਰਾਤ' ਸਿਰਲੇਖ ਅਧੀਨ ਇਹ ਕਹਾਣੀ ਗੋਸ਼ਟੀ ਸ੍ਰੀਮਾਨ ਹੇਅਰ ਦੇ ਘਰ ਹੋ ਰਹੀ ਸੀ। ਮੈਂ, ਕਹਾਣੀਕਾਰ ਪ੍ਰੇਮ ਗੋਰਖੀ, ਦੇਸ ਰਾਜ ਕਾਲੀ ਤੇ ਪਰਵਾਸੀ ਗ਼ਜ਼ਲਗੋ ਸੁਰਿੰਦਰ ਸੋਹਲ ਉਸ ਗੋਸ਼ਟੀ ਵਿਚ ਸ਼ਾਮਲ ਹੋਣ ਗਏ ਸਾਂ। ਪੰਜਾਬ ਦੇ ਹਾਲਾਤ ਕਾਫੀ ਖ਼ਰਾਬ ਸਨ। ਸ਼ਾਮਾਂ ਪੈਂਦਿਆਂ ਹੀ ਲੋਕ ਆਪਣੇ ਘਰਾਂ ਵਿਚ ਜਾ ਵੜਦੇ ਸਨ। ਬੱਸਾਂ ਗੱਡੀਆਂ ਵੀ ਘੱਟ ਹੀ ਚੱਲਦੀਆਂ ਸਨ। ਕਹਾਣੀ ਗੋਸ਼ਟੀ ਤੋਂ ਬਾਅਦ ਅਸੀਂ ਤਲਵਾੜੇ ਦੇਖਣਯੋਗ ਸਥਾਨ ਦੇਖਣ ਚਲੇ ਗਏ। ਕਿਸ਼ਤੀਆਂ ਝੂਟਦੇ ਰਹੇ। ਸ਼ਾਮ ਨੂੰ ਜਲੰਧਰ ਲਈ ਤੁਰ ਪਏ। ਦਸੂਹੇ ਤੱਕ ਅਸੀਂ ਇਕ ਬੱਸ 'ਚ ਬਹਿ ਪਹੁੰਚ ਗਏ। ਫਿਰ ਇਕ ਹੋਰ ਬੱਸ ਰਾਹੀਂ ਅਸੀਂ ਟਾਂਡੇ ਆ ਪਹੁੰਚੇ। "ਹੁਣ ਤਾਂ ਭਾਈ ਜਲੰਧਰ ਨੂੰ ਜਾਣ ਵਾਲੀ ਕੋਈ ਬੱਸ ਨਹੀਂ" ਬੱਸ ਅੱਡੇ ਤੋਂ ਪਤਾ ਲੱਗਣ 'ਤੇ ਅਸੀਂ ਘਬਰਾ ਗਏ।

'ਦਸ ਕੁ ਵਜੇ ਪਠਾਨਕੋਟ ਤੋਂ ਗੱਡੀ ਆਉਂਦੀ ਜਲੰਧਰ ਜਾਣੀ...... ਔਹ ਦੇਖ ਲਓ?" ਜਦੋਂ ਸਾਨੂੰ ਕਿਸੇ ਨੇ ਇਹ ਕਿਹਾ ਤਾਂ ਅਸੀਂ ਤੁਰੰਤ ਰੇਲਵੇ ਸਟੇਸ਼ਨ ਵਲ ਨੂੰ ਹੋ ਤੁਰੇ। ਸਟੇਸ਼ਨ ਪਹੁੰਚ ਕੇ ਸਾਨੂੰ ਥੋੜ੍ਹਾ ਸਮਾਂ ਹੀ ਗੱਡੀ ਦਾ ਇੰਤਜ਼ਾਰ ਕਰਨਾ ਪਿਆ। ਪਰ ਇਹ ਕੀ? ਗੱਡੀ ਆਈ ਥੋੜ੍ਹਾ ਚਿਰ ਰੁਕੀ। ਪੂਰੀ ਤਰ੍ਹਾਂ ਭਰੀ ਪਈ। ਕਿਸੇ ਨੇ ਸਾਨੂੰ ਅੰਦਰ ਹੀ ਨਾ ਵੜਨ ਦਿੱਤਾ। ਗੱਡੀ ਚੱਲ ਪਈ। ਪ੍ਰੇਸ਼ਾਨ ਹੋਏ ਜਲੰਧਰ ਮੰਜ਼ਿਲ ਲਈ ਇਧਰ ਉਧਰ ਬਾਰੇ ਸੋਚਣ ਲੱਗੇ।

"ਹੁਣ ਤਾਂ ਗਿਆਰਾਂ ਦਾ ਸਮਾਂ ਹੋ ਗਿਆ। ਨੇੜੇ ਤੇੜੇ ਕੋਈ ਰਿਸ਼ਤੇਦਾਰ ਨਹੀਂ, ਕੀ ਕੀਤਾ ਜਾਏ?" ਸੁਰਿੰਦਰ ਸੋਹਲ ਜੱਟ ਜ਼ਿਆਦਾ ਘਬਰਾ ਗਿਆ ਸੀ।

"ਚਲੋ ਕਬਰਸਤਾਨ 'ਚ ਕਿਸੇ ਮੁਰਦੇ ਦੀ ਅੱਗ ਸੇਕਦੇ ਸਮਾਂ ਗੁਜਾਰਦੇ ਆਂ ......?" ਠੰਡ ਬਹੁਤ ਹੋਣ ਕਰਕੇ ਹੰਢਿਆ ਵਰਤਿਆ ਕਹਾਣੀਕਾਰ ਪ੍ਰੇਮ ਗੋਰਖੀ ਕਹਿਣ ਲੱਗਾ।

'ਕਬਰਸਤਾਨ' ਦਾ ਨਾਂ ਸੁਣ ਅਸੀਂ ਉਂਝ ਹੀ ਘਬਰਾ ਗਏ। ਅਸੀਂ ਆਪਣੀਆਂ ਸੋਚਾਂ ਦੇ ਘੋੜੇ ਦੜਾਉਂਣ ਲੱਗੇ। ਨਾ ਕੋਈ ਸੁਨੇਹਾ ਦੇਣ ਦਾ ਜਰੀਆ। ਨਾ ਕੋਈ ਫ਼ੋਨ .. ਉੱਪਰੋਂ ਠੰਡ ਵੀ ਲੋਹੜੇ ਦੀ। ਆਖਰ ਮੈਨੂੰ ਚਾਚੇ ਦੀ ਕੁੜੀ ਕਲਾਸ਼ੋ ਦਾ ਚੇਤਾ ਆਇਆ। ਉਹ ਟਾਂਡੇ ਲਾਗੇ ਦੇ ਇਕ ਛੋਟੇ ਜਿਹੇ ਪਿੰਡ ਰਸੂਲਪੁਰ ਵਿਖੇ ਵਿਆਹੀ ਹੋਈ ਸੀ। ਅਸੀਂ ਆਲੇ ਦੁਆਲੇ ਤੋਂ ਪਿੰਡ ਰਸੂਲਪੁਰ ਬਾਰੇ ਪੁੱਛਣ ਲੱਗੇ।

'ਆਹ ਤਾਂ ਇਕ ਕਿਲੋਮੀਟਰ ਤੇ ਪਿੰਡ ਨੇੜੇ ਈ ਆ ਕਾਲਜ ਲੰਘ ਕੇ ...... ਇਕ ਦੋ ਆਦਮੀਆਂ ਨੇ ਪਿੰਡ ਦੱਸ ਕੇ ਸਾਡੀ ਤਸੱਲੀ ਕਰਾ ਦਿੱਤੀ। ਅਸੀਂ ਚਾਰੇ ਉਸ ਪਿੰਡ ਵੱਲ ਨੂੰ ਹੋ ਤੁਰੇ। ਆਲੇ-ਦੁਆਲੇ ਬਿਲਕੁਲ ਸ਼ਾਂਤੀ। ਲੋਕ ਆਪਣੇ ਘਰਾਂ 'ਚ ਰਜ਼ਾਈਆਂ 'ਚ ਵੜ ਚੁੱਕੇ ਸਨ। ਪੰਜਾਬ ਸੰਕਟ 'ਚ ਘਿਰਿਆ ਹਰ ਜ਼ਿੰਮੇਵਾਰ ਪੰਜਾਬੀ ਨਾਗਰਿਕ ਦੁਖਾਂਤ ਭੋਗ ਰਿਹਾ ਸੀ। ਅਸੀਂ ਚਾਰੇ ਅੰਦਰੋਂ ਡਰੇ ਪਰ ਉੱਪਰੋਂ ਹੱਸਦੇ ਹੱਸਦੇ ਪਿੰਡ ਰਸੂਲਪੁਰ ਪਹੁੰਚ ਗਏ। ਆਲੇ ਦੁਆਲੇ ਨਾ ਕੋਈ ਬੰਦਾ ਨਾ ਪਰਿੰਦਾ। ਆਖਰ ਇੱਕ ਝੁੱਗੀ 'ਚ ਪਿਆ ਬਜ਼ੁਰਗ ਖੰਘਿਆ।

"ਬਾਬਾ ਜੀ ਅਸੀਂ ਫਲਾਣੇ ਦੇ ਘਰ ਜਾਣੈ... ਉਹ ਸਕੂਟਰ ਵਗੈਰਾ ਬਣਾਉਂਦੈ... ।"

"ਆਹ ਈ ਆ ਘਰ।" ਕੁਦਰਤੀ ਅਸੀਂ ਘਰ ਦੇ ਨੇੜੇ ਈ ਖੜ੍ਹੇ ਸਾਂ।

ਅਸੀਂ ਅੱਗੇ ਹੋ ਦਰਵਾਜ਼ਾ ਖੜਕਾਇਆ। ਅੰਦਰੋਂ ਕੋਈ ਨਾ ਕੁਸਕਿਆ। ਫਿਰ ਖੜਕਾਇਆ। ਫਿਰ ਸ਼ਾਂਤੀ। ਫਿਰ ਮੈਂ ਦਰਵਾਜੇ ਦੀਆਂ ਝੀਥਾਂ ਥਾਂਣੀ ਆਪਣੇ ਬਾਰੇ ਦੱਸਣ ਲੱਗਾ।

"ਭੈਣੇਂ ਮੈਂ ਮੰਡਾਂ ਤੋਂ ਕਲਾਸ਼ੋ ਦਾ ਛੋਟਾ ਭਰਾ.. ਤਾਏ ਦਾ ਮੁੰਡਾ ...... ।" ਮੇਰੀ ਗੱਲ ਕੋਈ ਨਹੀਂ ਸੀ ਸੁਣ ਰਿਹਾ। ਮੈਂ ਫਿਰ ਜ਼ੋਰ ਦੀ ਦਰਵਾਜਾ ਖੜਕਾਇਆ। ਸ਼ਾਇਦ ਅੰਦਰ ਹਿਲਜੁਲ ਹੋਈ। ਫਿਰ ਪਤਾ ਨਹੀਂ ਅੰਦਰੋਂ ਕਿਵੇਂ ਇੱਕ ਜਣਾ ਹੌਸਲਾ ਕਰ ਕੇ ਦਰਵਾਜੇ ਨੇੜੇ ਆ ਖੜਾ ਹੋਇਆ।

"ਭਾਅ ਜੀ ਗੱਲਾਂ ਤਾਂ ਤੁਸੀਂ ਸਹੀ ਕਰ ਰਹੇ ਹੋ ਪਰ ਤੁਹਾਡੀ ਭੈਣ ਪਰਿਵਾਰ ਸਮੇਤ ਭੂਆ ਦੇ ਘਰ ਗਈ ਆ ...।" ਅੰਦਰੋਂ ਬੂਹਾ ਅਜੇ ਵੀ ਨਹੀਂ ਸੀ ਖੁੱਲ੍ਹਿਆ।

"ਤੁਸੀਂ ਦਰਵਾਜਾ ਤਾਂ ਖੋਲ੍ਹੋ ... ਅਸੀਂ ਕੋਈ ਚੋਰ ਡਾਕੂ ਆਂ?" ਪ੍ਰੇਮ ਗੋਰਖੀ ਨੇ ਜ਼ੋਰ ਪਾਇਆ।

ਆਖਰ ਦਰਵਾਜਾ ਖੁੱਲ੍ਹਿਆ। ਭੈਣ ਦਾ ਜੇਠ ਡਰਿਆ ਇਕ ਪਾਸੇ ਹੱਥ ਜੋੜ ਖੜ੍ਹਾ ਸੀ। ਅਸੀਂ ਆਪਣੀ ਸਾਰੀ ਕਹਾਣੀ ਉਹਨੂੰ ਦੱਸੀ। ਪਤਾ ਨਹੀਂ ਉਹਨੂੰ ਸਮਝ ਆਈ ਜਾਂ ਨਹੀਂ।

"ਵੀਰ ਜੀ ਉਨ੍ਹਾਂ ਦੇ ਕਮਰੇ ਨੂੰ ਤਾਂ ਜਿੰਦਾ ਲੱਗਿਆ ਪਿਆ ... ਚਾਬੀ ਉਹ ਨਾਲ ਹੀ ਲੈ ਗਏ।" ਭੈਣ ਦਾ ਜੇਠ ਹੁਣ ਬੁਰੀ ਤਰ੍ਹਾਂ ਘਬਰਾ ਗਿਆ ਸੀ।

"ਕੋਈ ਨਾ ਦਰਵਾਜੇ ਦਾ ਜਿੰਦਰਾ ਤੋੜ ਲੈਂਦੇ ਆਂ?" ਮੈਂ ਆਪਣੀ ਹੁੰਦੀ ਬੇਜ਼ਤੀ ਕਰਕੇ ਕਹਿ ਦਿੱਤਾ। ਅਸਲ ਵਿੱਚ ਉਹ ਬਹੁਤ ਗੁਰਬਤ ਦਾ ਮਾਰਿਆ ਪਰਿਵਾਰ ਸੀ। ਇਕ ਇਕ ਕਮਰਾ ਹੀ ਭਰਾਵਾਂ ਦੇ ਹਿੱਸੇ ਆਇਆ ਸੀ।

ਜਦੋਂ ਜਿੰਦਰਾ ਤੋੜ ਦੇਣ ਦੀ ਗੱਲ ਆਖੀ ਤਾਂ ਭੈਣ ਦਾ ਜੇਠ ਹੋਰ ਡਰ ਗਿਆ।

"ਜੀ ਹਾਂ ਆਹੋ।" ਉਹ ਕਰਦਾ ਅੰਦਰੋਂ ਹਥੌੜਾ ਲੈਣ ਚਲਾ ਗਿਆ।

"ਤੁਹਾਡੀ ਮਰਜੀ।" ਉਹ ਹਥੌੜਾ ਲਿਆ ਜਿੰਦਰੇ ਉੱਪਰ ਮਾਰਨ ਲੱਗਾ। ਮੈਂ ਮਹਿਸੂਸ ਕੀਤਾ ਉਹਦੇ ਅੰਦਰਲੇ ਡਰ ਕਰਕੇ ਹਥੌੜਾ ਜਿੰਦਰੇ ਉੱਪਰ ਨਹੀਂ ਸੀ ਵੱਜ ਰਿਹਾ। ਆਖਰ ਕਾਲੀ ਨੇ ਹਥੌੜਾ ਫੜ ਦੋ ਤਕੜੇ ਝਟਕੇ ਮਾਰੇ ਜਿੰਦਰਾ ਟੁੱਟ ਕੇ ਔਹ ਗਿਆ। ਅਸੀਂ ਕੜਕਦੀ ਸਰਦੀ 'ਚ ਅੰਦਰ ਜਾ ਵੜੇ। ਰਜਾਈਆਂ ਚੁੱਕ ਉੱਪਰ ਲੈ ਲਈਆਂ। ਬਾਹਰੋਂ ਭੈਣ ਦਾ ਜੇਠ ਡਰਿਆ ਹੀ ਰੋਟੀ ਚਾਹ ਪੁੱਛਣ ਲੱਗਾ। ਅਸੀਂ ਭੁੱਖੇ ਹੋਣ ਦੇ ਬਾਵਜੂਦ ਨਾਂਹ ਕਰ ਦਿੱਤੀ।

ਸਾਨੂੰ ਸੁੱਤਿਆਂ ਅਜੇ ਘੰਟਾ ਦੋ ਘੰਟੇ ਈ ਹੋਏ ਹੋਣਗੇ ਕਿ ਬਾਹਰ ਗੋਲੀਆਂ ਚੱਲਣ ਲੱਗੀਆਂ। ਪਤਾ ਨਹੀਂ ਉਹ ਸੱਚੀਆਂ ਸਨ ਜਾਂ ਝੂਠੀਆਂ। ਅਸੀਂ ਵੀ ਡਰ ਗਏ। ਭੈਣ ਦੇ ਸੰਬੰਧੀ ਖਬਰੇ ਸੁੱਤੇ ਹੋਣਗੇ ਜਾਂ ਨਹੀਂ। ਪਤਾ ਨਹੀਂ ਉਹਨੇ ਰਾਤ ਕਿੰਝ ਕੱਢੀ ਹੋਵੇਗੀ। ਸਵਖ਼ਤੇ ਹੀ ਉਹ ਪਤਾ ਨਹੀਂ ਕਿਵੇਂ ਹੌਸਲਾ ਕਰਕੇ ਚਾਹ ਬਣਾ ਲਿਆਇਆ। ਫਿਰ ਉਹ ਰੋਟੀ ਦਾ ਵੀ ਪੁੱਛਣ ਲੱਗਾ। ਅਸੀਂ ਸਾਫ਼ ਨਾਂਹ ਕਰ ਦਿੱਤੀ।

"ਭਾਅ ਜੀ ਇੰਨਾ ਥੋੜ੍ਹਾ ਸਾਨੂੰ ਸਿਰ ਲਕੋਣ ਲਈ ਆਸਰਾ ਦੇਤਾ...।" ਗੋਰਖੀ ਨੇ ਬੜੇ ਪਿਆਰ ਨਾਲ ਕਿਹਾ।

ਫਿਰ ਅਸੀਂ ਜਲੰਧਰ ਨੂੰ ਤੁਰ ਪਏ। ਉਸ ਤੋਂ ਬਾਅਦ ਕਲਾਸ਼ੋ ਭੈਣ ਨੂੰ ਸਾਰਾ ਕੁਝ ਪਤਾ ਲੱਗ ਗਿਆ। ਉਹਨੂੰ ਬਹੁਤ ਪਛਤਾਵਾ ਹੋਇਆ। ਬੇਸ਼ੱਕ ਭੈਣ ਕਿਸੇ ਰਿਸ਼ਤੇਦਾਰ ਦੇ ਵਿਆਹ 'ਤੇ ਜਾਂ ਕਿਸੇ ਮਰਗ 'ਤੇ ਮਿਲਦੀ ਵੀ ਰਹੀ ਸੀ ਪਰ ਉਸਦੇ ਅੰਦਰ ਕਿਸੇ ਪਛਤਾਵੇਂ ਦੀ ਕਸਕ ਬੈਠੀ ਹੋਈ ਨਜ਼ਰ ਆਉਂਦੀ ਸੀ। ਉਹ ਨੇ ਆਪਣੇ ਜੇਠ ਨਾਲ ਬੋਲਣਾ ਬੰਦ ਕਰ ਦਿੱਤਾ ਸੀ।

ਹੁਣ ਜਦੋਂ ਮੈਨੂੰ ਭੈਣ ਦੇ ਉਲਾਂਭੇ ਦਾ ਪਤਾ ਲੱਗਾ ਤਾਂ ਭੈਣ ਪਤਨੀ ਦੀਆਂ ਗੱਲਾਂ ਵਲੋਂ ਹੱਟ ਕੇ ਮੇਰੇ ਕੋਲ ਆ ਗਈ। ਮੇਰੇ ਗੁੱਟ 'ਤੇ ਰੱਖੜੀ ਬੰਨ੍ਹਦੀ ਹੋਈ ਕਹਿਣ ਲੱਗੀ,

"ਕੁੜੀਆਂ ਦੋਵੇਂ ਵਿਆਹ ਦਿੱਤੀਆਂ। ਮੁੰਡਾ ਬਾਹਰ ਚਲਾ ਗਿਆ। ਉਹਨੇ ਪੈਸੇ ਭੇਜੇ ਸਨ। ਮੈਂ ਕਿਹਾ ਭਰਾ ਦਾ ਉਲਾਂਭਾ ਲਾਹ ਆਵਾਂ ...।" ਮੈਨੂੰ ਤਾਂ ਇਹ ਘਟਨਾ ਭੁੱਲ ਚੁੱਕੀ ਸੀ। ਮੈਂ ਕਾਲਜ ਦਾ ਅਧਿਆਪਕ, ਚੰਗੀ ਤਨਖ਼ਾਹ ਲੈਣ ਵਾਲਾ, ਸ਼ਹਿਰ ਵਿਚ ਚੰਗੀ ਜਗ੍ਹਾ 'ਤੇ ਘਰ, ਪਤਨੀ ਨੂੰ ਸੂਟ ਤੇ ਪੈਸੇ ਲੈ ਕੇ ਆਉਂਣ ਲਈ ਕਹਿਣ ਲੱਗਾ। ਮੇਰੀਆਂ ਗੱਲਾਂ ਭੈਣ ਕਲਾਸ਼ੋ ਬਿਲਕੁੱਲ ਨਹੀਂ ਸੀ ਸੁਣ ਰਹੀ। ਉਹਨੇ ਤੁਰੰਤ ਸੌ ਰੁਪਈਆ ਮੇਰੀ ਜ਼ੇਬ 'ਚ ਪਾ ਦਿੱਤਾ।

"ਭੈਣੇ ਇਹ ਨਹੀਂ... ਕੁੜੀਆਂ ਨੂੰ ਤਾਂ ਦੇਈਦਾ ਆ ...।" ਮੈਂ ਨਾਂਹ ਕਰ ਰਿਹਾ ਸਾਂ।

"ਭਰਾਵਾ ਭੈਣਾਂ ਦੇ ਘਰੋਂ ਵੀਰ ਭੁੱਖਾ ਆ ਜਾਵੇ ... ਲੱਖ ਲਾਹਣਤ ਸਾਡੇ ... ਹਾਏ ...। ਲੱਖ ਲਾਹਣਤ ਸਾਡੇ ... ਹਾਏ।"

ਨਾ ਚਾਹੁੰਦਿਆਂ ਹੋਇਆਂ ਵੀ ਮੇਰੀਆਂ ਅੱਖਾਂ ਵਿਚੋਂ ਅੱਥਰੂ ਸਿਮ ਆਏ।

**Mob. 99145-65255**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

19-Jan-Sunday.qxd 1/18/2025 11:24 PM Page 4



## ਫਤਵਿਆਂ ਦੇ ਦੌਰ ਵਿੱਚ

(ਗ਼ਜ਼ਲ ਸੰਗ੍ਰਹਿ)
**ਅਜੈ ਤਨਵੀਰ**
**ਸਫੇ : 84, ਮੁੱਲ : 150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

# ਪਾਠਕੀ ਮਨ ਦੀ ਖੜੋਤ ਨੂੰ ਤੋੜਨ ਦੀ ਸਮਰੱਥਾ ਰੱਖਦੀ ਸ਼ਾਇਰੀ

## ਚਰਚਾ ਇਕ ਪੁਸਤਕ ਦੀ

**ਗੁਰਦੀਪ ਸਿੰਘ**






ਗੁਰਪ੍ਰੀਤ ਨੇ ਦੇਵਨੀਤ ਨੂੰ ਪੁੱਛਿਆ, ਪੰਜਾਬੀ ਕਵਿਤਾ ਬਾਰੇ ਤੇਰਾ ਕੀ ਵਿਚਾਰ ਐ? ਦੇਵਨੀਤ ਕਹਿੰਦਾ, ਪੰਜਾਬੀ ਕਵਿਤਾ ਛੋਲਿਆਂ ਦਾ ਟਾਂਗਰ ਹੈ, ਜਿਸ ਵਿੱਚ ਕੋਈ ਕੋਈ ਦਮ-ਖਮ ਵਾਲੀ ਟਾਟ ਲੱਗੀ ਹੁੰਦੀ ਹੈ। ਆਲੋਚਕਾਂ ਨੇ ਟਾਂਗਰ ਟਾਟਾਂ ਛਾਂਟਣ ਦਾ ਕੰਮ ਕਰਨਾ ਹੁੰਦਾ ਹੈ, ਜਿਸ ਬਾਰੇ ਉਹ ਬਿਲਕੁਲ ਵੀ ਸੁਚੇਤ ਨਹੀਂ। ਦੇਵਨੀਤ ਦੀ ਭਾਸ਼ਾ ਵਿੱਚ ਕਹਿਣਾ ਹੋਵੇ ਤਾਂ ਫਤਵਿਆਂ ਦੇ ਦੌਰ ਵਿੱਚ ਪੁਸਤਕ ਦਮ-ਖਮ ਵਾਲੀ ਪੁਸਤਕ ਹੈ।

ਪੰਜਾਬੀ ਸਿਰਜਣਾ ਸਾਹਮਣੇ ਇਸ ਸਮੇਂ ਵੱਡੀਆਂ ਚੁਣੌਤੀਆਂ ਹਨ। ਇਹ ਗੱਲ ਬੇਹੱਦ ਉਦਾਸ ਕਰਨ ਵਾਲੀ ਹੈ ਪਰ ਇਹ ਏਨਾ ਉਦਾਸ ਹੋਣ ਦਾ ਮਸਲਾ ਵੀ ਨਹੀਂ ਕਿਉਂਕਿ ਭਾਰਤੀ ਕਵਿਤਾ/ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਸਿਰਜਣਾ ਸਾਹਮਣੇ ਇਹੀ ਸੁਆਲ ਦਰਪੇਸ਼ ਹੈ। ਫਿਕਰ ਦੀ ਗੱਲ ਹੈ ਕਿ ਪੰਜਾਬੀ ਦੀ ਜ਼ਿਆਦਾ ਕਵਿਤਾ ਦਾ ਸੁਭਾਅ ਇਸ ਸਮੇਂ ਸਿਆਸੀ ਅਤੇ ਸੰਵਾਦੀ ਨਹੀਂ ਰਿਹਾ। ਜਿਸ ਕਵਿਤਾ ਨੇ ਸਿਆਸੀ ਹੋਣਾ ਸੀ, ਮਸਲਿਆਂ ਦੀ ਪਛਾਣ ਦੀ ਸ਼ਨਾਖਤ ਕਰਨੀ ਸੀ, ਉਹ ਡਾ. ਯੋਗਰਾਜ ਅਨੁਸਾਰ 'ਖਿਝ ਦੀ ਕਵਿਤਾ' ਵਿੱਚ ਤਬਦੀਲ ਹੋ ਗਈ ਹੈ। ਖਿਝ ਨੂੰ ਸਾਹਿਤ ਵਿੱਚ ਰੂਪਾਂਤਰਨ ਕਰਨ ਵਾਲੇ ਪੰਜਾਬੀ ਕੋਲ ਗਿਣਵੇਂ ਸ਼ਾਇਰ ਹਨ। ਉਹ ਜਾਣਦੇ ਹਨ ਕਿ ਸਿਆਸੀ, ਸੰਵਾਦੀ ਅਤੇ ਖਿਝ ਵਿੱਚ ਵਖਰੇਵਾਂ ਹੈ। ਬਾਕੀ ਦੇ ਸ਼ਾਇਰ ਇਸ ਗੱਲ ਦੇ ਟ੍ਰੈਪ ਵਿੱਚ ਫਸ ਗਏ ਹਨ, ਉਸ ਦਾ ਕਾਰਨ ਮੰਡੀ ਨੇ ਸਿਰਜਕਾਂ ਅੰਦਰ ਪਾਪੂਲਰ ਹੋਣ ਦੀ ਇੱਛਾ ਜਗਾ ਦਿੱਤੀ ਹੈ। ਉਹ ਆਪਣੀ ਸਪੇਸ ਸਥਿਰ ਰੱਖਣ ਲਈ/ਨਵੇਂ ਪਾਠਕ ਉੱਤੇ ਪ੍ਰਭਾਵ ਪਾਉਣ ਲਈ ਧੜਾਧੜ ਲਿਖ ਰਹੇ ਹਨ। ਸਿਆਣੇ ਪਾਠਕ ਨੇ ਇਸ ਤਰ੍ਹਾਂ ਦੀ ਅਡਿਕਟ ਸਿਰਜਣਾ ਨੂੰ ਪੜ੍ਹਨਾ/ਸਮਝਣਾ/ਵਿਚਾਰਨਾ ਲੱਗਭੱਗ ਛੱਡ ਦਿੱਤਾ ਹੈ। ਹੋਰ ਵੀ ਗੰਭੀਰ ਸੁਆਲ ਕਿ ਮੰਡੀ ਦੀ ਇਸ ਸਿਆਸਤ ਨੇ ਸਿਰਜਣਾ ਦੀ ਥਾਂ ਸਿਰਜਕ ਦੀ ਪਛਾਣ ਕਰਵਾ ਦਿੱਤੀ ਹੈ। ਡੈੱਥ ਆਫ ਦੀ ਆਥਰ ਨੂੰ ਮੰਡੀ ਦੇ ਗਲੈਮਰ ਨੇ ਡੈੱਥ ਆਫ ਦੀ ਕਰੇਟਿਵ ਰਾਈਟਿੰਗ ਵਿੱਚ ਬਦਲ ਦਿੱਤਾ ਹੈ। ਅਜਿਹੇ ਸਮੇਂ ਅਜੈ ਤਨਵੀਰ ਦੀ ਪੁਸਤਕ ਦਾ ਆਉਣਾ ਸ਼ੁੱਭ ਸ਼ਗਨ ਹੈ। ਉਸ ਦਾ ਕਾਰਨ ਕਿ ਉਹ ਸਿਆਸੀ ਅਤੇ ਸੰਵਾਦੀ ਹੈ, ਖਿਝ ਨੂੰ ਰੂਪਾਂਤਰਨ ਕਰਨ ਜਾਣਦਾ ਹੈ ਅਤੇ ਆਪਣੇ-ਆਪ ਨੂੰ ਸੰਪਾਦਿਤ ਕਰਨਾ ਜਾਣਦਾ ਹੈ। ਪਾਠਕ ਹੋਣ ਦੀ ਸਥਿਤੀ ਵਿੱਚ ਮੇਰੀ ਰਾਇ ਹੈ ਕਿ ਪਾਠਕ ਉਸ ਲਿਖਤ ਨੂੰ ਪੜ੍ਹਦਾ ਹੈ, ਜਿਹੜੀ ਉਸ ਦੇ ਹਾਣ ਦੀ ਗੱਲ ਕਰ ਰਹੀ ਹੈ ਜਾਂ ਉਸ ਤੋਂ ਅਗਾਂਹ ਉਸ ਨੂੰ ਸੋਚਣ/ਸਮਝਣ ਲਈ ਮਜਬੂਰ ਕਰ ਰਹੀ ਹੈ। ਅਜੈ ਤਨਵੀਰ ਪੰਜਾਬੀ ਦੇ ਸਿਆਣੇ ਪਾਠਕ ਦੇ ਹਾਣ ਦਾ ਹੈ, ਬਹੁਤ ਥਾਵਾਂ 'ਤੇ ਉਹ ਸਮਝਣ/ਸਮਝਾਉਣ ਦੀ ਦ੍ਰਿਸ਼ਟੀ ਵੀ ਦਿੰਦਾ ਹੈ।

ਅਜੈ ਤਨਵੀਰ ਦਾ ਇਸ ਪੁਸਤਕ ਦਾ ਨਾਂਅ ਫਤਵਿਆਂ ਦੇ ਦੌਰ ਵਿੱਚ ਰੱਖਣਾ ਹੀ ਆਪਣੇ ਆਪ ਵਿੱਚ ਪਾਠਕ ਦੇ ਸੌਫਟ ਜ਼ੋਨ ਨੂੰ ਤੋੜਨਾ ਹੈ। ਉਹ ਸੰਬੋਧਨ ਹੁਕਮਰਾਨ ਨੂੰ ਹੈ, ਗੱਲ ਆਪਣੀ ਮਿੱਟੀ ਦੀ ਕਰ ਰਿਹਾ ਹੈ, ਸਲਾਹ/ਸੰਕੇਤ ਇੱਥੋਂ ਦੀ ਲੁਕਾਈ ਨੂੰ ਦੇ ਰਿਹਾ ਹੈ। ਇੱਕੋ ਸਮੇਂ ਤਿੰਨੋਂ ਕੰਮ ਕਰ ਰਿਹਾ ਹੈ। ਇੱਥੇ ਸੁਖਪਾਲ ਦੀ ਗੱਲ ਯਾਦ ਆ ਰਹੀ ਹੈ, ਉਸ ਦਾ ਆਖਣੈ ਕਿ ਸ਼ਬਦ ਅਤੇ ਚੁੱਪ ਰਲ ਕੇ ਕਵਿਤਾ ਬਣਦੇ ਨੇ। ਉਹ ਲਿਖਦੈ ਕਿ ਇਕ ਮੁਲਾਕਾਤ ਵਿੱਚ ਮੈਂ ਸਮੀਖਿਆਕਾਰ ਗੁਰਬਚਨ ਹੁਰਾਂ ਨੂੰ ਆਖਿਆ: ਮੈਂ ਹੌਲੀ-ਹੌਲੀ ਅਹਿਸਾਸ ਕਰ ਰਿਹਾ ਹਾਂ ਕਿ ਚੀਜ਼ਾਂ ਦੁਆਲੇ ਪਸਰੀ ਸਪੇਸ ਦੀ-ਚੀਜ਼ਾਂ ਨੂੰ ਉਘਾੜਨ ਵਿੱਚ ਕਿੰਨੀ ਮਹੱਤਤਾ ਹੈ। ਉਹ ਬੋਲੇ : ਏਵੇਂ ਹੀ ਸ਼ਬਦਾਂ ਦੇ ਉਘੜਨ ਲਈ ਉਨ੍ਹਾਂ ਦੁਆਲੇ ਵੀ ਚੁੱਪ ਦੇ ਇਕ ਸਪੇਸ ਦੀ ਲੋੜ ਹੁੰਦੀ ਹੈ। ਇਹ ਸਪੇਸ ਦੀ ਰਮਜ਼ ਅਜੈ ਤਨਵੀਰ ਜਾਣਦਾ ਹੈ। ਉਹ ਗੱਲ ਸੁਣਾਉਂਦਾ ਹੈ, ਗੱਲ ਸਮਝਾਉਂਦਾ ਹੈ, ਉਹ ਜਾਣਦਾ ਹੈ ਕਿ ਪੰਜਾਬ ਦਾ ਲੋਕ ਮਨ ਪੰਜਾਬ ਦੇ ਇਤਿਹਾਸ ਵਿੱਚ ਪਈ ਸਿੰਬੋਲਿਕਤਾ ਰਾਹੀਂ ਗੱਲ ਸਮਝਦਾ ਹੈ। ਉਹ ਇਹੀ ਜੁਗਤ ਵਰਤਦਾ ਹੈ। ਉਹ ਆਪਣੀ ਗੱਲ ਅਨੁਸਾਰ ਇਹ ਸਾਰੇ ਸੰਕੇਤ ਆਪਣੀ ਗ਼ਜ਼ਲ ਵਿੱਚ ਲਿਆਉਂਦਾ ਹੈ, ਜਿੱਥੇ ਉਹ ਆਪਣੀ ਗੱਲ ਨੂੰ ਇਨ੍ਹਾਂ ਸੰਕੇਤਾਂ ਰਾਹੀਂ ਹੋਰ ਤਿੱਖਾ ਕਰ ਲੈਂਦਾ ਹੈ।

ਵਾਪਰੀਆਂ ਘਟਨਾਵਾਂ ਬਾਰੇ ਜਿਹੜੀ ਰਾਇ ਇਤਿਹਾਸਕਾਰ ਦਿੰਦਾ ਹੈ, ਉਸ ਦੀ ਆਪਣੀ ਸੀਮਾ ਹੁੰਦੀ ਹੈ। ਸਿਰਜਕ ਉਸ ਸੀਮਾ ਨੂੰ ਉਲੰਘ ਕੇ ਨਵੀਂ ਦ੍ਰਿਸ਼ਟੀ ਦਿੰਦਾ ਹੈ। ਇਸ ਲਈ ਸਿਰਜਕ (ਖਾਸਕਰ ਕਵੀ) ਇਤਿਹਾਸਕਾਰ ਤੋਂ ਅਗਾਂਹ ਹੁੰਦਾ ਹੈ, ਉਹ ਉਨ੍ਹਾਂ ਸਾਰੀਆਂ ਬਾਇਨਰੀਜ਼ ਨੂੰ ਤੋੜਨ ਦੀ ਸਮਰੱਥਾ ਰੱਖਦਾ ਹੈ, ਜਿਹੜੀ ਇਤਿਹਾਸਕਾਰ ਨੇ ਸਿਰਜੀ ਹੁੰਦੀ ਹੈ। ਅਜਿਹੇ ਸਮੇਂ ਜਦੋਂ ਸੱਤਾ ਆਪਣਾ ਇਤਿਹਾਸ ਸਿਰਜ ਰਹੀ ਹੈ, ਪਹਿਲੇ ਵਾਪਰੇ ਨੂੰ ਨਵੇਂ ਸਿਰਿਓਂ ਵੇਖ ਰਹੀ ਹੈ। ਉਹ ਸਿਰਫ ਵੇਖ ਨਹੀਂ ਰਹੀ, ਉਲਟਾ ਵੀ ਰਹੀ ਹੈ। ਅਜਿਹੇ ਸਮੇਂ ਉਸ ਸੱਤਾ ਦੇ ਸਮਾਂਤਰ ਗੱਲ ਕਵੀ ਹੀ ਕਹਿ ਸਕਦਾ ਹੈ। ਪਾਠਕ ਨੂੰ ਅਜਿਹੀ ਸੰਵਾਦੀ ਅਤੇ ਸਿਆਸੀ ਸ਼ਾਇਰੀ ਦੀ ਲੋੜ ਹੈ, ਜਿਸ ਰਾਹੀਂ ਉਹ 'ਸਾਹ' ਲੈ ਸਕਦਾ ਹੈ। ਪਾਠਕ 'ਸੌਫਟ ਜ਼ੋਨ' ਨੂੰ ਤੋੜ ਕੇ ਅਗਾਂਹ ਤੁਰਨਾ ਚਾਹੁੰਦਾ ਹੈ, ਪਰ ਉਸ ਨੂੰ ਇਸ ਸਮੇਂ ਆਪਣੀ ਸਮਝ ਤੋਂ ਪਾਰ ਦੀ ਸਿਰਜਣਾ ਨਹੀਂ ਮਿਲ ਰਹੀ। ਇਹ ਤਾਂ ਨਹੀਂ ਕਿ ਅਜੈ ਤਨਵੀਰ ਉਸ ਦੀ ਬਣੀ-ਬਣਾਈ ਸਮਝ ਨੂੰ ਭੰਨ ਦਿੰਦਾ ਹੈ, ਪਰ ਇਹ ਜ਼ਰੂਰ ਹੈ ਕਿ ਉਹ ਆਪਣੀ ਗੱਲ ਉਸ ਜ਼ੋਨ ਵਿੱਚ ਜਾ ਕੇ ਕਹਿੰਦਾ ਹੈ, ਜਿਸ ਜ਼ੋਨ ਦੀ ਪੰਜਾਬ ਨੂੰ/ਪੰਜਾਬ ਦੇ ਪਾਠਕ ਨੂੰ ਜ਼ਰੂਰਤ ਹੈ। ਇਸ ਪ੍ਰਸੰਗ ਵਿੱਚ ਉਸ ਦੇ ਸ਼ਿਅਰ ਵੇਖਣੇ ਬਣਦੇ ਹਨ-

ਤੁਹਾਡਾ ਵਹਿਮ ਹੈ ਕਿ ਨਾਬਰੀ ਦਾ ਰੰਗ ਲਹਿ ਜਾਣਾ
ਕਿਸੇ ਵੀ ਰੁੱਤ ਵਿੱਚ ਪੈਂਦਾ ਕਦੇ ਨਾ ਫਰਕ ਧਾਤਾਂ ਨੂੰ
*******
ਕਦੇ ਵੀ ਹਾਰ ਨਾ ਮੰਨਣ ਜਿਨ੍ਹਾਂ ਲੜਨਾ ਰਹੇ ਲੜਦੇ
ਡਰੇ ਨਾ ਰੁੱਖ ਹਨੇਰੀ ਤੋਂ ਸਗੋਂ ਹਿੱਕ ਤਾਣ ਕੇ ਖੜ੍ਹਦੇ

ਇਸ ਪ੍ਰਸੰਗ ਵਿੱਚ ਉਸ ਦੀ ਸਮੁੱਚੀ ਗ਼ਜ਼ਲ ਦੇ ਸ਼ਿਅਰ ਪੜ੍ਹੇ ਜਾ ਸਕਦੇ ਹਨ। ਕਾਵਿ-ਮੈਂ ਵਿੱਚ ਪੰਜਾਬ ਦਾ ਫਿਕਰ ਹੈ। ਉਹ ਇਹ ਗੱਲ ਕਹਿਣ ਲਈ ਪੰਜਾਬ ਦੇ ਇਤਿਹਾਸ ਵਿੱਚ ਪਈ ਨਾਬਰੀ ਦੀ ਚਿਣਗ ਨੂੰ ਅਧਾਰ ਬਣਾਉਂਦਾ ਹੈ। ਉਹ ਇਹ ਗੱਲ ਮੰਨਦਾ ਹੈ ਕਿ ਸ਼ਾਇਦ ਮੈਂ ਉਸ ਫਿਕਰ 'ਚ ਹੀ ਆਮ ਆਦਮੀ ਦੇ ਦਰਦ ਦੀ ਤਸਵੀਰ ਬਣਾ ਰਿਹਾ ਹਾਂ। ਇਹ ਤਸਵੀਰ ਪੂਰੀ ਤਰ੍ਹਾਂ ਬਣ ਨਹੀਂ ਹੋਈ, ਪਰ ਮੇਰੀ ਜੱਦੋ-ਜਹਿਦ ਜਾਰੀ ਹੈ। ਇਹ ਜੱਦੋਜਹਿਦ ਸਮਕਾਲ ਦਾ ਹਾਸਲ ਹੈ। ਸਮਕਾਲ ਦਾ ਸ਼ਾਇਰ ਇਹ ਜੱਦੋਜਹਿਦ ਛੱਡ ਰਿਹਾ ਹੈ। ਇਹ ਜੱਦੋਜਹਿਦ ਉਸ ਨੂੰ ਲੰਮਾ ਸਮਾਂ ਜਿਊਂਦਾ ਰੱਖੇਗੀ।

ਇਤਿਹਾਸ ਅਤੇ ਕਵਿਤਾ ਦੇ ਹਵਾਲੇ ਨਾਲ ਉਸ ਦੀ ਕਵਿਤਾ ਨੂੰ ਅਧਾਰ ਬਣਾ ਕੇ ਲੰਮੀ ਬਹਿਸ ਛੇੜੀ ਜਾ ਸਕਦੀ ਹੈ, ਕਿਉਂਕਿ ਅਜੈ ਤਨਵੀਰ ਇਸ ਨੁਕਤੇ ਨੂੰ ਸਮਝਦਾ ਹੈ। ਉਹ ਸਿਰਫ ਸਮਝਦਾ ਹੀ ਨਹੀਂ, ਉਸ ਅੰਦਰ ਸ਼ਾਇਰੀ ਅੰਦਰ ਇਤਿਹਾਸ ਦੀ ਸਿੰਬੋਲਿਕਤਾ ਨਾਲ-ਨਾਲ ਤੁਰਦੀ ਹੈ। ਉਸ ਦੀ ਕਵਿਤਾ ਇਸ ਗੱਲ ਨੂੰ ਸਪੇਸ ਦਿੰਦੀ ਹੈ ਕਿ ਆਧੁਨਿਕਤਾ ਦੇ ਸਿਰਜੇ ਬਿਰਤਾਂਤ ਰਾਹੀਂ ਅਸੀਂ ਬਹੁਤ ਕੁਝ ਅਜਿਹਾ ਸਿਰਜ ਲਿਆ ਹੈ, ਜਿਸ ਦੀ ਥਾਂ ਇਤਿਹਾਸ 'ਚੋਂ ਗੱਲ ਕਹਿਣੀ ਸੀ। ਅਸੀਂ ਕਿੰਨਾ ਕੁਝ ਗੁਆ ਲਿਆ ਹੈ ਅਤੇ ਕਿੰਨਾ ਕੁਝ ਉਸ ਰੱਦਣ ਤੋਂ ਬਾਅਦ ਉਸ ਦੀ ਥਾਂ ਸਿਰਜ ਲਿਆ ਹੈ, ਇਹ ਬੜਾ ਅਹਿਮ ਨੁਕਤਾ ਹੈ। ਅਸੀਂ 'ਆਧੁਨਿਕਤਾ' ਸ਼ਬਦ ਵਰਤਦਿਆਂ ਹੀ 'ਪਰੰਪਰਾ' ਨੂੰ ਰੱਦ ਕਰ ਦਿੰਦੇ ਹਾਂ ਕਿਉਂਕਿ ਸਾਡੀ ਅਕਾਦਮਿਕ ਪੜ੍ਹਤ ਨੇ 'ਪਰੰਪਰਾ' ਨੂੰ ਜਿਸ ਤਰ੍ਹਾਂ ਸਮਝਾਇਆ ਜਾਂ ਜਿਸ ਤਰ੍ਹਾਂ ਅਸੀਂ ਉਸ ਦਾ ਖਾਕਾ ਤਿਆਰ ਕੀਤਾ, ਉਸ ਵਿੱਚ ਅਸੀਂ ਉਸ ਨੂੰ 'ਪੁਰਾਣੇ' ਅਤੇ 'ਨਵੇਂ' ਵਜੋਂ ਸਮਝ ਲਿਆ ਹੈ। 'ਪੁਰਾਣੇ' ਤੇ 'ਨਵੇਂ' ਵਜੋਂ ਸਿਰਜੇ ਬਿਰਤਾਂਤ ਨੇ ਬਹੁਤ ਕੁਝ ਰੱਦ ਕੀਤਾ ਹੈ ਅਤੇ ਉਸ ਦੇ ਬਦਲ ਵਜੋਂ ਬਹੁਤ ਕੁਝ ਨਵਾਂ ਸਿਰਜ ਲਿਆ ਹੈ। ਸਾਡੇ ਸਾਹਮਣੇ ਸੁਆਲ ਬਣਦਾ ਹੈ ਕਿ ਸੁਆਲ ਇਹ ਨਹੀਂ ਕਿ ਪਰੰਪਰਾ ਰੱਦ ਕਰਨੀ ਹੈ ਜਾਂ ਹੋ ਜਾਂਦੀ ਹੈ ਜਾਂ ਕਰਨੀ ਚਾਹੀਦੀ ਹੈ। ਸੁਆਲ ਇਸ ਤੋਂ ਅਗਾਂਹ ਦਾ ਹੈ, ਤੋੜੀ ਜਾ ਰਹੀ/ਰੱਦ ਕੀਤੀ ਜਾ ਰਹੀ/ਪੁਨਰ ਸਿਰਜਤ ਪਰੰਪਰਾ ਦਾ ਆਪਣਾ ਉਸ ਖਿੱਤੇ ਦੇ ਬਿਰਤਾਂਤ ਵਿੱਚ ਕੀ ਨਿਭਾਅ ਹੈ? ਜਦੋਂ ਅਸੀਂ ਪੰਜਾਬ ਦੇ ਪ੍ਰਸੰਗ ਵਿੱਚ 'ਬਿਰਤਾਂਤ ਦੀ ਜੰਗ' ਨੂੰ ਆਧਾਰ ਬਣਾ ਕੇ 'ਪਰੰਪਰਾ' ਨੂੰ ਸਮਝਣ/ਸਮਝਾਉਣ/ਵਿਖਿਆਉਣ ਦਾ ਯਤਨ ਕਰਨਾ ਹੈ। ਅਜੈ ਤਨਵੀਰ ਜਿਸ ਬਿਰਤਾਂਤ ਦੀ ਜੰਗ ਦੀ ਗੱਲ ਛੇੜਦਾ ਹੈ, ਉਹ ਪਰੰਪਰਾ ਵਿੱਚ ਸਿੰਬੋਲਿਕਤਾ ਦੀ ਲਗਾਤਾਰਤਾ ਹੈ, ਪਰ ਉਹ ਜਿਸ ਕਾਵਿ-ਭਾਸ਼ਾ ਅਤੇ ਖਿਆਲ ਵਿਚ ਸਾਹਮਣੇ ਲਿਆਉਂਦਾ ਹੈ, ਉਸ ਵਿੱਚ ਉਸ ਦੀ ਤੱਕਣੀ ਵਿੱਚ ਤਾਂ ਭਾਵੇਂ ਸਪੱਸ਼ਟਤਾ ਹੈ, ਪਰ ਪਾਠਕ ਲਈ ਬਹੁਤ ਥਾਵਾਂ 'ਤੇ ਦੁਵਿਧਾ ਬਣਾਉਂਦਾ ਹੈ। ਜਿਵੇਂ ਕਰਬਲਾ, ਸਰਹੰਦ ਅਤੇ ਚਮਕੌਰ ਦਾ ਆਪਣਾ-ਆਪਣਾ ਮੌਲਿਕ ਪ੍ਰਸੰਗ ਹੈ, ਪਰ ਫੇਰ ਵੀ ਚਮਕੌਰ ਸਾਹਿਬ ਅਤੇ ਕਰਬਲਾ ਨੂੰ ਤਾਂ ਸਮਾਂਤਰ ਰੱਖ ਕੇ ਵੇਖਿਆ ਜਾ ਸਕਦਾ ਹੈ ਪਰ ਸਰਹੰਦਾਂ ਦਾ ਮਸਲਾ ਜੰਗ ਦੀ ਥਾਂ ਜ਼ੁਲਮ ਨਾਲ ਜ਼ਿਆਦਾ ਹੈ। ਉੱਥੇ ਬਰਾਬਰ ਦੀਆਂ ਧਿਰਾਂ ਨਹੀਂ, ਜਿੱਥੇ ਜੰਗ ਸੰਭਵ ਹੋਵੇ, ਪਰ ਉਸ ਦੀ ਖ਼ੂਬੀ ਹੈ ਕਿ ਉਹ ਆਪਣੀ ਦ੍ਰਿਸ਼ਟੀ ਵਿੱਚ ਸਪੱਸ਼ਟ ਹੈ। ਉਸ ਦਾ ਸ਼ਿਅਰ ਹੈ- ਕਰਬਲਾ ਸਰਹੰਦ ਤੇ ਚਮਕੌਰ ਦੇ ਕੀ ਅਰਥ ਨੇ/ਕਿੰਜ ਦੱਸਣਗੇ, ਜਿਨ੍ਹਾਂ ਨੇ ਸਿੱਤਮ ਕੋਈ ਜਰਿਆ ਨਹੀਂ। ਸਾਡਾ ਮੰਨਣਾ ਹੈ ਕਿ ਪੰਜਾਬ ਲਈ ਇਹ 'ਚਾਅ' ਹੈ, 'ਸਿਤਮ' ਨਹੀਂ। ਉਸ ਦਾ ਸ਼ਿਅਰ ਹੈ ਕਿ ਗਵਾਹੀ ਦੇ ਰਿਹਾ ਇਤਿਹਾਸ ਪੰਨੇ ਫੋਲ ਕੇ ਵੇਖੀਂ/ਕਿ ਸਾਡੇ ਪੁਰਖਿਆਂ ਕਿੰਨੇ ਸਿਤਮ ਹੱਸ ਕੇ ਜਰੇ ਹੋਏ, ਪਰ ਉਹ ਸੂਬੇ ਦੀ ਕਚਹਿਰੀ ਬਾਰੇ ਸਪੱਸ਼ਟ ਹੈ ਕਿ ਇੱਥੋਂ ਨਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ। ਇਸੇ ਪ੍ਰਸੰਗ ਵਿੱਚ ਉਸ ਦੇ ਕਈ ਸ਼ਿਅਰ ਪੜ੍ਹੇ ਜਾ ਸਕਦੇ ਹਨ-

ਇਹ ਸੂਬੇ ਦੀ ਕਚਹਿਰੀ ਹੈ, ਨਿਆਂ ਦੀ ਆਸ ਨਾ ਰੱਖੀਂ
ਕਿ ਏਸ ਦੇ ਅਹਿਲਕਾਰਾਂ ਦੀ ਤਾਂ ਹੈ ਗੈਰਤ ਮਰੀ ਹੋਈ
ਰਗਾਂ ਵਿੱਚ ਜੋਸ਼ ਭਰ ਦੇਵੇ ਅਜਿਹੀ ਪਾਠਸ਼ਾਲਾ ਇਹ
ਮਿਲੇ ਸਿੱਖਿਆ ਸ਼ਹਾਦਤ ਦੀ ਅਸੀਂ ਜਿੱਥੇ ਰਹੇ ਪੜ੍ਹਦੇ

ਉਸ ਦੀ ਗ਼ਜ਼ਲ ਸੱਤਾ ਨੂੰ ਟੱਕਰਦੀ ਹੈ। ਸੱਤਾ ਜਿਹੜੀ ਆਪਣਾ ਪ੍ਰਵਚਨ ਸਿਰਜ ਕੇ ਧਰਤੀਆਂ ਨੂੰ ਗੁਲਾਮ ਬਣਾਉਂਦੀ ਹੈ, ਉਸ ਦੇ ਇਸ ਬਾਰੀਕ ਕੋਨ ਤੋਂ ਉਹ ਵਾਕਿਫ ਹੈ। ਇਸ ਖਤਰਨਾਕ ਦੌਰ ਦੀ ਅਗਲੀ ਕੜੀ ਵਿੱਚ ਉਹ ਸੰਘਰਸ਼ ਵੇਖਦਾ ਹੈ। ਉਸ ਦਾ ਸ਼ਿਅਰ ਹੈ ਕਿ-ਵੇਖੀਂ ਸਾਡੇ ਨਕਸ਼ ਲਹੂ ਦੇ ਲਿਸ਼ਕਣਗੇ/ਲੋਕਾਂ ਨੇ ਜਦ ਸਾਡਾ ਲਿਖਿਆ ਪੜ੍ਹਨਾ ਹੈ/ਕਾਮੇ ਕਿਰਤੀ ਦਿੱਲੀ ਨੂੰ ਜਦ ਘੇਰਨਗੇ/ਇਸ ਤਰ੍ਹਾਂ ਦਾ ਵੀ ਇੱਕ ਸੂਰਜ ਚੜ੍ਹਨਾ ਹੈ। ਇਹ ਰੰਗ ਉਹ ਨਿੱਜੀ ਦੀ ਥਾਂ ਸਮੂਹਿਕਤਾ ਵਿੱਚ ਵੇਖਦਾ ਹੈ। ਉਹ ਜਾਣਦਾ ਹੈ ਕਿ ਪੰਜਾਬ ਦੇ ਲੋਕ ਮਨ ਨੇ ਹਮੇਸ਼ਾ ਸੱਤਾ ਦੀ ਅੱਖ ਵਿੱਚ ਅੱਖ ਪਾ ਕੇ ਵੇਖਿਆ ਹੈ ਅਤੇ ਸਾਹਮਣੇ ਖੜ੍ਹ ਕੇ ਹੱਸਿਆ ਹੈ। ਸਮਕਾਲ ਵਿੱਚ ਨਾਬਰੀ ਦੀ ਲਗਾਤਾਰਤਾ ਵੇਖਦਾ ਉਹ ਲਿਖਦਾ ਹੈ ਕਿ ਪਹਿਲੀ ਵਾਰ ਅਨੋਖਾ ਮੰਜ਼ਰ ਵੇਖਣ ਨੂੰ ਅੱਜ ਮਿਲਿਆ ਹੈ/ਦਰਿਆਵਾਂ ਦੇ ਅੱਗੇ ਖੜ੍ਹ ਕੇ ਚੋਅ ਨੇ ਕਿੱਦਾਂ ਖੋਲ੍ਹ ਰਹੇ।

ਉਸ ਦੀ ਗ਼ਜ਼ਲ ਦਾ ਇੱਕ ਕੋਣ ਮੁਹੱਬਤ ਹੈ, ਉਹ ਮੁਹੱਬਤ ਦੀ ਮੁਕੰਮਲਤਾ ਵਿੱਚ ਸ਼ਿਅਰ ਸਿਰਜਦਾ ਹੈ। ਉਸ ਦੀ ਗ਼ਜ਼ਲ ਦੇ ਮੁਹੱਬਤ ਦਾ ਸਮੂਹ ਸਾਰ ਵੇਖਣ ਲਈ ਇੱਕੋ ਸ਼ਿਅਰ ਵਾਰ-ਵਾਰ ਪੜ੍ਹਿਆ ਜਾ ਸਕਦਾ ਹੈ, ਜਿੱਥੇ ਉਹ ਪੂਰਨ ਅਤੇ ਸੁੰਦਰਾਂ ਦੇ ਹਵਾਲੇ ਨਾਲ ਆਪਣੀ ਗੱਲ ਉਸਾਰਦਾ ਹੈ। ਸੁੰਦਰਾਂ ਅਤੇ ਪੂਰਨ ਦੇ ਹਵਾਲੇ ਨਾਲ ਪੰਜਾਬੀ ਵਿਚ ਬਹੁਤ ਸਿਰਜਣਾ ਮਿਲਦੀ ਹੈ। ਪੂਰਨ ਦਾ ਸੁੰਦਰਾਂ ਦੇ ਮਹਿਲ ਜਾਣਾ ਅਤੇ ਵਾਪਸ ਆਉਣਾ ਉਸ ਦੇ ਜੋਗ ਦੇ ਆਦਰਸ਼ ਦਾ ਸਿਖਰ ਹੈ। ਸੁੰਦਰਾਂ ਦਾ ਦੁਨੀਆ ਤੋਂ ਮੋਹ ਭੰਗ ਹੋ ਕੇ ਉਸ ਦੇ ਰੰਗ ਵਿੱਚ ਰੰਗਿਆ ਜਾਣਾ ਇਹ ਪੂਰਨ ਦੇ ਜੋਗ ਦੇ ਸਮਾਂਤਰ ਆਪਣੀ ਗੱਲ ਉਸਾਰਨ ਵਰਗੀ ਗੱਲ ਹੈ, ਜਿੱਥੇ ਪੂਰਨ ਦੇ ਜੋਗ ਦੇ ਅਰਥ ਵਸੀਹ ਹੁੰਦੇ ਹਨ। ਇਹ ਸ਼ਿਅਰ ਦੋ ਮੱਤਾਂ ਦੇ ਸੰਵਾਦ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ। ਉਸ ਦਾ ਸ਼ਿਅਰ ਵੇਖੋ-

ਮਹਿਲ ਕੀ ਇਹ ਜ਼ਿੰਦਗੀ ਵੀ ਸੱਖਣੀ ਤੇਰੇ ਬਿਨਾਂ
ਪੂਰਨਾ ਤੂੰ ਸੁੰਦਰਾਂ ਨੂੰ ਕੀ ਪਿਲਾਇਆ ਘੋਲ ਕੇ।

ਮੁਹੱਬਤ ਨੂੰ ਵਸੀਹ ਅਰਥ ਦਿੰਦਾ ਹੈ, ਜਿੱਥੇ ਮੁਹੱਬਤ ਦੀ ਸਿਧਾਂਤਕੀ ਦਾ ਸੰਬੰਧ ਵੀ ਪੰਜਾਬ ਨਾਲ ਜੁੜਦਾ ਹੈ। ਅਸਲ ਵਿੱਚ ਉਹ ਜਿਸ ਕੋਣ ਤੋਂ ਖੜ੍ਹ ਕੇ ਆਪਣੀ ਗੱਲ ਉਸਾਰ ਰਿਹਾ ਹੈ, ਉਹ ਕੋਣ ਪੰਜਾਬ ਦੀ ਸਮਝ ਦੇ ਨੇੜੇ ਦਾ ਕੋਣ ਹੈ। ਅਜਿਹੀ ਸਥਿਤੀ ਵਿੱਚ ਉਹ 'ਮਹਿਕ ਬਣ ਕੇ ਘੁਲ ਗਿਆ ਸਾਹਾਂ 'ਚ ਮੇਰੇ ਦਿਲਬਰਾ' ਜਾਂ ਜਿੱਥੇ 'ਮੇਰਿਆਂ ਸਾਹਾਂ ਨੂੰ ਚੰਦਨ ਵਾਂਗ ਮਹਿਣ ਲਾ ਗਿਆ' ਵਰਗੇ ਸ਼ਿਅਰ ਸਿਰਜਦਾ ਹੈ।

ਉਸ ਦੀ ਸ਼ਾਇਰੀ ਦੇ ਹੋਰ ਅਨੇਕਾਂ ਰੰਗ ਹਨ, ਜਿੱਥੇ ਉਹ ਉਲ੍ਹਾਂਭੇ ਵਜੋਂ ਰਣ ਵਿੱਚ ਜੂਝਣ ਲਈ ਤਿਆਰ ਕਰਦਾ ਹੈ। ਮਸਲਨ-ਉਦੋਂ ਖਾਮੋਸ਼ ਹੋ ਜਾਵਾਂ, ਜਦੋਂ ਉਹ ਪੁੱਛਦਾ ਮੈਨੂੰ/ਅਗਰ ਹੈ ਜੁਗਨੂੰਆਂ ਦਾ ਸ਼ਹਿਰ 'ਨ੍ਹੇਰਾ ਕਿਉਂ ਦਿਖੀ ਜਾਵੇ।' ਇਸ ਲਈ ਅਜਿਹੀ ਸ਼ਾਇਰੀ ਦੀ ਸਮਕਾਲ ਨੂੰ ਜ਼ਰੂਰਤ ਹੈ। ਪਾਠਕ ਦੀ ਸਮਝ ਵਜੋਂ ਮੈਂ ਉਸ ਨੂੰ ਵਧਾਈ ਦਿੰਦਾ ਹਾਂ।

*ਸੰਪਰਕ-62804-77383*

## .ਫ਼ਾਸੀਵਾਦ ਦਾ ਚਿਹਰਾ-ਮੋਹਰਾ

**ਹਰਵਿੰਦਰ ਭੰਡਾਲ**
**ਸਫੇ : 134, ਮੁੱਲ : 150**
**5ਆਬ ਪ੍ਰਕਾਸ਼ਨ, ਜਲੰਧਰ**

# ਫਾਸ਼ੀਵਾਦੀ ਵਰਤਾਰੇ ਦਾ ਇਤਿਹਾਸਕ ਵਿਸ਼ਲੇਸ਼ਣ

## ਸਾਹਿਤ ਚਿੰਤਨ

**ਰਾਜਪਾਲ ਸਿੰਘ**




ਪਿਛਲੀ ਸਦੀ ਦੇ ਤੀਜੇ ਦਹਾਕੇ ਵਿੱਚ ਸ਼ੁਰੂ ਹੋਇਆ ਫਾਸ਼ੀਵਾਦ ਮਨੁੱਖਤਾ ਦੇ ਇਤਿਹਾਸ ਵਿੱਚ ਅਤਿ-ਭਿਆਨਕ ਵਰਤਾਰਾ ਸੀ, ਜਿਸ ਨੇ ਕਰੋੜਾਂ ਲੋਕਾਂ ਦੀ ਜਾਨ ਲਈ, ਲੱਖਾਂ ਲੋਕਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਅਤੇ ਵੱਡੇ ਪੱਧਰ ਉੱਤੇ ਸੰਸਾਰ ਦੀ ਬਰਬਾਦੀ ਕੀਤੀ। ਫਾਸ਼ੀਵਾਦ ਨੂੰ ਚਾਹੇ ਇੱਕ ਵਾਰ ਸ਼ਿਕਸਤ ਦੇ ਦਿੱਤੀ ਗਈ, ਪਰ ਇਹ ਵੱਖ-ਵੱਖ ਰੂਪਾਂ ਵਿੱਚ ਮੁੜ-ਮੁੜ ਸਿਰ ਚੁੱਕਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ। ਸੋ ਦੁਨੀਆ ਭਰ ਦੇ ਚਿੰਤਕ, ਇਸ ਦੇ ਪੈਦਾ ਹੋਣ ਦੇ ਕਾਰਨਾਂ, ਇਸ ਦੇ ਲੱਛਣਾਂ ਅਤੇ ਇਹ ਵਰਤਾਰਾ ਮੁੜ ਵਾਪਰਨ ਤੋਂ ਰੋਕਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ, ਆਦਿ ਮੁੱਦਿਆਂ ਬਾਰੇ ਲਗਾਤਾਰ ਸੋਚ-ਵਿਚਾਰ ਕਰਦੇ ਆ ਰਹੇ ਹਨ। ਹੁਣ ਭਾਰਤ ਵਿੱਚ ਫਾਸ਼ੀਵਾਦੀ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ ਤਾਂ ਸੁਚੇਤ ਲੇਖਕ/ਚਿੰਤਕ ਫਾਸ਼ੀਵਾਦ ਦੇ ਵਰਤਾਰੇ ਬਾਰੇ ਵੱਧ ਗੰਭੀਰਤਾ ਅਤੇ ਵੱਧ ਸ਼ਿੱਦਤ ਨਾਲ ਸੋਚਣ, ਬੋਲਣ ਅਤੇ ਲਿਖਣ ਲੱਗੇ ਹਨ।

ਪ੍ਰਬੁੱਧ ਚਿੰਤਕ ਹਰਵਿੰਦਰ ਭੰਡਾਲ ਦੁਆਰਾ ਲਿਖਤ ਪੁਸਤਕ 'ਫਾਸ਼ੀਵਾਦ ਦਾ ਚਿਹਰਾ-ਮੋਹਰਾ' ਇਸੇ ਗੰਭੀਰ ਵਿਸ਼ੇ ਦਾ ਡੂੰਘਾ ਅਧਿਐਨ ਪੇਸ਼ ਕਰਦੀ ਹੈ। ਲੇਖਕ ਅਨੁਸਾਰ ਫਾਸ਼ੀਵਾਦ ਦਾ ਅਕਸਰ ਬਹੁਤ ਸਧਾਰਨੀਕਰਨ ਕਰ ਦਿੱਤਾ ਜਾਂਦਾ ਹੈ ਅਤੇ ਹਰ ਦਮਨਕਾਰੀ ਸਟੇਟ ਨੂੰ ਫਾਸ਼ੀਵਾਦੀ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਉਸ ਅਨੁਸਾਰ ਫਾਸ਼ੀਵਾਦ ਜਿਹੋ ਜਿਹਾ ਭਿਆਨਕ ਵਰਤਾਰਾ ਹੈ, ਇਸ ਦੀ ਪੇਤਲੀ ਸਮਝ ਬਹੁਤ ਵੱਡਾ ਨੁਕਸਾਨ ਕਰਵਾ ਦਿੰਦੀ ਹੈ, ਜਿਵੇਂ ਕਿ ਪਿਛਲੀ ਸਦੀ ਵਿੱਚ ਹੋਇਆ। ਸੋ ਪੁਸਤਕ ਦਾ ਪਹਿਲਾ ਅਤੇ ਸਭ ਤੋਂ ਵੱਡਾ ਚੈਪਟਰ ਫਾਸ਼ੀਵਾਦ ਦੀ ਪਰਿਭਾਸ਼ਾ, ਇਸ ਦੇ ਵਿਸ਼ੇਸ਼ ਲੱਛਣਾਂ ਅਤੇ ਇਸ ਦੇ ਪੈਦਾ ਹੋਣ ਦੀਆਂ ਹਾਲਤਾਂ ਦੀ ਵਿਸਥਾਰਤ ਵਿਆਖਿਆ ਪੇਸ਼ ਕਰਦਾ ਹੈ।

ਇਸ ਪ੍ਰਸੰਗ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਲੇਖਕ ਇਹ ਉਭਾਰਦਾ ਹੈ ਕਿ ਫਾਸ਼ੀਵਾਦ ਜਨ-ਸਮੂਹਾਂ ਦਾ ਬਹੁਤ ਵੱਡਾ ਸਮਰਥਨ ਹਾਸਲ ਕਰ ਲੈਂਦਾ ਹੈ। ਇਹ ਗੱਲ ਉਸ ਆਮ ਧਾਰਨਾ ਦੇ ਉਲਟ ਹੈ ਕਿ ਕਿਸੇ ਆਗੂ ਵਿੱਚ ਫਾਸ਼ੀਵਾਦੀ ਰੁਚੀਆਂ ਹੁੰਦੀਆਂ ਹਨ ਅਤੇ ਉਹ ਆਮ ਲੋਕਾਂ ਨੂੰ ਧੱਕੇ ਨਾਲ ਆਪਣੇ ਹੱਕ ਵਿੱਚ ਕੰਮ ਕਰਨ ਲਈ ਮਜਬੂਰ ਕਰ ਦਿੰਦਾ ਹੈ। ਇਸ ਵਿੱਚੋਂ ਅਗਲੇ ਸਵਾਲ ਫਿਰ ਇਹ ਪੈਦਾ ਹੋ ਜਾਂਦੇ ਹਨ ਕਿ ਇਹ ਜਨ-ਸਮੂਹ ਫਾਸ਼ੀਵਾਦੀ ਨੇਤਾ ਦੇ ਮਗਰ ਕਿਉਂ ਲੱਗ ਜਾਂਦੇ ਹਨ, ਫਾਸ਼ੀਵਾਦ ਦਾ ਹੱਥਠੋਕਾ ਬਣੇ ਇਸ ਜਨ-ਸਮੂਹ ਵਿੱਚ ਕਿਹੜੀਆਂ ਜਮਾਤਾਂ ਹੁੰਦੀਆਂ ਹਨ, ਸਰਮਾਏਦਾਰੀ ਦਾ ਇਸ ਵਿੱਚ ਕੀ ਰੋਲ ਹੁੰਦਾ ਹੈ ਆਦਿ।

ਲੇਖਕ ਅਨੁਸਾਰ 'ਫਾਸ਼ੀਵਾਦ ਦਾ ਅਸਲ ਆਧਾਰ ਛੋਟੇ ਵਪਾਰੀ/ਹੱਟੀਦਾਰ ਕਿਸਾਨ, ਲੁੰਪਨ ਅਤੇ ਗੈਰ-ਲੁੰਪਨ ਪ੍ਰੋਲੇਤਾਰੀ ਜਮਾਤਾਂ ਹੀ ਸਨ। ਇਹਨਾਂ ਵਿੱਚੋਂ ਵੀ ਛੋਟੇ ਵਪਾਰੀ/ਹੱਟੀਦਾਰ ਜਮਾਤ ਨੇ ਵੱਡੀ ਭੂਮਿਕਾ ਨਿਭਾਈ।' ਦੂਜਾ ਸਵਾਲ ਕਿ ਇਹ ਲੋਕ ਕਿਉਂ ਫਾਸ਼ੀਵਾਦੀ ਤਾਨਾਸ਼ਾਹ ਦੇ ਹੱਕ ਵਿੱਚ ਭੁਗਤਦੇ ਹਨ ਤਾਂ ਉੱਤਰ ਮਿਲਦਾ ਹੈ ਕਿ 'ਆਰਥਿਕ ਸੰਕਟ ਦੇ ਸਤਾਏ ਲੋਕਾਂ ਨੂੰ ਇਨਕਲਾਬੀ ਬਦਲ ਨਾ ਮਿਲਣ ਕਰਕੇ ਉਹਨਾਂ ਦਾ ਕ੍ਰੋਧ ਫਾਸ਼ੀਵਾਦੀ ਆਗੂਆਂ ਦੇ ਹੱਕ ਵਿੱਚ ਭੁਗਤ ਜਾਂਦਾ ਹੈ। ਇਸ ਤੋਂ ਇਲਾਵਾ ਵਪਾਰੀ/ਹੱਟੀਦਾਰ ਜਮਾਤਾਂ ਦੀ ਆਰਥਿਕ ਨਿਰਭਰਤਾ ਹੋਰਨਾਂ ਜਮਾਤਾਂ ਉੱਤੇ ਹੁੰਦੀ ਹੈ ਅਤੇ ਇਹ ਸਿਆਸੀ ਤੌਰ 'ਤੇ ਵੀ ਟੁਕੜਿਆਂ ਵਿੱਚ ਵੰਡੀ ਹੁੰਦੀ ਹੈ। ਇਸ ਲਈ ਇਹ ਆਪਣੀ ਕੋਈ ਆਜ਼ਾਦਾਨਾ ਨੀਤੀ ਨਹੀਂ ਬਣਾ ਸਕਦੀ। ਇਹ ਹਮੇਸ਼ਾ ਕਿਸੇ ਮਜ਼ਬੂਤ ਆਗੂ ਜਾਂ ਪਾਰਟੀ ਦੀ ਭਾਲ ਵਿੱਚ ਰਹਿੰਦੀ ਹੈ, ਜੋ ਇਸ ਅੰਦਰ ਆਤਮ ਵਿਸ਼ਵਾਸ ਪੈਦਾ ਕਰ ਸਕੇ।

ਫਾਸ਼ੀਵਾਦ ਨੇ ਇਹਨਾਂ ਜਮਾਤਾਂ ਨੂੰ ਜਥੇਬੰਦ ਅਤੇ ਹਥਿਆਰਬੰਦ ਕੀਤਾ। ਇਸ ਲਈ ਇਹਨਾਂ ਜਮਾਤਾਂ ਅੰਦਰ ਆਜ਼ਾਦ ਤਾਕਤ ਹੋਣ ਅਤੇ ਹਕੂਮਤ ਉੱਤੇ ਕਾਬਜ਼ ਹੋ ਸਕਣ ਦਾ ਭਰਮ ਪੈਦਾ ਹੋਇਆ।' ਸਰਮਾਏਦਾਰੀ ਵੱਲੋਂ ਸਮਾਜ ਦੀਆਂ ਹੱਟੀਦਾਰ ਜਮਾਤਾਂ ਅਤੇ ਮਜ਼ਦੂਰਾਂ ਦੇ ਲੁੰਪਨ ਕਿਸਮ ਦੇ ਹਿੱਸਿਆਂ ਨੂੰ ਭੜਕਾਅ ਕੇ ਸੁਹਿਰਦ ਮਜ਼ਦੂਰ ਲਹਿਰ ਅਤੇ ਖੁੱਲ੍ਹ-ਖਿਆਲੀਆਂ ਨੂੰ ਦਬਾਉਣ ਹਿੱਤ ਵਰਤਿਆ ਜਾਂਦਾ ਹੈ।

ਫਾਸ਼ੀਵਾਦ ਦੇ ਬਹੁਤ ਸਾਰੇ ਲੱਛਣ ਗਿਣਾਏ ਗਏ ਹਨ, ਪਰ ਰਾਸ਼ਟਰਵਾਦ ਇਸ ਦਾ ਸਭ ਤੋਂ ਪ੍ਰਮੁੱਖ ਲੱਛਣ ਹੈ, ਜਿਸ ਕਰਕੇ ਇਹ ਅੰਨ੍ਹੀ ਦੇਸ਼-ਭਗਤੀ ਉੱਤੇ ਬੇਹੱਦ ਜ਼ੋਰ ਦਿੰਦਾ ਹੈ। ਇਹ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਉੱਤੇ ਦੇਸ਼ ਧਰੋਹੀ ਹੋਣ ਦੇ ਫਤਵੇ ਜਾਰੀ ਕਰ ਦਿੰਦਾ ਹੈ ਅਤੇ ਲੋਕਾਂ ਨੂੰ ਉਹਨਾਂ ਦੇ ਖਿਲਾਫ ਭੜਕਾਇਆ ਜਾਂਦਾ ਹੈ। ਇਸ ਕਲਪਨਾ ਨੂੰ ਲੋਕ ਮਨਾਂ ਵਿੱਚ ਸਥਾਪਤ ਕੀਤਾ ਜਾਂਦਾ ਹੈ ਕਿ ਉਹਨਾਂ ਦਾ ਅਤੀਤ ਸੁਨਹਿਰੀ ਸੀ, ਜਿਸ ਨੂੰ ਦੁਬਾਰਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਇਸ ਸੁਨਹਿਰੀ ਅਤੀਤ ਦੇ ਖਤਮ ਹੋਣ ਲਈ ਜ਼ੁੰਮੇਵਾਰ ਕਰਾਰ ਦੇ ਕੇ ਲੋਕਾਂ ਦੇ ਕਿਸੇ ਨਾ ਕਿਸੇ ਘੱਟ-ਗਿਣਤੀ ਸਮੂਹ ਨੂੰ ਲੋਕਾਂ ਦਾ ਦੁਸ਼ਮਣ ਪ੍ਰਚਾਰਿਆ ਜਾਂਦਾ ਹੈ ਅਤੇ ਉਹਨਾਂ ਦੇ ਮਨਾਂ ਅੰਦਰ ਸਦੀਵੀ ਖਤਰੇ ਅਤੇ ਖੌਫ ਦੀਆਂ ਭਾਵਨਾਵਾਂ ਪੈਦਾ ਕੀਤੀਆਂ ਜਾਂਦੀਆਂ ਹਨ। ਜਿਵੇਂ ਜਰਮਨੀ ਅੰਦਰ ਯਹੂਦੀ ਲੋਕਾਂ ਨੂੰ ਮੁਲਕ ਦੀ ਆਵਾਮ ਦੀਆਂ ਸਾਰੀਆਂ ਔਕੜਾਂ ਲਈ ਜ਼ਿੰਮੇਵਾਰ ਸਮੂਹ ਵਜੋਂ ਉਭਾਰਿਆ ਗਿਆ। ਲੋਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਟੇਟ ਦੇ ਹਰ ਤਰ੍ਹਾਂ ਦੇ ਹਿੰਸਕ ਕਦਮਾਂ ਦਾ ਡਟ ਕੇ ਸਾਥ ਦੇਣ।

ਫਾਸ਼ੀਵਾਦ ਸਰਮਾਏਦਾਰੀ ਦੀ ਪੈਦਾਵਾਰ ਹੋਣ ਕਰਕੇ ਇਹ ਬਰਾਬਰੀ ਦੇ ਹਰ ਸਿਧਾਂਤ ਦਾ ਵਿਰੋਧ ਕਰਦਾ ਹੈ। ਕਮਿਊਨਿਜ਼ਮ ਤੋਂ ਲੈ ਕੇ ਸਮਾਜਵਾਦੀ ਅਤੇ ਆਜ਼ਾਦ-ਖਿਆਲੀ ਵਿਚਾਰਧਾਰਾ ਨੂੰ ਕੁਚਲਣ ਵਿੱਚ ਲੱਗ ਜਾਂਦਾ ਹੈ, ਆਰਥਿਕ ਦੇ ਨਾਲ-ਨਾਲ ਸਮਾਜਿਕ ਦਰਜਾਬੰਦੀ ਨੂੰ ਵੀ ਉਤਸ਼ਾਹਿਤ ਕਰਦਾ ਹੈ, ਮਜ਼ਦੂਰ ਲਹਿਰ ਨੂੰ ਸਖਤ ਤੌਰ-ਤਰੀਕਿਆਂ ਨਾਲ ਦਬਾ ਕੇ ਕਾਰੋਬਾਰ ਲਈ ਲਾਹੇਵੰਦ ਸਥਿਤੀਆਂ ਪੈਦਾ ਕਰਦਾ ਹੈ। ਇਸ ਤਰ੍ਹਾਂ ਸਰਮਾਏਦਾਰੀ ਨੂੰ ਸੰਕਟ ਵਿੱਚੋਂ ਕੱਢਣ ਦਾ ਯਤਨ ਕਰਦਾ ਹੈ, ਜਿਵੇਂ ਕਿ ਇਟਲੀ ਅਤੇ ਜਰਮਨੀ ਵਿੱਚ ਹੋਇਆ।

ਅਗਲਾ ਸਵਾਲ ਹੈ ਕਿ ਉਸ ਦੌਰ ਵਿੱਚ ਫਾਸ਼ੀਵਾਦ ਸੱਤਾ ਉੱਤੇ ਕਬਜ਼ਾ ਕਰਨ ਵਿੱਚ ਸਫਲ ਕਿਵੇਂ ਹੋਇਆ?

ਇਹ ਬਹੁਤ ਮਹੱਤਵਪੂਰਨ ਸਵਾਲ ਹੈ, ਕਿਉਂਕਿ ਫਾਸ਼ੀਵਾਦ ਬਾਰੇ ਸਾਰੇ ਵਿਆਖਿਆ ਵਿਸ਼ਲੇਸ਼ਣ ਦੀ ਸਾਰਥਿਕਤਾ ਇਹ ਜਾਨਣ ਵਿੱਚੋਂ ਹੀ ਬਣਦੀ ਹੈ ਕਿ ਫਾਸ਼ੀਵਾਦ ਦੇ ਹੱਕ ਵਿੱਚ ਕਿਹੜੇ ਕਾਰਕ ਰਹੇ, ਜਿਸ ਕਰਕੇ ਉਹ ਮਨੁੱਖਤਾ ਦਾ ਐਡਾ ਵੱਡਾ ਘਾਣ ਕਰਨ ਦੇ ਸਮਰੱਥ ਹੋ ਸਕਿਆ। ਇਹ ਜਾਣ ਕੇ ਹੀ ਅੱਗੋਂ ਲਈ ਪੇਸ਼ਬੰਦੀਆਂ ਕੀਤੀਆਂ ਜਾ ਸਕਦੀਆਂ ਹਨ ਕਿ ਅਜਿਹਾ ਭਾਣਾ ਫਿਰ ਨਾ ਵਾਪਰੇ। ਇਸ ਮਹੱਤਵਪੂਰਨ ਸਵਾਲ ਨੂੰ ਸੰਬੋਧਿਤ ਹੋਣ ਸਮੇਂ ਪੁਸਤਕ ਲੇਖਕ ਕਹਿੰਦਾ ਹੈ ਕਿ 'ਨਾਜ਼ੀ ਪਾਰਟੀ ਦਾ ਜੇਤੂ ਰੱਥ ਕਿਉਂ ਨਹੀਂ ਰੁਕ ਸਕਿਆ? ਇਹ ਇਤਹਾਸ ਦਾ ਅਜਿਹਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸੱਜਰਾ ਸਾਹਿਤ

### ਅਮਾਨਤ




(ਮੌਲਿਕ ਕਹਾਣੀ-ਸੰਗ੍ਰਹਿ)
**ਪਿਆਰਾ ਸਿੰਘ ਟਾਂਡਾ**
**ਸਫੇ : 78, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪਿਆਰਾ ਸਿੰਘ ਟਾਂਡਾ ਇੱਕ ਸੁਹਿਰਦ ਤੇ ਅਗਾਂਹਵਧੂ ਲੇਖਕ ਹੈ। ਉਹ ਲੋਕਾਂ ਦੀ ਪੀੜ ਨੂੰ ਆਪਣੀ ਪੀੜ ਮਹਿਸੂਸ ਕਰਦਾ ਹੈ। ਮਨੁੱਖ ਦੇ ਦੁੱਖਾਂ ਦਾ ਕੀ ਕਾਰਨ ਹੈ ਤੇ ਉਨ੍ਹਾਂ ਦਾ ਕੀ ਹੱਲ ਹੋ ਸਕਦਾ ਹੈ, ਉਹ ਇਸ ਬਾਰੇ ਭਲੀ ਭਾਂਤ ਜਾਣਦਾ ਹੈ। ਦੋ ਮੁੱਖ ਸ਼੍ਰੇਣੀਆਂ ਵਿੱਚ ਵੰਡੇ ਸਮਾਜ ਨੂੰ ਤੇ ਰਾਜ ਕਰ ਰਹੀ ਜਮਾਤ ਦੀਆਂ ਚਾਲਾਂ ਤੋਂ ਉਹ ਭਲੀ ਭਾਂਤ ਜਾਣੂ ਹੈ। ਉਸ ਦੀ ਕਲਮ ਹਨੇਰੀਆ ਕੁੰਦਰਾ 'ਚ ਲੁਕਾਏ ਹੋਏ ਸੱਚ ਨੂੰ ਸਾਹਿਤ ਦੇ ਚਾਨਣ ਰਾਹੀਂ ਲੋਕਾਂ ਨੂੰ ਜਾਣੂ ਕਰਵਾਉਣ ਦੇ ਸਮਰੱਥ ਹੈ। ਉਹ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਹੀ ਆਪਣੀਆਂ ਲਿਖਤਾਂ ਦਾ ਵਿਸ਼ਾ ਬਣਾਉਂਦਾ ਹੈ।

**-ਕਵਰ ਪੇਜ ਤੋਂ ਮੱਖਣ ਕੁਹਾੜ, ਗੁਰਦਾਸਪੁਰ**

### ਕੁੰਭ 'ਚ ਛੁਟੀਆਂ ਔਰਤਾਂ

(ਕਾਵਿ ਸੰਗ੍ਰਹਿ)
**ਹਰਭਗਵਾਨ ਚਾਵਲਾ**
**ਅਨੁ. ਮੱਖਣ ਲਾਲ ਅਤੇ ਸੁਰਜੀਤ ਸਿੰਘ ਸਿਰੜੀ**
**ਸਫੇ : 115, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਸਿਰਸਾ ਨਿਵਾਸੀ ਹਿੰਦੀ ਕਵੀ ਤੇ ਕਥਾਕਾਰ ਪ੍ਰੋ. ਹਰਭਗਵਾਨ ਚਾਵਲਾ ਕੋਲ ਸਥਾਨਕ ਕੌਮੀ ਤੇ ਕੌਮਾਂਤਰੀ ਵਰਤਾਰਿਆਂ ਨੂੰ ਦੇਖਣ, ਸਮਝਣ ਵਾਲੀ ਗਹਿਰੀ ਨੀਝ ਵੀ ਹੈ ਅਤੇ ਦਿਲ ਦਿਮਾਗ 'ਚ ਉਤਰ ਜਾਣ ਵਾਲੀ ਭਾਸ਼ਾਈ ਸਮਰੱਥਾ ਵੀ। ਸਰਲ, ਸੁਬੋਧ ਤੇ ਗੱਲਬਾਤੀ ਅੰਦਾਜ਼ ਵਾਲੀ ਉਸ ਦੀ ਕਾਵਿ-ਭਾਸ਼ਾ ਅਲੰਕਾਰਕ ਸ਼ਿੰਗਾਰ ਸ਼ੈਲੀ ਤੋਂ ਵੀ ਮੁਕਤ ਹੈ ਅਤੇ ਸੰਬੋਧਨੀ ਸੁਰ ਵਾਲੇ ਰਾਜਸੀ ਮੁਹਾਵਰੇ ਤੋਂ ਵੀ। ਉਸ ਦੀ ਕਾਵਿ ਭਾਸ਼ਾ ਦਾ ਜੁੱਸਾ/ਲਿਬਾਸ ਸਭਿਆਚਾਰਕ ਪਰ ਅੰਦਰੂਨੀ ਸਾਰ ਰਾਜਨੀਤਿਕ ਹੈ। ਕਵਿਤਾ ਦੀ ਸਿਰਜਣਾ ਉਸ ਦੀ ਲਈ ਗੁਆਚ ਗਏ ਤੇ ਹੱਥੋਂ ਕਿਰ ਰਹੇ, ਪਰ ਅੱਜ ਵੀ ਸਜੀਵ ਸਭਿਆਚਾਰਕ ਮੁੱਲਾ ਨੂੰ ਸਿਮਰਤੀਆਂ ਵਿੱਚ ਜਿੰਦਾ ਰੱਖਣ ਦਾ ਜ਼ਰੀਆ ਹੈ। ਕਵਿਤਾ ਉਸ ਲਈ ਮਨੁੱਖੀ ਸੰਵੇਦਨਾਵਾ ਤੋਂ ਦੁਨੀਆਂਦਾਰੀ ਦੀ ਧੂੜ ਲਾਹੁਣ, ਪੂੰਜੀ ਦੀ ਮਾਰ ਕਰਨ ਠੰਢੇ ਯਖ ਹੋ ਰਹੇ ਰਿਸ਼ਤਿਆਂ ਦੀ ਬਰਫ਼ ਨੂੰ ਪਿਘਲਾਉਣ, ਇਕੱਲ ਤੇ ਵਿਯੋਗ ਦੇ ਇਸ ਸੰਤਾਪੇ ਦੌਰ ਵਿੱਚ ਆਪਣੇ ਪਿਆਰਿਆਂ ਨਾਲ ਸੰਵਾਦ ਰਚਾਉਣ ਅਤੇ ਜੜ੍ਹ ਹੋਈ ਸਨਾਤਨੀ ਮਾਨਤਾਵਾਂ ਵਾਲੇ ਧਰਮ, ਵਰਜਣਾ ਮੁਖੀ ਸਭਿਆਚਾਰ ਤੇ ਦਮਨਕਾਰੀ ਹਿੰਸਾ ਦੇ ਖਿਲਾਫ਼ ਯੁੱਧ ਦਾ ਪੈਗਾਮ ਹੈ। ਇਸੇ ਲਈ ਉਹ ਕਹਿੰਦਾ ਹੈ ਕਿ 'ਪ੍ਰੇਮ ਦੇ ਹਤਿਆਰਿਆਂ ਖਿਲਾਫ਼ ਯੁਧ 'ਚ ਕਵਿਤਾ ਅਜੇ ਹਾਰੀ ਨਹੀਂ।'

**-ਸੁਖਦੇਵ ਸਿੰਘ ਸਿਰਸਾ**

### ਜੇ ਬੰਦਾ ਬੰਦਾ ਬਣ ਜਾਏ




(ਲੇਖ ਸੰਗ੍ਰਹਿ)
**ਬਿਕਰਮਜੀਤ ਸਿੰਘ ਨੂਰ**
**ਸਫੇ : 122, ਮੁੱਲ : 295 ਰੁਪਏ**
**ਕੇ ਪਬਲੀਕੇਸ਼ਨਜ਼, ਬਰੇਟਾ**

ਇਹ ਕਿਤਾਬ ਲਗਭਗ ਅੱਧੀ ਸਦੀ ਦਾ ਇਤਿਹਾਸ ਸਮੋਈ ਬੈਠੀ ਹੈ। ਸਰਲ ਭਾਸ਼ਾ ਵਿੱਚ ਲਿਖੀ ਇਸ ਪੁਸਤਕ ਦੇ ਲੇਖਾਂ ਵਿੱਚ ਸਵੈ ਜੀਵਨੀ ਮੂਲਕ ਅੰਸ਼, ਇਤਿਹਾਸਕ ਵੇਰਵੇ, ਵਿਅੰਗ, ਗਿਆਨ ਵਰਧਕ ਲੇਖਕ ਆਦਿ ਵੰਨਗੀਆਂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਬਿਕਰਮਜੀਤ ਨੂਰ ਦੀ ਵਾਰਤਕ ਰੌਚਕ ਭਰਪੂਰ ਹੈ, ਜੋ ਕਿ ਪਾਠਕ ਲਈ ਅਕਾਊ ਨਹੀਂ ਬਣਦੀ, ਬਲਕਿ ਉਸ ਦੇ ਅੰਦਰ ਜਗਿਆਸਾ ਪੈਦਾ ਕਰਦੀ ਹੈ। ਇਹੀ ਇੱਕ ਸਫ਼ਲ ਕਿਤਾਬ ਦੀ ਪ੍ਰਾਪਤੀ ਹੁੰਦੀ ਹੈ।

**-ਜਗਦੀਸ਼ ਰਾਏ ਕੁਲਰੀਆ**

### ਹਾਲ ਉਥਾਈ ਕਹੀਏ

**ਜਗਜੀਤ ਨੌਸ਼ਹਿਰਵੀ**
**ਸਫੇ :126, ਮੁੱਲ : 250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਜਗਜੀਤ ਕਿਤਾਬੀ ਕਵੀ ਦੇ ਰੂਪ 'ਚ ਪੰਜਾਬੀ ਕਵਿਤਾ ਦੇ ਪਿੜ ਵਿੱਚ ਬਹੁਤ ਪੱਕੇ ਪੈਰੀਂ ਦਾਖ਼ਲ ਹੋਇਆ ਹੈ। ਗੀਤਾਂ, ਗ਼ਜ਼ਲਾਂ ਅਤੇ ਨਜ਼ਮਾਂ ਦਾ ਇਹ ਪਰਾਗਾ ਨਿਸ਼ਚਿਤ ਤੌਰ 'ਤੇ ਪੰਜਾਬੀ ਕਵਿਤਾ ਦੇ ਭੰਡਾਰ ਵਿੱਚ ਗੁਣਾਤਮਕ ਵਾਧਾ ਕਰਨ ਵਾਲਾ ਹੈ। ਬਹੁਤੀ ਪ੍ਰਵਾਸੀ ਪੰਜਾਬੀ ਕਵਿਤਾ ਵਾਂਗ ਇਹ ਕਵਿਤਾ ਰੋਹ ਜਾਂ ਰੁਦਨ ਵਾਲੀ ਨਹੀਂ ਸਗੋਂ ਮੁੱਖ ਤੌਰ 'ਤੇ ਸਹਿਜ ਚਿੰਤਨ ਵਾਲੀ ਹੈ।

**-ਜਸਵੰਤ ਜ਼ਫ਼ਰ**

# ਪੁਸਤਕ ਰੀਵਿਊ

### 'ਸੁਲਘਦੇ ਸਵਾਲਾਂ ਦਾ ਪਰਵਾਰ'

(ਵਾਰਤਕ)
**ਗੁਰਮੀਤ ਸਿੰਘ ਸ਼ੁਗਲੀ**
**ਪੰਨੇ : 106, ਮੁੱਲ: 200 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**

ਹਥਲੀ ਪੁਸਤਕ 'ਸੁਲਘਦੇ ਸਵਾਲਾ ਦਾ ਪਰਿਵਾਰ' ਗੁਰਮੀਤ ਸਿੰਘ ਸ਼ੁਗਲੀ ਦੇ ਉਨ੍ਹਾਂ ਅਖਬਾਰੀ ਲੇਖਾਂ ਦਾ ਸੰਗ੍ਰਹਿ ਹੈ, ਜਿਹੜੇ ਲੇਖ ਉਨ੍ਹਾਂ ਨਵਾਂ ਜ਼ਮਾਨਾ ਲਈ ਲਿਖੇ।




ਇਨ੍ਹਾਂ ਲੇਖਾਂ ਦੇ ਵਿਸ਼ੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਗੱਲਾਂ-ਬਾਤਾਂ, ਕਿਸਾਨੀ ਸੰਘਰਸ਼, ਕੋਰੋਨਾ ਮਹਾਂਮਾਰੀ ਦੇ ਮਾਰੂ ਪ੍ਰਭਾਵ, ਆਰਥਕ ਮੰਦਵਾੜੇ ਕਾਰਨ ਕੌਮਾਂਤਰੀ ਪੱਧਰ 'ਤੇ ਡਿੱਗਦਾ ਭਾਰਤ ਦਾ ਰਸੂਖ ਆਦਿ ਹਨ। ਉਹ ਇਸ ਗੱਲ 'ਤੇ ਘੋਰ ਨਿਰਾਸ਼ਾ ਪ੍ਰਗਟ ਕਰਦਾ ਹੈ ਕਿ ਦੇਸ਼ 'ਚ ਵਿਗਿਆਨਕ ਸੋਚ ਨੂੰ ਤਹਿਸ-ਨਹਿਸ ਕਰਕੇ ਧਾਰਮਿਕ ਕੱਟੜਤਾ ਨੂੰ ਅਤੇ ਅਸਹਿਣਸ਼ੀਲਤਾ ਨੂੰ ਪ੍ਰਫੁੱਲਤ ਕੀਤਾ ਹੈ ਅਤੇ ਕੀਤਾ ਜਾ ਰਿਹਾ ਹੈ। ਉਹ ਸਰਕਾਰ ਦੀਆਂ ਗੈਰ-ਸੰਵਿਧਾਨਕ ਕਾਰਵਾਈਆਂ ਦਾ ਆਲੋਚਕ ਹੈ ਤੇ ਲਿੰਗੀ ਬਰਾਬਰਤਾ ਦਾ ਹਾਮੀ ਹੈ। ਕੁਝ ਮਹੱਤਵਪੂਰਨ ਵਿਸ਼ੇ-ਜੋ ਇਸ ਪੁਸਤਕ ਵਿੱਚ ਸ਼ਾਮਲ ਹਨ-'ਕੀ ਮੋਦੀ ਸਾਹਿਬ ਬੈਲਟ ਪੇਪਰ ਰਾਹੀਂ ਚੋਣ ਕਰਵਾਉਣ ਦਾ ਚੈਲਿੰਜ ਮਨਜ਼ੂਰ ਕਰਨਗੇ?', 'ਕਿਸਾਨ ਅੰਦੋਲਨ ਨਾਲ ਸੰਬੰਧਤ ਮਸਲੇ', 'ਸਰਕਾਰ ਦਾ ਆਪਣੇ ਹਿਤੈਸ਼ੀਆਂ ਨੂੰ ਅਨੁਚਿਤ ਸਮੇਂ 'ਤੇ ਭਾਰਤ ਰਤਨ ਸਨਮਾਨ ਦੇਣਾ, ਪ੍ਰਾਣ-ਪ੍ਰਤਿਸ਼ਠਾ 'ਤੇ ਉਠਦੇ ਸਵਾਲ, ਬਿਲਕਿਸ ਬਾਨੋ ਬਾਰੇ ਲੇਖ, ਸਿਲਕਿਆਰਾ ਸੁਰੰਗ ਵਿੱਚੋਂ ਰੈਟ ਮਾਈਨਰਜ਼ ਦੀ ਤਕਨੀਕ ਨਾਲ ਖਾਨ ਵਿੱਚੋਂ ਮਜ਼ਦੂਰਾਂ ਨੂੰ ਬਾਹਰ ਕੱਢਣ ਦੀ ਗੱਲ, ਸਰਕਾਰ ਵੱਲੋਂ ਔਰਤ ਬਿੱਲ ਦਾ ਵਿਰੋਧ ਕੀਤੇ ਜਾਣ ਬਾਰੇ, ਦੇਸ਼ ਦੇ 'ਭਾਰਤ' ਨਾਮਕਰਨ ਬਾਰੇ, ਇੱਕ ਦੇਸ਼ ਇੱਕ ਚੋਣ ਦੇ ਸ਼ੋਸ਼ੇ ਬਾਰੇ, ਸਿੱਖਿਆ ਸੰਸਥਾਵਾਂ ਦੇ ਨਿਘਾਰ ਵੱਲ ਜਾਣ ਬਾਰੇ ਆਦਿ ਲੇਖ ਸ਼ਾਮਲ ਹਨ।

ਇਸ ਪ੍ਰਕਾਰ ਇਸ ਪੁਸਤਕ ਵਿੱਚ ਬਹੁਤ ਹੀ ਲਾਹੇਵੰਦ ਵਿਚਾਰਾਂ ਦੀ ਪੇਸ਼ਕਾਰੀ ਹੋਈ ਹੈ, ਜਿਨ੍ਹਾ ਨੂੰ ਪੜ੍ਹ ਕੇ ਸਾਰੀਆ ਸੱਚਾਈਆਂ ਦਾ ਪਤਾ ਲੱਗਦਾ ਹੈ। ਇਸ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

**-ਸੋਮਾ ਸਬਲੋਕ**

### ਕੁੜੀਆਂ ਮੱਛੀਆਂ ਨਹੀਂ ਹੁੰਦੀਆਂ

(ਕਹਾਣੀ-ਸੰਗ੍ਰਹਿ)
**ਅਰਵਿੰਦਰ ਕੌਰ ਧਾਲੀਵਾਲ**
**ਪੰਨੇ : 136, ਮੁੱਲ : 295 ਰੁਪਏ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

'ਕੁੜੀਆਂ ਮੱਛੀਆਂ ਨਹੀਂ ਹੁੰਦੀਆਂ' ਚੋਣਵੀਆਂ ਨਾਰੀਵਾਦੀ ਹਿੰਦੀ ਕਹਾਣੀਆਂ ਦੇ ਪੰਜਾਬੀ ਉਲਥਾ 'ਤੇ ਅਧਾਰਤ ਪੁਸਤਕ ਹੈ। ਇਸ ਪੁਸਤਕ ਦੀ ਅਨੁਵਾਦਕ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਇੱਕ ਗਲਪਕਾਰ, ਆਲੋਚਕ ਤੇ ਸਭ ਤੋਂ ਵੱਧ ਇੱਕ ਅਨੁਵਾਦਕ ਵਜੋਂ ਪਛਾਣ




ਬਣਾਉਣ ਵਾਲੀ ਅਰਵਿੰਦਰ ਕੌਰ ਧਾਲੀਵਾਲ ਹੈ। ਉਸ ਨੇ ਇਹ ਪੁਸਤਕ ਪਹਿਲੀ ਹਿੰਦੀ ਕਥਾਕਾਰ ਸਵਰਨਾ ਕੁਮਾਰੀ ਦੇਵੀ ਅਤੇ ਪਹਿਲੀ ਪੰਜਾਬੀ ਕਥਾਕਾਰ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਕੀਤੀ ਹੈ। 1980 ਤੋਂ ਅਨੁਵਾਦ ਦੇ ਖੇਤਰ ਵਿੱਚ ਰੁੱਝੀ ਉਹ ਉਰਦੂ ਅਤੇ ਅੰਗਰੇਜ਼ੀ ਭਾਸ਼ਾ ਦੀਆਂ ਨਾਮਵਰ ਸ਼ਖਸੀਅਤਾਂ ਦੀਆਂ ਪੁਸਤਕਾਂ ਦਾ ਪੰਜਾਬੀ ਅਨੁਵਾਦ ਕਰ ਚੁੱਕੀ ਹੈ, ਜਿਨ੍ਹਾਂ ਵਿੱਚ 'ਖਸਮਾਂ ਖਾਣੀਆਂ', 'ਬੁੱਲ੍ਹਾ', 'ਤੀਸਰੀ ਦਸਤਕ', 'ਬਾਰਡਰ-ਬਾਰਡਰ', 'ਦੁੱਖ ਦਰਿਆ' ਅਤੇ 'ਜੋੜੀਆਂ ਜੱਗ ਥੋੜੀਆਂ' ਪ੍ਰਮੁੱਖ ਹਨ। ਇਹਨਾਂ ਪੁਸਤਕਾਂ ਵਿੱਚ ਨਾਮਵਰ ਪਾਕਿਸਤਾਨੀ ਪੱਤਰਕਾਰ ਅਤੇ ਨਾਟਕਕਾਰ ਸ਼ਾਹਿਦ ਮਹਿਮੂਦ ਨਦੀਮ ਦੇ ਨਾਟਕ ਵੀ ਸ਼ਾਮਲ ਹਨ। ਬਲਬੀਰ ਮਾਧੋਪੁਰੀ ਦੇ ਸ਼ਬਦਾਂ ਵਿੱਚ 'ਉਸ ਦੇ ਅਨੁਵਾਦ ਕਾਰਜ ਪਿੱਛੇ ਮਨਸ਼ਾ ਸ਼ਾਇਦ ਮਾਨਵ ਮੁਖੀ ਪ੍ਰਗਤੀਵਾਦੀ ਤੇ ਤਰਕਵਾਦੀ ਵਿਚਾਰਧਾਰਾ ਹੈ, ਜਿਸ ਦਾ ਸਾਹਿਤਕ ਮਨੋਰਥ ਆਪਣੇ ਦੁਆਲੇ ਦੇ ਘੇਰੇ ਨੂੰ ਵਸੀਹ ਕਰਦਿਆਂ ਪੰਜਾਬੀ ਸਾਹਿਤ ਨੂੰ ਮੁੱਲਵਾਨ ਪੁਸਤਕਾਂ ਨਾਲ ਹੋਰ ਵਸੀਹ ਕਰਨਾ ਹੈ।' ਹਥਲੇ ਕਹਾਣੀ ਸੰਗ੍ਰਹਿ ਦੀਆਂ ਨੌਂ ਕਹਾਣੀਆਂ ਦਰਅਸਲ ਦੇਸ਼ ਦੇ ਵੱਖ-ਵੱਖ ਰਾਜਾਂ ਨਾਲ ਸੰਬੰਧਤ ਹਨ। ਅਨੁਵਾਦ ਕਰਨ ਲਈ ਅਜਿਹੀਆਂ ਵਿਭਿੰਨ ਖੇਤਰਾਂ ਦੀਆਂ ਨਾਰੀਵਾਦੀ ਕਹਾਣੀਆਂ ਦੀ ਚੋਣ ਅਨੁਵਾਦਕ ਦੀ ਚੇਤਨਤਾ ਦੀ ਵਿਸ਼ਾਲਤਾ ਨੂੰ ਵੀ ਦਰਸਾਉਂਦੀ ਹੈ। ਇਸੇ ਵਿਸ਼ਾਲਤਾ ਕਾਰਨ ਉਸ ਦੁਆਰਾ ਵੱਖਰੇ ਸੱਭਿਆਚਾਰਾਂ, ਵੱਖਰੇ ਧਰਮਾਂ, ਵੱਖਰੇ ਮਸਲਿਆਂ ਅਤੇ ਵੱਖਰੇ ਨਾਰੀ ਪਾਤਰਾਂ ਦੀ ਚੋਣ ਸੰਭਵ ਹੋ ਸਕੀ ਹੈ। ਇਸੇ ਕਾਰਨ ਉਸ ਦੀਆਂ ਅਨੁਵਾਦਿਤ ਇਹ ਕਹਾਣੀਆਂ ਰਵਾਇਤੀ ਕਦਰਾਂ-ਕੀਮਤਾਂ ਨੂੰ ਆਧੁਨਿਕ ਯੁੱਗ ਵਿੱਚ ਵਿਚਰਦਿਆਂ ਵਿਖਾ ਕੇ ਮਾਨਵਵਾਦੀ ਯੁੱਗ ਵਿੱਚ ਵੀ ਪਹੁੰਚ ਕਰਦੀਆਂ ਹਨ। ਉਸ ਦਾ ਇਹ ਅਨੁਵਾਦ ਕਾਰਜ ਇਸੇ ਵਖਰੇਵੇਂ ਕਾਰਨ ਉਸ ਦੇ ਆਪਣੇ ਵਿਅਕਤੀਤਵ ਦੀ ਮੌਲਿਕਤਾ ਵੀ ਸੰਜੋਈ ਬੈਠਾ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਧੁੜਕੂ' ਦੀਪਕ ਭੁੱਲਰ ਸ਼ਰਮਾ ਦੀ ਲਿਖੀ ਹੋਈ ਹੈ, ਜੋ ਇਕ ਢੰਗ ਨਾਲ ਲਿਵ ਰਿਲੇਸ਼ਨਸ਼ਿਪ ਅਤੇ ਵਿਆਹ ਸੰਬੰਧਾਂ ਦੀ ਤੁਲਨਾ ਕਰਦਾ ਬਿਰਤਾਂਤ ਹੈ। ਕਹਾਣੀਕਾਰ ਨੇ ਅਜੋਕੇ ਰਿਸ਼ਤਾ-ਨਾਤਾ ਪ੍ਰਬੰਧਾਂ ਦੀ ਪੋਲ ਖੋਲ੍ਹਦਿਆਂ ਪਤੀ-ਪਤਨੀ ਦੇ ਰਿਸ਼ਤੇ ਨੂੰ ਨਿਸ਼ਾਨਾ ਬਣਾ ਕੇ ਇਸ ਵਿਚਲੀ ਮਾਨਸਿਕਤਾ ਨੂੰ ਰੇਖਾਂਕਿਤ ਕੀਤਾ ਹੈ। ਦੂਜੀ ਕਹਾਣੀ 'ਕੂਚਾ-ਏ-ਨੀਮਕਸ਼' ਪ੍ਰਤਯਕਸ਼ਾ ਦੀ ਲਿਖੀ ਹੋਈ ਹੈ, ਜੋ ਇਕ ਪ੍ਰਤੀਕਾਤਮਕ ਕਹਾਣੀ ਹੈ। ਉਰਮਿਲਾ ਸ਼ੁਕਲ ਦੀ ਕਹਾਣੀ 'ਪਾਣੀ ਦੇ ਲਈ' ਇਸ ਸੰਗ੍ਰਹਿ ਦੀ ਉੱਤਮ ਕਹਾਣੀ ਸਿੱਧ ਹੁੰਦੀ ਹੈ, ਜਿਸ ਵਿੱਚ ਆਉਣ ਵਾਲੇ ਸਮੇਂ ਵਿੱਚ ਪਾਣੀ ਦੇ ਸੰਕਟ ਨੂੰ ਕੇਂਦਰ ਵਿੱਚ ਰੱਖ ਕੇ ਬਿਰਤਾਂਤ ਰਚਿਆ ਗਿਆ ਹੈ। ਇਹ ਕਹਾਣੀ ਪਾਠਕ ਨੂੰ ਧਰਤੀ ਦੇ ਇਸ ਸੰਕਟ ਪ੍ਰਤੀ ਝੰਜੋੜਦੀ ਹੈ। ਚੌਥੀ ਕਹਾਣੀ 'ਸਵਾਂਗ' ਮਨੀਸ਼ਾ ਕੁਲਸ਼੍ਰੇਸ਼ਠ ਦੀ ਲਿਖੀ ਹੋਈ ਹੈ ਤੇ ਰਾਜਸਥਾਨ ਦੀ ਇੱਕ ਲੋਕ ਕਲਾ 'ਤੇ ਅਧਾਰਤ ਹੈ। ਅਜੋਕੇ ਸਮੇਂ ਵਿੱਚ ਇਹ ਸਵਾਂਗ ਕਰਨ ਦੀ ਕਲਾ ਆਧੁਨਿਕਤਾ ਦੇ ਪ੍ਰਭਾਵ ਕਾਰਨ ਖਤਮ ਹੋ ਰਹੀ ਹੈ। ਦਿਵਯਾ ਸ਼ੁਕਲਾ ਦੀ ਕਹਾਣੀ 'ਠਹੁਰ ਟਿਕਾਣਾ' ਬਿਰਧ ਆਸ਼ਰਮ ਵਿੱਚ ਰਹਿ ਰਹੇ ਉਹਨਾਂ ਬਿਰਧਾਂ ਦੀ ਕਹਾਣੀ ਹੈ, ਜਿਨ੍ਹਾਂ ਦਾ ਧਿਆਨ ਰੱਖਣ ਤੋਂ ਉਹਨਾਂ ਦੀ ਆਪਣੀ ਔਲਾਦ ਮੁਨਕਰ ਹੋ ਚੁੱਕੀ ਹੈ। ਪ੍ਰਗਯਾ ਪਾਂਡੇ ਦੀ ਕਹਾਣੀ 'ਕੁੜੀਆਂ ਮੱਛੀਆਂ ਨਹੀਂ ਹੁੰਦੀਆਂ' ਆਧੁਨਿਕ ਸਮੇਂ ਵਿੱਚ ਰਹਿਣ-ਸਹਿਣ ਅਤੇ ਲੋਕ-ਮਾਨਸਿਕਤਾ ਦੇ ਬਦਲਾਅ ਦੀ ਕਹਾਣੀ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਜਦੋਂ ਔਰਤ ਸਵੈ-ਵਿਕਾਸ ਲਈ ਘਰ ਤੋਂ ਬਾਹਰ ਨਿਕਲਦੀ ਹੈ ਤਾਂ ਉਹ ਰਵਾਇਤੀ ਸੋਚਾਂ ਅਤੇ ਰਸਮਾਂ ਤੋਂ ਵੀ ਪਰੇ ਹੋਣਾ ਲੋਚਦੀ ਹੈ। ਪ੍ਰਗਯਾ ਦੀ ਕਹਾਣੀ 'ਜਗ ਜਿਉਂਦਿਆਂ ਦੇ' ਇੱਕ ਸ਼ਾਨਦਾਰ ਕਹਾਣੀ ਹੈ, ਜਿਸ ਵਿੱਚ ਡੇਰਾਵਾਦ ਅਤੇ ਅਖੌਤੀ ਬਾਬਿਆਂ ਦੀ ਪੋਲ ਖੋਲ੍ਹੀ ਗਈ ਹੈ। 'ਅੰਜੁਮਨ ਖ਼ਾਲਾ ਨੂੰ ਗੁੱਸਾ ਕਿਉਂ ਨਹੀਂ ਆਉਂਦਾ' ਸੋਨੀ ਪਾਂਡੇਯ ਦੀ ਲਿਖੀ ਕਹਾਣੀ ਹੈ, ਜਿਸ ਵਿੱਚ ਰਵਾਇਤੀ ਲੋਕ ਕਿੱਤਿਆਂ ਦੀ ਪਰੰਪਰਾ ਅਤੇ ਆਧੁਨਿਕਤਾ ਦੀ ਆੜ ਹੇਠ ਆਉਣ ਵਾਲੇ ਵਿਕਾਸਸ਼ੀਲ ਬਦਲਾਅ ਦੀ ਤੁਲਨਾ ਕੀਤੀ ਗਈ ਹੈ। ਇਸ ਸੰਗ੍ਰਹਿ ਦੀ ਅੰਤਿਮ ਕਹਾਣੀ 'ਵੱਡੀ ਉਮਰ ਦੀ ਔਰਤ' ਸਰੀਤਾ ਨਿਰਝਰਾ ਦੀ ਲਿਖੀ ਹੋਈ ਹੈ, ਜਿਸ ਵਿੱਚ ਇੱਕ ਔਰਤ ਦੇ ਮਨ ਦੇ ਚਾਅ ਖ਼ਤਮ ਹੋਣ ਦੀ ਦਾਸਤਾਨ ਹੈ। ਇਸ ਢੰਗ ਨਾਲ ਇਸ ਕਹਾਣੀ-ਸੰਗ੍ਰਹਿ ਦਾ ਕਥਾ ਜਗਤ ਵਿਸ਼ਾਲ ਅਤੇ ਵਸੀਹ ਹੁੰਦਾ ਹੋਇਆ ਕਈ ਤਰ੍ਹਾਂ ਦੇ ਮਸਲਿਆਂ ਨੂੰ ਦਰਸਾਉਂਦਾ ਹੈ। ਸਾਰੀਆਂ ਕਹਾਣੀਆਂ ਦਾ ਅਨੁਵਾਦ ਬਹੁਤ ਹੀ ਕਲਾਤਮਿਕ ਢੰਗ ਨਾਲ ਕੀਤਾ ਗਿਆ ਹੈ, ਜਿਸ ਕਾਰਨ ਉਹ ਆਪਣੀ ਮੌਲਿਕਤਾ ਵੀ ਬਰਕਰਾਰ ਰੱਖਦੀਆਂ ਹਨ ਅਤੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵੀ ਆਪਣੀ ਜਾਇਜ਼ ਥਾਂ ਬਣਾਉਂਦੀਆਂ ਹਨ।

**— ਡਾ. ਸੰਦੀਪ ਰਾਣਾ**

### 'ਸਾਡੀ ਧਰਤੀ, ਸਾਡੇ ਲੋਕ'

(ਵਾਰਤਕ)
**ਅੰਮ੍ਰਿਤ ਲਾਲ**
**ਪੰਨੇ: 128, ਮੁੱਲ : 200 ਰੁਪਏ**
**ਪਰਵਾਜ਼ ਪ੍ਰਕਾਸ਼ਨ, ਜਲੰਧਰ**

ਹਥਲੀ ਪੁਸਤਕ 'ਸਾਡੀ ਧਰਤੀ ਸਾਡੇ ਲੋਕ' ਅੰਮ੍ਰਿਤ ਲਾਲ (ਮਰਹੂਮ) ਦੀ ਪੁਸਤਕ ਹੈ। ਇਸ ਪੁਸਤਕ ਦੇ ਦੋ ਭਾਗ ਹਨ : (1) ਸ਼ਰਧਾਂਜਲੀਆਂ : ਕਾਮਰੇਡ ਅੰਮ੍ਰਿਤ ਲਾਲ ਅਤੇ




(2) ਸਾਡੀ ਧਰਤੀ ਸਾਡੇ ਲੋਕ। ਮੁੱਖ ਬੰਦ ਚੰਦ ਫਤਿਹਪੁਰੀ ਨੇ ਲਿਖਿਆ ਹੈ। ਅੰਮ੍ਰਿਤ ਲਾਲ ਨੇ ਨਵਾਂ ਜ਼ਮਾਨਾ-ਐਤਵਾਰਤਾ ਵਿੱਚ 'ਮੇਰੀ ਧਰਤੀ ਮੇਰੇ ਲੋਕ' ਸਿਰਲੇਖ ਹੇਠ ਕਾਲਮ ਲਿਖੇ। ਉਸ ਕਾਲਮ ਵਿੱਚ ਉਸ ਦੇ ਲਿਖੇ ਲੇਖਾਂ ਦਾ ਸੰਕਲਨ ਇਸ ਪੁਸਤਕ ਵਿੱਚ ਦਿੱਤਾ ਗਿਆ ਹੈ। ਸੰਕਲਿਤ 31 ਲੇਖਾਂ ਦੇ ਸਿਰਲੇਖਾਂ ਜਿਵੇਂ ਕਿ 'ਕੋਰੋਨਾ ਵਾਇਰਸ ਦੇ ਮਜ਼ਦੂਰ ਜਮਾਤ 'ਤੇ ਪ੍ਰਭਾਵ', 'ਕੋਰੋਨਾ ਵਾਇਰਸ ਨਾਲ ਨਿਪਟਨ ਲਈ ਸਰਕਾਰੀ ਖੇਤਰ ਦਾ ਯੋਗਦਾਨ', ਕੋਰੋਨਾ ਵਾਇਰਸ ਅਤੇ ਨਿੱਘਰਦੀਆਂ ਸਮਾਜਿਕ ਕਦਰਾਂ ਕੀਮਤਾਂ', 'ਮੋਦੀ ਸਰਕਾਰ ਦਾ ਕਿਰਤ ਕਾਨੂੰਨਾਂ 'ਤੇ ਮਾਰੂ ਵਾਰ', 'ਗਲਵਾਨ ਘਾਟੀ ਦੀਆਂ ਘਟਨਾਵਾਂ', ਬਾਬਾ ਰਾਮ ਦੇਵ ਦੇ ਬਦਲਦੇ ਰੂਪ', 'ਦੇਸ਼ ਨਿੱਜੀਕਰਨ ਦੀ ਰਾਹ 'ਤੇ', 'ਮੀਡੀਆ ਦਾ ਪ੍ਰਸਾਰ ਅਤੇ ਵਿਉਪਾਰ' ਆਦਿ ਤੋਂ ਪਤਾ ਲੱਗਦਾ ਹੈ ਕਿ ਇਹ ਲੇਖ ਸਰਕਾਰ ਦੀਆਂ ਮਾਰੂ ਨੀਤੀਆਂ ਬਾਰੇ ਅਤੇ ਆਮ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਹਾਲਾਤ ਬਾਰੇ ਲਿਖੇ ਗਏ ਹਨ। ਇਹ ਸਾਰੇ ਹੀ ਲੇਖ ਪੜ੍ਹਨਯੋਗ ਹਨ, ਕਿਉਂਕਿ ਇਹ ਲੇਖ ਆਮ ਲੋਕਾਂ ਦੇ ਸਮੂਹ /ਅਧਿਕਾਰਾਂ ਦੀ ਗੱਲ ਕਰਦੇ ਹਨ ਅਤੇ ਲੱਗਭੱਗ ਹਰ ਖੇਤਰ ਵਿੱਚ ਸਿਆਸੀ ਚਾਲਬਾਜ਼ੀਆਂ ਨੂੰ ਬੇਨਕਾਬ ਕਰਦੇ ਹਨ।

**-ਸੋਮਾ ਸਬਲੋਕ**

# ਕਾਵਿ ਸੰਗ੍ਰਹਿ 'ਕੋਮਲ ਪੱਤੀਆਂ ਦਾ ਉਲ੍ਹਾਂਭਾ' ਲੋਕ ਅਰਪਣ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਤੋਂ ਇਲਾਵਾ ਮੁੱਖ ਮਹਿਮਾਨ ਵਜੋਂ 'ਸਾਊਥ ਏਸ਼ੀਅਨ ਰੀਵਿਊ' ਦੇ ਸਹਾਇਕ ਸੰਪਾਦਕ,



ਵਿਰਾਸਤ ਫਾਊਂਡੇਸ਼ਨ, ਕੈਨੇਡਾ ਦੇ ਪ੍ਰਧਾਨ ਭੁਪਿੰਦਰ ਸਿੰਘ ਮੱਲ੍ਹੀ ਸ਼ਾਮਲ ਹੋਏ, ਜਦੋਂ ਕਿ ਪ੍ਰਧਾਨਗੀ ਉੱਘੇ ਵਿਦਵਾਨ ਡਾ. ਗੁਰਬਚਨ ਸਿੰਘ ਰਾਹੀ ਨੇ ਕੀਤੀ। ਸੁਪ੍ਰਸਿੱਧ ਸ਼੍ਰੋਮਣੀ ਕਵੀ ਸਰਦਾਰ ਪੰਛੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਪਰਮਿੰਦਰਜੀਤ ਕੌਰ ਅਤੇ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਉਜਾਗਰ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਦਵਿੰਦਰ ਪਟਿਆਲਵੀ ਦੀ ਕਾਵਿ-ਸਿਰਜਣਾ ਅਤੇ ਉਸ ਦੀ ਸਾਹਿਤ ਸਭਾ ਨਾਲ ਚਿਰੋਕਣੀ ਸਾਂਝ ਦੇ ਹਵਾਲੇ ਨਾਲ ਕਿਹਾ ਕਿ ਲੇਖਕਾਂ ਦੀ ਰਚਨਾ ਦੇ ਵਿਕਾਸ ਵਿਚ ਸਾਹਿਤ ਸਭਾਵਾਂ ਉਸਾਰੂ ਭੂਮਿਕਾ ਨਿਭਾਉਂਦੀਆਂ ਹਨ। ਉਪਰੰਤ ਸਭਾ ਦੇ ਜਨਰਲ ਸਕੱਤਰ ਅਤੇ ਮਿੰਨੀ ਕਹਾਣੀ ਰਸਾਲੇ 'ਛਿਣ' ਦੇ ਸੰਪਾਦਕ ਦਵਿੰਦਰ ਪਟਿਆਲਵੀ ਦੀ ਪੁਸਤਕ 'ਕੋਮਲ ਪੱਤੀਆਂ ਦਾ ਉਲਾਂਭਾ' ਦਾ ਲੋਕ ਅਰਪਣ ਕੀਤਾ ਗਿਆ। ਡਾ. ਗੁਰਬਚਨ ਸਿੰਘ ਰਾਹੀ ਨੇ ਕਿਹਾ ਕਿ ਪਟਿਆਲਵੀ ਦੀ ਕਵਿਤਾ ਮਾਨਵੀ ਸੰਵੇਦਨਾ ਨੂੰ ਪ੍ਰਸਤੁਤ ਕਰਦੀ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਕਵੀਆਂ ਦਾ ਜ਼ਿਕਰ ਕਰਦਿਆਂ ਭੁਪਿੰਦਰ ਸਿੰਘ ਮੱਲ੍ਹੀ ਦਾ ਮੱਤ ਸੀ ਕਿ ਪਟਿਆਲਵੀ ਵਰਗੇ ਕਲਮਕਾਰ ਇਕੋ ਜਿਹੀ ਊਰਜਾ ਨਾਲ ਸਭਾ ਅਤੇ ਕਲਮ ਦੀ ਖ਼ਿਦਮਤ ਕਰ ਰਹੇ ਹਨ। ਸਰਦਾਰ ਪੰਛੀ ਨੇ ਆਪਣੇ ਨਿਵੇਕਲੇ ਸ਼ਾਇਰਾਨਾ ਅੰਦਾਜ਼ ਵਿਚ ਕਲਾਮ ਪੇਸ਼ ਕਰਕੇ ਖ਼ੂਬ ਵਾਹ-ਵਾਹ ਖੱਟੀ, ਜਦੋਂ ਕਿ ਡਾ. ਪਰਮਿੰਦਰਜੀਤ ਕੌਰ ਦਾ ਮੰਨਣਾ ਸੀ ਕਿ ਬਜ਼ੁਰਗ ਸਾਹਿਤਕਾਰਾਂ ਦੀਆਂ ਦਸਤਾਵੇਜ਼ੀ ਫ਼ਿਲਮਾਂ ਬਣਾਉਣੀਆਂ ਚਾਹੀਦੀਆਂ ਹਨ। ਕਾਲਮਨਵੀਸ ਉਜਾਗਰ ਸਿੰਘ ਨੇ ਪੁਸਤਕ ਦੇ ਕਲਾ ਪੱਖ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ। ਪੁਸਤਕ ਉਪਰ ਪ੍ਰਸਿੱਧ ਵਿਦਵਾਨ ਡਾ. ਹਰਜੀਤ ਸਿੰਘ ਸੱਧਰ ਨੇ ਮੁੱਖ ਪੇਪਰ ਪੜ੍ਹਦਿਆਂ ਪੁਸਤਕ ਦੇ ਵਸਤੂ ਜਗਤ ਦੀ ਗਹਿਰਾਈ ਦੀਆਂ ਤੰਦਾਂ ਨੂੰ ਛੂਹਿਆ। ਡਾ. ਅਰਵਿੰਦਰ ਕੌਰ ਕਾਕੜਾ, ਡਾ. ਹਰਪ੍ਰੀਤ ਸਿੰਘ ਰਾਣਾ, ਖੋਜਾਰਥਣ ਮਨਜੀਤ ਕੌਰ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਨਵਦੀਪ ਸਿੰਘ ਮੁੰਡੀ, ਸ਼ਬਨਮ ਆਰੀਆ ਮੱਲ੍ਹੀ ਅਤੇ ਡਾ. ਬਲਕਰਨ ਸਿੰਘ (ਸਰਕਾਰੀ ਮਹਿੰਦਰਾ ਕਾਲਜ ਪਟਿਆਲਾ) ਨੇ ਪੁਸਤਕ ਦੇ ਹੋਰਨਾਂ ਵੱਖ-ਵੱਖ ਪੱਖਾਂ ਬਾਰੇ ਆਪੋ-ਆਪਣੇ ਨਜ਼ਰੀਏ ਤੋਂ ਉਸਾਰੂ ਅਤੇ ਪ੍ਰੇਰਣਾਮਈ ਚਰਚਾ ਕੀਤੀ। ਦਵਿੰਦਰ ਪਟਿਆਲਵੀ ਨੇ ਆਪਣੀ ਪੁਸਤਕ ਬਾਰੇ ਵਿਦਵਾਨਾਂ ਵੱਲੋਂ ਰਚਾਏ ਗੰਭੀਰ ਸੰਵਾਦ 'ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਭਵਿੱਖ ਵਿਚ ਉਹ ਆਪਣੀ ਰਚਨਾ ਪ੍ਰਕਿਰਿਆ ਵਿਦਵਾਨਾਂ ਦੀਆਂ ਮੁੱਲਵਾਨ ਗੱਲਾਂ ਨੂੰ ਸਾਹਮਣੇ ਰੱਖ ਕੇ ਕਰਨਗੇ। ਸੁਖਦੇਵ ਸਿੰਘ ਸ਼ਾਂਤ ਅਤੇ ਜ਼ੋਰਾਵਰ ਸਿੰਘ ਪੰਛੀ (ਲੁਧਿਆਣਾ) ਨੇ ਪ੍ਰਤੀਕਾਤਮਕ ਕਵਿਤਾ ਅਤੇ ਗ਼ਜ਼ਲ ਸਾਂਝੀ ਕੀਤੀ।

# ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਡਾ. ਦੇਵਿੰਦਰ ਸੈਫੀ ਨਾਲ ਰੂਬਰੂ

**ਚੰਡੀਗੜ੍ਹ** : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਟੀ.ਐੱਸ. ਸੈਂਟਰਲ ਸਟੇਟ ਲਾਇਬ੍ਰੇਰੀ ਦੇ ਸਹਿਯੋਗ ਨਾਲ ਨਾਮਵਰ ਸ਼ਾਇਰ, ਚਿੰਤਕ ਅਤੇ ਆਲੋਚਕ ਡਾ. ਦੇਵਿੰਦਰ ਸੈਫੀ ਦਾ ਰੂ-ਬ-ਰੂ ਕਰਵਾਇਆ ਗਿਆ। ਇਸ ਦੌਰਾਨ ਪ੍ਰਧਾਨਗੀ ਮੰਡਲ



ਵਿੱਚ ਕਾਰਜਕਾਰੀ ਪ੍ਰਧਾਨ ਪਰਮਜੀਤ ਪਰਮ, ਉੱਘੇ ਆਲੋਚਕ ਡਾ. ਸ਼ਿੰਦਰਪਾਲ ਸਿੰਘ, ਡਾ. ਦਵਿੰਦਰ ਬੋਹਾ, ਦੀਪਕ ਸ਼ਰਮਾ ਚਨਾਰਥਲ ਅਤੇ ਸ. ਦਰਸ਼ਨ ਸਿੰਘ ਸਿੱਧੂ ਸ਼ਾਮਲ ਹੋਏ। ਉਪਰੰਤ ਸ੍ਰੀਮਤੀ ਪਰਮਜੀਤ ਪਰਮ ਨੇ ਪ੍ਰੋਗਰਾਮ ਦੀ ਰੂਪਰੇਖਾ ਅਤੇ ਡਾ. ਦੇਵਿੰਦਰ ਸੈਫੀ ਦੇ ਸਾਹਿਤਕ ਸਫਰ ਬਾਰੇ ਜਾਣੂ ਕਰਵਾਇਆ। ਡਾ. ਸੈਫੀ ਨੇ ਰੂਬਰੂ ਹੁੰਦਿਆਂ ਆਪਣੇ ਜੀਵਨ ਦੀਆਂ ਤਲਖ ਪੈੜਾਂ ਅਤੇ ਸਾਹਿਤਕ ਸਫਰ ਬਾਰੇ ਦੱਸਦਿਆਂ ਝੱਲੀਆਂ ਗਈਆਂ ਰਾਜਨੀਤਕ ਧੱਕੇਸ਼ਾਹੀਆਂ, ਲਏ ਸੰਕਲਪਾਂ, ਕੀਤੇ ਅਧਿਐਨ ਬਾਰੇ ਪ੍ਰੇਰਨਾਜਨਕ ਅਨੁਭਵ ਸਾਂਝੇ ਕਰਦਿਆਂ ਦਿਲ ਟੁੰਬਵੀਆਂ ਕ੍ਰਾਂਤੀਕਾਰੀ ਅਤੇ ਮੁਹੱਬਤੀ ਰਚਨਾਵਾਂ ਪੇਸ਼ ਕੀਤੀਆਂ। ਪਖੰਡ ਅਤੇ ਪੁਜਾਰੀਵਾਦ ਦੇ ਖਿਲਾਫ ਸਿੱਖੀ ਸੱਚ ਦੇ ਅਸਲ ਭੇਦ ਵੱਲ ਇਸ਼ਾਰਾ ਕਰਦੀਆਂ ਨਜ਼ਮਾਂ 'ਨਨਕਾਣੇ ਤੋਂ ਚਾਂਦਨੀ ਚੌਕ ਤੱਕ', 'ਸ਼ਰਧਾ ਅੰਦਰ ਲਿਪਟੇ ਬੇਦਾਵੇ' ਪੇਸ਼ ਕੀਤੀਆਂ। ਦਵਿੰਦਰ ਕੌਰ ਢਿੱਲੋਂ, ਸਿਮਰਜੀਤ ਕੌਰ ਗਰੇਵਾਲ, ਰਮਨਦੀਪ ਰਮਣੀਕ ਅਤੇ ਸਰਬਜੀਤ ਸਿੰਘ ਖਮਾਣੋ ਨੇ ਡਾ. ਸੈਫੀ ਦੀ ਪੁਸਤਕ ਵਿੱਚੋਂ ਬਹੁਤ ਹੀ ਖ਼ੂਬਸੂਰਤ ਗੀਤ ਪੇਸ਼ ਕੀਤੇ । ਡਾ. ਦਵਿੰਦਰ ਬੋਹਾ ਨੇ ਸੈਫੀ ਦੀ ਨਵੀਂ ਪੁਸਤਕ 'ਮੁਹੱਬਤ ਨੇ ਕਿਹਾ' ਉਪਰ ਨਿਵੇਕਲਾ ਚਿੰਤਨ ਪੇਸ਼ ਕੀਤਾ। ਅੰਤ ਵਿੱਚ ਡਾ. ਦਵਿੰਦਰ ਸੈਫੀ ਨੂੰ ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਮੈਂਬਰਾਂ ਵੱਲੋਂ ਸਨਮਾਨ ਪੱਤਰ, ਫੁੱਲਕਾਰੀ ਅਤੇ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ 'ਚ ਸਾਹਿਤਕਾਰ ਤੇ ਲੇਖਕ ਹਾਜ਼ਰ ਸਨ। ਸਟੇਜ ਸੰਚਾਲਨ ਸ. ਦਰਸ਼ਨ ਸਿੰਘ ਸਿੱਧੂ ਨੇ ਬਹੁਤ ਹੀ ਬਾਖ਼ੂਬੀ ਨਾਲ ਨਿਭਾਇਆ।

# ਸਮਕਾਲ

## ਹੁਣ : ਗਾਜ਼ਾ ਦੀਆਂ ਲਹੂ-ਲੁਹਾਨ ਗੱਲਾਂ

ਹੁਣ-50 (ਜਨਵਰੀ-ਅਪ੍ਰੈਲ,2025) ਅੰਕ ਵਿੱਚ ਇਸ ਵਾਰ ਫ਼ਲਸਤੀਨ ਦੀ ਲਹੂ ਲੁਹਾਨ ਗਾਜ਼ਾ ਪੱਟੀ 'ਤੇ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। 25 ਪੰਨਿਆ ਤੱਕ ਫੈਲੀ ਮਨੁੱਖਤਾ ਦੇ ਘਾਣ ਦੀ ਕਹਾਣੀ ਅਸ਼ਤਰ ਥੀਏਟਰ ਦੇ ਬੱਚਿਆਂ ਅਤੇ ਨੌਜਵਾਨਾਂ ਵਲੋਂ ਲਿਖੀ ਗਈ ਹੈ। ਅਸ਼ਤਰ ਥੀਏਟਰ ਗਰੁੱਪ ਦਾ ਡਾਇਰੈਕਟਰ ਅਲੀ ਅਬੂ ਯਾਸੀਨ 'ਗਾਜ਼ਾ ਮੋਨੋਲੋਗ' ਰਾਹੀਂ ਇਹ ਪ੍ਰਸੰਗ 2010 ਤੋਂ ਸ਼ੁਰੂ ਕਰਕੇ ਹੁਣ ਤੱਕ ਪੇਸ਼ ਕਰ ਰਿਹਾ ਹੈ। ਇਹ ਲਿਖਤ ਬਹੁਤ ਸਵੇਦਨਾ ਨਾਲ ਭਰੀ ਹੋਈ ਹੈ। ਜਿਸ ਨੂੰ ਅਰਬੀ ਤੋਂ ਅੰਗਰੇਜ਼ੀ 'ਚ ਅਨੁਵਾਦ ਫੀਦਾ ਜਿਰਿਸ ਤੇ ਪੰਜਾਬੀ ਵਿੱਚ ਕਮਲ ਦੁਸਾਂਝ ਨੇ ਕੀਤਾ ਹੈ। 'ਹੁਣ' ਦੀ ਸੰਪਾਦਕੀ ਵੀ 'ਗਾਜ਼ਾਂ ਦੀ ਆਵਾਜ਼' ਬਣੀ ਹੈ।




ਇਸ ਅੰਕ ਵਿੱਚ ਛਪੀਆਂ 11 ਕਹਾਣੀ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਣ ਵਾਲੀਆਂ ਹਨ। ਜਿਨ੍ਹਾਂ ਨੇ ਸਾਲ ਦੇ ਅੰਤ ਤੱਕ ਚਰਚਾ ਦਾ ਕੇਂਦਰ ਬਣਨਾ ਹੈ। ਇਸ ਅੰਕ ਵਿੱਚ ਅਜਮੇਰ ਰੋਡੇ (ਹਜ਼ਾਰ ਮੀਲ ਲੰਮੀ ਬਾਂਹ), ਜਗਜੀਤ ਬਰਾੜ (ਮਰਦਮ ਸ਼ੁਮਾਰੀ), ਜਿੰਦਰ (ਥੇਹ), ਭਗਵੰਤ ਰਸੂਲਪੁਰੀ (ਦਾਬਾ),ਬਲਦੇਵ ਸਿੰਘ ਢੀਂਡਸਾ (ਮਰਜੀਵੜੇ), ਅਜਮੇਰ ਸਿੱਧੂ (ਨਵੇਂ ਅਵਤਾਰ), ਦੀਪ ਦੇਵਿੰਦਰ ਸਿੰਘ (ਪੂਰ ਬੇੜੀਆਂ ਦੇ),ਪਰਗਟ ਸਿੰਘ ਸਤੌਜ (ਨਦੀ ਰਾਹ ਨਾ ਜਾਣਦੀ), ਯਤਿੰਦਰ ਕੌਰ ਮਾਹਲ (ਮੋਕਸ਼), ਸੰਦੀਪ ਸਮਰਾਲਾ (ਸੁਪਨੇ ਦਾ ਗਵਾਹ ਨਹੀਂ ਹੁੰਦਾ), ਅਲਫ਼ਾਜ਼ (ਇਨਫ਼ਲੂਐਂਸਰ) ਆਦਿ ਕਹਾਣੀਆਂ ਤੋਂ ਇਲਾਵਾ ਦੋ ਅਨੁਵਾਦ ਕਹਾਣੀਆਂ ਘੜੀ ਸਿਆਣਪ (ਅਲੀ ਉਸਮਾਨ ਬਾਜਵਾ-ਲਿਪੀ ਅੰਤਰ ਇਰਫ਼ਾਨ ਮਜੀਦ) ਤੇ ਘਰ ਦਾ ਮਾਲਿਕ (ਅਫ਼ਰਾ ਬੁਖ਼ਾਰੀ-ਅਨੁ. ਜੈਨਿੰਦਰ ਚੌਹਾਨ) ਛਪੀਆਂ ਹਨ।

ਚਿੰਤਨੀ ਸਰੋਕਾਰਾਂ ਨਾਲ ਲਬਰੇਜ਼ ਦੋ ਲੇਖ ਅੰਕ ਵਿੱਚ ਅਹਿਮ ਹਨ। ਮਾਰਕਸੀ ਅਤੇ ਅੰਬੇਦਕਰੀ ਨਜ਼ਰੀਏ ਤੋਂ 'ਜਾਤ ਤੇ ਜਮਾਤ ਦਾ ਦਵੰਦ' ਲੇਖ ਮਨਮੋਹਨ ਦਾ ਲਿਖਿਆ ਹੈ ਅਤੇ ਤਸਕੀਨ ਨੇ ਪੰਜਾਬ ਗਾਇਕੀ ਤੇ ਮੰਡੀ ਸਭਿਆਚਾਰ ਦੇ ਪ੍ਰਸੰਗ ਵਿੱਚ 'ਇੰਝ ਉਜੜਿਆ ਮੁਲਕ ਪੰਜਾਬ ਮੇਰਾ' ਵਿੱਚ ਵਿਚਾਰ ਉਤੇਜਨਾ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਹੈ। ਬਲਬੀਰ ਸਿੰਘ ਕੰਵਲ ਨੇ 'ਸ਼ਾਸਤਰੀ ਗਾਇਕ ਅਤੇ ਰਬਾਬੀ ਪ੍ਰੰਪਰਾ' ਲੇਖ ਵਿੱਚ ਰਬਾਬੀ ਪਰੰਪਰਾ ਤੇ ਗੰਭੀਰ ਗੱਲਾਂ ਕੀਤੀਆਂ ਹਨ। ਜਸਵੰਤ ਰਾਏ ਨੇ 'ਛੰਨਾਂ ਢਾਰਿਆਂ ਦੀ ਬੁਲੰਦ ਆਵਾਜ਼ ਗੁਰਦਾਸ ਰਾਮ ਆਲਮ' ਆਪਣੇ ਖੋਜ ਭਰਪੂਰ ਲੇਖ ਵਿੱਚ ਆਲਮ ਦੀ ਸ਼ਾਇਰੀ ਦੇ ਪ੍ਰਸੰਗ ਵਿੱਚ ਸੰਵਾਦ ਰਚਾਇਆ ਹੈ। ਬੂਟਾ ਸਿੰਘ ਚੌਹਾਨ ਨੇ ਮਹਿੰਦਰ ਸਾਥੀ ਦਾ ਸ਼ਬਦ ਚਿੱਤਰ 'ਸਾਥੀ ਕਿਸੇ ਵਰਗਾ ਨਹੀਂ ਸੀ' ਲਿਖਿਆ ਹੈ। ਨੀਲਮ ਗੋਇਲ (ਮਾਂ ਤੋਂ ਸੁਣੇ ਗੀਤ), ਅਵਤਾਰ ਸਿੰਘ (ਪਿੰਡ ਦਾ ਆਰਕੀਟਾਈਪ ਅਤੇ ਸਾਹਿਤ), ਸਤਪਾਲ ਭੀਖੀ (ਨਿੱਕਾ ਸਪੀਕਰਾਂ ਵਾਲਾ), ਆਤਮਜੀਤ (ਮੈਂ ਤਾਂ ਇਕ ਸਾਰੰਗੀ ਹਾਂ) ਆਪਣੀ ਪੜ੍ਹਨ ਯੋਗਤਾ ਬਣਾਈ ਰੱਖਣ ਵਿੱਚ ਸਫ਼ਲ ਹੋਏ ਹਨ।

ਰਵਿੰਦਰ ਸਹਿਰਾਅ, ਸੁਰਿੰਦਰ ਸੋਹਲ, ਜੈਪਾਲ, ਮਨਜਿੰਦਰ ਸਿੰਘ ਧਨੋਆ, ਕੁਲਵਿੰਦਰ ਕੁੱਲਾ, ਮੱਖਣ ਕੁਹਾੜ, ਸਤਪਾਲ ਭੀਖੀ, ਜਸਿੰਤਾ ਕੇਰਕੇਟਾ, ਦਲਜਿੰਦਰ ਰਹਿਲ, ਮਨਿੰਦਰ ਮਨ ਤੇ ਦੇਵਿੰਦਰ ਬਿਮਰਾ ਆਦਿ ਦੀਆਂ ਕਵਿਤਾਵਾਂ-ਗ਼ਜ਼ਲਾਂ ਤੋਂ ਇਲਾਵਾਂ ਕੁਝ ਕਿਤਾਬਾਂ ਦੇ ਰੀਵਿਊ ਵੀ 'ਹੁਣ' ਦੀ ਗੰਭੀਰਤਾ ਨੂੰ ਦਰਸਾਉਂਦੇ ਹਨ। ਕਹਾਣੀ ਅਤੇ ਲੇਖਾਂ ਨਾਲ 'ਹੁਣ' ਨੇ ਗੰਭੀਰ ਪਰਚਾ ਹੋਣ ਦਾ ਆਪਣਾ ਬਿੰਬ ਕਾਇਮ ਰੱਖਿਆ ਹੈ।

ਪਰਚੇ ਦੇ ਪੰਨੇ : 204, ਮੁੱਲ : 200 ਰੁਪਏ ਹੈ। ਮੁੱਖ ਸੰਪਾਦਕ : ਸੁਸ਼ੀਲ ਦੁਸਾਂਝ, ਸੰਪਾਦਕ : ਕਮਲ ਦੁਸਾਂਝ, 102, ਦੂਜੀ ਮੰਜ਼ਿਲ, ਮੋਨਾ ਪੈਰਾਡਾਈਜ਼, ਸ਼ਿਵਾਲਿਕ ਸਿਟੀ, ਮੋਹਾਲੀ, ਮੁਬਾਇਲ : 98887-99870

# ਮਨਜੀਤ ਇੰਦਰਾ ਨਾਲ ਸਾਹਿਤਕ ਮਿਲਣੀ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਮਹੀਨਾਵਾਰ ਸਾਹਿਤਕ ਸਮਾਗਮ ਲੇਖਕ ਭਵਨ ਸੰਗਰੂਰ ਵਿਖੇ ਹੋਇਆ, ਜਿਸ ਵਿੱਚ ਪੰਜਾਬੀ ਦੀ ਸਿਰਮੌਰ ਕਵਿੱਤਰੀ ਮਨਜੀਤ ਇੰਦਰਾ ਨਾਲ ਸਾਹਿਤਕ ਮਿਲਣੀ ਕਰਵਾਈ ਗਈ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਨੇ ਆਪਣੀਆਂ ਕੁੱਝ ਚੋਣਵੀਆਂ ਕਵਿਤਾਵਾਂ ਵੀ ਸੁਣਾਈਆਂ, ਜਿਨ੍ਹਾਂ ਨੂੰ ਹਾਜ਼ਰ ਸਰੋਤਿਆਂ ਨੇ ਮੰਤਰ-ਮੁਗਧ ਹੋ ਕੇ ਸੁਣਿਆ। ਉਨ੍ਹਾਂ ਨੇ ਕਿਹਾ ਕਿ ਨਰੋਈ ਸਾਹਿਤਕ ਸਿਰਜਣਾ ਲਈ ਨਰੋਆ ਸਾਹਿਤ ਪੜ੍ਹਨਾ ਲਾਜ਼ਮੀ ਹੁੰਦਾ ਹੈ। ਸਰੋਤਿਆਂ ਨਾਲ ਉਨ੍ਹਾਂ ਦੀ ਜਾਣ-ਪਛਾਣ ਮੂਲ ਚੰਦ ਸ਼ਰਮਾ ਨੇ ਕਰਵਾਈ। ਸਮਾਗਮ ਵਿੱਚ ਉੱਘੇ ਲੇਖਕ ਪੰਮੀ ਫੱਗੂਵਾਲੀਆ ਦੀ ਖੋਜ ਪੁਸਤਕ 'ਅਸੰਵੇਦਨਸ਼ੀਲਤਾ-ਅਪਾਹਜਤਾ : ਸਮੱਸਿਆ ਅਤੇ ਹੱਲ' ਲੋਕ ਅਰਪਣ ਕੀਤੀ ਗਈ। ਹਰਸ਼ਜੋਤ ਕੌਰ ਨੇ ਮਨਜੀਤ ਇੰਦਰਾ ਦੀ ਸਾਹਿਤਕ ਸਿਰਜਣਾ ਦੀ ਚਰਚਾ ਕਰਦਿਆਂ ਕਿਹਾ ਕਿ ਚੰਗੇ ਸਮਾਜ ਦੇ ਨਿਰਮਾਣ ਲਈ ਚੰਗੇ ਸਾਹਿਤ ਦੀ ਭੂਮਿਕਾ ਅਹਿਮ ਹੈ। ਸਮਾਗਮ ਉਪਰੰਤ ਡਾ. ਮੀਤ ਖਟੜਾ ਦੀ ਪ੍ਰਧਾਨਗੀ ਵਿੱਚ ਸਭਾ ਦਾ ਜਨਰਲ ਇਜਲਾਸ ਹੋਇਆ, ਜਿਸ ਵਿੱਚ ਸਾਲ 2024-26 ਲਈ ਸਰਬਸੰਮਤੀ ਨਾਲ ਡਾ. ਮੀਤ ਖਟੜਾ ਸਰਪ੍ਰਸਤ, ਕਰਮ ਸਿੰਘ ਜ਼ਖ਼ਮੀ ਪ੍ਰਧਾਨ, ਸੁਖਵਿੰਦਰ ਸਿੰਘ ਲੋਟੇ ਸੀਨੀਅਰ ਮੀਤ ਪ੍ਰਧਾਨ, ਕੁਲਵੰਤ ਖਨੌਰੀ, ਸ਼ਿਵ ਕੁਮਾਰ ਅੰਬਾਲਵੀ ਅਤੇ ਪਰਮਜੀਤ ਕੌਰ ਈਸੀ ਮੀਤ ਪ੍ਰਧਾਨ, ਰਜਿੰਦਰ ਸਿੰਘ ਰਾਜਨ ਜਨਰਲ ਸਕੱਤਰ, ਜਗਜੀਤ ਸਿੰਘ ਲੱਡਾ ਖਜ਼ਾਨਚੀ, ਸਤਪਾਲ ਸਿੰਘ ਲੌਂਗੋਵਾਲ ਸਹਾਇਕ ਖਜ਼ਾਨਚੀ, ਪਵਨ ਕੁਮਾਰ ਹੋਸ਼ੀ ਪ੍ਰੈੱਸ ਸਕੱਤਰ, ਬਹਾਦਰ ਸਿੰਘ ਧੌਲਾ ਦਫ਼ਤਰ ਸਕੱਤਰ, ਗੁਰਮੀਤ ਸਿੰਘ ਸੋਹੀ, ਸੁਰਿੰਦਰਪਾਲ ਸਿੰਘ ਸਿਦਕੀ ਅਤੇ ਭੁਪਿੰਦਰ ਨਾਗਪਾਲ ਸਕੱਤਰ, ਸੁਰਜੀਤ ਸਿੰਘ ਮੌਜੀ, ਪੰਮੀ ਫੱਗੂਵਾਲੀਆ, ਗੋਬਿੰਦ ਸਿੰਘ ਤੂਰਬਨਜਾਰਾ, ਬੱਲੀ ਬਲਜਿੰਦਰ ਈਲਵਾਲ, ਸਰਬਜੀਤ ਸੰਗਰੂਰਵੀ, ਅਸ਼ੋਕ ਭੰਡਾਰੀ ਅਤੇ ਖੁਸ਼ਪ੍ਰੀਤ ਕੌਰ ਕਾਰਜਕਾਰਨੀ ਮੈਂਬਰ ਚੁਣ ਲਏ ਗਏ।

## ਸਾਹਿਤ ਸਭਾ ਬਾਘਾ ਪੁਰਾਣਾ ਦੀ ਚੋਣ ਹੋਈ

**ਬਾਘਾ ਪੁਰਾਣਾ**-ਸਾਹਿਤ ਸਭਾ ਰਜਿ: ਬਾਘਾ ਪੁਰਾਣਾ ਦੀ 2025 ਅਤੇ 2026 ਦੋ ਸਾਲ ਲਈ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਡਾ. ਸਾਧੂ ਰਾਮ ਲੰਗੇਆਣਾ ਪ੍ਰਧਾਨ, ਸੁਰਜੀਤ ਸਿੰਘ ਕਾਲੇਕੇ ਸੀਨੀਅਰ ਮੀਤ ਪ੍ਰਧਾਨ, ਜਗਦੀਸ਼ ਪ੍ਰੀਤਮ ਮੀਤ ਪ੍ਰਧਾਨ, ਸਾਗਰ ਸਫ਼ਰੀ ਜਨਰਲ ਸਕੱਤਰ, ਜਸਵੰਤ ਜੱਸੀ ਖ਼ਜ਼ਾਨਚੀ, ਜਗਸੀਰ ਕੋਟਲਾ ਸਹਾਇਕ ਖ਼ਜ਼ਾਨਚੀ, ਦਾ ਅੱਕਟੋ ਆਊਲ ਅਤੇ ਯਸ਼ ਚਟਾਨੀ (ਦੋਵੇਂ) ਪ੍ਰੈੱਸ ਸਕੱਤਰ, ਮੁਕੰਦ ਕਮਲ ਅਤੇ ਹਰਵਿੰਦਰ ਸਿੰਘ ਰੋਡੇ (ਦੋਵੇਂ) ਸੋਸ਼ਲ ਮੀਡੀਆ ਇੰਚਾਰਜ ਅਤੇ ਜਗਜੀਤ ਸਿੰਘ ਬਾਵਰਾ, ਕਰਮ ਸਿੰਘ ਕਰਮ, ਹਰਨੇਕ ਸਿੰਘ ਨੇਕ ਰਾਜਿਆਣਾ, ਹਰਚਰਨ ਸਿੰਘ ਰਾਜਿਆਣਾ, ਈਸ਼ਰ ਸਿੰਘ ਲੰਭਵਾਲੀ, ਸਰਬਜੀਤ ਸਿੰਘ ਸਮਾਲਸਰ ਸਰਪ੍ਰਸਤ ਚੁਣੇ ਗਏ ਹਨ।

# ਪਾਲ ਕੌਰ ਨਾਲ ਕਰਵਾਇਆ ਰੂ-ਬ-ਰੂ

**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ (ਰਜਿ.), ਦਿੱਲੀ ਵੱਲੋਂ ਪ੍ਰਸਿੱਧ ਲੇਖਿਕਾ ਪਾਲ ਕੌਰ ਨਾਲ ਰੂ-ਬ-ਰੂ ਕਰਵਾਇਆ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਪੰਜਾਬੀ ਭਵਨ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਪਾਲ ਕੌਰ ਦਾ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ। ਡਾ. ਵਨੀਤਾ ਨੇ ਪਾਲ ਕੌਰ ਨਾਲ ਸਰੋਤਿਆਂ ਦੀ ਜਾਣ-ਪਹਿਚਾਣ ਕਰਾਉਣ ਦੇ ਨਾਲ ਉਨ੍ਹਾਂ ਦੇ ਸਾਹਿਤਕ ਸਫ਼ਰ ਬਾਰੇ ਥੋੜ੍ਹਾ ਚਾਨਣਾ ਪਾਇਆ ਅਤੇ ਨਾਲ ਹੀ ਉਨ੍ਹਾਂ ਦੇ ਇਸ ਸਫ਼ਰ ਬਾਰੇ ਅਨੇਕਾਂ ਪ੍ਰਸ਼ਨ ਕਰ ਹੁਣ ਤੀਕ ਦੇ ਸਫ਼ਰ ਬਾਰੇ ਜਾਣਕਾਰੀ ਲਈ। ਪਾਲ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਸਾਹਿਤਕ ਸਫ਼ਰ 1986 ਤੋਂ ਸ਼ੁਰੂ ਹੋਇਆ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਨ੍ਹਾਂ ਦੱਸਿਆ ਕਿ ਆਪਣੇ ਜੀਵਨ ਵਿਚ ਆਈਆਂ ਔਕੜਾਂ ਦਾ ਸਾਹਮਣਾ ਬੜੀ ਹਿੰਮਤ ਤੇ ਹੌਸਲੇ ਨਾਲ ਕੀਤਾ ਅਤੇ ਖ਼ਾਸ ਕਰਕੇ ਔਰਤਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਆਪਣੀ ਲੇਖਣੀ ਵਿਚ ਉਘਾੜਿਆ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਅੰਦਰਲੇ ਵਿਦਰੋਹ ਨੇ ਉਨ੍ਹਾਂ ਨੂੰ ਲਿਖਣ ਲਈ ਮਜਬੂਰ ਕੀਤਾ ਅਤੇ ਅੰਦਰ ਬੈਠੇ ਅਹਿਸਾਸ ਨੂੰ ਬਾਹਰ ਕੱਢਿਆ। ਪਾਲ ਕੌਰ ਨੇ ਇਸ ਮੌਕੇ ਆਪਣੀਆਂ ਭਾਵਪੂਰਨ ਕਵਿਤਾਵਾਂ ਸੁਣਾਈਆਂ । ਪ੍ਰੋ. ਰੇਣੁਕਾ ਸਿੰਘ, ਪ੍ਰੋ. ਰਵੇਲ ਸਿੰਘ ਤੇ ਹੋਰਾਂ ਨੇ ਵੀ ਪ੍ਰਸ਼ਨ ਪੁੱਛੇ, ਜਿਨ੍ਹਾਂ ਦਾ ਜਵਾਬ ਪਾਲ ਕੌਰ ਨੇ ਬਾਖ਼ੂਬੀ ਨਾਲ ਦਿੱਤਾ। ਵਰਣਨਯੋਗ ਇਹ ਹੈ ਕਿ ਪਾਲ ਕੌਰ ਨੇ ਹੁਣ ਤੀਕ ਕਵਿਤਾ, ਵਾਰਤਕ, ਅਨੁਵਾਦ, ਆਲੋਚਨਾ ਦੀਆਂ 15 ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਦੇ ਸਮੁੱਚੇ ਸਾਹਿਤਕ ਸਫ਼ਰ ਨੂੰ ਵੇਖਦੇ ਹੋਏ ਸਾਹਿਤ ਅਕਾਦਮੀ 8 ਮਾਰਚ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਵੀ ਕਰ ਰਹੀ ਹੈ।




—ਡਾ. ਕੁਲਜੀਤ ਸ਼ੈਲੀ

# ਜਸਵੰਤ ਜ਼ਫਰ ਦੀ ਪੁਸਤਕ 'ਪਿਆਰੇ ਆਓ ਘਰੇ' 'ਤੇ ਗੋਸ਼ਟੀ




**ਚੰਡੀਗੜ੍ਹ**-ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਚੰਡੀਗੜ੍ਹ ਦੇ ਸਹਿਯੋਗ ਨਾਲ ਜਸਵੰਤ ਜ਼ਫਰ ਦੀ ਕਾਵਿ ਪੁਸਤਕ 'ਪਿਆਰੇ ਆਓ ਘਰੇ' 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਵਾਗਤੀ ਸ਼ਬਦਾਂ ਦੇ ਨਾਲ-ਨਾਲ ਅਕਾਡਮੀ ਦੀਆਂ ਗਤੀਵਿਧੀਆਂ ਬਾਰੇ ਦੱਸਦਿਆਂ ਇਸ ਕਾਵਿ ਪੁਸਤਕ ਦੀ ਮਹੱਤਤਾ ਸੰਬੰਧੀ ਚਰਚਾ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ। ਵਿਚਾਰ ਗੋਸ਼ਟੀ ਵਿੱਚ ਦੋ ਖੋਜ ਪੱਤਰ ਪੇਸ਼ ਕੀਤੇ ਗਏ। ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਇਹ ਸ਼ਾਇਰੀ ਬਹੁਤ ਸਹਿਜ ਅਤੇ ਅਛੋਪਲੇ ਜਿਹੇ ਉਸ ਪਾਸੇ ਜਾ ਖੜਦੀ ਹੈ, ਜਿੱਥੋਂ ਸਾਡੀ ਕਵਿਤਾ ਨੇ ਆਪਣੀ ਅਮੀਰ ਵਿਰਾਸਤ ਵਾਲੀਆਂ ਰਵਾਇਤਾਂ ਨੂੰ ਲੈ ਕੇ ਨਵੇਂ ਨਕਸ਼ ਉਭਾਰਨੇ ਹਨ। ਪ੍ਰੋ. ਮਨਪ੍ਰੀਤ ਜੱਸ ਨੇ ਕਿਹਾ ਕਿ ਇਸ ਪੁਸਤਕ ਦੀ ਸਮੁੱਚਤਾ ਨੂੰ ਜੇਕਰ ਕੁਝ ਕੁ ਸ਼ਬਦਾਂ 'ਚ ਸਮੇਟਣਾ ਹੋਵੇ ਤਾਂ ਇਹ ਪਿਆਰ ਤੇ ਮੁਹੱਬਤ ਦੀ ਕਵਿਤਾ ਹੈ, ਪਿਆਰ ਦੇ ਨਵੇਂ ਪ੍ਰਤੀਮਾਨ ਤੇ ਦਿਸਹੱਦੇ ਸਿਰਜਦੀ ਹੈ ਤੇ ਪੰਜਾਬੀ ਸਾਹਿਤ ਅੰਦਰ ਮੌਜੂਦ ਪਿਆਰ ਦੇ ਸੰਕਲਪ ਨੂੰ ਨਵਾਂ ਧਰਾਤਲ ਪ੍ਰਦਾਨ ਕਰਦੀ ਹੈ। ਇਸ ਸਮਾਗਮ ਵਿੱਚ ਨੀਤੂ ਸ਼ਰਮਾ ਦੀ ਆਲੋਚਨਾ ਦੀ ਪੁਸਤਕ-ਪਾਲ ਕੌਰ ਦਾ ਕਾਵਿ ਪ੍ਰਵਚਨ ਰਿਲੀਜ਼ ਕੀਤੀ ਗਈ। ਇਸ ਪੁਸਤਕ ਬਾਰੇ ਸੰਖੇਪ ਜਾਣ-ਪਛਾਣ ਖੋਜਾਰਥੀ ਗੁਰਚਰਨ ਸਿੰਘ ਨੇ ਕਰਵਾਈ। ਇਸ ਮੌਕੇ ਜਸਵੰਤ ਜ਼ਫਰ ਇਸ ਪੁਸਤਕ ਵਿੱਚੋਂ ਆਪਣੀਆਂ ਚੋਣਵੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਦੇ ਰੂਬਰੂ ਹੋਏ। ਡਾ. ਸੁਖਦੇਵ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਜਸਵੰਤ ਜ਼ਫਰ ਦੀ ਇਸ ਪੁਸਤਕ ਨੂੰ ਵੱਖਰੇ ਅੰਦਾਜ਼ ਵਿਚ ਪੜ੍ਹਨ-ਸਮਝਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪਿਆਰ ਦੇ ਅਰਥਾਂ ਨੂੰ ਸਥਾਪਤੀ ਦੇ ਫੈਲਾਏ ਜਾ ਰਹੇ ਨਫਰਤ ਦੇ ਬਿਰਤਾਂਤ ਵਿੱਚੋਂ ਦੇਖਣਾ ਬਣਦਾ ਹੈ। ਇਹ ਕਾਰਜ ਇੱਕ ਸੰਵੇਦਨਸ਼ੀਲ ਲੇਖਕ ਆਪਣੀ ਕਲਾ ਕੌਸ਼ਲਤਾ ਨਾਲ ਹੀ ਕਰ ਸਕਦਾ ਹੈ। ਇਸ ਸਮਾਗਮ ਵਿੱਚ ਮਨਮੋਹਨ ਸਿੰਘ ਦਾਊਂ, ਸਿਰੀ ਰਾਮ ਅਰਸ਼, ਡਾ. ਸੁਰਿੰਦਰ ਸਿੰਘ ਗਿੱਲ, ਡਾ. ਲਾਭ ਸਿੰਘ ਖੀਵਾ, ਪ੍ਰੋ. ਸਤਪਾਲ ਸਹਿਗਲ, ਜੈ ਪਾਲ ਭਜਨਬੀਰ, ਜ਼ੈਲਦਾਰ ਸਿੰਘ ਹਸਮੁੱਖ, ਪਟਿਆਲਾ ਤੋਂ ਗੁਰਮੀਤ ਕੱਲਰਮਾਜਰੀ, ਸੰਤੋਖ ਸਿੰਘ, ਰਾਜਿੰਦਰ ਕੌਰ, ਡਾ. ਸਾਹਿਬ ਸਿੰਘ, ਸਰੂਪ ਸਿਆਲਵੀ, ਸਤਨਾਮ ਸ਼ੋਕਰ, ਹਰਪ੍ਰੀਤ ਚੰਨੂ, ਗਜ਼ਲਗੋ ਰਮਨ ਸੰਧੂ, ਮਲਕੀਤ ਬਸਰਾ, ਸੁਰਜੀਤ ਸੁਮਨ, ਬਲਕਾਰ ਸਿੱਧੂ, ਭੁਪਿੰਦਰ ਮਲਿਕ, ਪਰਮਜੀਤ ਸਿੰਘ ਮਾਨ, ਸੁਖਵਿੰਦਰ ਸਿੰਘ, ਡਾ. ਹਰਦੀਪ ਸਿੰਘ, ਬਲਵਿੰਦਰ ਚਹਿਲ, ਪ੍ਰੋ. ਰਾਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੋਜਾਰਥੀਆਂ ਨੇ ਸ਼ਿਰਕਤ ਕੀਤੀ। ਅਕਾਡਮੀ ਵੱਲੋਂ ਧੰਨਵਾਦੀ ਸ਼ਬਦ ਸੰਜੀਵਨ ਸਿੰਘ ਨੇ ਕਹੇ। ਸਮਾਗਮ ਦਾ ਸੰਚਾਲਨ ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਡਾ. ਗੁਰਮੇਲ ਸਿੰਘ ਨੇ ਬਾਖ਼ੂਬੀ ਨਿਭਾਇਆ।

— ਡਾ. ਗੁਰਮੇਲ ਸਿੰਘ

# ਕਾਫ਼ਲੇ ਵੱਲੋਂ ਕਵੀ ਦਰਬਾਰ

**ਬਰੈਂਪਟਨ**-'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਦੌਰਾਨ ਕੁਲਦੀਪ ਸਿੰਘ ਪ੍ਰਦੇਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਵਿਸ਼ਾਲ ਕਵੀ ਦਰਬਾਰ ਆਯੋਜਿਤ ਕੀਤਾ ਗਿਆ।ਕੁਲਵਿੰਦਰ ਖਹਿਰਾ ਨੇ ਕੁਲਦੀਪ ਸਿੰਘ ਪ੍ਰਦੇਸੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਓਂਕਾਰਪ੍ਰੀਤ ਨੇ ਕੁਲਦੀਪ ਸਿੰਘ ਪ੍ਰਦੇਸੀ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਦੱਸਿਆ ਕਿ ਪ੍ਰਦੇਸੀ ਸਾਹਿਬ ਨੇ ਉਨ੍ਹਾਂ ਨੂੰ ਕਹਿ ਕੇ ਔਰਤ ਦੀ ਚਾਰ ਦਿਨਾਂ ਦੀ ਜ਼ਿੰਦਗੀ ਗੀਤ ਲਿਖਵਾਇਆ ਸੀ । ਜਰਨੈਲ ਸਿੰਘ ਕਹਾਣੀਕਾਰ ਨੇ ਕਿਹਾ ਕਿ ਪ੍ਰਦੇਸੀ ਸਾਹਿਬ ਦੀ ਆਵਾਜ਼ ਵਿੱਚ ਜਾਦੂਮਈ ਅਸਰ ਸੀ।ਕੁਲਦੀਪ ਸਿੰਘ ਪ੍ਰਦੇਸੀ ਇੱਕ ਨਾਮਵਰ ਗਾਇਕ ਸਨ, ਜਿਨ੍ਹਾਂ ਨੇ ਨਰਿੰਦਰ ਬੀਬਾ ਅਤੇ ਸੁਰਿੰਦਰ ਕੌਰ ਹੁਰਾਂ ਨਾਲ਼ 'ਹੋਇਆ ਕੀ ਪਰਾਹੁਣਿਆ ਵੇ ਤੇਰੀ ਮੱਤ ਨੂੰ' ਵਰਗੇ ਗੀਤ ਰਿਕਾਰਡ ਕਰਵਾਏ। ਪ੍ਰਦੇਸੀ ਸਾਹਿਬ ਦੀ ਬੇਟੀ ਰੀਨਾ, ਬੇਟੇ ਹਰਪ੍ਰੀਤ ਤੇ ਦੋਹਤੇ ਅੰਮ੍ਰਿਤ ਨੇ ਉਨ੍ਹਾਂ ਨਾਲ਼ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਆਪਣੇ ਬੱਚਿਆਂ ਪ੍ਰਤੀ ਲਗਨ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਆਪਣੇ ਬਾਪ ਸਦਕਾ ਹੀ ਵਧੀਆ ਵਿੱਦਿਆ ਹਾਸਲ ਕਰ ਸਕੇ ਹਨ ਤੇ ਮਿਊਜ਼ਿਕ ਤੇ ਸ਼ਾਇਰੀ ਨਾਲ਼ ਵੀ ਜੁੜੇ ਹੋਏ ਹਨ।ਉਪਰੰਤ ਹਾਜ਼ਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਅਖੀਰ 'ਤੇ ਪਿਆਰਾ ਸਿੰਘ ਕੁੱਦੋਵਾਲ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ।



## ਪੰਜਾਬੀ ਸਾਹਿਤਕਾਰਾਂ ਦੀ ਇਕੱਤਰਤਾ



**ਸਿਡਨ** : 21ਵੀਂ ਸਦੀ ਦੇ ਸਿਲਵਰ ਜੁਬਲੀ ਵਰ੍ਹੇ 2025 ਨੂੰ ਖੁਸ਼-ਆਮਦੀਦ ਕਹਿਣ ਲਈ ਬਾਬਾ ਬੁੱਢਾ ਜੀ ਹਾਲ ਗਲੈਨਵੁੱਡ (ਸਿਡਨੀ) ਵਿੱਚ ਤਰਨਜੀਤ ਸਿੰਘ ਡਾਇਰੈਕਟਰ ਸੀਨੀਅਰ ਸਿਟੀਜ਼ਨ ਦੀ ਦਿਸ਼ਾ-ਨਿਰਦੇਸ਼ ਤਹਿਤ ਪੰਜਾਬੀ ਸਾਹਿਤਕਾਰਾਂ ਵੱਲੋਂ ਪੰਜਾਬੀ ਸਾਹਿਤਕ ਪ੍ਰੇਮੀਆਂ ਵੱਲੋਂ ਮਾਸਕ ਇਕੱਤਰਤਾ ਕੀਤੀ ਗਈ। ਸੰਤੋਖ ਸਿੰਘ, ਸੁਖਦੇਵ ਸੱਗੂ, ਜੋਗਿੰਦਰ ਸੋਹੀ, ਅਵਤਾਰ ਸੰਘਾ, ਪ੍ਰਗਟ ਸਿੰਘ ਗਿੱਲ, ਪ੍ਰਗਟ ਸਿੰਘ ਬਾਗੀ ਆਦਿ ਨੇ ਕਵਿਤਾਵਾਂ ਪੜ੍ਹੀਆਂ। ਪੰਜਾਬੀ ਸਾਹਿਤਕ ਦਰਬਾਰ ਨੂੰ ਸੰਗਠਿਤ ਕਰਨ ਵਾਲੇ ਪ੍ਰੋ. ਸੁਖਵੰਤ ਸਿੰਘ ਗਿੱਲ, ਕੁਲਵੰਤ ਕੌਰ ਗਿੱਲ, ਪੰਜਾਬੀ ਸਾਹਿਤ ਦੇ ਵਿਦਵਾਨ ਪ੍ਰਿੰਸੀਪਲ ਗੁਰਜੰਟ ਸਿੰਘ, ਇੰਜੀਨੀਅਰ ਚਤਿੰਦਰ ਸਿੰਘ ਆਹਲੂਵਾਲੀਆ, ਸੁਖਰਾਜ ਸਿੰਘ ਵੇਰਕਾ, ਤਾਰਾ ਸਿੰਘ ਭੰਮਰਾ, ਮਨਪ੍ਰੀਤ ਕੌਰ ਵੇਰਕਾ, ਛਿੰਦਰਪਾਲ ਕੌਰ, ਜਸਵੰਤ ਸਿੰਘ ਪੰਨੂੰ, ਜਸਵਿੰਦਰ ਕੌਰ ਚਾਵਲਾ, ਗੁਰਦਿਆਲ ਸਿੰਘ ਉੜੀਸਾ, ਜੀਵਨ ਸਿੰਘ ਦੁਸਾਂਝ, ਕੈਪਟਨ ਸਰਜਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਤੇ ਕਵਿਤਾਵਾਂ ਸਰੋਤਿਆਂ ਦੇ ਸਨਮੁੱਖ ਕੀਤੇ।

## 'ਜ਼ਿੰਦਗੀ ਦਾ ਮੰਚ' ਲੋਕ ਅਰਪਣ




**ਜਲੰਧਰ** : ਸਾਹਿਤ, ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ. ਦੇ ਸਹਿਯੋਗ ਨਾਲ਼ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿੱਚ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ ਜ਼ਿੰਦਗੀ ਦਾ ਮੰਚ (ਸਵਿੰਦਰ ਸੰਧੂ ਦੀਆਂ ਚੋਣਵੀਆਂ ਕਵਿਤਾਵਾਂ) ਦਾ ਲੋਕ ਅਰਪਣ ਅਤੇ ਉਸਤਾਦ ਸ਼ਾਇਰ ਗੁਰਦੀਪ ਸਿੰਘ ਔਲਖ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਪਵਨ ਹਰਚੰਦਪੁਰੀ, ਪ੍ਰੋ. ਸੰਧੂ ਵਰਿਆਣਵੀ, ਡਾ. ਬਲਦੇਵ ਸਿੰਘ ਬੱਦਨ, ਨਵਤੇਜ ਗੜ੍ਹਦੀਵਾਲਾ, ਡਾ. ਕੰਵਲ ਭੱਲਾ, ਸਵਿੰਦਰ ਸੰਧੂ ਅਤੇ ਗੁਰਦੀਪ ਸਿੰਘ ਸੈਣੀ ਸ਼ਾਮਲ ਹੋਏ। ਡਾ. ਬਲਦੇਵ ਸਿੰਘ ਬੱਦਨ ਅਤੇ ਚਰਨਜੀਤ ਗਿੱਲ ਸਮਾਲਸਰ ਨੇ ਬਹੁਤ ਹੀ ਵਿਸਥਾਰ ਨਾਲ ਪ੍ਰਭਾਵਸ਼ੀਲ ਪਰਚੇ ਪੜ੍ਹੇ।ਉਪਰੰਤ ਕਿਤਾਬ ਤੇ ਪਰਚਿਆਂ 'ਤੇ ਵਿਚਾਰ ਚਰਚਾ ਹੋਈ। ਇਸ ਦੌਰਾਨ ਹੋਏ ਕਵੀ ਦਰਬਾਰ ਵਿਚ ਮੱਖਣ ਸਿੰਘ ਮਾਨ, ਸੋਮਾ ਸਬਲੋਕ ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆ।

## ਸ਼ਬਦ : ਅਸਗਰ ਵਜਾਹਤ ਦਾ ਨਾਵਲਿਟ




ਸ਼ਬਦ ਨੇ ਆਪਣੇ ਜਨਵਰੀ-ਮਾਰਚ, 2025 ਦੇ 109 ਅੰਕ ਵਿੱਚ ਅਸਗਰ ਵਜਾਹਤ ਦਾ ਨਾਵਲਿਟ 'ਪੰਜਵੀਂ ਦਿਸ਼ਾ' ਨੂੰ ਪ੍ਰਕਾਸ਼ਤ ਕੀਤਾ ਹੈ। ਸਥਾਪਤੀ ਵਿਰੁੱਧ ਲੇਖਕ ਦੀ ਭੂਮਿਕਾ ਸੰਬੰਧੀ ਸੰਪਾਦਕੀ ਪੰਨਾ ਹੈ। ਨਾਲ ਹੀ ਸਰਬਜੀਤ ਸੋਹਲ (ਪੁੱਠੀ ਬਾਜ਼ੀ) ਤੇ ਰਾਜਪ੍ਰੀਤ ਕੌਰ ਬੈਨੀਪਾਲ (ਬਿਖੜੇ ਪੈਂਡਿਆਂ ਦਾ ਨਾਚ) ਪੰਜਾਬੀ ਕਹਾਣੀਆਂ ਛਾਪੀਆਂ ਹਨ। ਟੌਮੱਸ ਕਿੰਗ ਦੀ ਕਹਾਣੀ 'ਸਰਹੱਦਾਂ' ਵੀ ਛਪੀ ਹੈ। ਅਜਾਇਬ ਹੁੰਦਲ, ਦਲਵੀਰ ਕੌਰ, ਦਰਸ਼ਨ ਬੁਲੰਦਵੀ, ਸੁਰਿੰਦਰ ਸੀਹਰਾ, ਜਸਵਿੰਦਰ ਮਾਨ ਆਦਿ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਛਪੀਆਂ ਹਨ। ਢਾਹਾਂ ਇਨਾਮ ਜੇਤੂ 'ਸੇਫ਼ਟੀ ਕਿੱਟ ਤੇ ਜਿੰਦਰ' ਬਾਰੇ ਵੱਖ-ਵੱਖ ਵਿਦਵਾਨਾਂ ਦੇ ਪ੍ਰਤੀਕਰਮ ਛਪੇ ਹਨ। ਡਾ. ਗੁਰਪਾਲ ਸੰਧੂ ਦਾ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਦਾ ਅਧਿਐਨ ਮਸਲੇ ਅਤੇ ਸਰੋਕਾਰ' ਖੋਜ ਪੇਪਰ ਹੈ। ਨਵੀਆਂ ਛਪੀਆਂ ਕਿਤਾਬਾਂ-ਫਨੀਅਰ, ਘੱਗਰ ਕੰਢੇ ਦੇ ਕਜ਼ਾਕ, 70 % ਪ੍ਰੇਮ ਕਥਾ, ਚੱਲ ਬਰਨਾਲੇ ਚੱਲੀਏ ਦੇ ਰੀਵਿਊ ਡਾ. ਜਸਵਿੰਦਰ ਕੌਰ ਬਿੰਦਰਾ ਵੱਲੋਂ ਕੀਤੇ ਗਏ ਹਨ।

ਇਸ ਅੰਕ ਦੇ ਸਫ਼ੇ : 144 ਅਤੇ ਮੁੱਲ: 50 ਰੁਪਏ ਹੈ। ਪਰਚੇ ਦੇ ਸੰਪਾਦਕ: ਜਿੰਦਰ (98148-03254) ਹਨ।

## ਸਿਰਜਣਾ : ਸੁਹੇਲ ਦਾ ਸ਼ਬਦ ਚਿੱਤਰ

ਸਿਰਜਣਾ-215 (ਜਨਵਰੀ-ਮਾਰਚ, 2025) ਅੰਕ ਛਪ ਗਿਆ ਹੈ। ਇਸ ਵਾਰ ਸੰਪਾਦਕੀ ਵਿੱਚ 'ਢਾਹਾਂ ਇਨਾਮ 2024 ਬਾਰੇ' ਦੇ ਪ੍ਰਸੰਗ ਵਿੱਚ ਜਿੰਦਰ ਨੂੰ ਮਿਲੇ ਇਨਾਮ ਉਪਰੰਤ ਉਸ ਵੱਲੋਂ ਦਿੱਤੀ ਇੰਟਰਵਿਊ ਤੋਂ ਉੱਠੇ ਵਿਵਾਦ ਉਪਰੰਤ ਬਾਰਜ ਢਾਹਾਂ ਵੱਲੋਂ ਫੇਸ ਬੁੱਕ ਤੇ ਅਪਲੋਟ ਕੀਤੇ ਬਿਆਨ ਦੇ ਪ੍ਰਸੰਗ ਵਿੱਚ ਹੈ। ਉੱਘੇ ਕਥਾਕਾਰ ਵਰਿਆਮ ਸੰਧੂ ਵੱਲੋਂ ਕਾਮਰੇਡ ਸੁਹੇਲ ਸਿੰਘ ਦਾ ਸ਼ਬਦ ਚਿੱਤਰ 'ਸੁਹੇਲੜਾ ਸੱਜਣ-ਸੁਹੇਲ' ਪੜ੍ਹਨਯੋਗ ਲਿਖਤ ਹੈ। ਇਸ ਅੰਕ ਵਿੱਚ ਪੰਜ ਕਹਾਣੀਆਂ ਨਾਲ ਸਿਰਜਣਾ ਨੇ ਹਾਜ਼ਰੀ ਲਗਵਾਈ ਹੈ। ਸਾਧੂ ਸਿੰਘ (ਦਫ਼ਾ 188), ਮੇਜਰ ਮਾਂਗਟ (ਘੁੰਮਣਘੇਰ), ਅਲੀ ਉਸਮਾਨ ਬਾਜਵਾ (ਗੁੱਝੀ ਸੱਟ), ਜੋਗੇ ਭੰਗਲ (ਕੋਈ ਨਵਾਂ ਦੇਸ਼ ਪੰਜਾਬ), ਜਸਵੰਤ ਰਾਏ (ਇਕ ਬੱਤੀ ਵਾਲਾ ਮੀਟਰ) ਆਦਿ ਉੱਤਮ ਕਹਾਣੀਆਂ ਛਪੀਆਂ ਹਨ। ਬਲਜੀਤ ਬਾਸੀ ਨੇ ਟਾਟਾ ਪਰਿਵਾਰ ਤੇ ਟਾਟਾ ਉਦਯੋਗ ਬਾਰੇ ਲੇਖ 'ਟਾਟਾ ਕਿ ਤੱਤਾ' ਗਿਆਨ ਵਰਧਕ ਹੈ। ਗੁਰਦੇਵ ਸਿੰਘ ਸਿੱਧੂ ਦਾ ਲੇਖ 'ਸਿੱਖ ਧਰਮ ਵਿਚ ਵਰਣ ਵੰਡ ਦੇ ਪਹਿਰੂਏ-ਗੁਰੂ ਬੰਸਜ' ਲੇਖ ਕਈ ਪਹਿਲੀਆਂ ਤੋਂ ਮਹੱਤਪੂਰਨ ਹੈ। ਸਮੁੰਦਰ ਨੂੰ ਪੁੱਛੇ ਨਦੀ, ਸੁਪਨੇ ਤੇ ਪਰਛਾਵੇਂ, ਫਨੀਅਰ, ਅੜੇ ਥੁੜੇ, ਨਿੱਕੀਆਂ ਵੱਡੀਆਂ ਗੱਲਾਂ, ਕਸੁੰਭਾ, ਜਰਦ ਰੰਗ ਦਾ ਮੌਸਮ ਕਿਤਾਬਾਂ ਦੇ ਰੀਵਿਊ ਛਪੇ ਹਨ।




ਪਰਚੇ ਦੇ ਪੰਨੇ : 96 ਅਤੇ ਮੁੱਲ: 50 ਰੁਪਏ ਹੈ। ਸੰਪਾਦਕ : ਰਘਬੀਰ ਸਿੰਘ, 1728, ਸੈਕਟਰ 43-ਬੀ, ਚੰਡੀਗੜ੍ਹ-160043, ਫੋਨ-0172-2601693

## ਅਣੂ : ਮਾਰਚ, 2025

ਮਿੰਨੀ ਰਚਨਾਵਾਂ ਦੀ ਪੱਤ੍ਰਿਕਾ 'ਅਣੂ' ਦਾ ਮਾਰਚ ਅੰਕ ਪਹਿਲਾਂ ਹੀ ਛਪ ਗਿਆ ਹੈ। ਨਿਆਜ਼ਬੋ, ਹੀਰ ਸੁੰਨੜ, ਕੋਮਲ ਪੱਤਿਆਂ ਦਾ ਉਲਾਂਭਾ,ਕੈਸਾ ਮਰਣਾ ਹੋਇ, ਕੁਸੈਲਾ ਸੱਚ, ਆਪਣਿਆਂ ਤੋਂ ਬੱਚੋ, ਬੱਲੇ ਬਾਬਾ ਬੱਲੇ, ਅੱਗੇ ਵੱਧਦੇ ਜਾਵਾਂਗੇ, ਜੁਗਨੂੰਆਂ ਦੇ ਅੰਗ ਸੰਗ ਆਦਿ ਕਿਤਾਬਾਂ ਦੇ ਮਿੰਨੀ ਰੀਵਿਊ ਛਪੇ ਹਨ। ਡਾ. ਪੁਰਸ਼ੋਤਮ ਦੂਬੇ ਦਾ ਮਿੰਨੀ ਨਾਟਕ 'ਲੜਕੀ ਪਸੰਦ ਹੈ' ਛਪਿਆ ਹੈ। ਤਰਸੇਮ ਸਿੰਘ ਭੰਗੂ, ਪਰਗਟ ਸਿੰਘ ਜੰਬਰ, ਸੁਖਦੇਵ ਸਿੰਘ ਔਲਖ ਦੀਆਂ ਮਿੰਨੀ ਕਹਾਣੀਆਂ ਛਪੀਆਂ ਹਨ। ਜੰਗ ਅਜੇ ਜਾਰੀ ਹੈ ਦੇ ਪ੍ਰਸੰਗ ਵਿੱਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਲਿਖਤਾਂ ਅਹਿਮ ਹਨ। ਸ਼ੂ ਤਿੰਗ ਦੀ ਚੀਨੀ ਕਵਿਤਾ ਤੋਂ ਇਲਾਵਾ ਹਰਜੀਤ ਸਿੰਘ ਉੱਪਲ, ਰਜਿੰਦਰ ਸਿੰਘ ਰਾਜਨ, ਹਰਭਜਨ ਸਿੰਘ ਹੁੰਦਲ ਦੀਆਂ ਕਵਿਤਾਵਾਂ ਛਪੀਆਂ ਹਨ। ਸਾਰੀ ਸਮੱਗਰੀ 32 ਪੰਨਿਆ ਵਿੱਚ ਛਪੀ ਹੈ। 'ਅਣੂ' ਦੇ ਸੰਪਾਦਕ : ਸੁਰਿੰਦਰ ਕੈਲੇ (98725-91653)




- ਭਗਵੰਤ ਰਸੂਲਪੁਰੀ

# ਪਾਠਕਾਂ ਦੇ ਝਰੋਖੇ 'ਚੋਂ

## ਵਰਗ ਸੰਘਰਸ਼ ਅਤੇ ਸੰਸਕ੍ਰਿਤੀ ਦੀ ਆਪਸੀ ਨਿਰਭਰਤਾ

12 ਜਨਵਰੀ ਦੇ ਨਵਾਂ ਜ਼ਮਾਨਾ ਵਿਚ ਕਹਾਣੀਕਾਰ ਸਰੂਪ ਸਿਆਲਵੀ ਦੀ ਭਾਰਤੀ ਸੰਸਕ੍ਰਿਤੀ ਬਾਰੇ ਨਵੀਂ ਕਿਤਾਬ 'ਵਰਗ ਸੰਘਰਸ਼ ਅਤੇ ਸੰਸਕ੍ਰਿਤੀ ਦੀ ਆਪਸੀ ਨਿਰਭਰਤਾ' ਦੇ ਕੁੱਝ ਪੱਖਾਂ ਦਾ ਜ਼ਿਕਰ ਰਾਬਿੰਦਰ ਸਿੰਘ ਰੈਬੀ ਨੇ ਕੀਤਾ ਹੈ ।ਪੁਸਤਕ ਭਾਰਤੀ ਸੰਸਕ੍ਰਿਤੀ ਦੀ ਖੋਜ ਦੇ ਅਧਾਰਤ ਹੈ । ਵਰਗ ਵੰਡ ਨੇ ਕਈ ਅਖੌਤੀ ਸਥਾਪਨਾਵਾਂ ਕਾਇਮ ਕੀਤੀਆਂ ਹਨ, ਜਿਨ੍ਹਾਂ ਦਾ ਪ੍ਰਭਾਵ ਹੁਣ ਤੱਕ ਵੇਖਿਆ ਜਾ ਸਕਦਾ ਹੈ । ਸਿਆਸਤ ਵਿਚ ਵੀ ਇਸ ਕਿਸਮ ਦਾ ਰੁਝਾਨ ਹੈ। ਰਾਖਵਾਂਕਰਨ ਇਸੇ ਦਾ ਰੂਪ ਹੈ । ਡਾ. ਕੁਲਵਿੰਦਰ ਸਿੰਘ ਨੇ ਨਾਵਲ 'ਕਰਮਾ ਸੰਦੜਾ ਖੇਤ' ਦੀ ਜਾਣਕਾਰੀ ਦਿੱਤੀ ਹੈ । ਆਲੋਚਕ ਨੇ ਨਾਵਲ ਦੇ ਪਾਤਰਾਂ ਬਾਰੇ ਲਿਖਿਆ ਹੈ ।

ਬਲਜਿੰਦਰ ਮਾਨ ਦੀ ਅਨੁਵਾਦਿਤ ਕਿਤਾਬ ਅਮਰ ਗੋਸਵਾਮੀ ਦੀਆਂ ਚੋਣਵੀਆਂ ਬਾਲ ਕਹਾਣੀਆਂ ਬਾਲ ਸਾਹਿਤ ਵਿਚ ਨਵਾਂ ਵਾਧਾ ਹੈ ।ਕਿਤਾਬ ਦੀਆਂ ਕਹਾਣੀਆਂ ਬੱਚਿਆਂ ਦੀ ਮਾਨਸਿਕਤਾ ਦੇ ਅਨੁਕੂਲ ਹਨ ।ਇਸ ਵਾਰ ਪਾਠਕ ਝਰੋਖੇ ਵਿਚ ਕਈ ਨਵੇਂ ਚਿਹਰੇ ਪੜ੍ਹ ਕੇ ਖੁਸ਼ੀ ਹੋਈ । ਕਈ ਸਥਾਪਤ ਲੇਖਕਾਂ ਨੇ ਵੀ ਸਾਲਾਨਾ ਸਾਹਿਤਕ ਅੰਕ ਬਾਰੇ ਨਿੱਗਰ ਵਿਚਾਰ ਲਿਖੇ ਹਨ ।ਖਾਸ ਕਰਕੇ ਬਲਜਿੰਦਰ ਮਾਨ, ਸੁਮੀਤ ਸਿੰਘ, ਡਾ. ਭੁਪਿੰਦਰ ਕੌਰ ਦੇ ਵਿਚਾਰ ਪੜ੍ਹ ਕੇ ਚੰਗਾ ਲੱਗਾ ।ਹਰਚਰਨ ਚੋਹਲਾ ਦੀਆਂ ਘੁਮੱਕੜ ਮਿਲਣੀਆਂ ਵਿਚ ਖਾਸ ਮਿੱਤਰਾਂ ਦੀ ਸਾਂਝੇਦਾਰੀ ਵੇਖਣ ਨੂੰ ਮਿਲੀ। ਇਹ ਮਿਲਣੀਆਂ ਹਰ ਪੱਖ ਤੋਂ ਆਪਸੀ ਪਿਆਰ ਦੇ ਨਜ਼ਾਰੇ ਪੇਸ਼ ਕਰਦੀਆਂ ਹਨ। ਇਨਕਲਾਬੀ ਸਜਨ ਹਰਬੰਸ ਹੀਓਂ ਦੇ ਸੰਘਰਸ਼ੀ ਜੀਵਨ ਦੀਆਂ ਝਲਕਾਂ ਅਮੋਲਕ ਸਿੰਘ ਨੇ ਰੇਖਾ ਚਿੱਤਰ ਵਿਚ ਦਿੱਤੀਆਂ ਹਨ ।ਹਰਬੰਸ਼ ਹੀਓਂ ਦੀ ਬੁਲੰਦ ਤੇ ਹੌਸਲੇ ਵਾਲੀ ਸ਼ਖਸੀਅਤ ਦੇ ਪ੍ਰਭਾਵ ਪੜ੍ਹ ਕੇ ਚੰਗਾ ਲੱਗਾ । ਸੁਰਜੀਤ ਸੁਮਨ ਦਾ ਕਾਲਮ ਚੰਗਾ ਚੱਲ ਰਿਹਾ ਹੈ ।ਲੇਖਕ ਨਿੱਕੀਆਂ ਨਿਕੀਆਂ ਗੱਲਾਂ ਦੇ ਵੱਡੇ ਅਰਥ ਰੂਪਮਾਨ ਕਰਦਾ ਹੈ। ਗੁਰਮੀਤ ਸਿੰਘ ਸ਼ੁਗਲੀ ਨੇ ਧਰਮ ਸਥਾਨਾਂ 'ਤੇ ਵਾਪਰਦੇ ਹਾਦਸਿਆਂ ਨੂੰ ਰੋਕਣ ਕਈ ਚੰਗੇ ਸੁਝਾਅ ਦਿੱਤੇ ਹਨ ।ਕਈ ਵਾਰ ਧਾਰਮਿਕ ਆਸਥਾ ਨੂੰ ਮੁੱਖ ਰੱਖ ਕੇ ਸੁਰੱਖਿਆ ਵਿਚ ਢਿੱਲ ਦਿੱਤੀ ਜਾਂਦੀ ਹੈ, ਜਿਸ ਕਰਕੇ ਕੋਈ ਅਣਹੋਣੀ ਵਾਪਰ ਜਾਂਦੀ ਹੈ। ਫੇਰ ਕਿਹਾ ਜਾਂਦੈ ਲਿਖੀ ਐਨੀ ਸੀ । ਇਹੋ ਜਿਹਾ ਕਈ ਵਾਰ ਹੋ ਚੁੱਕਾ ਹੈ । ਧਰਮ ਰਾਜਨੀਤੀ ਬਾਰੇ ਹਾਈਕੋਰਟ ਦੀ ਟਿੱਪਣੀ ਬਾਰੇ ਦ੍ਰਿਸ਼ਟੀਕੋਣ ਨੇ ਵਿਸ਼ਲੇਸ਼ਣ ਕੀਤਾ ਹੈ । ਅਜੋਕੀ ਰਾਜਨੀਤੀ ਵਿਚ ਧਰਮ ਦਾ ਵਧੇਰੇ ਦਖ਼ਲ ਹੋ ਰਿਹਾ ਹੈ । ਖਾਸ ਕਰਕੇ ਹਿੰਦੂ ਧਰਮ ਅਤੇ ਸੰਸਕ੍ਰਿਤੀ ਅਧਾਰਤ ਕਈ ਸਮਾਜਿਕ ਕਰਮ ਕੀਤੇ ਜਾ ਰਹੇ ਹਨ ।ਮੀਡੀਆ ਵੀ ਇਸ ਵਿਚ ਭਾਈਵਾਲ ਹੈ । ਸੁਖਵਿੰਦਰ ਦੀਆਂ ਨਵੀਆਂ ਕਵਿਤਾਵਾਂ ਸੰਖੇਪ ਪਰ ਭਾਵਪੂਰਤ ਹਨ । ਪੰਜਾਬ ਦੀ ਸਿਆਸਤ ਵਿਚ ਵੀ ਧਰਮ ਤੇ ਸਿਆਸਤ ਇਹ ਸੁਮੇਲ ਕਈ ਵਾਰ ਅਜੀਬ ਸਥਿਤੀ ਪੈਦਾ ਕਰ ਰਿਹਾ ਹੈ ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਘੁਮੱਕੜ ਮਿਲਣੀਆਂ

12 ਜਨਵਰੀ ਦੇ 'ਐਤਵਾਰਤਾ' ਵਿੱਚ ਹਰਚਰਨ ਚੋਹਲਾ ਦਾ 'ਘੁਮੱਕੜ ਮਿਲਣੀਆਂ' ਦੇ ਸੰਬੰਧ ਵਿੱਚ ਪੜ੍ਹ ਕੇ ਯਾਦਾਂ ਤਾਜ਼ਾ ਹੋ ਗਈਆਂ । ਪਹਿਲੀ ਮਿਲਣੀ ਹਰਬੰਸ ਹੀਉਂ ਦੀ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਦੀ ਰਹਿਨੁਮਾਈ ਵਿੱਚ ਹੋਈ। ਫਿਰ ਦੂਜੀ ਨਾਰਾ ਡੈਮ, ਤੀਜੀ ਮਿੰਨੀ ਗੋਆ ਪਠਾਨਕੋਟ, ਚੌਥੀ ਅਨੂਪਗੜ੍ਹ ਮਾਨਸਾ ਦੇ ਟਿੱਬਿਆਂ ਵਿੱਚ, ਪੰਜਵੀਂ ਕੂਕਾਨੇਟ ਦੇ ਜੰਗਲਾਂ ਵਿੱਚ, ਛੇਵੀਂ ਹਰੀਕੇ ਪੱਤਣ ਘੁਮੱਕੜ ਮਿਲਣੀਆਂ ਹੋਈਆਂ, ਜਿਸ ਵਿੱਚ ਬੱਚੇ ਤੋਂ ਲੈ ਕੇ ਉਮਰ-ਦਰਾਜ ਹਰ ਤਰ੍ਹਾਂ ਦਾ ਘੁਮੱਕੜ ਸ਼ਾਮਲ ਹੋਇਆ । ਸਾਹਿਤਕ ਸਮਾਗਮ ਤੋਂ ਲੈ ਕੇ ਮਨੋਰੰਜਨ ਪ੍ਰੋਗਰਾਮ ਸ਼ਾਮਲ ਰਹੇ । ਘੁਮੱਕੜੀ ਤਜਰਬਿਆਂ ਦੇ ਨਾਲ-ਨਾਲ ਹਰ ਤਰ੍ਹਾਂ ਰੰਗ ਵੇਖਣ ਨੂੰ ਰਾਤ ਨੂੰ ਅੱਗ ਬਾਲ ਖੁੱਲ੍ਹੀਆਂ ਗੱਲਾਂ ਵਿੱਚ ਮਿਲਿਆ। ਸਾਰੀ ਰਾਤ ਤੱਕ ਸੁਖਪ੍ਰੀਤ ਆਰਟਿਸਟ ਵਰਗੇ ਵੱਡੇ ਘੁਮੱਕੜੀ ਤਜਰਬਿਆਂ ਬਹੁਤ ਕੁਝ ਹਾਸਲ ਕੀਤਾ । ਜਸ ਮੰਡ, ਨਿਰਲੇਪ ਸਿੰਘ, ਮਾਊਂਟ ਐਵਰੈਸਟ ਸਰ ਕਰਨ ਵਾਲੀ ਮੀਨੂੰ ਕਾਲੀ ਰਮਨ, ਫਿਰ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ 5000 ਕਿਲੋਮੀਟਰ ਦਾ ਸਫ਼ਰ ਸਾਈਕਲ 'ਤੇ ਕਰਨ ਵਾਲੀ ਰਾਵੀ ਬਦੇਸ਼ਾ ਨੂੰ ਮਿਲਣ ਦਾ ਮੌਕਾ ਮਿਲਿਆ ।ਗੁਰਦੀਪ ਸਿੰਘ ਗਜ਼ਲ ਗਾਇਕ, ਲੋਕ ਗਾਇਕ ਬਲਧੀਰ ਮਾਹਲਾ, ਫ਼ਿਲਮੀ ਅਭਿਨੇਤਾ ਹਰਿੰਦਰ ਭੁੱਲਰ, ਬਲਵਿੰਦਰ ਬੁਲਟ ਮਿਲੇ । ਪੰਜਾਬੀ ਘੁਮੱਕੜਾਂ ਮਿਲ ਕੇ ਪੰਜਾਬ ਦੇ ਹਰ ਕੋਨੇ ਮਿੱਤਰ ਮਿਲ ਗਿਆ, ਜਿੱਥੇ ਮਰਜ਼ੀ ਚਲੇ ਜਾਈਏ ਇੱਕ ਅਵਾਜ਼ ਤੁਹਾਡੇ ਨਾਲ ਖੜੇ ਹਨ। ਘੁਮੱਕੜਨਾਮਾ ਮੈਗਜ਼ੀਨ ਨੇ ਘੁਮੱਕੜੀ ਨੂੰ ਹੋਰ ਚਾਰ ਚੰਨ ਲਾਏ । ਹਰਬੰਸ ਹੀਉਂ, ਹਰਜਿੰਦਰ ਅਨੂਪਗੜ੍ਹ ਦੀ ਬਦੌਲਤ ਕਿਤਾਬਾਂ ਵਰਗੇ ਮਿੱਤਰ ਮਿਲੇ। ਧੰਨਵਾਦ ਕਰਦਾ ਹਾਂ ਨਵਾਂ ਜ਼ਮਾਨਾ ਦਾ, ਜਿਸ ਨੇ ਹਰਚਰਨ ਚੋਹਲਾ ਜੀ ਦੇ ਘੁਮੱਕੜੀ ਲੇਖ ਨੂੰ ਆਪਣੇ ਪਰਚੇ ਵਿੱਚ ਸ਼ਾਮਲ ਕੀਤਾ ।

— ਅਵਤਾਰ ਕਮਾਲ
ਆਦਰਸ਼ ਨਗਰ ਧਰਮਕੋਟ

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।
atwartazamana@gmail.com
- ਸੰਪਾਦਕ

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

ਭਗਤੀ ਪ੍ਰੰਪਰਾ ਤੇ ਨਾਰੀ ਮੁਕਤੀ ਦੇ ਸਰੋਕਾਰ : ਡਾ. ਸੇਵਾ ਸਿੰਘ

ਧਰਮ ਸਿੰਘ ਜੀਆਨ ਦੀ ਸ਼ਹਾਦਤ : ਚਰੰਜੀ ਲਾਲ ਕੰਗਣੀਵਾਲ

'ਸਮੇਂ ਦੇ ਸੱਚ ਨੂੰ ਪੇਸ਼ ਕਰਦੀਆਂ ਕਹਾਣੀਆਂ' :ਭੁਪਿੰਦਰ ਫੌਜੀ, (ਫੋਕਸ) ਡਾ. ਭੁਪਿੰਦਰ ਕੌਰ

ਨਿਰੰਜਣ ਬੋਹਾ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

19-Jan-Sunday.qxd 1/18/2025 11:23 PM Page 3



# ਮਰਾਠੀ ਲੇਖਕ ਸ਼ਰਣ ਕੁਮਾਰ ਲਿੰਬਾਲੇ ਦੀਆਂ ਕਵਿਤਾਵਾਂ

## ਮੇਰੀ ਰੂਹ ਵਿੱਚ ਹੈ ਘਣਾ ਜੰਗਲ

ਮੇਰੀ ਰੂਹ ਵਿੱਚ ਹੈ ਘਣਾ ਜੰਗਲ
ਜਿੱਥੇ ਬੇਕਾਬੂ ਹੋ ਗਏ ਹਨ ਜੰਗਲੀ ਝੁੰਡ
ਲਹੂ ਪਿਆਸੀਆਂ ਹਨ ਨਜ਼ਰਾਂ ਉਹਨਾਂ ਦੀਆਂ
ਪਰ ਆਵਾਜ਼ ਲੱਗ ਰਹੀ ਹੈ ਇਨਸਾਨਾਂ ਵਰਗੀ
ਬੋਲੀ ਹੈ ਜਾਨਵਰਾਂ ਵਰਗੀ ਡਰਾਉਣੀ ਉਹਨਾਂ ਦੀ
ਇਹ ਭਲੇ ਮਾਨਸ ਆਖ਼ਿਰ
ਬਣ ਗਏ ਕਿਵੇਂ ਅਮਾਨਸ
ਉਹਨਾਂ ਦੇ ਉਗਲਣ 'ਚੋਂ
ਆ ਰਹੀ ਵਾਛੜ ਲਹੂ ਦੀ
ਵੇਖ ਕੇ ਉਹਨਾਂ ਦੇ ਹਾਵ-ਭਾਵ
ਭੈਅਭੀਤ ਹੋਇਆ ਭਾਵੀ ਜੀਵਨ
ਅਤੇ ਭਰ ਆਇਆ ਗਲਾ ਵਰਤਮਾਨ ਦਾ
ਲਹੂ ਉਗਲ ਰਹੀ ਕਲਮ ਮੇਰੀ
ਲਹੂ ਨਾਲ ਲੱਥਪੱਥ ਹੋਇਆ ਰੌਸ਼ਨ ਮੱਥਾ
ਇੰਨਾ ਅਕੁਲੀਨ ਅਤੇ ਅਸ਼ੁੱਭ...
ਕਿਵੇਂ ਕਰੀਏ ਇਸ ਅਕੁਲੀਨਤਾ ਦੀ ਹਮਾਇਤ
ਪੈਰ ਕੰਬ ਰਹੇ
ਮਰ ਗਿਆ ਹੈ ਮਨ
ਹਰ ਪਾਸੇ ਉੱਗ ਆਏ ਹਥਿਆਰ
ਕੀਹਦੇ ਕੋਲ ਜਾ ਕੇ ਗਿੜਗਿੜਾਈਏ
ਸਾਰੇ ਦੇ ਸਾਰੇ ਤਾਂ ਹਨ ਕਾਤਲ
ਭਰੇ ਚੌਂਕ 'ਚ ਅਹਿੰਸਾ ਨੂੰ ਕਰ ਦਿੱਤਾ ਨੰਗਾ
ਸੀਤਾ ਨੂੰ ਅਜ਼ਾਦ ਕਰਾਉਣ ਵਾਲੇ ਹੈ ਬਜਰੰਗ ਬਲੀ
ਹਨੂੰਮਾਨ ਚਾਲੀਸਾ ਦਾ ਚੱਲ ਰਿਹਾ ਪਾਠ
ਸਮੂਹ ਵਿੱਚ
ਡਰ ਗਿਆ ਹਾਂ ਮੈਂ
ਮੇਰੀ ਨਿਕਲੀ ਹੋਈ ਇੰਨੀ ਲੰਮੀ ਪੂਛ ਵੇਖ
ਜੈ ਬਜਰੰਗ ਬਲੀ
ਤੋੜ ਦੇ ਦੁਸ਼ਮਣ ਦੀ ਨਲੀ

## ਅੰਦਰ ਤੋਂ ਬਾਹਰ ਤੱਕ ਮਚ ਰਿਹਾ ਹੈ ਮਨ ਮੇਰਾ

ਅੰਦਰ ਤੋਂ ਬਾਹਰ ਤੱਕ ਮਚ ਰਿਹਾ ਹੈ ਮਨ ਮੇਰਾ
ਭੀੜ ਨੇ ਧੁਖਾ ਦਿੱਤੀ ਆਵਾਜਾਈ
ਕਿੱਥੇ ਕਿੱਥੇ ਅੱਗ ਬੁਝਾਵਾਂ ਮੈਂ
ਗੰਗਾ ਵਿੱਚ ਤਰ ਰਹੀਆਂ ਨੇ ਲਾਸ਼ਾਂ
ਸਮਝਾਉਂਦਾ ਹਾਂ ਆਪਣੇ ਮਨ ਨੂੰ...
ਲਾਸ਼ ਨੂੰ ਲਾਵਾਰਸ ਹੋਣ ਦੀ ਪਾ ਦਿਓ ਆਦਤ
ਪਰ ਮਨ ਸਾਲਾ ਸੁਣਦਾ ਹੀ ਨਹੀਂ
ਕਿੰਨਾ ਸਮੇਟੀਏ ਇਹਨਾਂ ਲਹਿਰਾਂ ਨੂੰ
ਪੈਰਾਂ ਹੇਠਲੀ ਰੇਤ ਨੂੰ ਘਸੀਟ ਹੀ ਲੈ ਜਾਂਦੀ ਹੈ
ਮੈਂ ਪੈਰਾਂ ਨੂੰ ਕਿਹਾ...
ਆਦਤ ਪਾ ਦਿਓ ਬਿਨਾਂ ਡਾਵਾਂਡੋਲ ਹੋਏ
ਬੁੱਤ ਦੀ ਤਰ੍ਹਾਂ ਖੜੇ ਹੋਣ ਦੀ
ਬ੍ਰਹਮਾਦੇਵ ਦੇ ਚਰਨਾਂ 'ਚੋਂ ਹੋਇਆ ਹੈ ਜਨਮ ਤੁਹਾਡਾ
ਬਾਹਮਣ ਦੇ ਪੈਰਾਂ ਨੇ ਗੱਡ ਦਿੱਤਾ ਤੁਹਾਨੂੰ
ਸੱਤ ਪਤਾਲਾਂ ਦੀਆਂ ਗਹਿਰਾਈਆਂ ਵਿੱਚ...
ਉੱਠੋ ਹੁਣ ਆਪਣੀ ਤਾਕਤ ਇਕੱਠੀ ਕਰਕੇ
ਲਾਹ ਸੁੱਟੋ ਬੋਝ ਧੜ ਦਾ
ਜੇਕਰ ਪੈਰਾਂ ਨੇ ਹੀ ਕਰ ਦਿੱਤੀ ਬਗ਼ਾਵਤ
ਤਾਂ ਧੜ ਦੀ ਕੀ ਮਜ਼ਾਲ
ਪੈਰ ਲੈ ਜਾਣਗੇ ਜਿੱਥੇ-ਜਿੱਥੇ
ਧੜ ਨੇ ਤਾਂ ਜਾਣਾ ਹੀ ਹੋਵੇਗਾ ਉੱਥੇ-ਉੱਥੇ
ਸਿੱਖ ਲਓ ਸਬਕ
ਬਾਹਮਣ ਨੂੰ ਗੱਡਣਾ ਹੈ ਟੱਟੀ 'ਚ
ਸਾਡੇ ਪੈਰਾਂ ਵਿੱਚੋਂ ਹੀ ਹੋਣਾ ਹੈ ਜਨਮ ਈਸ਼ਵਰ ਦਾ
ਅਤੇ ਸਿਰ ਵਿੱਚੋਂ ਟਿਕਾਣਾ ਸੰਵਿਧਾਨ ਦਾ
ਮਾਨਵ ਮੁਕਤੀ ਦਾ

## ਕਿੰਨਾ ਬੇਇੱਜ਼ਤ ਕਰਦੇ ਹੋ ਮੈਨੂੰ

ਕਿੰਨਾ ਬੇਇੱਜ਼ਤ ਕਰਦੇ ਹੋ ਮੈਨੂੰ
ਮੈਨੂੰ ਰੋਕਣ ਵਾਸਤੇ ਕਰਦੇ ਹੋ ਕਿੰਨੀ ਰਾਜਨੀਤੀ
ਕਿੰਨੇ ਦਾਅ-ਪੇਚ ਧੋਖਾਧੜੀ... ਕਿੰਨੀਆਂ ਸਾਜਿਸ਼ਾਂ
ਕਿੰਨੀ ਥਾਈਂ ਕੱਟਦੇ ਹੋ ਕੰਨੀ
ਕਿੰਨੀ ਥਾਈਂ ਰਾਹ 'ਚ ਲਾਉਂਦੇ ਹੋ ਅੜਿੱਕਾ
ਨਵੀਆਂ-ਨਵੀਆਂ ਚਾਲਾਂ ਮੈਨੂੰ ਫਸਾਉਣ ਦੇ ਲਈ
ਮੇਰੀ ਇਨਸਾਨੀਅਤ ਤੁਹਾਨੂੰ ਮਨਜ਼ੂਰ ਨਹੀਂ
ਗਊ ਮੂਤਰ ਤੁਹਾਨੂੰ ਲੱਗਦਾ ਹੈ ਪਵਿੱਤਰ
ਅਤੇ ਮੇਰੇ ਵਰਗਾ ਇਨਸਾਨ ਅਪਵਿੱਤਰ
ਇਹ ਕਿਹੋ ਜਿਹਾ ਗੜਬੜਝਾਲਾ
ਤੁਹਾਡੇ ਦਿਮਾਗ 'ਚ ਰੀਂਘ ਰਹੇ ਹਨ ਜਾਤ ਦੇ ਕੀੜੇ
ਤੁਹਾਡੇ ਮਨ ਵਿੱਚ ਜੰਮਿਆ ਹੋਇਆ ਹੈ
ਊਚ-ਨੀਚ ਦਾ ਕੂੜਾ ਕਰਕਟ।
ਕਿੰਨਾ ਨਕਾਰਦੇ ਹੋ ਕਿੰਨਾ ਕਰਦੇ ਹੋ ਵਿਰੋਧ ਮੇਰਾ
ਕਿੰਨੇ ਦਾਅ-ਪੇਚ ਅਤੇ ਕਿੰਨੀ ਦੁਸ਼ਮਣੀ
ਮੈਨੂੰ ਤਾਂ ਇਨਸਾਨ ਨਹੀਂ ਲੱਗਦੇ ਹੋ ਤੁਸੀਂ
ਤੁਹਾਡੇ ਤੋਂ ਲੱਗਦਾ ਹੈ ਡਰ, ਹੁੰਦਾ ਨਹੀਂ ਵਿਸ਼ਵਾਸ
ਇਸ ਲਈ ਕਿ ਤੁਸੀਂ ਵੱਢ ਦਿਓਗੇ ਮੇਰੀ ਧੌਣ
ਇਸ ਲਈ ਕਿ ਕਰ ਦਿਓਗੇ ਜਿਉਣਾ ਦੁੱਭਰ
ਗੁਨਾਹ ਹੈ ਤੁਹਾਡੇ ਤੋਂ ਇਨਸਾਨੀਅਤ ਦੀ ਆਸ ਰੱਖਣਾ
ਤੁਸੀਂ ਸ਼ੈਤਾਨ
ਤੇਰਾ ਖਾਨਦਾਨ ਸ਼ੈਤਾਨ ਦਾ ਘਰ
ਕਿੰਨਾ ਤੰਗ ਕਰਦੇ ਹੋ ਮੈਨੂੰ ਕਿੰਨਾ ਸ਼ੂਦਰ ਸਮਝਦੇ ਹੋ
ਲਾਉਂਦੇ ਹੋ ਕਿੰਨੀਆਂ ਅੜਚਨਾਂ
ਪੱਬ-ਪੱਬ 'ਤੇ ਕਿੰਨੀ ਬੇਇੱਜ਼ਤੀ
ਤੁਸੀਂ ਹੀ ਨਹੀਂ
ਤੁਹਾਡਾ ਸੱਭਿਆਚਾਰ, ਧਾਰਮਿਕ-ਰਵਾਇਤ
ਲੱਗਦੇ ਹਨ ਮੈਨੂੰ ਦੁਸ਼ਮਣ
ਇੱਕ ਪਾਸੇ ਚੁੱਪਚਾਪ ਧੋਖੇ ਨੂੰ ਸਹਿਣਾ
ਬੇਇੱਜ਼ਤੀ ਨਿਗਲਣੀ
ਆਪਣੀ ਤਾਂ ਜ਼ਿੰਦਗੀ ਹੀ ਹੈ ਅਜਿਹੀ
ਇਸ ਕਰਕੇ ਦੋਸ਼ ਦਈਏ ਤਾਂ ਕੀਹਨੂੰ ਦਈਏ
ਇਸ ਲਈ ਅਸਹਿ ਹੋ ਜਾਂਦਾ ਹੈ ਗੁਲਾਮ ਬਣ ਜਿਉਣਾ
ਜਾਂ ਫਿਰ ਕਿਸੇ ਦੀ ਵੀ ਪਰਵਾਹ ਕੀਤੇ ਬਿਨਾਂ
ਤੁਹਾਡੇ ਸਤਿਆਨਾਸ਼ ਦਾ ਬੀੜਾ ਚੁੱਕਣਾ
ਅੰਦਾਜ਼ਾ ਹੈ ਮੈਨੂੰ ਤੁਹਾਡੀ ਮਜ਼ਬੂਤ ਤਾਕਤ ਦਾ
ਤੁਸੀਂ ਭਾਰੀ ਹੋਵੋਂਗੇ ਮੇਰੇ 'ਤੇ
ਪਰ ਤੁਹਾਡੀ ਦੁਸ਼ਮਣੀ ਨੂੰ ਬਦਲ ਦਿਆਂਗਾ ਮੈਂ ਦੋਸਤੀ 'ਚ
ਬਹੁਤ ਭਾਰੀ ਹੈ ਤਾਕਤ ਇਹ ਮੇਰੀ
ਮੈਨੂੰ ਗਊ ਮੂਤਰ ਤੋਂ ਵੀ ਜ਼ਿਆਦਾ ਮਲੀਨ ਕਹਿਣ ਵਾਲੀ
ਸ਼ੈਤਾਨੀ ਪਰੰਪਰਾ ਦੇ ਖਿਲਾਫ਼
ਕਰਨੀ ਹੀ ਪਵੇਗੀ ਮੈਨੂੰ ਬਗ਼ਾਵਤ
ਪੂਰਾ ਕਰਨਾ ਹੈ ਹਿਸਾਬ ਮੈਂ
ਛਲ ਦਾ
ਇਨਸਾਨ ਹੋਣ ਦੇ ਨਾਤੇ

## ਮੈਨੂੰ ਤੁੱਛ ਸਮਝਣ ਵਾਲਾ ਤੁਹਾਡਾ ਸੜੀਅਲ ਦਿਮਾਗ

ਮੈਨੂੰ ਤੁੱਛ ਸਮਝਣ ਵਾਲਾ ਤੁਹਾਡਾ ਸੜੀਅਲ ਦਿਮਾਗ
ਉਹਦਾ ਤਾਂ ਮੈਂ ਕੀਮਾ ਕਰ ਦਿਆਂਗਾ
ਅਤੇ ਕੁੱਤੇ ਨੂੰ ਪਾ ਦਿਆਂਗਾ
ਮਨੂ ਤਾਂ ਹੁਣ ਰਿਹਾ ਨਹੀਂ ਇਹ ਜਾਨਣ ਦੇ ਬਾਵਜੂਦ
ਚਲਾ ਰਹੇ ਹੋ ਸਿੱਕਾ ਖੋਟਾ
ਅਗਿਆਨਤਾ ਦਾ ਜ਼ਬਰਦਸਤ ਫ਼ਾਇਦਾ ਚੱਕ ਕੇ...
ਆਖ਼ਰੀ ਇਨਸਾਨ ਤੱਕ ਰਿਸ ਰਿਹਾ ਗਿਆਨ
ਵਿਸਫੋਟ ਕਰ ਰਹੀ ਹੈ ਭਾਸ਼ਾ ਨਿਆਂ ਦੀ
ਢਹਿ ਰਹੇ ਹਨ ਪੁਰਾਣੇ ਬੁਰਜ
ਧੱਸ ਰਹੀ ਹੈ ਤੁਹਾਡੇ ਪੈਰਾਂ ਹੇਠਲੀ ਜ਼ਮੀਨ
ਤੁਸੀਂ ਇਨਸਾਨ ਨੂੰ ਬਣਾਇਆ ਬੇਵਕੂਫ਼
ਲੋਕਾਂ ਨੂੰ ਬਣਾਇਆ ਚੂਤੀਆ
ਅਤੇ ਸਮਾਜ ਨੂੰ ਬੋਲਾ
ਦੇਸ਼ ਨੂੰ ਕਰ ਦਿੱਤਾ ਲੂੰਲਾ-ਲੰਗੜਾ
ਜਾਤ-ਪਾਤ 'ਚ ਵੰਡ ਕੇ ਲੋਕਾਂ ਨੂੰ
ਕਰਮਕਾਂਡ 'ਤੇ ਤੁਹਾਡਾ ਜ਼ੋਰ
ਨਹੀਂ ਚੱਲੇਗਾ ਅੱਜ ਤੋਂ ਬਾਅਦ
ਸਾਰੇ ਇਨਸਾਨ ਇੱਕ ਸਮਾਨ
ਭਿਣਕ ਪੈਣ ਲੱਗੀ ਹੈ ਸਭ ਨੂੰ
ਲੱਦ ਗਏ ਹਨ ਤੁਹਾਡੇ ਦਿਨ
ਯਾਦ ਰੱਖਣਾ
ਛੇਤੀ ਹੀ ਤੁਸੀਂ ਕੰਬੋਂਗੇ ਡਰ ਨਾਲ
ਅਤੇ ਵਗਣ ਲੱਗੇਗੀ ਉਲਟੀ ਹਵਾ

## ਤੁਹਾਡੇ ਮੁਰਦੇ ਦਾ ਪੋਸਟਮਾਰਟਮ ਕੀਤਾ

ਤੁਹਾਡੇ ਮੁਰਦੇ ਦਾ ਪੋਸਟਮਾਰਟਮ ਕੀਤਾ
ਤਾਂ ਕੀ ਮਿਲੇਗਾ
ਦਿਮਾਗ 'ਚ ਜਾਤ-ਪਾਤ ਦਾ ਭਰਿਆ ਹੋਇਆ ਜ਼ਹਿਰ
ਮਨ ਨੂੰ ਦਰਦ ਦੇਣ ਵਾਲੀ ਊਚ-ਨੀਚ ਦੀ ਨਫ਼ਰਤ
ਦਿਲ 'ਚ ਜੰਮਿਆ ਹੋਇਆ ਰਸਮਾਂ ਦਾ ਖ਼ੂਨ

ਤੁਹਾਡੇ ਮੁਰਦੇ ਦਾ ਪੋਸਟਮਾਰਟਮ ਕੀਤਾ
ਤਾਂ ਕੀ ਮਿਲੇਗਾ
ਕਈ ਵਾਰ ਜਾਤ ਲਈ ਕੀਤੀ ਗਈ ਸਾਜਿਸ਼
ਜਾਤਾਂ ਦੇ ਲਈ ਕੀਤੇ ਗਏ ਤਸ਼ੱਦਦ
ਇਹ ਹੈ ਤੁਹਾਡਾ ਫਲਸਫ਼ਾ
ਜਾਤ ਦੇ ਪਰਲੇ ਪਾਸੇ ਲੱਗ ਹੀ ਨਹੀਂ ਸਕਦੀ
ਤੁਹਾਡੀ ਛਾਲ
ਧੀ ਨੇ ਜੋ ਕੀਤਾ ਪਿਆਰ ਜਾਤ ਤੋਂ ਬਾਹਰ
ਤਾਂ ਆੱਨਰ ਕੀਲਿੰਗ ਕਰੋਗੇ
ਲਹੂ ਨਾਲ ਲਿੱਬੜੇ ਤੁਹਾਡੇ ਹੱਥ
ਕਰਨੀ ਪਵੇਗੀ ਉਹਨਾਂ ਦੀ ਜਾਂਚ

ਤੁਹਾਡੇ ਮੁਰਦੇ ਦਾ ਪੋਸਟਮਾਰਟਮ
ਕੀਤਾ ਤਾਂ ਕੀ ਮਿਲੇਗਾ
ਦਰਅਸਲ ਇਹ ਮੁਰਦਾ ਇਨਸਾਨ ਦਾ ਸੀ ਹੀ ਨਹੀਂ
ਮਹਾਰ ਬਣ ਗਏ ਹਰਕਾਰੇ
ਮਹਾਰਾਂ ਨੇ ਚਿਤਾ ਦੇ ਲਈ ਕੱਟੀਆਂ ਲੱਕੜਾਂ
ਮਹਾਰਾਂ ਨੇ ਤੁਹਾਡੇ ਮੁਰਦੇ ਕੋਲ ਵਜਾਈ ਡਫ਼ਲੀ
ਮਹਾਰਾਂ ਨੇ ਵਜਾਇਆ ਵਾਜਾ
ਆਖ਼ਿਰਕਾਰ ਮਹਾਰ ਹੀ ਤੁਹਾਡੇ ਕੰਮ ਆਇਆ

ਤੁਹਾਡੇ ਮੁਰਦੇ ਦਾ ਪੋਸਟਮਾਰਟਮ ਕੀਤਾ
ਤਾਂ ਕੀ ਮਿਲੇਗਾ
ਜਾਤ ਦੇ ਜੰਗਲ 'ਚ ਜ਼ਿੰਦਗੀ ਕੱਢ ਚੁੱਕੇ ਹਿੰਸਕ ਪਸ਼ੂ
ਅੱਖੜਪਣ ਨਾਲ ਫੁੱਲਿਆ ਹੋਇਆ ਢਿੱਡ
ਵਿਤਕਰੇ ਨਾਲ ਖ਼ਰਾਬ ਹੋਈ ਸਰੀਰ ਦੀ ਬਦਬੂ
ਪੋਸਟਮਾਰਟਮ ਕਰਨ ਵਾਲੇ ਡਾਕਟਰਾਂ ਨੇ ਬਣਾ ਲਈ ਦੂਰੀ
ਆਏ ਸਿਵਿਆਂ ਦੇ ਮਹਾਰ ਮਜ਼ਦੂਰ
ਉਹਨਾਂ ਨੇ ਖੋਪੜੀ ਪਾੜੀ
ਅਤੇ ਗਊ ਮੂਤਰ ਕੱਢਿਆ ਬਾਹਰ

ਤੁਹਾਡੇ ਮੁਰਦੇ ਦਾ ਪੋਸਟਮਾਰਟਮ ਕੀਤਾ
ਤਾਂ ਕੀ ਮਿਲੇਗਾ
ਹੱਦ ਤੋਂ ਵੱਧ ਜਾਤੀਵਾਦੀ ਸੀ
ਇਸ ਨੇ ਬੜੇ ਲੋਕਾਂ ਨੂੰ ਕੀਤਾ ਸੀ ਤਬਾਹ
ਮਾਂ ਦੀ ਉਮਰ ਦੀ ਬੁੱਢੀ ਨੂੰ ਨਹੀਂ ਛੱਡਿਆ
ਧੀ ਦੀ ਉਮਰ ਦੀ ਕੁੜੀ ਨੂੰ ਨਹੀਂ ਛੱਡਿਆ
ਕੀੜੇ ਪੈ ਕੇ ਮਰ ਗਿਆ ਸਾਲਾ
ਪਿੜਦਾਨ ਨੂੰ ਕਾਂ ਛੂਹੇਗਾ ਵੀ ਨਹੀਂ
ਲੱਗੀ ਗਰੀਬਾਂ ਦੀ ਹਾਅ
ਤੁਹਾਡੇ ਮੁਰਦੇ ਦਾ ਪੋਸਟਮਾਰਟਮ ਕੀਤਾ
ਤਾਂ ਕੀ ਮਿਲੇਗਾ

## ਹਰ ਪੰਜ ਸਾਲ ਬਾਅਦ

ਹਰ ਪੰਜ ਸਾਲ ਬਾਅਦ
ਮੇਰੇ ਦਹਿਲੀਜ਼ 'ਤੇ ਆਉਂਦੀ ਹੈ ਸੰਸਦ
ਭੇਸ ਬਦਲਦੇ ਹੱਥ ਜੋੜਦੇ
ਪਤਾ ਹੈ ਉਹਨਾਂ ਨੂੰ ਵੋਟ ਦੀ ਕੀਮਤ
ਚਾਹ ਸ਼ਰਾਬ ਜਾਂ ਫਿਰ ਇਕ ਨੋਟ
ਪਦਯਾਤਰਾ ਆਉਂਦੀ ਹੈ ਬੋਲਦੇ ਹੋਏ ਜਨਤਾ ਜਨਾਰਦਨ
ਨਾ ਦਿਸਣ ਵਾਲੇ ਚਿਹਰੇ ਦਿਸਣ ਲੱਗਦੇ ਹਨ
ਨਾ ਬੋਲਣ ਵਾਲੇ ਬੋਲਣ ਲੱਗਦੇ ਹਨ
ਮਸ਼ਟੰਡੇ ਗਲੀ ਦੇ ਗੁੰਡੇ ਵੀ ਜੋੜਦੇ ਹਨ ਹੱਥ
ਰਾਤ ਨੂੰ ਲਾਏ ਜਾਂਦੇ ਹਨ ਫਲੈਕਸ
ਅਤੇ ਹੁੰਦਾ ਹੈ ਜਨਮ ਨੇਤਾ ਦਾ
ਬੈਨਰਬਾਜ਼ੀ ਤੋਂ ਹੁੰਦੀ ਹੈ ਨੇਤਾ ਦੀ ਪਛਾਣ
ਇਹੀ ਤਾਂ ਹੈ ਲੋਕਤੰਤਰ ਦਾ ਢੌਂਗ
ਉਹ ਮੰਨ ਕੇ ਚੱਲ ਰਹੇ ਹਨ
ਬੁਲਾਓ ਨੋਟ ਦਿਓ ਸ਼ਰਾਬ ਪਿਆਓ
ਇਹੀ ਹੈ ਰਾਹ ਚੁਣ ਕੇ ਆਉਣ ਦੀ
ਤਿਆਰ ਕਰੋ ਗੁੰਡਿਆਂ ਦੀ ਫੌਜ
ਜਨਤਾ ਨੂੰ ਧਮਕਾਓ ਤਾਕਤ ਵਿਖਾਓ
ਕੰਮ ਕਰਕੇ ਨਹੀਂ ਦਿਖਾਇਆ ਫਿਰ ਵੀ ਚੱਲ ਜਾਊਗਾ
ਗੱਲ ਜੇ ਵਧ ਜਾਵੇ ਅੱਗੇ
ਜਾਤੀ ਅਤੇ ਧਰਮ ਨੂੰ ਟੋਹ ਲਓ
ਖ਼ੁਸ਼ ਹੋ ਜਾਵੇਗੀ ਜਨਤਾ ਜਨਾਰਦਨ
ਪੰਜ ਸਾਲ ਦਾ ਮਿਲ ਜਾਵੇਗਾ ਖੁੱਲ੍ਹਾ ਲਾਇਸੈਂਸ
ਰਾਜ ਕਰਨ ਦਾ
ਰਾਜਨੀਤੀ ਇੱਕ ਤਰ੍ਹਾਂ ਬਣ ਗਈ ਹੈ ਧੰਦਾ
ਜਿੱਤ ਜਾਓ ਚੋਣਾਂ ਕਰਕੇ ਹੰਗਾਮਾ
ਮੌਜ ਲੁੱਟੋ ਜ਼ਿੰਦਗੀ ਭਰ
ਖੰਭੇ 'ਤੇ ਬੰਨ੍ਹਿਆ ਜਾ ਸਕਦਾ ਹੈ ਲੋਕਤੰਤਰ
ਪੋਤੇ ਪੋਤੀਆਂ ਮਿੱਤਰ ਕੀੜਿਆਂ ਨੂੰ ਵੀ ਸੱਤਾ 'ਤੇ ਬਿਠਾਇਆ ਜਾ ਸਕਦਾ ਹੈ
ਪਤਾ ਲੱਗ ਗਿਆ ਹੈ ਨੇਤਾਵਾਂ ਨੂੰ ਕਮਾਈ ਦਾ ਸ਼ਾੱਟਕਟ
ਪੰਜ ਸਾਲ ਬਾਅਦ ਜੋੜੋ ਹੱਥ ਇੱਕ ਵਾਰ
ਲਾ ਦਿਓ ਝੜੀ ਵਾਅਦਿਆਂ ਦੀ
ਜ਼ੋਰ ਨਾਲ ਬੋਲੋ ਝੂਠ ਬੋਲੋ
ਜਨਤਾ ਦੀ ਯਾਦਦਾਸ਼ਤ ਘੱਟ ਹੁੰਦੀ ਹੈ
ਜਨਤਾ ਬਹੁਤ ਛੇਤੀ ਭੁੱਲ ਜਾਂਦੀ ਹੈ
ਜਨਤਾ ਜਨਾਰਦਨ ਹੈ ਅਨਾੜੀ ਭੋਲੀ
ਭਰ ਲਓ ਆਪਣੀ-ਆਪਣੀ ਝੋਲੀ
ਪੱਤਰਕਾਰਾਂ ਨੂੰ ਪਿਆਓ ਚਾਹ ਲੈ ਜਾਓ ਢਾਬੇ 'ਤੇ
ਨਹੀਂ ਆਉਣੀਆਂ ਚਾਹੀਦੀਆਂ ਸਾਡੇ ਖਿਲਾਫ਼ ਖਬਰਾਂ
ਦਿਖਾ ਦਿਓ ਆਪਣੀ ਤਾਕਤ
ਕੰਮ ਕਰਕੇ ਨਹੀਂ ਦਿਖਾਇਆ ਫਿਰ ਵੀ ਚੱਲ ਜਾਵੇਗਾ
ਸਾਡੇ ਦਰਵਾਜ਼ੇ 'ਤੇ ਖੇਡੇਗਾ ਲੋਕਤੰਤਰ

**ਅਨੁ.: ਕੁਮਾਰ ਸੁਸ਼ੀਲ, ਪਾਇਲਦੀਪ**

# 'ਸਦਾਬਹਾਰ ਬਾਗ'

ਸੰਨ 1947 ਦੀ ਵੰਡ ਤੇ ਲੋਕਾਂ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਅਚਾਨਕ ਭਗਦੜ ਮੱਚ ਉੱਠੀ। 'ਉਹ' ਵੀ ਭੱਜਿਆ ਤੇ ਇੱਕ ਜਗ੍ਹਾ ਜਾ ਕੇ ਲੁਕ ਗਿਆ। ਉਸ ਦੇ ਪਰਵਾਰ ਨੇ ਉਸ ਨੂੰ ਲੱਭਿਆ ਤੇ ਕਿਹਾ, ਹੁਣ ਇੱਥੇ ਜ਼ਿਆਦਾ ਸਮਾਂ ਨਹੀਂ ਰੁਕ ਸਕਦੇ। ਚਲੋ-ਚਲੋ ਆਪਣਾ ਸਾਮਾਨ ਬੰਨ੍ਹੋ ਤੇ ਭੱਜੋ, ਪਰ 'ਉਹ' ਕਹਿੰਦਾ, ਨਹੀਂ.. ਉਹਦਾ ਪਰਵਾਰ ਉਸ ਦੇ ਮੂੰਹ ਵੱਲ ਦੇਖਣ ਲੱਗਾ ਤੇ ਉਹਦੀਆਂ ਮਿੰਨਤਾਂ ਕਰਨ ਲੱਗਾ, ਪਰ 'ਉਹ' ਕਹਿੰਦਾ ਨਹੀਂ.. ਇੱਥੇ ਮੇਰਾ ਆਪਣਾ ਘਰ ਹੈ, ਇਸ ਜਗ੍ਹਾ, ਇਸ ਮਿੱਟੀ ਨਾਲ ਮੇਰਾ ਮੋਹ ਹੈ, ਮੈਂ ਇੱਥੇ ਜੰਮਿਆ, ਪਲਿਆ, ਖੇਡਿਆ, ਮੈਂ ਇੱਥੋਂ ਨਹੀਂ ਜਾਣਾ ਤੇ ਅਚਾਨਕ ਫਿਰ ਰੌਲਾ ਪੈ ਗਿਆ। ਉਸ ਦੇ ਪਰਵਾਰ ਨੇ ਉਸ ਨੂੰ ਘਸੀਟ ਕੇ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾ ਮੰਨਿਆ ਤੇ ਅਖੀਰ ਉਸ ਦਾ ਪਰਵਾਰ ਉਥੋਂ ਭੱਜ ਗਿਆ। ਉਹ ਆਪਣੇ ਪਰਵਾਰ ਨਾਲੋਂ ਵਿੱਛੜ ਗਿਆ।

ਉਸ ਦਾ ਆਪਣਾ ਪਰਵਾਰ ਪਾਕਿਸਤਾਨ ਵਿੱਚ ਅਤੇ 'ਉਹ' ਆਪ ਭਾਰਤ ਵਿੱਚ ਰਹਿ ਗਿਆ। ਇਥੇ ਭਾਰਤ ਵਿੱਚ ਰਹਿੰਦਿਆਂ ਹੀ 'ਉਹ' ਆਪਣਾ ਜੀਵਨ ਗੁਜ਼ਰ-ਬਸਰ ਕਰਨ ਲੱਗਾ। ਉਹ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦਾ ਸੀ, ਜਿੱਥੇ ਉਸ ਦਾ ਆਪਣਾ ਘਰ ਸੀ। ਇੱਕ ਨਿੱਕਾ ਜਿਹਾ ਕਮਰਾ ਅਤੇ ਕਮਰੇ ਦੇ ਅੱਗੇ ਖੁੱਲ੍ਹੀ ਜਗ੍ਹਾ, ਜਿਸ ਨੂੰ ਉਸ ਨੇ ਹੌਲੀ-ਹੌਲੀ ਇੱਕ ਬਹੁਤ ਵੱਡੇ ਬਾਗ ਦਾ ਰੂਪ ਦੇ ਦਿੱਤਾ ਸੀ।ਚਾਰੇ ਪਾਸੇ ਫੁੱਲ ਹੀ ਫੁੱਲ, ਕਿਧਰੇ ਗੁਲਾਬ ਦੇ ਫੁੱਲ, ਕਿਧਰੇ ਗੇਂਦੇ ਦੇ ਫੁੱਲ, ਚਮੇਲੀ, ਨਰਗਸ ਤੇ ਗੁਲਬਹਾਰ ਪੰਛੀਆਂ ਨੂੰ ਵੀ ਆਪਣੇ ਵੱਲ ਆਕਰਸ਼ਿਤ ਕਰਦੇ। ਮਧੂ ਮੱਖੀਆਂ ਗੇਂਦੇ ਦੇ ਫੁੱਲਾਂ ਉੱਪਰ ਆਪਣਾ ਹੀ ਰਾਗ ਅਲਾਪ ਰਹੀਆਂ ਹੁੰਦੀਆਂ। ਉਸ ਬਾਗ ਵਿੱਚ ਹਰ ਤਰ੍ਹਾਂ ਦਾ ਫੁੱਲ ਤੇ ਹਰ ਤਰ੍ਹਾਂ ਦਾ ਰੰਗ ਦੇਖਣ ਨੂੰ ਮਿਲ ਸਕਦਾ ਸੀ, ਬਾਗ ਦੇ ਫੁੱਲਾਂ ਦੀ ਖ਼ੁਸ਼ਬੂ ਦੂਰ-ਦੂਰ ਤੱਕ ਫੈਲ ਰਹੀ ਹੁੰਦੀ।

ਉਸ ਦੇ ਬਾਗ ਦੇ ਲਾਗੇ ਹੀ ਇੱਕ ਸਕੂਲ ਸੀ। ਜਦ ਸਕੂਲ ਦੀ ਅੱਧੀ ਛੁੱਟੀ ਦੀ ਘੰਟੀ ਵੱਜਦੀ ਤਾਂ ਸਾਰੇ ਬੱਚੇ ਬਾਗ ਵੱਲ ਨੂੰ ਦੌੜ ਆਉਂਦੇ। ਬੱਚਿਆਂ ਵਿੱਚ ਬਾਗ ਵਿੱਚ ਬੈਠਣ, ਫੁੱਲ ਦੇਖਣ, ਉਥੋਂ ਦੀ ਖ਼ੁਸ਼ਬੂ ਨੂੰ ਮਹਿਸੂਸ ਕਰਨ ਦੀ ਬਹੁਤ ਹੀ ਉਤਸੁਕਤਾ ਹੁੰਦੀ। ਬਾਗ ਦੇ ਫੁੱਲ ਬੱਚਿਆਂ ਦੇ ਮਨ ਨੂੰ ਇੰਨਾ ਭਾਉਂਦੇ ਕਿ ਕੁਝ ਬੱਚਿਆਂ ਦਾ ਮਨ ਕਰਨਾ ਕਿ ਇਹਨਾਂ ਵਿੱਚੋਂ ਸਭ ਤੋਂ ਸੋਹਣਾ ਫੁੱਲ ਤੋੜ ਕੇ ਆਪ ਦੇ ਪਾਸ ਰੱਖਿਆ ਜਾਵੇ। ਕੁਝ ਬੱਚਿਆਂ ਨੇ ਸ਼ਰਾਰਤ ਕਰਨੀ...ਦੀਪੂ ਕਹਿੰਦਾ ਉਹ ਦੇਖ ਪੰਮੇ ਕਿੱਡਾ ਸੋਹਣਾ ਫੁੱਲ ਖਿੜਿਆ ਹੈ.. ਪੰਮੇ ਤੂੰ 'ਉਹ' ਖੜੂਸ ਦਾ ਧਿਆਨ ਰੱਖੀਂ। ਮੈਂ ਚੋਰੀ-ਚੋਰੀ ਫੁੱਲ ਤੋੜ ਕੇ ਲੈ ਆਉਂਨਾ। ਇਕ ਜਣੇ ਨੇ ਉਸ ਦੀ ਰਾਖੀ ਰੱਖਣੀ, ਕਿਧਰੇ 'ਉਹ' ਆ ਹੀ ਨਾ ਜਾਵੇ। ਆਖਿਰ 'ਉਹ' ਹੈ ਕੌਣ ਸੀ ਅਤੇ ਉਸ ਦਾ ਨਾਂਅ ਕੀ ਸੀ 'ਉਹ' ਇੱਕ ਮਧਰੇ ਜਿਹੇ ਕੱਦ ਵਾਲਾ ਇਨਸਾਨ ਹੱਥ ਵਿੱਚ ਸੋਟੀ ਅਤੇ ਕੁੜਤਾ ਪਾ ਕੇ ਰੱਖਣ ਵਾਲਾ। ਉਸ ਦਾ ਅਸਲ ਨਾਂਅ ਕਿਸੇ ਨੂੰ ਨਹੀਂ ਸੀ ਪਤਾ। ਸੋ ਉਸ ਦੇ ਮਧਰੇ ਕੱਦ ਉਸ ਨੂੰ ਚਿੜਾਉਂਦੇ ਹੋਏ ਸਕੂਲ ਦੇ ਬੱਚਿਆਂ ਨੇ ਉਹਦਾ ਨਾਂਅ 'ਪਿੱਦੂ' ਰੱਖ ਦਿੱਤਾ। ਇਸ ਤੋਂ ਬਾਅਦ ਉਸ ਦਾ ਨਾਂਅ 'ਪਿੱਦੂ' ਹੀ ਰਿਹਾ। ਉਂਝ ਤਾਂ ਪਿੱਦੂ ਦਾ ਸੁਭਾਅ ਮਿਲਾਪੜਾ ਜਿਹਾ ਸੀ, ਪਰ ਥੋੜ੍ਹਾ-ਥੋੜ੍ਹਾ ਅੱਖੜ ਜਿਹਾ ਸੁਭਾਅ ਵਾਲਾ ਵੀ ਸੀ। ਪਿੱਦੂ ਆਪਣੇ ਪਿਆਰ ਨਾਲ ਪਾਲੇ ਹੋਏ ਫੁੱਲਾਂ ਨੂੰ ਕਿਸੇ ਵੀ ਬੱਚੇ ਦੁਆਰਾ ਤੋੜਨ ਨਾ ਦਿੰਦਾ। ਉਹ ਆਪਣੇ ਬਾਗ ਦੀ ਪੂਰੀ ਨਿਗਰਾਨੀ ਰੱਖਦਾ ਕਿ ਬਾਗ ਵਿੱਚੋਂ ਇੱਕ ਵੀ ਫੁੱਲ ਨਾ ਟੁੱਟੇ।

ਬੱਚੇ ਉਸ ਨੂੰ ਹਮੇਸ਼ਾ ਚਿੜਾਉਂਦੇ ਕਿ ਅੱਜ ਤਾਂ ਇੱਕ ਫੁੱਲ ਜ਼ਰੂਰ ਤੋੜ ਕੇ ਭੱਜਾਂਗੇ ਤੇ ਪਿੱਦੂ ਵੀ ਨਾ ਅੱਕਦਾ, ਨਾ ਥੱਕਦਾ, ਨਾ ਹੀ ਬੱਚਿਆਂ ਦੇ ਮਗਰ-ਮਗਰ ਭੱਜਦਾ ਅਤੇ ਨਾ ਹੀ ਉਹ ਆਪਣੇ ਬਾਗ ਦੀ ਸੇਵਾ-ਸੰਭਾਲ ਲਈ ਅੱਕਿਆ ਸੀ। ਬੱਚਿਆਂ ਨੂੰ ਫੁੱਲ ਤੋੜਨ ਤੋਂ ਮਨ੍ਹਾ ਕਰਦਾ, ਉਹਨਾਂ ਦੇ ਮਗਰ-ਮਗਰ ਭੱਜਦਾ, ਉਸ ਦਾ ਆਪਣਾ ਵੀ ਹਾਸਾ ਨਿਕਲ ਜਾਂਦਾ ਤੇ ਕਦੇ-ਕਦੇ ਆਪਣਾ ਪੂਰਾ ਗੁੱਸਾ ਤੇ ਰੋਹਬ ਦਿਖਾਉਂਦਾ। ਉਹ ਆਪਣੇ ਪਿਆਰ ਨਾਲ ਪਾਲੇ ਹੋਏ ਫੁੱਲਾਂ ਵੱਲ ਦੇਖਦਾ ਤੇ ਫਿਰ ਬੱਚਿਆਂ ਵੱਲ ਤੱਕਦਾ ਤਾਂ ਸਭ ਨੂੰ ਸਿਰਫ ਇੱਕ ਹੀ ਗੱਲ ਸਿਖਾਉਂਦਾ ਕਿ.. ਬੱਚਿਓ ਇਸ ਬਾਗ ਦੇ ਫੁੱਲ ਦੂਰੋਂ ਹੀ ਦੇਖੋ, ਇਹਨਾਂ ਨੂੰ ਤੋੜਨਾ ਨਹੀਂ, ਕਿਉਂਕਿ ਇਹ ਹਮੇਸ਼ਾ ਤੁਹਾਡੇ ਵਾਂਗੂ ਹੱਸਦੇ, ਖੇਡਦੇ, ਲਹਿਰਾਉਂਦੇ ਅਤੇ ਖਿੜਦੇ ਹੀ ਚੰਗੇ ਲੱਗਦੇ ਹਨ। ਇਹ ਖਿੜਦੇ ਹੋਏ ਫੁੱਲ ਸਿਰਫ ਪਿਆਰ ਹੀ ਵੰਡਦੇ ਹਨ। ਸੋ ਇਹਨਾਂ ਤੋਂ ਪਿਆਰ ਵੰਡਣਾ ਹੀ ਸਿੱਖੋ, ਜਿਵੇਂ ਟਾਹਣੀ ਨਾਲੋਂ ਫੁੱਲ ਵੱਖ ਹੋ ਕੇ ਮੁਰਝਾ ਜਾਂਦੇ ਹਨ, ਉਵੇਂ ਹੀ ਮਨੁੱਖੀ ਰਿਸ਼ਤੇ ਨਫਰਤਾਂ ਨਾਲ ਆਪਸ ਤੋਂ ਵੱਖ ਹੋ ਕੇ ਮੁਰਝਾ ਕੇ ਖਤਮ ਹੋ ਜਾਂਦੇ ਹਨ ਤੇ ਇਧਰ ਸ਼ਰਾਰਤੀ ਪੰਮਾ ਤੇ ਦੀਪਾ ਇੱਕ-ਦੂਜੇ ਨਾਲ ਰੋਟੀ ਪਿੱਛੇ ਲੜ ਪਏ ਤੇ ਪਿੱਦੂ ਨੇ ਉਹਨਾਂ ਨੂੰ ਛੁਡਾਉਂਦੇ ਹੋਏ ਕਿਹਾ ਕਿ ਇਸ ਬਾਗ ਵਿੱਚ ਇੱਕ-ਦੂਜੇ ਲਈ ਨਫਰਤ ਦੀ ਕੋਈ ਜਗ੍ਹਾ ਨਹੀਂ ਹੈ, ਹਮੇਸ਼ਾ ਖਿੜੇ ਰਹੋ ਤੇ ਪਿਆਰ ਵੰਡੋ।

ਸਕੂਲ ਦੇ ਬੱਚਿਆਂ ਨੂੰ ਪਿਆਰ ਦੀ ਭਾਵਨਾ ਤੇ ਇਕੱਠੇ ਰਹਿਣ ਦੀ ਸਿੱਖਿਆ ਦੇਣ ਵਿੱਚ ਮਸਤ ਮੌਲਾ ਰਹਿਣ ਵਾਲੇ ਪਿੱਦੂ ਦਾ ਖ਼ੂਨ ਹਮੇਸ਼ਾ ਇੱਕ ਗੱਲ ਨੂੰ ਯਾਦ ਕਰਕੇ ਖੌਲ ਉੱਠਦਾ ਕਿ ਜਿਸ ਤਰ੍ਹਾਂ ਉਸ ਦਾ ਘਰ ਉੱਜੜ ਗਿਆ ਸੀ, ਉਹ ਇਸ ਮੁਹੱਬਤ ਭਰੇ ਬਾਗ ਨੂੰ ਨਹੀਂ ਉੱਜੜਨ ਦੇਵੇਗਾ। ਇਕ ਦਿਨ ਉਸ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਰਿਹਾ, ਜਿਸ ਦਿਨ ਉਸ ਨੂੰ ਇਹ ਖਬਰ ਮਿਲੀ ਕਿ ਪਾਕਿਸਤਾਨ ਤੋਂ ਉਸ ਦਾ ਪਰਵਾਰ ਉਸ ਨੂੰ ਮਿਲਣ ਲਈ ਆਇਆ ਹੈ। ਉਹਨੂੰ ਲੱਗਾ ਜਿਵੇਂ ਬਾਗ ਦੇ ਸਾਰੇ ਫੁੱਲ ਉਸ ਲਈ ਜ਼ਿੰਦਗੀ ਦੇ ਗੀਤ ਗਾਉਣ ਲੱਗ ਪਏ ਹੋਣ। ਫੁੱਲਾਂ ਦੀ ਖ਼ੁਸ਼ਬੂ ਨੇ ਅਹਿਸਾਸ ਦਿਵਾਇਆ ਕਿ ਕਿਸੇ ਆਪਣੇ ਦੀ ਪੈੜਚਾਪ ਪਈ ਹੈ। ਤਿਤਲੀਆਂ ਦੀ ਤਰ੍ਹਾਂ ਉਹਦਾ ਦਿਲ ਵੀ ਆਪਣਿਆਂ ਦੇ ਘਰ ਆਉਣ ਦੀ ਖ਼ੁਸ਼ੀ ਵਿੱਚ ਉੱਡ ਰਿਹਾ ਸੀ। ਪਿੱਦੂ ਨੇ ਆਪਣੇ ਪਰਵਾਰ ਵੱਲ ਦੇਖਿਆ...ਸ਼ਾਇਦ ਉਹ ਏਹੀ ਮਹਿਸੂਸ ਕਰ ਰਿਹਾ ਹੋਵੇਗਾ...

'ਆਪਣੇ ਘਰ ਪਰਦੇਸੀਆਂ ਵਾਂਗੂ ਪਰਤਣ ਦਾ ਅਹਿਸਾਸ ਕਿਉਂ ਹੈ?' ਤਾਂਅ ਗਲਵੱਕੜੀ ਪਾ ਕੇ ਮਿਲਦਾ ਸਤਲੁਜ ਨਾਲ ਬਿਆਸ ਕਿਹਾ ਹੈ? ਉਸ ਦੀਆਂ ਅੱਖਾਂ ਵਿੱਚ ਅੱਥਰੂ ਸਨ, ਕਿਉਂਕਿ ਉਹਦਾ ਆਪਣਾ ਘਰ ਵੰਡਿਆ ਜਾ ਚੁੱਕਾ ਸੀ। ਆਪਾਂ ਸੋਚਦੇ ਹਾਂ ਕਿ ਲਕੀਰਾਂ ਸਾਨੂੰ ਵੰਡਦੀਆਂ ਪਰ ਲਕੀਰਾਂ ਤਾਂ ਆਜ਼ਾਦ ਹੀ ਹੁੰਦੀਆਂ ਨੇ। ਵੰਡੇ ਤਾਂ ਸਿਰਫ ਲੋਕ ਜਾਂਦੇ ਨੇ, ਪਰ ਪਿੱਦੂ ਦੀ ਇਹੀ ਕੋਸ਼ਿਸ਼ ਸੀ ਕਿ ਜਿਸ ਤਰ੍ਹਾਂ ਉਹਦਾ ਆਪਣਾ ਘਰ ਵੰਡਿਆ ਗਿਆ ਸੀ। ਉਹ ਇਸ ਬਾਗ ਨੂੰ ਵੰਡੀਆਂ ਵਿੱਚ ਨਹੀਂ ਪਾਵੇਗਾ। ਇਸ ਬਾਗ ਵਿੱਚ ਹਰ ਕਿਸਮ, ਹਰ ਰੰਗ, ਹਰ ਤਰ੍ਹਾਂ ਦੀ ਕਲੀ ਲਹਿਰਾਵੇਗੀ। ਉਹ ਇਸ ਬਾਗ ਨੂੰ ਅਮੀਰੀ-ਗਰੀਬੀ ਜਾਂ ਮਜ਼ਹਬੀ ਲਕੀਰਾਂ ਵਿੱਚ ਨਾ ਵੰਡ ਕੇ ਪਿਆਰ ਤੇ ਸਤਿਕਾਰ ਦੀ ਭਾਵਨਾ ਨਾਲ ਹਰਾ-ਭਰਾ ਰੱਖੇਗਾ। ਉਹ ਹਮੇਸ਼ਾ ਇਹੀ ਸੋਚਦਾ ਕਿ ਇਹ ਬਾਗ ਸਾਰਿਆਂ ਦਾ ਹੈ। ਸਭ ਦਾ ਸਾਂਝਾ ਬਾਗ, ਸ਼ਾਇਦ ਉਸ ਦੀ ਇਹੀ ਸੋਚ ਵੰਡ ਦੀਆਂ ਲਕੀਰਾਂ ਵਿੱਚ ਪਿਆਰ ਭਰ ਸਕੇ। ਇਸੇ ਉਮੀਦ ਨਾਲ ਕਿ ਸ਼ਾਇਦ ਇਸ ਬਾਗ ਦੇ ਫੁੱਲਾਂ ਦੀ ਤਰ੍ਹਾਂ ਮੇਰੇ ਆਪਣੇ ਬਾਗ ਦੇ ਫੁੱਲ ਉਹ ਲੋਕ, ਉਸ ਦਾ ਪਰਵਾਰ ਦੁਬਾਰਾ ਫਿਰ ਤੋਂ ਇਕੱਠੇ ਹੋ ਜਾਣ, ਖ਼ੁਸ਼ੀਆਂ ਵੰਡਣ ਇਸ ਧਰਤ ਦੀ ਸਲਾਮਤੀ ਲਈ, ਦੁਆਵਾਂ ਕਰਨ ਮਨੁੱਖਤਾ ਦੀ ਤਰੱਕੀ ਦੀਆਂ, ਹਰੇਕ ਧਰਮ, ਹਰ ਮਜ਼ਹਬ ਦੀ ਸਲਾਮਤੀ ਦੀਆਂ ਕੁਝ ਕੁ ਸਮੇਂ ਬਾਅਦ ਪਿੱਦੂ ਦੀ ਅਚਾਨਕ ਮੌਤ ਹੋ ਗਈ...

ਕੀ ਉਸ ਦੀ ਮੌਤ ਤੋਂ ਬਾਅਦ ਉਸ ਦਾ ਬਾਗ ਸੁੱਕ ਚੁੱਕਾ ਸੀ?

ਜਵਾਬ ਹੈ..ਨਹੀਂ.. ਉਸ ਦੀ ਮੌਤ ਤੋਂ ਬਾਅਦ ਉਸ ਦਾ ਬਾਗ 'ਸਦਾਬਹਾਰ ਬਾਗ' ਬਣ ਚੁੱਕਾ ਸੀ, ਜਿਸ ਵਿੱਚੋਂ ਇੱਕ ਵੀ ਫੁੱਲ ਨਾ ਸੁੱਕਿਆ, ਕਿਉਂਕਿ ਉਸ ਦੇ ਪਾਲੇ ਹੋਏ ਫੁੱਲਾਂ ਨੂੰ ਸਕੂਲ ਦੇ ਬੱਚਿਆਂ ਨੇ ਉਹਦੀ ਸੋਚ ਨੂੰ ਸਦੀਆਂ ਤੱਕ ਅਮਰ ਕਰ ਦਿੱਤਾ। ਉਹ ਬੱਚੇ ਨਫਰਤ ਕਰਨੀ ਭੁੱਲ ਚੁੱਕੇ ਸਨ ਤੇ ਉਹਨਾਂ ਵੈਰ-ਵਿਰੋਧ, ਹੀਣ-ਭਾਵਨਾ, ਫਿਰਕਾਪ੍ਰਸਤੀ ਤੇ ਦੁਸ਼ਮਣੀ ਦੇ ਜਾਲਿਆਂ 'ਚੋਂ ਨਿਕਲ ਕੇ ਪਿਆਰ, ਮੁਹੱਬਤ, ਸਤਿਕਾਰ ਤੇ ਇਨਸਾਨੀਅਤ ਦੇ ਬਾਗ ਲਾਉਣੇ ਸ਼ੁਰੂ ਕਰ ਦਿੱਤੇ ਸਨ।

**— ਪਵਨਦੀਪ ਐਡਵੋਕੇਟ**

# ਭਾਰਤੀ ਇਤਿਹਾਸ ਦੀ ਧਰੋਹਰ ਜੈਪੁਰ 'ਚ ਨਾਹਰਗੜ੍ਹ ਕਿਲ੍ਹਾ

ਸਾਡਾ ਦੇਸ਼ ਵਿਭਿੰਨਤਾ ਵਾਲਾ ਦੇਸ਼ ਹੈ, ਜਿਸ ਵਿੱਚ ਧਰਮ, ਜਾਤੀ, ਨਸਲ, ਰੰਗ, ਖੇਤਰ ਆਦਿ ਦੇ ਵਖਰੇਵੇਂ ਹੋਣ ਦੇ ਬਾਵਜੂਦ ਅਸੀਂ ਇੱਕ ਸੂਤਰ ਵਿੱਚ ਪਰੋਏ ਹੋਏ ਹਾਂ, ਭਾਰਤ ਅਨੇਕਤਾ ਵਿੱਚ ਏਕਤਾ ਵਾਲਾ ਦੇਸ਼ ਹੈ, ਜਿਸ ਦਾ ਇਤਿਹਾਸ ਸਾਨੂੰ ਸਾਡੇ ਗੌਰਵਮਈ ਭੂਤਕਾਲ ਦੀ ਯਾਦ ਦਿਵਾਉਂਦਾ ਹੈ। ਵਿਦਿਅਕ ਯਾਤਰਾ ਸਿੱਖਿਆ ਦਾ ਇੱਕ ਅਹਿਮ ਭਾਗ ਹੈ, ਇਸ ਲਈ ਵਿਦਿਆਰਥੀਆਂ ਨੂੰ ਇਤਿਹਾਸ, ਧਰਮ ਦਰਸ਼ਨ, ਸਾਹਿਤ, ਰਾਜਨੀਤਕ, ਸਮਾਜਿਕ, ਆਰਥਿਕ, ਸੰਸਕ੍ਰਿਤੀ ਹਾਲਤਾਂ ਦੀ ਜਾਣਕਾਰੀ ਦੇਣ ਲਈ ਪ੍ਰਤੱਖ ਰੂਪ ਵਿੱਚ ਵਿਦਿਅਕ ਟੂਰ ਰਾਹੀਂ ਉਹਨਾਂ ਸਥਾਨਾਂ ਦੀ ਯਾਤਰਾ ਕਰਵਾਈ ਜਾਂਦੀ ਹੈ, ਜੋ ਸਾਡੀ ਰਾਸ਼ਟਰੀ ਸਦਭਾਵਨਾ ਦਾ ਅਹਿਮ ਹਿੱਸਾ ਹਨ, ਇਸੇ ਲੜੀ ਤਹਿਤ ਸਾਡੇ ਸਕੂਲ ਦਾ ਵਿਦਿਅਕ ਟੂਰ ਜੈਪੁਰ, ਰਾਜਸਥਾਨ ਵਿਖੇ ਗਿਆ, ਕੁਝ ਗੱਲਾਂ ਧਿਆਨਯੋਗ ਹਨ, ਜਿਨ੍ਹਾਂ ਨੂੰ ਸਮਝ ਕੇ ਟੂਰ ਦਾ ਆਨੰਦ ਵੀ ਮਾਣਿਆ ਜਾ ਸਕਦਾ ਹੈ, ਵਾਧੂ ਖਰਚੇ ਨੂੰ ਵੀ ਘਟਾਇਆ ਜਾ ਸਕਦਾ ਹੈ, ਸਭ ਤੋਂ ਪਹਿਲਾਂ ਉਥੋਂ ਦੀ ਭੂਗੋਲਿਕ ਸਥਿਤੀ ਨੂੰ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ, ਸਾਡੀ ਯਾਤਰਾ ਬਹੁਤ ਵਧੀਆ ਰਹੀ, ਕਿਉਂਕਿ ਸਾਨੂੰ ਸਰਕਾਰੀ ਗਾਈਡ ਅਸ਼ੋਕ ਕੁਮਾਰ ਦਾ ਸਾਥ ਮਿਲਿਆ, ਜਿਹਨਾਂ ਨਾਲ ਅਸੀਂ ਚੱਲਣ ਤੋਂ ਪਹਿਲਾਂ ਹੀ ਸੰਪਰਕ ਕਰ ਲਿਆ, ਉਹਨਾਂ ਨੇ ਸਾਡੇ ਲਈ ਸਾਰੇ ਇਤਿਹਾਸਕ ਸਥਾਨਾਂ ਦੀ ਯਾਤਰਾ ਵਿਦਿਆਰਥੀਆਂ ਲਈ ਮੁਫ਼ਤ ਕਰਵਾ ਦਿੱਤੀ, ਨਾਲ ਹੀ ਰਹਿਣ ਦਾ ਬਹੁਤ ਵਧੀਆ ਤੇ ਸਸਤਾ ਪ੍ਰਬੰਧ ਕਰਵਾਇਆ, ਟੂਰ ਦੌਰਾਨ ਪਾਰਕਿੰਗ ਵਿਵਸਥਾ ਅਤੇ ਹੋਰ ਪ੍ਰਬੰਧਨ ਨੂੰ ਵੀ ਵੇਖਦੇ ਰਹੇ, ਮਾਸਟਰ ਰਿਸ਼ੀ ਕੁਮਾਰ ਅਤੇ ਵਿੱਤ ਸਹਾਇਕ ਅਵਤਾਰ ਸਿੰਘ ਰਾਹੀਂ ਪੂਰੀ ਯਾਤਰਾ ਦੌਰਾਨ ਕੋਈ ਵੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ, ਲੜਕੀਆਂ ਲਈ ਮੈਡਮ ਰੁਪਿੰਦਰਜੀਤ ਕੌਰ ਅਤੇ ਨੀਤਾ ਪਾਠਕ ਦਾ ਪ੍ਰਬੰਧ ਬਹੁਤ ਹੀ ਵਧੀਆ ਸੀ ਇੱਥੇ ਲੜੀ ਤਹਿਤ ਸਾਡੇ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ ਜੈਪੁਰ ਦੇ ਨਾਹਰਗੜ੍ਹ ਕਿਲ੍ਹੇ ਵਿੱਚ ਗਿਆ, ਜਿੱਥੇ ਉਹਨਾਂ ਨੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ, ਵਿਦਿਆਰਥੀਆਂ ਨੇ ਆਪਣੇ ਇਤਿਹਾਸ ਨੂੰ ਚੰਗੀ ਤਰ੍ਹਾਂ ਜਾਣਿਆ। ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਬਹੁਤ ਸਾਰੀ ਮਹੱਤਵਪੂਰਨ ਜਾਣਕਾਰੀ ਪ੍ਰਾਚੀਨ ਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਸੰਭਾਲੀ ਬੈਠਾ ਜੈਪੁਰ ਵਿੱਚ ਨਾਹਰਗੜ੍ਹ ਕਿਲ੍ਹਾ ਅਸਲ ਵਿੱਚ ਸ਼ਹਿਰ ਨੂੰ ਹਮਲਾਵਰਾਂ ਤੋਂ ਬਚਾਉਣ ਲਈ ਬਣਾਇਆ ਗਿਆ ਸੀ, ਇਹ ਕਿਲ੍ਹਾ ਇੰਡੋ-ਯੂਰਪੀਅਨ ਆਰਕੀਟੈਕਚਰਲ ਸ਼ੈਲੀ ਦਾ ਅਨੁਸਰਨ ਕਰਦਾ ਹੈ, ਕਿਲ੍ਹੇ ਦੇ ਅੰਦਰ ਕਈ ਸ਼ਾਨਦਾਰ ਬਣਤਰਾਂ ਕਤਾਰਬੱਧ ਹਨ। ਇਸ ਦੀ ਉਚਾਈ 800 ਫੁੱਟ ਤੋਂ ਵੱਧ ਦੱਸੀ ਜਾਂਦੀ ਹੈ।

* ਕਿਲ੍ਹੇ 'ਤਡੀ ਗੇਟ' ਦੇ ਖੱਬੇ ਪਾਸੇ ਜੈਪੁਰ ਬਾਦਸ਼ਾਹਾਂ ਦੇ ਦੇਵਤੇ ਨੂੰ ਸਮਰਪਿਤ ਮੰਦਰ ਦੇ ਨਾਲ ਇੱਕ ਪ੍ਰਵੇਸ਼ ਦੁਆਰ ਹੈ। ਇਸ ਤੋਂ ਇਲਾਵਾ ਕਿਲ੍ਹੇ ਦੇ ਅੰਦਰ ਰਾਠੌਰ ਪ੍ਰਿੰਸ ਨਾਹਰ ਸਿੰਘ ਭੋਮੀਆ ਨੂੰ ਸਮਰਪਿਤ ਇਕ ਹੋਰ ਮੰਦਰ ਹੈ।

* ਦੰਤਕਥਾ ਹੈ ਕਿ ਕਿਲ੍ਹੇ ਨੂੰ ਇਸ ਦੀ ਉਸਾਰੀ ਦੌਰਾਨ ਇੱਕ ਆਤਮਾ ਦੁਆਰਾ ਰੁਕਾਵਟ ਦਾ ਸਾਹਮਣਾ ਕਰਨਾ ਪਿਆ ਸੀ, ਜੋ ਕਿ ਨਾਹਰ ਸਿੰਘ ਦਾ ਮੰਨਿਆ ਜਾਂਦਾ ਸੀ। ਇਸ ਤਰ੍ਹਾਂ 'ਨਾਹਰਗੜ੍ਹ' ਨਾਂਅ ਰਾਠੌਰ ਰਾਜਕੁਮਾਰ ਦੀ ਭਾਵਨਾ ਨੂੰ ਸ਼ਾਂਤ ਕਰਨ ਲਈ, ਕਿਲ੍ਹੇ ਦੇ ਅੰਦਰ ਉਸ ਨੂੰ ਸਮਰਪਿਤ ਇੱਕ ਮੰਦਰ ਬਣਾ ਕੇ ਦਿੱਤਾ ਗਿਆ ਸੀ।

* ਕਿਲੇ ਦੇ ਅੰਦਰ ਇੱਕ ਦੋ ਮੰਜ਼ਲਾ ਇਮਾਰਤ ਹੈ, ਜਿਸ ਨੂੰ ਸਵਾਈ ਮਾਧੋ ਸਿੰਘ ਦੁਆਰਾ ਬਣਾਇਆ ਮਾਧਵੇਂਦਰ ਭਵਨ ਕਿਹਾ ਜਾਂਦਾ ਹੈ। ਇਸ ਵਿੱਚ ਰਾਜੇ ਅਤੇ ਉਸ ਦੀਆਂ 12 ਰਾਣੀਆਂ ਦੇ ਕਮਰੇ ਹਨ, ਜਿਸ ਨੂੰ ਅੱਗੇ 9 ਭਾਗਾਂ ਵਿੱਚ ਵੰਡਿਆ ਗਿਆ ਹੈ, ਹਰੇਕ ਵਿੱਚ ਇੱਕ ਲਾਬੀ, ਬੈੱਡਰੂਮ, ਰਸੋਈ, ਸਟੋਰ ਹੈ।

* ਮਹਿਲ ਦੇ ਅੰਦਰਲੇ ਹੋਰ ਢਾਂਚੇ 'ਦੀਵਾਨ-ਏ-ਆਮ' ਹੈ, ਜਿੱਥੇ ਰਾਜਾ ਆਪਣੇ ਵਫ਼ਾਦਾਰ ਪਰਜਾ ਨਾਲ ਮਿਲਦਾ ਸੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦਾ ਸੀ।

* ਜੈਪੁਰ ਦੇ ਨਾਹਰਗੜ੍ਹ ਕਿਲ੍ਹੇ ਕਈ ਇਤਿਹਾਸਕ ਘਟਨਾਵਾਂ ਮਰਾਠਾ ਸੰਧੀ ਅਤੇ ਯੂਰਪੀਅਨਾਂ ਨੂੰ ਪਨਾਹ ਦੇਣ ਦਾ ਗਵਾਹ ਹੈ।

* ਰਾਣੀਆਂ ਦੇ ਕਮਰੇ ਇੱਕੋ ਜਿਹੇ ਢੰਗ ਨਾਲ ਬਣਾਏ ਗਏ ਸਨ ਅਤੇ ਮਹਾਰਾਜਾ ਨੂੰ ਉਸ ਦੀ ਗੋਪਨੀਯਤਾ ਦੇਣ ਲਈ ਬਣਾਇਆ ਗਿਆ ਸੀ, ਬਿਨਾਂ ਕਿਸੇ ਹੋਰ ਰਾਣੀ ਨੂੰ ਇਹ ਦੱਸੇ ਕਿ ਉਹ ਕਿਸ ਨੂੰ ਮਿਲਣ ਜਾ ਰਿਹਾ ਸੀ।

* ਪਾਣੀ ਸੰਭਾਲ ਦੀ ਵਿਸ਼ੇਸ਼ ਵਿਧੀ

ਕਿਲ੍ਹੇ ਵਿੱਚ ਇੱਕ ਪਾਣੀ ਦੀ ਟੈਂਕੀ ਹੈ, ਜੋ ਇੱਕ ਸੰਖੇਪ ਰੂਪ ਵਿੱਚ ਬਣਾਈ ਗਈ ਹੈ, ਜਿਸ ਵਿੱਚ ਪਾਣੀ ਨੂੰ ਪਹਾੜੀ ਤੋਂ ਹੇਠਾਂ ਤਲਾਬ ਤੱਕ ਸਟੋਰ ਕਰਨ ਲਈ ਵਰਤਿਆ ਜਾਂਦਾ ਸੀ। ਅਜੋਕੇ ਸਮੇਂ ਵਿੱਚ ਜਿੱਥੇ ਪਾਣੀ ਦੀ ਘਾਟ ਹੈ, ਇਹ ਵਿਧੀ ਸਾਡੇ ਲਈ ਬਹੁਤ ਉਪਯੋਗੀ ਹੈ।

* ਕਿਲ੍ਹੇ ਦੇ ਗਲਿਆਰੇ ਯੂਰਪੀਅਨ ਅਤੇ ਰਾਜਪੂਤ ਸ਼ੈਲੀ ਦੇ ਆਰਕੀਟੈਕਚਰ ਤੋਂ ਪ੍ਰੇਰਿਤ ਹਨ। ਗਲਿਆਰਿਆਂ ਅਤੇ ਜੁੜੇ ਰੂਮਾਂ ਦੇ ਨਾਲ ਪ੍ਰਦਰਸ਼ਿਤ ਮੀਨਾਕਾਰੀ ਪ੍ਰਭਾਵ ਪਾਉਂਦੀ ਹੈ।

* ਹਾਥੀਆਂ, ਘੋੜਿਆਂ, ਜਲੂਸਾਂ ਅਤੇ ਕੁਦਰਤ ਦੀ ਇੱਕ ਸੁੰਦਰ ਚਿੱਤਰਕਾਰੀ ਹੈ।

* ਵਿਕਟੋਰੀਅਨ ਫੁੱਲਦਾਰ ਪੇਂਟਿੰਗਾਂ ਵਧੀਆ ਬੀਤ ਚੁੱਕੇ ਯੁੱਗ ਦੇ ਸਮੇਂ ਅਤੇ ਜੀਵਨ ਦੀ ਝਲਕ ਦਿੰਦੀਆਂ ਹਨ।

ਜੈ ਹਿੰਦ ਨੂੰ!

**—ਅਵਨੀਸ਼ ਲੌਂਗੋਵਾਲ**

ਸਫ਼ਾ 3 ਦੀ ਬਾਕੀ

## ਫਾਸ਼ੀਵਾਦ ਦਾ ਚਿਹਰਾ-ਮੋਹਰਾ...

ਸਵਾਲ ਹੈ, ਜੋ ਪਿਛਲੀ ਸਦੀ ਗੁਜ਼ਰ ਜਾਣ ਦੇ ਬਾਅਦ ਇਸ ਸਦੀ ਅੰਦਰ ਵੀ ਸਾਨੂੰ ਘੂਰ ਰਿਹਾ ਹੈ।' ਭਾਵ ਇਸ ਸਵਾਲ ਦਾ ਅਜੇ ਤੱਕ ਪੂਰੀ ਤਰ੍ਹਾਂ ਸੰਤੁਸ਼ਟੀਜਨਕ ਜਵਾਬ ਨਹੀਂ ਮਿਲ ਸਕਿਆ। ਫਿਰ ਵੀ ਇਸ ਪੁਸਤਕ ਵਿੱਚੋਂ ਫਾਸ਼ੀਵਾਦੀ ਵਿਰੋਧੀ ਤਾਕਤਾਂ ਦੀ ਅਸਫਲਤਾ ਲਈ ਜ਼ਿੰਮੇਵਾਰ ਕਾਫੀ ਕਾਰਨ ਸਮਝ ਵਿੱਚ ਆਉਂਦੇ ਹਨ। ਜਿਵੇਂ ਕਿ ਫਾਸ਼ੀਵਾਦ ਦੀਆਂ ਵਿਰੋਧੀ ਤਾਕਤਾਂ ਵਿੱਚ ਕਮਿਊਨਿਸਟ, ਸੋਸ਼ਲ ਡੈਮੋਕਰੇਟ ਅਤੇ ਬੁਰਜੂਆ-ਜਮਹੂਰੀ ਤਾਕਤਾਂ ਸਨ। ਇਹਨਾਂ ਵਿੱਚੋਂ ਕਮਿਊਨਿਸਟਾਂ ਦੀ ਪਹੁੰਚ ਅਤਿ ਤੰਗਨਜ਼ਰੀ ਵਾਲੀ ਰਹੀ। ਸੋਸ਼ਲ ਡੈਮੋਕਰੇਟਾਂ ਨੂੰ ਉਹਨਾਂ ਨੇ ਸਮਾਜਿਕ ਫਾਸ਼ਿਸਟ ਕਰਾਰ ਦੇ ਕੇ ਉਹਨਾਂ ਨਾਲ ਕੋਈ ਗੱਠਜੋੜ ਨਾ ਕੀਤਾ, ਦੂਜੀ ਇੰਟਰਨੈਸ਼ਨਲ ਨੇ ਤਾਂ ਉਹਨਾਂ ਸਾਰੇ ਸਮਾਜਵਾਦੀ ਆਗੂਆਂ ਨੂੰ ਵੀ ਬਾਹਰ ਦਾ ਰਸਤਾ ਦਿਖਾ ਦਿੱਤਾ, ਜੋ ਪਾਰਲੀਮੈਂਟ ਰਾਹੀਂ ਸੱਤਾ ਹਾਸਲ ਕਰਨ ਦੇ ਹਮਾਇਤੀ ਸਨ। ਇਸ ਕਰਕੇ ਸਾਰੀ ਖੱਬੀ ਧਿਰ ਦੀ ਕੋਈ ਇਕਜੁੱਟ ਤਾਕਤ ਨਾ ਬਣ ਸਕੀ, ਜੋ ਹਿਟਲਰ ਅਤੇ ਮੁਸੋਲਿਨੀ ਦੇ ਫਾਸ਼ੀਵਾਦ ਦਾ ਟਾਕਰਾ ਕਰਨ ਲਈ ਜ਼ਰੂਰੀ ਸੀ।

ਦੂਜੇ ਪਾਸੇ ਸੋਸ਼ਲ ਡੈਮੋਕਰੇਟ ਵੀ ਫਾਸ਼ਿਜਮ ਖਿਲਾਫ ਲੜਨ ਦੀ ਜੁਰਅਤ ਨਾ ਦਿਖਾ ਸਕੇ। ਸੋਸ਼ਲ ਡੈਮੋਕਰੇਟਸ ਦਾ ਜਨਤਕ ਅਧਾਰ ਤਗੜਾ ਸੀ, ਜੋ ਕਮਿਊਨਿਸਟਾਂ ਨਾਲੋਂ ਬਹੁਤ ਵੱਧ ਸੀ, ਪਰ ਉਹ ਫਾਸ਼ੀਵਾਦ ਨੂੰ ਸਮਝ ਕੇ ਇਸ ਦੇ ਖਿਲਾਫ ਵਿਰੋਧ ਜਥੇਬੰਦ ਨਾ ਕਰ ਸਕੇ। ਇਸੇ ਤਰ੍ਹਾਂ ਯੂਰਪੀਅਨ ਸਰਮਾਏਦਾਰ ਮੁਲਕ ਵੀ ਹਿਟਲਰ ਦਾ ਖੁੱਲ੍ਹੇਆਮ ਵਿਰੋਧ ਕਰਨ ਦੀ ਬਜਾਏ ਕਮਿਊਨਿਸਟਾਂ ਨੂੰ ਆਪਣੇ ਲਈ ਜ਼ਿਆਦਾ ਖਤਰਨਾਕ ਸਮਝਦੇ ਰਹੇ। ਉਹ ਇਸ ਆਸ ਉੱਤੇ ਰਹੇ ਕਿ ਜਰਮਨੀ ਅਤੇ ਸੋਵੀਅਤ ਯੂਨੀਅਨ (ਯਾਨੀ ਫਾਸ਼ਿਸਟ ਅਤੇ ਕਮਿਊਨਿਸਟ) ਆਪਸੀ ਜੰਗ ਵਿੱਚ ਖਤਮ ਹੋ ਜਾਣਗੇ ਅਤੇ ਸਰਮਾਏਦਾਰੀ ਇਹਨਾਂ ਦੋਵਾਂ ਤੋਂ ਹੀ ਨਿਜ਼ਾਤ ਪਾ ਲਵੇਗੀ। ਇਹ ਗੱਲ ਸਟਾਲਿਨ 'ਤੇ ਵੀ ਲਾਗੂ ਹੁੰਦੀ ਹੈ ਕਿ ਉਸ ਨੇ ਵੀ 1939 ਵਿੱਚ ਜਰਮਨੀ ਨਾਲ ਸਮਝੌਤਾ ਕਰਕੇ ਹਿਟਲਰੀ ਹਮਲੇ ਤੋਂ ਸੁਰੱਖਿਅਤ ਹੋਣ ਦਾ ਭਰਮ ਪਾਲ ਲਿਆ ਸੀ। ਇਸ ਤੋਂ ਇਲਾਵਾ ਸਟਾਲਿਨ ਨੇ ਸਫਾਏ ਦੀ ਮੁਹਿੰਮ ਵਿੱਚ ਬਹੁਤ ਸਾਰੇ ਯੋਗ ਕਮਿਊਨਿਸਟ ਆਗੂਆਂ ਅਤੇ ਲਾਲ ਫੌਜ ਦੇ ਕਾਬਲ ਜਰਨੈਲਾਂ ਦਾ ਸਫਾਇਆ ਕਰਕੇ ਵੀ ਕਮਿਊਨਿਸਟ ਪਾਰਟੀ ਦਾ ਵੱਡਾ ਨੁਕਸਾਨ ਕੀਤਾ ਸੀ (ਸਫ਼ਾ 46) ਇਸ ਤਰ੍ਹਾਂ ਫਾਸ਼ੀਵਾਦ ਨੂੰ ਇਸ ਦੇ ਮੁਢਲੇ ਦੌਰ ਵਿੱਚ ਠੱਲ੍ਹ ਨਾ ਪਾਈ ਜਾ ਸਕੀ ਅਤੇ ਫਿਰ ਇਹ ਦੈਂਤ ਐਨਾ ਤਕੜਾ ਹੋ ਗਿਆ ਕਿ ਉਸ ਨੇ ਵਿਰੋਧੀਆਂ ਨੂੰ ਇੱਕ-ਇੱਕ ਕਰਕੇ ਕੁਚਲ ਦਿੱਤਾ।

ਇੱਕ ਹੋਰ ਬਹੁਤ ਵੱਡਾ ਸਵਾਲ ਹੈ ਕਿ ਫਾਸ਼ੀਵਾਦ ਨੂੰ ਪਰਨਾਏ ਐਡੇ ਹਜੂਮ ਕਿਵੇਂ ਹੋਂਦ ਵਿੱਚ ਆਏ, ਜਿਨ੍ਹਾਂ ਨੇ ਜੰਗ ਦੌਰਾਨ ਆਪਣੇ ਤਾਨਾਸ਼ਾਹਾਂ ਉੱਤੇ ਅੰਨ੍ਹਾ ਵਿਸ਼ਵਾਸ ਕਰਕੇ ਆਪਣੀਆਂ ਜਾਨਾਂ ਦੇਣ ਅਤੇ ਦੂਸਰਿਆਂ ਦੀਆਂ ਜਾਨਾਂ ਲੈਣ ਵਿੱਚ ਕੋਈ ਝਿਜਕ ਨਾ ਦਿਖਾਈ। ਇਸ ਦੇ ਜਵਾਬ ਵਿੱਚ ਵੈਸੇ ਤਾਂ ਲੇਖਕ ਲਿਖਦਾ ਹੈ ਕਿ 'ਬੰਦੇ ਦੇ ਆਤਮਾ ਵਿਹੂਣੀ ਮਸ਼ੀਨ ਬਣ ਜਾਣ ਦਾ ਇਹ ਵਰਤਾਰਾ ਏਨਾ ਗੁੰਝਲਦਾਰ ਹੈ ਕਿ ਸੱਚਮੁੱਚ ਇਸ ਦਾ ਹਰ ਪੱਖ ਤੋਂ ਸਹੀ-ਸਹੀ ਜਵਾਬ ਦੇਣਾ ਅਸੰਭਵ ਜਾਪਦਾ ਹੈ' ਫਿਰ ਵੀ ਇਹ ਸਵਾਲ ਐਨਾ ਮਹੱਤਵਪੂਰਨ ਹੈ ਕਿ ਫਾਸ਼ੀਵਾਦ ਦੇ ਸਮੇਂ ਤੋਂ ਹੀ ਚਿੰਤਕ ਇਸ ਦਾ ਵਿਸ਼ਲੇਸ਼ਣ ਕਰਨ ਅਤੇ ਜਵਾਬ ਲੱਭਣ ਵਿੱਚ ਲੱਗੇ ਹੋਏ ਹਨ। ਇਸ ਪੁਸਤਕ ਦੇ ਵੀ ਦੂਸਰੇ ਚੈਪਟਰ 'ਫਾਸ਼ੀ ਹਜੂਮਾਂ ਦਾ ਮਨੋਵਿਗਿਆਨ' ਵਿੱਚ ਇਸ ਸਵਾਲ ਨੂੰ ਸੰਬੋਧਿਤ ਹੁੰਦਿਆਂ ਕੁਝ ਕਾਰਨਾਂ, ਕੁਝ ਪ੍ਰਸਥਿਤੀਆਂ ਅਤੇ ਕੁਝ ਵਿਧੀਆਂ ਦੀ ਚਰਚਾ ਕੀਤੀ ਗਈ ਹੈ, ਜਿਨ੍ਹਾਂ ਦੇ ਜੋੜਮੇਲ ਨਾਲ ਲੋਕਾਂ ਦੀ ਮਾਨਸਿਕਤਾ ਇਸ ਤਰ੍ਹਾਂ ਦੀ ਬਣਾਈ ਜਾ ਸਕੀ।

ਇਸ ਤੋਂ ਅਗਲੇ ਚੈਪਟਰ ਫਾਸ਼ੀਵਾਦ ਦੇ ਸਮੇਂ ਵਿੱਚ ਹੋਏ ਦੋ ਚਿੰਤਕਾਂ ਵਾਲਟਰ ਬੈਂਜਾਮਿਨ ਅਤੇ ਐਨਤੋਨੀਓ ਗ੍ਰਾਮਸ਼ੀ ਬਾਰੇ ਹਨ। ਇਹਨਾਂ ਵਿੱਚੋਂ ਗ੍ਰਾਮਸ਼ੀ ਵਾਲਾ ਚੈਪਟਰ ਫਾਸ਼ੀਵਾਦ ਸਬੰਧੀ ਪਹਿਲੇ ਚੈਪਟਰਾਂ ਵਿਚ ਕੀਤੀ ਵਿਆਖਿਆ ਨੂੰ ਹੋਰ ਨਿਖਾਰਦਾ ਹੈ, ਕਿਉਂਕਿ ਗ੍ਰਾਮਸ਼ੀ ਦਾ ਫਾਸ਼ੀਵਾਦੀ ਵਰਤਾਰੇ ਨੂੰ ਸਮਝਣ ਅਤੇ ਕਮਿਊਨਿਸਟ ਇਨਕਲਾਬਾਂ ਦੇ ਨਾ ਵਾਪਰ ਸਕਣ ਦੀ ਵਿਆਖਿਆ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਸੀ।

ਆਖਰੀ ਦੋ ਚੈਪਟਰ ਮੌਜੂਦਾ ਸਮੇਂ ਵਿੱਚ ਫਾਸ਼ੀਵਾਦੀ ਰੁਝਾਨਾਂ ਦਾ ਸ਼ਿਕਾਰ ਹੋ ਰਹੇ ਦੋ ਦੇਸ਼ਾਂ-ਇਜ਼ਰਾਈਲ ਅਤੇ ਭਾਰਤ ਨਾਲ ਸੰਬੰਧਤ ਹਨ। ਸਦੀਆਂ ਤੋਂ ਚੱਲਦੇ ਆ ਰਹੇ ਯਹੂਦੀ ਸਵਾਲ ਨੂੰ ਇਜ਼ਰਾਈਲ ਕਿਵੇਂ ਫਾਸ਼ੀਵਾਦੀ ਢੰਗਾਂ ਰਾਹੀਂ ਨਜਿੱਠ ਰਿਹਾ ਹੈ ਅਤੇ ਭਾਰਤ ਵਿੱਚ ਕਲਾ ਅਤੇ ਸੱਭਿਆਚਾਰ ਰਾਹੀਂ ਫਾਸ਼ੀਵਾਦੀ ਰੁਝਾਨਾਂ ਨੂੰ ਕਿਵੇਂ ਹਵਾ ਦਿੱਤੀ ਜਾ ਰਹੀ ਹੈ, ਇਹਨਾਂ ਬਾਰੇ ਵਿਸਥਾਰ ਵਿੱਚ ਵਰਣਨ ਕੀਤਾ ਗਿਆ ਹੈ।

ਇਸ ਪੁਸਤਕ ਦੀ ਮਹੱਤਤਾ ਕਿਸੇ ਅਕਾਦਮਿਕ ਅਧਿਐਨ ਲਈ ਨਹੀਂ, ਬਲਕਿ ਇਸ ਕਰਕੇ ਹੈ ਕਿ ਫਾਸ਼ੀਵਾਦ ਦੇ ਜੋ ਨਕਸ਼ ਪੁਸਤਕ ਵਿੱਚ ਵਰਣਨ ਕੀਤੇ ਗਏ ਹਨ, ਉਹ ਸਾਡੀ ਅੱਜ ਦੀ ਸਥਿਤੀ ਵਿੱਚੋਂ ਪਛਾਣੇ ਜਾ ਸਕਦੇ ਹਨ। ਇਹਨਾਂ ਨਕਸ਼ਾਂ ਵਿੱਚੋਂ ਫਾਸ਼ੀਵਾਦੀ ਰੁਝਾਨ ਨੂੰ ਪਛਾਨਣਾ ਅਤੇ ਉਸ ਨੂੰ ਭਾਂਜ ਦੇਣ ਲਈ ਯਤਨਸ਼ੀਲ ਹੋਣ ਵਿੱਚ ਹੀ ਇਸ ਪੁਸਤਕ ਦੀ ਸਾਰਥਿਕਤਾ ਹੈ। ਪਹਿਲੇ ਚੈਪਟਰ ਦਾ ਆਖਰੀ ਪਹਿਰਾ ਅਹਿਸਾਸ ਕਰਵਾਉਂਦਾ ਹੈ ਕਿ ਫਾਸ਼ੀਵਾਦ ਕਿੰਨਾ ਭਿਆਨਕ ਵਰਤਾਰਾ ਸੀ ਅਤੇ ਹੈ-'ਕਲਪਨਾ ਕਰ ਸਕਦੇ ਹਾਂ ਕਿ ਜੇਕਰ ਫਾਸ਼ੀਵਾਦ/ਨਾਜ਼ੀਵਾਦ ਜਿੱਤ ਜਾਂਦਾ ਤਾਂ ਅਸੀਂ ਅੱਜ ਕਿਹੋ ਜਿਹੇ ਸੰਸਾਰ ਵਿੱਚ ਜੀ ਰਹੇ ਹੁੰਦੇ ਜਾਂ ਸ਼ਾਇਦ ਸਾਡਿਆਂ ਵਿੱਚ ਸਾਡੇ ਵਿੱਚੋਂ ਬਹੁਤਿਆਂ ਨੇ ਕਦੇ ਜਨਮ ਹੀ ਨਾ ਲਿਆ ਹੁੰਦਾ। ਸਾਡੇ ਪੂਰਵਜਾਂ ਨੂੰ ਵੀ ਘਟੀਆ ਨਸਲ ਗਰਦਾਨ ਕੇ ਖਤਮ ਕਰ ਦਿੱਤਾ ਗਿਆ ਹੁੰਦਾ। ਸੰਸਾਰ ਅੰਦਰ ਕੁਝ ਆਰੀਅਨ ਕਹਿਲਾਉਣ ਵਾਲੇ ਗੋਰੇ ਲੋਕਾਂ ਦਾ ਦਬਦਬਾ ਹੁੰਦਾ, ਬਾਕੀ ਬਚੇ ਥੋੜ੍ਹੇ ਜਿਹੇ ਲੋਕ ਉਹਨਾਂ ਦੇ ਗੁਲਾਮਾਂ ਤੋਂ ਵੀ ਘਟੀਆ ਜ਼ਿੰਦਗੀ ਬਸਰ ਕਰ ਰਹੇ ਹੁੰਦੇ।'

ਪੁਸਤਕ ਜਿੱਥੇ ਇਸ ਵਰਤਾਰੇ ਦੀ ਭਿਆਨਕਤਾ ਦਾ ਅਹਿਸਾਸ ਕਰਵਾਉਂਦੀ ਹੈ, ਉੱਥੇ ਇਸ ਦਾ ਇਤਿਹਾਸਕ ਵਿਸ਼ਲੇਸ਼ਣ ਕਰਦੀ ਹੋਈ ਇਸ ਨੂੰ ਸਮਝਣ ਵਿੱਚ ਮਦਦ ਕਰਦੀ ਹੈ। ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਅਜਿਹਾ ਵਰਤਾਰਾ ਮੁੜ ਨਾ ਵਾਪਰੇ, ਇਸ ਲਈ ਫਾਸ਼ੀਵਾਦ ਦੇ ਚਿਹਰੇ-ਮੋਹਰੇ ਦੇ ਉੱਭਰ ਰਹੇ ਨਕਸ਼ਾਂ ਨੂੰ ਪਛਾਣ ਕੇ ਇਸ ਨੂੰ ਮੁਢਲੀ ਸਟੇਜ ਉੱਤੇ ਹੀ ਦਬਾ ਦੇਣਾ ਮਨੁੱਖਤਾ ਦੇ ਚੰਗੇ ਭਵਿੱਖ ਲਈ ਬਹੁਤ ਜ਼ਰੂਰੀ ਹੈ। ਇਹ ਪੁਸਤਕ ਇਸ ਕਾਰਜ ਪ੍ਰਤੀ ਸੁਚੇਤ ਕਰਦੀ ਹੈ।

ਸਫ਼ਾ 1 ਦੀ ਬਾਕੀ

## 'ਸੀਮੰਤਨੀ ਉਪਦੇਸ਼' : ਹਿੰਦੂ ਸਮਾਜ ਦਾ ਗਿਆਨ-ਮੀਮਾਂਸ ਅਤੇ ਨੈਤਿਕ ਆਲੋਚਨਾ ...

ਚੇਚਕ ਨਾਲ ਉਸ ਦੇ ਪਤੀ ਦੀ ਮੌਤ ਹੋ ਗਈ। ਉਸ ਬੇਚਾਰੀ ਨੂੰ ਤਾਂ ਇਹ ਵੀ ਨਹੀਂ ਪਤਾ ਸੀ ਕਿ ਉਸ 'ਤੇ ਮੁਸੀਬਤਾਂ ਦਾ ਪਹਾੜ ਡਿੱਗ ਪਿਆ ਹੈ।

ਕੁਝ ਸਮੇਂ ਬਾਅਦ ਉਸ ਦੀ ਮਤਰੇਈ ਮਾਂ ਦੀ ਵੀ ਮੌਤ ਹੋ ਗਈ ਅਤੇ ਉਸ ਦੇ ਪਿਤਾ ਨੇ ਤੀਜੀ ਵਾਰ ਵਿਆਹ ਕਰਵਾ ਲਿਆ। ਉਦੋਂ ਪਾਰਵਤੀ 13 ਸਾਲ ਦੀ ਸੀ, ਜਦੋਂ ਉਸ ਦੇ ਪਿਤਾ ਨੇ ਤੀਜੀ ਵਾਰ ਵਿਆਹ ਕਰਵਾਇਆ ਸੀ। ਕਿੱਥੇ ਉਸ ਦਾ ਬੁੱਢਾ ਬਾਪ ਤੇ ਕਿੱਥੇ 13 ਸਾਲ ਦੀ ਕੁੜੀ।

ਪਾਰਵਤੀ ਨੇ 18 ਸਾਲ ਦੀ ਉਮਰ ਤੱਕ ਆਪਣੀਆਂ ਇੰਦਰੀਆਂ ਨੂੰ ਕਾਬੂ 'ਚ ਰੱਖੀ ਰੱਖਿਆ, ਪਰ ਅੰਤ ਵਿੱਚ ਉਹ ਬੇਵੱਸ ਹੋ ਕੇ ਕਿਸੇ ਦੇ ਪਿਆਰ ਦੇ ਚੱਕਰ ਵਿੱਚ ਫਸ ਗਈ। ਜਦੋਂ ਉਸ ਦੇ ਪਿਤਾ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਉਸ ਨੂੰ ਇਸ ਬਾਰੇ ਬਹੁਤ ਗੱਲਾਂ ਕਹੀਆਂ ਅਤੇ ਉਸ ਨੂੰ ਬਹੁਤ ਜ਼ਲੀਲ ਕੀਤਾ। ਪਾਰਵਤੀ 'ਤੇ ਪਰਵਾਰ ਦਾ ਨਾਂਅ ਡੋਬਣ ਦਾ ਦੋਸ਼ ਲਾਇਆ ਗਿਆ।

ਉਸ 'ਤੇ ਦੋਸ਼ ਲਗਾਉਣ ਵਾਲਾ ਉਸ ਦਾ ਪਿਤਾ ਉਹੀ ਵਿਅਕਤੀ ਸੀ, ਜਿਸ ਨੇ ਇਕ ਤੋਂ ਬਾਅਦ ਇਕ-ਇਕ ਕਰਕੇ ਤਿੰਨ ਵਿਆਹ ਕਰਵਾਏ ਸਨ। ਮਰਦ ਦੋ ਮਹੀਨੇ ਤੋਂ ਵੱਧ ਔਰਤ ਤੋਂ ਬਿਨਾਂ ਨਹੀਂ ਰਹਿ ਸਕਦਾ ਸੀ। ਉਸ ਦੀ ਧੀ 11 ਸਾਲਾਂ ਤੋਂ ਵਿਧਵਾ ਸੀ ਅਤੇ ਉਸ ਤੋਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਉਸ ਨੂੰ ਆਪਣੀਆਂ ਇੰਦਰੀਆਂ ਉੱਤੇ ਕਾਬੂ ਰੱਖਣਾ ਚਾਹੀਦਾ ਸੀ।

ਉਸ ਦੇ ਪਿਤਾ ਨੇ ਪਾਰਵਤੀ ਨੂੰ ਦੁੱਧ ਵਿੱਚ ਜ਼ਹਿਰ ਮਿਲਾ ਕੇ ਉਸ ਨੂੰ ਪੀਣ ਲਈ ਕਿਹਾ। ਇਸ ਤਰ੍ਹਾਂ ਪਾਰਵਤੀ ਦਾ ਅੰਤ ਕਰ ਦਿੱਤਾ ਗਿਆ। ਇਹ ਹੱਤਿਆ ਉਸ ਸੁਆਰਥੀ ਧਰਮ ਕਾਰਨ ਹੋਈ, ਜਿਸ ਧਰਮ ਦੀਆਂ ਕਿਤਾਬਾਂ ਨੂੰ ਸਾੜ ਦੇਣ ਦੀ ਗੱਲ 'ਸੀਮੰਤਨੀ ਉਪਦੇਸ਼' ਦੀ ਲੇਖਕਾ ਨੇ ਲਿਖੀ ਹੈ।

### ਗਹਿਣੇ

'ਸੀਮੰਤਨੀ ਉਪਦੇਸ਼' ਦੀ ਲੇਖਕਾ ਨੇ ਹਿੰਦੂ ਔਰਤਾਂ ਦੁਆਰਾ ਪਹਿਨੇ ਜਾਣ ਵਾਲੇ ਗਹਿਣਿਆਂ ਦੇ ਪਿੱਛੇ ਵਿਸ਼ਵਾਸਾਂ 'ਤੇ ਡੂੰਘੇ ਆਲੋਚਨਾਤਮਕ ਸਵਾਲ ਖੜ੍ਹੇ ਕੀਤੇ ਹਨ। ਉਸ ਨੇ ਪਹਿਲੀ ਟਿੱਪਣੀ ਇਹ ਕਹਿ ਕੇ ਕੀਤੀ ਹੈ ਕਿ ਹਿੰਦੂ ਸਮਾਜ ਨੇ ਭਾਵੇਂ ਕੁੜੀਆਂ ਨੂੰ ਪੜ੍ਹਨਾ-ਲਿਖਣਾ ਨਹੀਂ ਸਿਖਾਇਆ, ਪਰ ਇਸ ਨੇ ਬਚਪਨ ਤੋਂ ਹੀ ਉਨ੍ਹਾਂ ਵਿਚ ਗਹਿਣਿਆਂ ਦੀ ਲਾਲਸਾ ਪੈਦਾ ਕਰ ਦਿੱਤੀ ਹੈ।

ਉਨ੍ਹਾ ਲਿਖਿਆ ਹੈ ਕਿ ਭਾਰਤੀ ਔਰਤਾਂ ਮੱਥੇ 'ਤੇ ਸ਼ੀਸ਼ੇ ਦੀ ਬਿੰਦੀ ਲਗਾਉਣ ਨੂੰ ਵਿਆਹ ਦੀ ਨਿਸ਼ਾਨੀ ਮੰਨਦੀਆਂ ਹਨ। ਅਜਿਹੀਆਂ ਔਰਤਾਂ ਦੀ ਸਮਝ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਉਹ ਪੁੱਛਦੀ ਹੈ ਕਿ ਤੁਸੀਂ ਇੱਕ ਪੈਸੇ ਦੀ ਬਿੰਦੀ ਵਿੱਚ ਸੁਹਾਗ ਨੂੰ ਕਿਵੇਂ ਵਾੜ ਲਿਆ?

ਗਹਿਣਿਆਂ ਬਾਰੇ ਜੋ ਵੀ ਲਿਖਿਆ ਹੈ, ਉਸ ਦਾ ਅਰਥ ਇਹ ਵੀ ਪੁੱਛਣਾ ਹੈ ਕਿ ਮੱਥੇ 'ਤੇ ਬਿੰਦੀ ਹੋਣ ਦੇ ਬਾਵਜੂਦ ਸੁਹਾਗ ਛੋਟੀਆਂ-ਮੋਟੀਆਂ ਬਿਮਾਰੀਆਂ ਨਾਲ ਕਿਵੇਂ ਮਰ ਰਹੇ ਹਨ? (ਪੰਨਾ-50)। ਇਸ ਦੇ ਨਾਲ ਹੀ ਉਹ ਇਹ ਵੀ ਲਿਖਦੀ ਹੈ ਕਿ ਉਹ ਅਜਿਹੀਆਂ ਅਨੇਕਾਂ ਔਰਤਾਂ ਨੂੰ ਜਾਣਦੀ ਹੈ ਜੋ ਬਿੰਦੀ ਨਹੀਂ ਲਗਾਉਂਦੀਆਂ, ਪਰ ਫਿਰ ਵੀ ਉਨ੍ਹਾਂ ਦੇ ਪਤੀ ਤੰਦਰੁਸਤ ਹਨ।

ਇਸ ਤਰ੍ਹਾਂ ਉਹ ਵਿਆਹ ਦੀਆਂ ਨਿਸ਼ਾਨੀਆਂ ਅਤੇ ਵਿਆਹ ਦੇ ਨਾ ਟੁੱਟਣ ਵਿਚਕਾਰ ਸਥਾਪਤ ਤਰਕਹੀਣ ਸੰਬੰਧਾਂ ਦਾ ਪਰਦਾਫਾਸ਼ ਕਰ ਰਹੀ ਹੈ ਅਤੇ ਗਹਿਣਿਆਂ ਦੇ ਗਿਆਨ ਵਿਗਿਆਨ ਨੂੰ ਢਹਿ-ਢੇਰੀ ਕਰ ਰਹੀ ਹੈ।

ਉਹ ਲਿਖਦੀ ਹੈ ਕਿ ਭਾਰਤੀ ਔਰਤਾਂ ਵੱਖ-ਵੱਖ ਥਾਵਾਂ 'ਤੇ ਆਪਣੇ ਸਰੀਰ 'ਚ ਛੇਕ ਕਰਕੇ ਉਨ੍ਹਾਂ ਵਿੱਚ ਆਪਣੇ ਸੁਹਾਗ ਨੂੰ ਲੁਕਾਉਣਾ ਚਾਹੁੰਦੀਆਂ ਹਨ, ਪਰ ਬਦਕਿਸਮਤੀ ਨਾਲ ਸੁਹਾਗ ਫਿਰ ਵੀ ਇਸ ਦੁਨੀਆ ਤੋਂ ਵਿਦਾ ਹੋ ਜਾਂਦਾ ਹੈ। (ਪੰਨਾ- 50)। ਉਸ ਨੇ ਲਿਖਿਆ ਕਿ ਔਰਤਾਂ ਨੇ ਆਪਣੇ ਸਾਰੇ ਸਰੀਰ 'ਤੇ ਐਨੇ ਛੇਕ ਕਰ ਦਿੱਤੇ ਹਨ ਕਿ ਉਹ ਬਦਸੂਰਤ ਦੀਆਂ ਖਾਣਾਂ ਪ੍ਰਤੀਤ ਹੁੰਦੀਆਂ ਹਨ।

ਉਸ ਨੇ ਲਿਖਿਆ ਕਿ ਔਰਤਾਂ ਆਪਣੇ ਸਰੀਰ 'ਤੇ ਇਸ ਤਰ੍ਹਾਂ ਹੀ ਗਹਿਣੇ ਪਾਉਂਦੀਆਂ ਹਨ, ਜਿਵੇਂ ਕਿਸੇ ਜਾਨਵਰ ਦੇ ਸਰੀਰ 'ਤੇ ਨਕੇਲ ਪਾਈ ਜਾਂਦੀ ਹੈ। (ਪੰਨਾ-50)

ਚੂੜੀਆਂ ਪਹਿਨਣ ਦੇ ਰਿਵਾਜ ਦੀ ਕ੍ਰਿਟੀਕਲ ਰੀਡਿੰਗ ਕਰਦੇ ਹੋਏ 'ਸੀਮੰਤਨੀ ਉਪਦੇਸ਼' ਦੀ ਲੇਖਕਾ ਲਿਖਦੀ ਹੈ ਕਿ ਔਰਤਾਂ ਦੇ ਹੱਥਾਂ ਦੀਆਂ ਚੂੜੀਆਂ ਉਨ੍ਹਾਂ ਦੇ ਪਤੀ ਦੀ ਮੌਤ ਤੋਂ ਬਾਅਦ ਉਤਾਰ ਦਿੱਤੀਆਂ ਜਾਂਦੀਆਂ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਚੂੜੀਆਂ ਵਿੱਚ ਸੁਹਾਗ ਨਹੀਂ ਹੁੰਦਾ। ਚੂੜੀਆਂ ਵਿੱਚ ਸੁਹਾਗ ਦਾ ਹੋਣਾ ਤਾਂ ਉਦੋਂ ਮੰਨਿਆ ਜਾਂਦਾ ਹੈ, ਜਦੋਂ ਪਹਿਲੀ ਚੂੜੀ ਉਤਾਰੀ ਜਾਂਦੀ ਹੈ ਅਤੇ ਉਤਾਰਦਿਆਂ ਹੀ ਸੁਹਾਗ ਮਰ ਜਾਂਦਾ ਹੈ, ਪ੍ਰੰਤੂ ਦੇਖਣ 'ਚ ਇਹ ਗੱਲ ਆਉਂਦੀ ਹੈ ਕਿ ਸੁਹਾਗ ਦੇ ਮਰ ਜਾਣ ਦੇ ਬਾਅਦ ਚੂੜੀ ਉਤਾਰੀ ਜਾਂਦੀ ਹੈ।

### ਕੱਪੜੇ

ਲੇਖਕਾ ਲਿਖਦੀ ਹੈ ਕਿ ਰੰਗ-ਬਰੰਗੇ ਕੱਪੜੇ ਸੁਹਾਗ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਇਸੇ ਕਰਕੇ ਵਿਆਹੀਆਂ ਔਰਤਾਂ ਛੇ-ਛੇ ਮਹੀਨੇ ਤੱਕ ਆਪਣੇ ਰੰਗਦਾਰ ਕੱਪੜੇ ਨਹੀਂ ਸਨ ਧੋਂਦੀਆਂ। ਇਹ ਉਸ ਸਮੇਂ ਦੀ ਗੱਲ ਹੈ, ਜਦੋਂ ਚਿੱਟੇ ਕੱਪੜੇ ਰੰਗੇ ਜਾਂਦੇ ਸਨ। ਰੰਗ ਪੱਕੇ ਨਹੀਂ ਸਨ ਹੁੰਦੇ ਅਤੇ ਜਿਵੇਂ ਹੀ ਉਹ ਧੋਤੇ ਜਾਂਦੇ ਸਨ, ਫਿੱਕੇ ਪੈ ਜਾਂਦੇ ਸਨ। ਉਦੋਂ ਏਨੇ ਪੈਸੇ ਨਹੀਂ ਸਨ ਕਿ ਹਰ ਰੋਜ਼ ਕੱਪੜੇ ਰੰਗੇ ਜਾ ਸਕਣ। ਇਸੇ ਕਰਕੇ ਕਈ ਵਿਆਹੀਆਂ ਔਰਤਾਂ ਸਾਲਾਂ ਤੱਕ ਰੰਗਦਾਰ ਕੱਪੜੇ ਨਹੀਂ ਸਨ ਧੋਂਦੀਆਂ। ਉਹ ਸਿਰਫ਼ ਬਿਨਾਂ ਧੋਤੇ ਕੱਪੜੇ ਪਾਉਂਦੀਆਂ ਸਨ। ਇਸੇ ਲਈ ਲੇਖਕਾ ਲਿਖ ਰਹੀ ਹੈ ਕਿ ਰੱਬ ਨੇ ਇਨ੍ਹਾਂ ਔਰਤਾਂ ਨੂੰ ਮੈਲ਼ੇ ਅਤੇ ਗੰਦੇ ਕੱਪੜੇ ਪਹਿਨਣ ਲਈ ਬਣਾਇਆ ਹੈ।

ਉਹ ਲਿਖਦੀ ਹੈ ਕਿ ਰੰਗ-ਬਰੰਗੇ ਕੱਪੜਿਆਂ 'ਚ ਸੁਹਾਗ ਨਹੀਂ ਹੁੰਦਾ, ਪਰ ਤੁਹਾਡੇ ਗੰਦੇ ਕੱਪੜਿਆਂ 'ਚ ਸੁਹਾਗ ਦਾ ਖੁਸ਼ ਰਹਿਣਾ ਬਹੁਤ ਔਖਾ ਹੈ। ਉਹ ਲਿਖਦੀ ਹੈ ਕਿ ਜਿਹੜਾ ਆਦਮੀ ਗੰਦਾ ਰਹਿੰਦਾ ਹੈ, ਉਸ ਦੇ ਕੋਲ ਬੈਠਣ ਦਾ ਮਨ ਕਿਸੇ ਦਾ ਨਹੀਂ ਕਰੇਗਾ। ਫਿਰ ਇਸ ਹਾਲਤ ਵਿੱਚ ਤੁਹਾਡਾ ਪਤੀ ਤੁਹਾਡੇ ਕੋਲ ਕਿਉਂ ਬੈਠੇਗਾ?

ਇਸ ਪੁਸਤਕ ਨੂੰ ਖੋਜੋ ਅਤੇ ਪੜ੍ਹੋ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਮਨੂਸਮ੍ਰਿਤੀ ਸਾੜਨ ਦੀ ਸ਼ੁਰੂਆਤ 45 ਸਾਲ ਪਹਿਲਾਂ ਹੀ ਇਸ ਲੇਖਕਾ ਨੇ ਔਰਤ ਵਿਰੋਧੀ ਅਤੇ ਵਿਭਚਾਰ ਪੱਖੀ ਧਾਰਮਿਕ ਗ੍ਰੰਥਾਂ ਨੂੰ ਸਾੜਨ ਦਾ ਹੋਕਾ ਦਿੱਤਾ ਸੀ।

(ਨੋਟ: ਬਰੈਕਟਾਂ ਵਿੱਚ ਦਿੱਤਾ ਪੰਨਾ ਨੰਬਰ ਕਿਤਾਬ ਵਿੱਚ ਦਿੱਤੇ ਨੰਬਰ ਨੂੰ ਦਰਸਾਉਂਦਾ ਹੈ। ਹਵਾਲਾ-'ਸੀਮੰਤਨੀ ਉਪਦੇਸ਼' ਇੱਕ ਅਣਜਾਣ ਹਿੰਦੂ ਔਰਤ। ਡਾ. ਧਰਮਵੀਰ (ਸੰਪਾਦਨ ਅਤੇ ਸੋਧ) ਵਾਣੀ ਪ੍ਰਕਾਸ਼ਨ, 2008)

*(ਲੇਖਕ ਸਿੱਖਿਆ ਸ਼ਾਸਤਰ ਵਿਭਾਗ, ਦਿੱਲੀ ਯੂਨੀਵਰਸਿਟੀ ਵਿਖੇ ਪ੍ਰੋਫੈਸਰ ਹਨ।)*

## ਸੁਰ-ਸੰਗੀਤ ਦੇ ਹੀਰੇ-3

# ਖ਼ਾਨ ਸਾਹਿਬ ਅਲਾਉਦੀਨ ਖ਼ਾਂ

ਪ੍ਰੋ. ਬੀ ਆਰ ਦਿਓਧਰ

ਉਲੱਥਾਕਾਰ : ਮਕਸੂਦ ਸਾਕਿਬ

ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ



1936 ਈ. ਵਿੱਚ ਮੈਂ ਉਸਤਾਦ ਅਲਾਉਦੀਨ ਖ਼ਾਂ ਨੂੰ ਮਿਲਿਆ। ਇਲਾਹਾਬਾਦ ਵਿੱਚ ਸੰਗੀਤ ਸੰਮੇਲਨ ਸੀ। ਏਥੇ ਓਹਨਾਂ ਦਾ ਸਰੋਦ ਤੇ ਫੇਰ ਵਾਇਲਨ ਸੁਣਿਆ। ਇਲਮੋਂ ਦਰਜਿਉਂ ਢੇਰ ਵੱਡੇ ਸਨ। ਤਾਂ ਵੀ ਪਹਿਲੀ ਮਿਲਣੀ ਸੀ। ਬੜਾ ਨਿੱਘ ਕੀਤਿਓ ਨੇਂ। ਮੇਰੇ ਅੰਦਰ ਡੂੰਘੇ ਲਹਿ ਗਏ।

ਇਲਾਹਾਬਾਦ ਈ, ਇਕ ਦਿਨ, ਮੋਢੇ ਦੋਹਰੀ ਧੋਤੀ ਧਰੀ ਇਕ ਬਾਹਮਣ ਟੁਰਿਆ ਆਵੇ। ਪਹਿਲਾਂ ਮੈਂ ਨਾ ਧਿਆਨਿਆ, ਕੋਲ ਆਇਆ ਤਾਂ ਸਿਹਾਤਾ ਕੋਈ ਪੁਜਾਰੀ ਬਾਹਮਣ ਨਹੀਂ ਸੀ, ਨਵੇਂ ਨਵੇਂ ਜਾਣੂ ਬਣੇ ਉਸਤਾਦ ਅਲਾਉਦੀਨ ਖ਼ਾਂ ਸਨ। ਮੈਂ ਨਿਉਂ ਕੇ ਅੱਗੇ ਹੋਇਆ, ਸਲਾਮ ਕੀਤਾ, "ਸਰਕਾਰ, ਠੰਡ ਵਿੱਚ ਏਡੀ ਸਵੱਕਤੇ ?" ਆਖਣ ਲੱਗੇ, "ਅੱਜ ਇਕਾਦਸ਼ੀ ਹੋਈ, ਰੱਬੀਂ ਗੰਗਾ ਕੋਲ ਆਇਆ। ਨਹਾਉਣ ਚੱਲਾਂ।" ਮੈਂ ਪੱਚੀ ਹੋਇਆ, ਮੈਨੂੰ ਬਾਹਮਣ ਹੋ ਕੇ ਧਿਆਨ ਨਹੀਂ। ਏਸ ਮਹਾਨ ਸੰਗੀਤਕਾਰ ਨੂੰ ਜਾਨਣ ਦੀ ਤੌਖਣਾ ਲੱਗ ਗਈ।

ਓਸੇ ਸ਼ਾਮ ਖ਼ਾਨ ਸਾਹਿਬ ਨੂੰ ਸੰਮੇਲਨ ਵਿਚ ਮਿਲਿਆ, ਲੰਮੀ ਚੌੜੀ ਗੱਲ ਹੋਈ। ਮੇਰੀਆਂ ਪੁੱਛਾਂ ਤੇ ਆਖਿਓ ਨੇਂ, "ਸਾਡਾ ਟੱਬਰ ਮਾਸ ਨਹੀਂ ਖਾਂਦਾ। ਵਡਕੇ ਵਿਸ਼ਨੂੰ ਮੱਤ ਹਿੰਦੂ ਸਨ। ਅਸੀਂ ਨੌਂ ਪੀੜ੍ਹੀਆਂ ਤੋਂ ਮੁਸਲਮਾਨ ਆਂ। ਸਾਡੇ ਵਿੱਚ ਅਜੇ ਤੋੜੀ ਕਈਂ ਹਿੰਦੂ ਰਿਵਾਜ ਟੁਰੇ ਆਉਂਦੇ ਨੇ। ਮੇਰਾ ਪਿਓ ਸ਼ਿਵ ਦਾ ਪੱਕਾ ਪੁਜਾਰੀ ਸੀ। ਮੇਰਾ ਵੱਡਾ ਭਰਾ ਕਾਲੀ ਦਾ ਭਗਤ ਸੀ। ਮੈਂ ਅਸਲ ਵਿੱਚ ਤਰੀਪੁਰ ਰਿਆਸਤ ਦੇ ਸ਼ਿਵ ਪੁਰ ਇਲਾਕੇ ਤੋਂ ਆਂ। ਏਹਦੀ ਸ਼ਿਵ ਮੰਦਰ ਪਾਰੋਂ ਬਹੁੰ ਧੁੰਮ ਏ। ਹਰ ਸਾਲ ਏਥੇ ਮੇਲੇ ਤੇ ਹਜ਼ਾਰਾਂ ਹਿੰਦੂ ਮੁਸਲਮਾਨ ਆਉਂਦੇ ਨੇਂ।" ਗਾਇਨ ਹੋਵਣ ਲੱਗ ਪਿਆ ਤਾਂ ਮੈਂ ਪੁੱਛ-ਗਿੱਛ ਠੱਪ ਦਿੱਤੀ। ਏਨਾ ਜ਼ਰੂਰ ਆਖਿਆ ਬਈ ਮਹਾਰਾਸ਼ਟਰ ਵਿੱਚ ਕੋਈ ਇਕ ਵੀ ਸਰੋਦੀਆ ਨਹੀਂ। ਬੰਬਈ ਛੱਡ ਕੇ ਪੂਰੀ ਵਸੋਂ ਵਿੱਚ ਕੋਈ ਵੀ ਏਸ ਸਾਜ਼ ਦੇ ਨਾਂ ਦਾ ਜਾਣੂ ਨਹੀਂ। ਮਿਹਰ ਕਰੋ ਤੇ ਏਥੇ ਕੋਈ ਇਕ ਈ ਸਰੋਦੀਆ ਬਣਾ ਛੱਡੋ ? "ਆਖਿਓ ਨੇਂ, "ਤੁਸੀਂ ਆਪਣਾ ਕੋਈ ਸਿਆਣਾ ਸ਼ਾਗਿਰਦ ਘੱਲੋ ਤਾਂ ਮੈਂ ਸਿਖਾ ਦੇਸਾਂ।" ਖ਼ਰਚੇ ਦਾ ਪੁੱਛਿਆ ਤਾਂ ਬੋਲੇ, "ਇਲਮ ਦਈਦਾ ਏ ਵੇਚੀਦਾ ਨਹੀਂ। ਧੇਲਾ ਨਾ ਲੈਸਾਂ ? ਕੰਦ ਮੂਲ ਖਾਨਾਂ, ਓਹ ਚਾਹਵੇ ਤਾਂ ਬਿਸਮਿੱਲਾ। ਧਿਆਨ ਨਾਲ ਸਿੱਖੇ, ਮੈਨੂੰ ਸਭ ਲੱਭ ਗਿਆ।" ਵਲ਼ਦੇ (ਜਵਾਬ) ਨਿਹਾਲ ਕਰ ਦਿੱਤਾ।

ਵਰ੍ਹੇ ਲੰਘ ਗਏ, ਮਿਲਿਆਂ। 1942 ਵਿੱਚ ਉਦੇ ਸ਼ੰਕਰ ਮੰਡਲੀ ਸਣੇ ਬੰਬਈ ਆਏ। ਖ਼ਾਨ ਸਾਹਿਬ ਦੇ ਪੁੱਤਰ ਅਲੀ ਅਕਬਰ ਖ਼ਾਂ ਤੇ ਜਵਾਈ ਰਵੀ ਸ਼ੰਕਰ ਹੋਰਾਂ ਸਾਡੇ ਸਕੂਲ ਆ ਕੇ ਸਰੋਦ, ਸਿਤਾਰ ਵਜਾਇਆ। ਦੋਵਾਂ ਲਵੇ (ਅਣਦਾੜ੍ਹੀਏ, ਛੋਟੀ ਉਮਰ ਦੇ) ਕਲਾਕਾਰਾਂ ਦੇ ਸੁੱਚੇ ਵਾਦਨ ਵੱਡੇ ਵੱਡੇ ਸੁਣਵਈਆਂ ਨੂੰ ਕੀਲ ਲਿਆ। ਹਰ ਕੋਈ ਸੋਚੇ, ਛੋਹਰ ਇੰਜ ਦੇ ਨੇ ਤਾਂ ਉਸਤਾਦ ਕਿੰਜ ਦਾ ਹੋਸੀ। ਸਭ ਖ਼ਾਂ ਸਾਹਿਬ ਨੂੰ ਤਾਂਘਣ ਲੱਗ ਪਏ। ਖ਼ਾਂ ਸਾਹਿਬ ਬੰਬਈ ਆਏ ਤਾ ਓਹਨਾਂ ਪਹਿਲੀ ਜਨਵਰੀ 1948 ਨੂੰ ਸਾਡੇ ਸਕੂਲੇ ਬੜਾ ਈ ਯਾਦਗੀਰ ਵਾਦਨ ਕੀਤਾ। ਸ਼ਹਿਰ ਦੇ ਸਾਰੇ ਈ ਸੰਗੀਤ ਪ੍ਰੇਮੀ ਢੁੱਕੇ। ਓਹਨਾਂ ਦੀ ਆਹਾ ਵਾਹ-ਵਾਹ ਖ਼ਾਂ ਸਾਹਿਬ ਨੂੰ ਝਟਾ-ਪਟ ਰੰਗ ਵਿੱਚ ਲੈ ਆਂਦਾ। ਓਸ ਦਿਨ ਇੰਜ ਦਾ ਸਰੋਦ ਵਜਾ ਛੱਡਿਓ ਨੇਂ ਬਈ ਲੱਗੇ ਈ ਨਾ ਅੱਸੀਆਂ ਵਰ੍ਹਿਆਂ ਦਾ ਬੁਢੜਾ ਪਿਆ ਵਜਾਂਦਾ ਏ।

ਖ਼ਾਂ ਸਾਹਿਬ ਨੂੰ ਹਮੇਸ਼ ਚੜ੍ਹਦੀ ਕਲਾ ਵਿੱਚ ਵੇਖਿਆ। ਹੱਡ ਵਰਤੀ ਦੀ ਹੋਰ ਟੋਹ ਲੱਗ ਗਈ ਮੈਨੂੰ। ਜਿੱਥੇ ਡੇਰਾ ਸਨ ਨੇਂ ਓਥੇ ਅੱਪੜਿਆ, ਕਹਾਣੀ ਸੁਣਾਵਣ ਦਾ ਤਰਲਾ ਲਿਆ। ਮੰਨ ਗਏ ਤਿੰਨ ਘੰਟਿਆਂ ਵਿੱਚ ਸਾਰੀ ਸੁਣਾ ਦਿਤਿਓ ਨੇਂ। ਸਗਵੀਂ ਦੁਹਰਾਂਦਾ ਪਿਆਂ:

"1869 ਵਿੱਚ ਮੈਂ ਤਰੀਪੁਰ ਰਿਆਸਤ (ਚੜ੍ਹਦੇ ਬੰਗਾਲ, ਅੱਜ ਦੇ ਬੰਗਲਾ ਦੇਸ) ਦੇ ਨਗਰ ਸ਼ਿਵ ਪੁਰ ਜੰਮਿਆ। ਪੰਜ ਭਰਾ ਤੇ ਦੋ ਭੈਣਾ : ਸੱਤ ਬੱਚੇ। ਸਾਡਾ ਪਿਓ ਸਾਧੂ ਖ਼ਾਂ ਸੁਭਾਅ ਦਾ ਸਾਵਾਂ, ਸ਼ਿਵ ਦਾ ਭਗਤ ਤੇ ਸੰਗੀਤ ਦਾ ਚਾਹਵਾਨ ਬੰਦਾ ਸੀ। ਮਾਂ ਬੜੀ ਸਿਰੜੀ ਸੁਚੱਜੀ ਜਣੀ ਸੀ। ਗ੍ਰਿਹਿਸਤੀ ਕਰਦੀ ਤੇ ਨਈਂ-ਭੋਇੰ ਨਾਲ ਜੁੜੇ ਕੰਮਾਂ ਤੇ ਨਿਗਾਹ ਰੱਖਦੀ। ਜੀਵੇਂ ਆਖਿਆ, ਪਿਓ ਨੂੰ ਹਰ ਵੇਲੇ ਸੰਗੀਤ ਦੀ ਰਹਿੰਦੀ ਸੀ। ਖ਼ਾਨ ਸਾਹਿਬ ਕਾਜ਼ਮ ਅਲੀ ਖ਼ਾਂ ਰਬਾਬੀ ਰਿਆਸਤ ਤਰੀਪੁਰ ਦੇ ਰਾਜੇ ਮਹਾਰਾਜ ਵੀਰ ਚੰਦਰ ਮਾਣਕੀਆ ਬਹਾਦਰ ਦੇ ਦਰਬਾਰ ਵਿੱਚ ਰਬਾਬ ਦੇ ਮਹਾ ਕਸਬੀ ਸਨ: ਖ਼ਾਨ ਸਾਹਿਬ ਬਹਿਰਾਮ ਖ਼ਾਂ ਦੇ ਛੋਟੇ ਭਰਾ, ਜੇਹਨਾਂ ਦਾ ਓਦੋਂ ਹਰ ਥਾਂ ਨਾਂ ਬੋਲਦਾ ਸੀ।

ਪਿਓ ਨੇ ਕਾਜ਼ਮ ਖ਼ਾਂ ਦਾ ਰਬਾਬ ਸੁਣਨ ਅਕਸਰ ਤਰੀਪੁਰ ਜਾਣਾ। ਮੀਂਹ ਹੋਵੇ ਧੁੱਪ ਹੋਵੇ ਖ਼ਾਨ ਸਾਹਿਬ ਦੇ ਘਰ ਦੇ ਬਾਹਰ ਘੰਟਿਆਂ ਬੱਧੀ ਕੰਨ ਲਾਈ ਖਲੋਤਿਆਂ ਰਹਿਣਾ। ਇੰਜ ਟਾਂਗ (ਅਵਸਰ, ਕਾਮਯਾਬ) ਨਾ ਲੱਗਣਾ ਤਾਂ ਬੂਟੀਆਂ ਝਾੜੀਆਂ ਵਿੱਚ ਲੁਕ ਕੇ ਸੁਣਦਿਆਂ ਰਹਿਣਾ। ਕਦੀਂ ਬਿਨ ਸੁਣੇ ਨਾ ਪਰਤਣਾ। ਕਿਸੇ ਏਹ ਕਿੱਸਾ ਕਾਜ਼ਮਅਲੀ ਖ਼ਾਂ ਨਾਲ ਜਾ ਕੀਤਾ। ਓਹਨਾਂ ਨੌਕਰ ਨੂੰ ਪੱਕੀ ਕੀਤੀ, ਬੰਦਾ ਫੜਨਾ ਏ। ਨੌਕਰ ਢਿੱਲ ਨਾ ਲਾਈ। ਪਿਓ ਲੁਕਿਆ ਬੈਠਾ ਸੀ। ਓਹਨੇ ਲੱਭਕੇ ਅੱਗੇ ਲਾ ਲਿਆ। ਉਸਤਾਦ ਹੋਰਾਂ ਪੁੱਛਿਆ, "ਕੌਣ ਏਂ ?" ਪਿਓ ਆਖਿਆ, "ਜੀ ਸਾਧੂ ਖ਼ਾਂ। ਸ਼ਿਵ ਪੁਰ ਪੱਲ਼ੀ ਵਾਹਨਾਂ ਗਵੱਈਆ ਨਹੀਂ। ਸੁਰ ਦਾ ਮਾਰਿਆ ਆਂ, ਰਹਿ ਨਹੀਂ ਸਕਦਾ। ਸੁਣਾਂ ਤਾਂ ਸੁਰਤ ਨਹੀਂ ਰਹਿੰਦੀ। ਭਾਗਾਂ ਵਾਲੇ ਓ, ਹੱਥ ਵਿੱਚ ਗੁਣ ਜੇ। ਜਦੋਂ ਰੂਹ ਕਰਜੇ, ਰਸ ਪੀ ਲੈਂਦੇ ਓ। ਚੇਟਕ ਤਰੀਪੁਰੇ ਲੈ ਆਉਂਦੀ ਹੈ। ਬਜ਼ਾਰੋ ਮਾੜੀ ਮੋਟੀ ਖਾ ਕੇ ਏਥੇ ਆ ਰਹਿਨਾਂ। ਤੁਸੀਂ ਰਿਆਜ਼ ਤੇ ਬਹਿੰਦੇ ਓ, ਮੇਰਾ ਕੰਮ ਬਣ ਜਾਂਦਾ ਏ। ਜਿੰਨਾ ਚਿਰ ਵਜਾਂਦੇ ਓ ਉਹ ਸੁਣ ਸੁਣ ਰੱਜਦਾ ਰਹਿਨਾਂ। ਕਦੀਂ ਮੈਨੂੰ ਵੀ ਸਿਖਾ ਦਿਓ ਤਾਂ ਸਾਰੀ ਉਮਰ ਦੇਣਦਾਰ ਰਹਿਸਾਂ।" ਖ਼ਾਂ ਸਾਹਿਬ ਹੱਸ ਪਏ, "ਅਸਾਂ ਤੇ ਪੁੱਤਰਾਂ ਨੂੰ ਈ ਦੱਸਣਾ ਹੁੰਦਾ ਏ। ਮੈਂ ਤੇ ਡਰਦਾ ਮਾਰਾ ਵਿਆਹ ਵੀ ਨਹੀਂ ਕਰਦਾ। ਪੁੱਤਰ ਹੋ ਪਵੇ। ਹਰ ਵੇਲੇ ਸੁਣਦਾ ਸਿੱਖ ਜਾਵੇ। ਮੱਤ ਕਿਸੇ ਨੂੰ ਜਾ ਦੱਸੇ ! ਮੈਥੇ ਆਸ ਨਾ ਰੱਖੀਂ। ਹੋਵੇ ਤਾਂ ਸਿਤਾਰ ਲੈ ਆ, ਓਹ ਦਸੇਸਾਂ ਚਾ!" ਪਿਓ ਰਾਜ਼ੀ ਹੋ ਗਿਆ। ਜਾਂਦਾ ਤੇ ਸਬਕ ਲੈ ਆਉਂਦਾ। ਨਾਲ਼ ਵਧੀਆ ਚਾਵਲ ਤੇ ਆਪਣੀ ਪੈਲ਼ੀ ਦੀਆਂ ਸਬਜ਼ੀਆਂ ਵੀ ਲੈ ਜਾਂਦਾ। ਉਸਤਾਦ ਹੋਰੀਂ ਆਪਣੇ ਜੱਟ ਸ਼ਾਗਿਰਦ ਤੋਂ ਬੜੇ ਰਾਜ਼ੀ ਹੋਂਦੇ।

ਪਿਓ ਦਾ ਸਿਤਾਰ ਤੇ ਹੱਥ ਸਿੱਧਾ ਹੋਵਣ ਲੱਗਾ ਤਾਂ ਤਬਲੇ ਦੀ ਲੋੜ ਪਈ। ਮੈਥੇ ਵੱਡੇ ਆਫ਼ਤਾਬ ਦੀਨ ਨੂੰ ਤਬਲਾ ਮਰਦੰਗ ਸਿੱਖਣ ਲਈ ਰਾਮ ਕਨਾਈ ਸੈਲ ਕੋਲ ਘੱਲ ਦਿੱਤੋਸ। ਮੈਂ ਤਿੰਨਾਂ ਚਹੁੰ ਵਰ੍ਹਿਆਂ ਦਾ ਹੋਸਾਂ। ਪਿਓ ਦੀਆਂ ਵਜਾਈਆਂ ਸਰਗਮਾਂ ਦੀ ਊਂ-ਊਂ, ਆਂ-ਆਂ ਕੀਤੀ ਰਹਿੰਦਾ। ਫੇਰ ਭਰਾ ਨੂੰ ਹਰ ਵੇਲੇ ਤਬਲਾ ਵਜਾਂਦਾ ਸੁਣ-ਸੁਣਕੇ ਆਪਣੇ ਆਪ ਲੈ (ਅ) ਚੱਕਰਾਂ ਦਾ ਸੰਞਾਣੂ (ਜਾਣੂ, ਗਿਆਨਵਾਨ) ਹੋ ਗਿਆ। ਇੰਜ ਨਿੱਕੇ ਲਾ ਤੋਂ ਸੁਰ ਲੈ (ਅ) ਮੇਰੇ ਅੰਦਰ ਰਚ ਗਈ।

ਪੰਜਾਂ ਸਾਲਾਂ ਦਾ ਸਕੂਲੇ ਜਾਣ ਲੱਗਾ। ਰਾਹ ਵਿੱਚ ਸ਼ਿਵ ਮੰਦਰ ਆਉਣਾ। ਅਹਾਤੇ ਵਿੱਚ ਕੇਲੇ ਦਾ ਬਹੁੰ ਵੱਡਾ ਰੁੱਖ ਸੀ, ਹੇਠ ਇਕ ਸਾਧੂ ਕੁੱਲੀ ਪਾਈ ਰਹਿੰਦਾ ਸੀ। ਹਰ ਵੇਲੇ ਢਾਂਡੜੀ (ਜੰਗਲ ਦੀ ਅੱਗ ਵਰਗੀ) ਜਿਹੀ ਬਾਲ਼ੀ ਰੱਖਦਾ, ਜੇਹਦੀ ਸਵਾਹ ਓਹਨੇ ਪਿੰਡੇ ਤੇ ਰਮਾਈ ਹੋਂਦੀ। ਸਿਤਾਰ ਵਜਾਵੇ। ਸੰਗੀਤ ਮੇਰੀ ਰੱਤ ਵਿਚ ਸੀ। ਸਿਤਾਰ ਦੇ ਸੁਰ ਮੇਰਾ ਅੰਦਰ ਉੱਛਲ ਦੇਂਦੇ। ਪਹਿਲੀ ਵਾਰ ਵਜਾਂਦਾ ਸੁਣਿਆ ਤਾਂ ਮੈਂ ਗੱਡਿਆ ਗਿਆ। ਮਗਰੋਂ, ਕਿਤਾਬਾਂ ਕੱਛੇ ਮਾਰੀ ਸਕੂਲ ਨੂੰ ਨਿਕਲਦਾ ਤਾਂ ਰੁੱਖ ਥੱਲੇ ਆ ਖਲੂਦਾ। ਸਾਧੂ ਰੂਹਦਾਰੀ (ਮਨ ਦੀ ਪ੍ਰਸੰਨਤਾ) ਵਿਚ ਲੱਗੇ ਹੋਣਾ। ਸਕੂਲ ਮੁੱਕਣ ਦਾ ਵੇਲਾ ਹੋਂਦਾ ਤਾਂ ਘਰ ਮੁੜ ਜਾਂਦਾ। ਵਰ੍ਹੇ ਦੋ ਵਰ੍ਹੇ ਏਹਾ ਕਾਰ ਰਹੀ। ਸਦਾਂ ਕਿੱਥੋਂ ਚੱਲਣੀ ਸੀ। ਪਿਓ ਨੂੰ ਪਤਾ ਲੱਗ ਗਿਆ। ਮਾਂ ਡਾਢੀ ਸੀ, ਆਪ ਫੜ ਲੈਂਦੀ ਤਾਂ ਝੰਬ ਛੱਡਣਾ ਸਾਸੂ। ਪਿਓ ਸਹਿਜ ਸਭਾਈਂ ਦੱਸਿਆ, "ਮੁੰਡੇ ਨੂੰ ਸੰਗੀਤ ਦਾ ਝੱਲ ਹੋ ਗਿਆ ਏ। ਸਕੂਲ ਘੁਸਾਂਦਾ ਏ। ਸਾਧੂ ਤੋਂ ਸਿਤਾਰ ਸੁਣਦਾ ਰਹਿੰਦਾ ਏ। ਸੰਗੀਤ ਬੜੀ ਉੱਚੀ ਕਲਾ ਏ। ਏਹਦਾ ਚੇਟਕ ਮਾੜੀ ਗੱਲ ਨਹੀਂ। ਮਤੇ ਲੜੇਂ ਪਈ।" ਪਿਓ ਦੀਆਂ ਚੀਕਣੀਆਂ ਗੱਲਾਂ ਸੁਣ ਕੇ ਮੈਂ ਸਕੂਲੇ ਜਾਣ ਲੱਗ ਪਿਆ ਪਰ ਵਾਦੀਆਂ ਕਦੋਂ ਜਾਂਦੀਆਂ ਨੇਂ। ਕੁਝ ਦਿਨ ਪਏ ਤਾਂ ਮੁੜ ਓਹਾ ਪੁਰਾਣੀ ਬਾਣ। ਓੜਕ ਬੇਬੇ ਨੇ ਦਬੱਲ ਕੁੱਟਿਆ। ਅੰਨ ਪਾਣੀ ਠ੍ਹਾਕ ਦਿੱਤਾ, ਥੰਮੀ ਨਾਲ ਬੰਨ੍ਹ ਛੱਡਿਆ। ਮੇਰੀ ਵਿਆਹੀ-ਵਰਜੀ ਭੈਣ ਵੀ ਓਸੇ ਨਗਰੀ ਵਸਦੀ ਸੀ। ਮੇਰੇ ਨਾਲ ਬੜਾ ਪਿਆਰ ਸਾਸੂ। ਘਰ ਵਾਲ਼ੇ ਸਣੇ ਭੱਜੀ ਆਈ। ਬੇਬੇ ਨੂੰ ਸਮਝਾਇਆ-ਬੁਝਾਇਆ, ਮੈਨੂੰ ਨਾਲ ਲੈ ਗਈ। ਤਿੰਨਾਂ ਦਿਨਾਂ ਮਗਰੋਂ ਮੈਂ ਪਰਤ ਆਇਆ। ਬੇਬੇ ਮੰਜੀ ਤੇ ਪੈ ਗਈ ਸੀ। ਓਹਦੇ ਵਲ ਹੋਵਣ ਤਾਈਂ ਮੈ ਘਰੇ ਰਹਿਆ। ਘਰ ਦਾ ਗੱਲ੍ਹਾ ਮਾਂ ਦੇ ਸਰਹਾਣੇ ਹੋਂਦਾ ਸੀ। ਇਕ ਰਾਤੇ ਵੇਖਿਆ ਬੇਬੇ ਘੂਕ ਸੌਂ ਗਈ ਏ, ਗੱਲ੍ਹਾ ਖੋਲਿਆ, ਪੈਸਿਆਂ ਦੀ ਮੁੱਠ ਭਰੀ, ਕੱਪੜਿਆਂ ਦੀ ਗੰਢੜੀ ਬੰਨ੍ਹੀ ਤੇ ਗੁੰਗੀ-ਬੋਲ਼ੀ ਰਾਤੇ ਘਰੋਂ ਨੱਸ ਵਗਿਆ। ਛੇ ਅੱਠ ਮੀਲ ਟੁਰਕੇ ਮਾਣਕ ਪੁਰ ਅੱਪੜਿਆ ਤੇ ਓਥੋਂ ਭਾਫ਼ ਬੇੜੀ ਤੇ ਚੜ੍ਹਕੇ ਨਿਕਲ ਗਿਆ। ਢਾਕੇ ਮੈਂ ਇਕ ਜੰਜ ਡਿੱਠੀ, ਅੱਗੇ ਅੱਗੇ ਬੈਂਡ ਵਾਜਾ। ਸੰਗੀਤ ਦਾ ਝੱਲ ਸੀ, ਭਾਵੇਂ ਜੇਹੜਾ ਹੋਵੇ। ਜੰਜ ਵਿੱਚ ਵੜ ਗਿਆ। ਟਿਕਾਣੇ ਅੱਪੜੀ ਤਾਂ ਬੈਂਡ ਮਾਸਟਰ ਦੇ ਕਦਮੀਂ ਜਾ ਲੱਗਾ : ਮੈਨੂੰ ਬੈਂਡ ਸਿਖਾ। ਓਸ ਆਖਿਆ, "ਏਹ ਸਾਰੇ ਸਾਜ਼ ਤੈਨੂੰ ਕੀਵੇਂ ਆ ਸਕਦੇ ਨੇਂ ?" ਮੈਨੂੰ ਸਮਝ ਪਈ ਆਉਂਦੀ ਸੀ ਸਿਖਾਊ ਕੋਈ ਨਹੀਂ। ਜ਼ਰੀ ਢਿੱਲ ਮਗਰੋਂ ਨੌਂਗਰਾਮ ਟਿਭ ਗਿਆ। ਏਥੇ ਸਾਡੇ ਨਗਰ ਦੇ ਰਾਮ ਕਨਾਈ ਸ਼ੈਲ ਦਾ ਭਰਾ ਰਾਮ ਧਨ ਸੈਲ ਰਹਿੰਦਾ ਸੀ। ਮੈਂ ਓਹਦੇ ਤੋਂ ਸੰਗੀਤ ਸਿੱਖਣ ਲੱਗ ਪਿਆ। ਮੁਸਲਮਾਨ ਹੋਣ ਪਾਰੋਂ ਪਿੰਡ ਦੇ ਲੋਕ ਮੈਨੂੰ ਅਛੂਤ ਵਰਤਾਰਾ ਕਰਨ। ਬੂਹਿਉਂ ਪੈਰ ਕੱਢਣ ਔਖਾ ਕਰ ਦਿੱਤੇ ਨੇਂ। ਮੈਂ ਅਖਤਾ ਪੈ ਕੇ ਕਲਕੱਤੇ ਟੁਰ ਗਿਆ। ਏਡਾ ਵੱਡਾ ਸ਼ਹਿਰ ਕਦੀਂ ਡਿੱਠਾ ਨਾ ਜਾਤਾ। ਭੁੱਖ ਕੱਟਣੀ ਪਈ। ਥਿਗੜੇ (ਟਾਕੀਆਂ ਲੱਗੇ ਕੱਪੜੇ) ਚੋਰੀ ਹੋ ਗਏ। ਮਿੱਧਿਆ ਢੱਠਿਆ ਨਿੰਮ ਟੋਲਾ ਘਾਟ ਜਾ ਨਿਕਲਿਆ। ਏਥੇ ਸਿਵੇ (ਸਿਵਾ ਦਾ ਬਹੁ ਵਚਨ, ਮਸਾਣ, ਮਾੜ੍ਹੀਆਂ) ਫੂਕਦੇ ਸਨ। ਕਿੰਨੇ ਸਾਰੇ ਸਾਧੂ ਹੋਵਨ ਨਹਾਉਣ ਡੜ੍ਹੇ (ਠੱਡੇ, ਲੱਗੇ ਹੋਏ)। ਮੈਥੇ ਤਰਸ ਖਾਧੋ ਨੇਂ। ਓਹਨਾਂ ਦੇਵਤੇ ਦਾ ਨਾਂ ਅਖਵਾਇਆ, ਦਰਿਆ ਵਿੱਚ ਨੁਹਾਇਆ। ਮੁੜ ਸਵਾਹ ਮਲ਼ੀ ਤੇ ਦੁਆ ਦਿੱਤੀ। ਇਕ ਥਾਂ ਮੁਖ਼ਤ ਲੰਗਰ ਮਿਲਦਾ ਸੀ। ਵਰਤਾਰੇ ਪੱਤਰਾਂ ਦੀ ਬਣੀ ਥਾਲੀ ਮੇਰੇ ਹੱਥ ਉੱਤੇ ਧਰੀ ਤੇ ਭਾਜੀ ਰੋਟੀ ਦਿੱਤੀ। ਗਵਾਂਢ ਦਵਾ ਖ਼ਾਨੀ ਸੀ। ਏਹਦੇ ਰਾਖੇ ਰਾਤ ਸੌਣ ਦੀ ਖੁਲ ਦੇ ਦਿੱਤੀ। ਢਿੱਡ ਭਰਨ ਤੇ ਰਾਤ ਕੱਟਣ ਦੀ ਢੋਈ ਮਿਲ਼ ਗਈ ਸੀ। ਕੋਲ ਦਰਿਆ ਸੀ, ਪਾਣੀ ਪੀਣ ਨੂੰ। ਘਾਟਾ ਸੀ ਤਾਂ ਸੰਗੀਤ ਸਿਖਾਵੇ ਦਾ। ਸਮਝ ਨਾ ਲੱਗੇ ਕਿੱਥੋਂ ਲੱਭਾਂ।

ਓਹਨੀਂ ਦਿਨੀਂ ਸੰਗੀਤਕਾਰਾਂ ਦਾ ਆਦਰ ਨਹੀਂ ਸੀ। ਦਵਾ ਖ਼ਾਨੀ ਵਿੱਚ ਰਹਿੰਦਿਆਂ ਇਕ ਮੁੰਡੇ ਤਰਸ ਖਾਧਾ। ਆਪਣੀ ਮਾਂ ਕੋਲ਼ ਲੈ ਗਿਆ। ਓਹ ਵੀ ਤਰਸ ਵਾਲ਼ੀ ਸੀ। ਟੁੱਕ ਖਾਣ ਨੂੰ ਦਿੱਤਾ, ਨਾਲ਼ੇ ਸਮਝਾਇਆ ਓਹਦੇ ਕੰਤ ਅੱਗੇ ਸੰਗੀਤ ਦਾ ਨਾਂ ਨਾ ਲਵਾਂ। ਮੁੰਡੇ ਇਕ ਬੰਦਾ ਮਿਲਾਇਆ। ਸੰਗੀਤ ਦਾ ਚਾਹਵਾਨ ਸੀ। ਕਲਕੱਤੇ ਦੇ ਸਿਰਮੌਰ ਕਸਬੀ ਨਾਨੂ ਗੋਪਾਲ ਕੋਲ ਲੈ ਗਿਆ। ਓਹ ਧੁਰਪਦ ਧਮਾਰ ਦੇ ਖ਼ਾਂ ਸਾਹਿਬ ਸਨ। ਖ਼ਿਆਲ ਸਿੱਧਾ ਹੱਦੂ ਖ਼ਾਂ ਤੇ ਹੱਸੂ ਖ਼ਾਂ ਤੋਂ ਸਿੱਖਿਆ ਹੋਇਆ ਸਨ ਨੇਂ। ਨਾਨੂ ਗੋਪਾਲ ਕਹਿਆ, "ਜੇ ਸੰਗੀਤਕਾਰ ਬਣਨਾ ਏ ਤਾਂ ਬਾਰਾਂ ਵਰ੍ਹੇ ਨਾਲ਼ ਰਹੋ ਤੇ ਜੀਵੇਂ ਆਖਾਂ ਓਵੇਂ ਕਰ।" ਓਹਨਾਂ ਦੇ ਆਖਣ ਤੇ ਆਪਣਾ ਨਾਂ ਮਨਮੋਹਨ ਡੇ ਰੱਖ ਲਿਆ। ਗੁਰੂ ਜੀ ਲੋਈ ਪਾਟਦਿਆਂ ਮਿਹਨਤ ਲਈ ਉੱਠ ਖਲੋਂਦੇ। ਸੱਤ ਵਜੇ ਸਬਕ ਦੇਣਾ ਛੋਂਹਦੇ। ਪਹਿਲੇ ਸੱਤ ਅੱਠ ਵਰ੍ਹੇ ਤਾਂ ਸ਼ਾਗਿਰਦਾਂ ਨੂੰ ਅਰੋਹੀ (ਉਚੇ ਸੁਰ ਵਿਚ ਉਚਾਰਨਾ)-ਅਵਰੋਹੀ (ਉਤਰਾ-ਚੜ੍ਹਾਅ) (ਉਚੇ ਸੁਰ ਵਿੱਚ ਉਚਾਰਨਾ) ਤੇ ਲਾਈ ਰੱਖਦੇ। ਵਾਜ ਕੂਲ਼ੇ ਹੋ ਜਾਂਦੇ ਤਾਂ ਚੀਜ਼ਾਂ ਦੱਸਣ ਦੀ ਵਾਰੀ ਆਉਂਦੀ ਮੈਂ ਪਕਾਊ (ਪਰੈਕਟਿਸ) ਤੇ ਈ ਸਾਂ ਜੋ ਗੁਰੂ ਜੀ ਨੇ ਤਬਲਾ ਮਰਦੰਗ ਸਿੱਖਣ ਪੰਡਤ ਨੰਦ ਲਾਲ ਕੋਲ ਟੋਰ ਦਿੱਤਾ। ਓਹ ਵੀ ਬੜੇ ਸਾਊ ਤੇ ਸਿਖਾਊ ਜੀ ਸਨ। ਚੰਗੇ ਭਾਗ! ਵੇਲੇ ਦੇ ਸਭ ਤੋਂ ਸਿਆਣੇ ਸੰਗੀਤਏ ਤੋ ਸਿੱਖਣ ਦਾ ਢੋਅ ਲੱਗ ਗਿਆ। ਲੈ ਤੇ ਸੰਗੀਤ ਦੇ ਤਾਲ ਚੱਕਰਾਂ ਦਾ ਢੇਰ ਵਜਰੀ (ਜਾਣਕਾਰ, ਪ੍ਰਪੱਕ) ਹੋ ਗਿਆ। ਲੰਗਰੋਂ ਟੁੱਕਰ ਖਾ ਆਉਂਦਾ ਤੇ ਰਹਿੰਦਾ ਸਾਰਾ ਵੇਲਾ ਦੋਵਾਂ ਉਸਤਾਦਾਂ ਤੋਂ ਸਿੱਖਦਾ। ਸੱਤ ਵਰ੍ਹੇ ਲੰਘ ਗਏ। ਗੁਰੂ ਜੀ ਇਕਸਾਰਿਉਂ ਤੇ ਸਿੱਖਣ ਵਰਤਾਰਿਉਂ ਬੜੇ ਰਾਜ਼ੀ ਸਨ। ਹੁਣ ਮੈਂ ਵੰਨੋ-ਵੰਨ ਰਾਗਾਂ ਦੇ ਹਜ਼ਾਰਾਂ ਮੇਲ਼ ਖੰਡ ਕਰ ਲੈਂਦਾ।

ਘਰੋਂ ਭੱਜਿਆ ਤਾਂ ਘਰ ਦੇ ਬੜਾ ਹੁੱਸੜੇ। ਸੱਤਾਂ ਵਰ੍ਹਿਆਂ ਮਗਰੋਂ ਵੀ ਨਾ ਪਰਤਿਆ ਤਾਂ ਵੱਡੇ ਭਰਾ ਆਫ਼ਤਾਬ ਦੀਨ ਨੂੰ ਬੇਕਲੀ ਲੱਗ ਗਈ। ਸਾਡੇ ਸ਼ਹਿਰ ਦੇ ਧਨੀ ਘਰਾਂ ਦੇ ਕਈ ਮੁੰਡੇ ਕਲਕੱਤੇ ਕਾਲਜਾਂ ਵਿੱਚ ਪੜ੍ਹਦੇ ਸਨ। ਭਰਾ ਨੇ ਓਹਨਾਂ ਨੂੰ ਚਿੱਠੀਆਂ ਪਾਈਆਂ ਫੇਰ ਆਪ ਵੀ ਕਲਕੱਤੇ ਆਇਆ। ਸੂੰਹ ਕੱਢਣ ਲਈ ਕਈਆਂ ਕਸਬੀਆਂ ਕੋਲ਼ ਫਿਰਿਆ, ਪਰ ਕਿਸੇ ਨੂੰ ਮੇਰਾ ਪਤਾ ਨਹੀਂ ਸੀ। ਓੜਕ ਕਿਸੇ ਨੇ ਭਰਾ ਨੂੰ ਦੱਸ ਪਾਈ, ਤੇਰੇ ਦੱਸੇ ਹੁਲੀਏ ਤੇ ਉਮਰ ਦਾ ਛੋਹਰ ਪੰਡਤ ਨਾਨੂ ਗੋਪਾਲ ਹੋਰਾਂ ਕੋਲੋਂ ਸਿੱਖਦਾ ਏ, ਪਰ ਓਹ ਮੁਸਲਮਾਨ ਨਹੀਂ ਹਿੰਦੂ ਏ।

ਤਾਂ ਵੀ ਮੇਰਾ ਭਰਾ ਪੰਡਤ ਨਾਨੂ ਗੋਪਾਲ ਹੋਰਾਂ ਨੂੰ ਮਿਲੂ ਸੀ। ਆਇਆ, ਵੇਖਦਿਆਂ ਸਾਰ ਪਛਾਣ ਗਿਆ ਤੇ ਥੱਬੀ ਭਰ ਲਇਓਸ। ਪੰਡਤ ਨਾਨੂ ਗੋਪਾਲ ਹੋਰਾਂ ਮੇਰੀ ਸੋਭਾ ਕੀਤੀ, "ਬੜਾ ਅਸੀਲ ਬੱਚੜਾ ਏ। ਇਮਾਨਦਾਰ ਤੇ ਧਿਆਨੀ, ਸਿੱਖਣ ਵਾਲਾ। ਏਹਨਾਂ ਸੱਤਾਂ ਸਾਲਾਂ ਵਿੱਚ ਚੰਗਾ ਹੋ ਗਿਆ ਏ, ਤਬਲਾ ਤੇ ਮਰਦੰਗ ਵੀ ਵਜਾ ਲੈਂਦਾ ਏ। ਅਸੀਂ ਕੁਝ ਦੱਸਣੋ ਪਹਿਲਾਂ ਸ਼ਾਗਿਰਦਾਂ ਨੂੰ ਚੰਗੀ ਤਰ੍ਹਾਂ ਅਜ਼ਮਾ ਲੈਨੇ ਆਂ। ਬੜੇ ਮੁੰਡੇ ਆਉਂਦੇ ਨੇਂ ਸਾਡੇ ਬੂਹੇ ਤੇ, ਮਸਾਂ ਚੁਟਕੀ ਲੈਂਦੇ ਨੇਂ ਤੇ ਭੱਜ ਵਗਦੇ ਨੇਂ। ਤੇਰਾ ਭਰਾ ਹਰ ਅਜ਼ਮੈਸ਼ ਤੇ ਪੂਰਾ ਆਇਆ ਏ, ਹੁਣ ਮੈਂ ਏਹਦੇ ਵਿੱਚੋ ਮਹਾ ਕਸਬੀ ਸਾਹਮਣੇ ਲਿਆਊ ਆਂ। ਤੂੰ ਰੋਟੀ ਟੁੱਕਰ ਦੀ ਚਿੰਤਾ ਨਾ ਕਰ। ਅਸੀਂ ਧਿਆਨ ਰਖਸਾ ਏਂ।" ਵੀਰ ਹੋਰਾਂ ਗੁਰੂ ਜੀ ਤੋਂ ਮੇਰੇ ਲਈ ਇਕ ਮਹੀਨੇ ਦੀ ਛੁੱਟੀ ਮੰਗੀ। ਓਹ ਮਿਹਰ ਵਾਲ਼ੇ ਸਨ। ਮੰਨ ਗਏ।

ਸ਼ਿਵ ਪੁਰ ਮੇਰੇ ਘਰ ਵਾਲ਼ੇ ਖੁਸ਼ੀ ਨਾਲ ਝੱਲੇ ਹੋ ਗਏ। ਰਿਸ਼ਤੇਦਾਰਾਂ ਦੇ ਮੇਲ਼ ਢੁੱਕੇ ਆਵਣ। ਹਰ ਕੋਈ ਰਾਜ਼ੀ ਬਈ ਕਲਕੱਤੇ ਵਰਗੇ ਸ਼ਹਿਰ ਤੇ ਗਾਉਣ ਵਜਾਣ ਵਾਲ਼ੇ ਲੋਕਾਂ ਵਿੱਚ ਕੱਲਾ ਰਹਿਕੇ ਮੈਂ ਕੋਈ ਵੈਲ ਨਹੀਂ ਕਮਾਇਆ। ਬੁੱਢੜਾ ਮੈਨੂੰ ਛਿੱਕ ਕੇ ਕੋਲ਼ ਕਰ ਲੈਂਦਾ ਤੇ ਗਾਉਣ ਲਈ ਆਖਦਾ, "ਪੁੱਤਰਾ ਮੈਂ ਗਵੱਈਆ ਬਣਨ ਨੂੰ ਸਹਿਕਦਾ ਸਾਂ, ਮੇਰੀ ਸਿੱਕ ਨਾ ਲੱਥੀ। ਚਾਹੁਨਾਂ ਹੁਣ ਤੂੰ ਪੂਰੀ ਕਰੇਂ ਪਰ ਵੇਖੀਂ ਕਸਬੀਆਂ ਦੇ ਐਬ ਨਾ ਲਾ ਲਵੀਂ।" ਮੈਨੂੰ ਦੁਆਵਾਂ ਦਿੱਤੀਉਂ ਸੂ। ਮੇਲੇ ਦਾ ਰੰਗ ਭਖਿਆ ਸੀ, ਓਹਲੇ ਨਾਲ਼ ਮੇਰੇ ਵਿਆਹ ਦੀਆਂ ਗੱਲਾਂ ਵੀ ਛਿੜੀਆਂ ਹੋਈਆਂ ਸਨ। ਵੱਡਾ ਵੀਰ ਆਫ਼ਤਾਬ ਦੀਨ ਕਾਲ਼ੀ ਦੇਵੀ ਦਾ ਭਗਤ ਸੀ। ਓਹਦੇ ਵੀ ਕਿੰਨੇ ਈ ਸ਼ਾਗਿਰਦ ਸਨ। ਓਹਨੇ ਰਾਏਪੁਰੋਂ ਇਕ ਸ਼ਾਗਿਰਦ ਦੀ ਭੈਣ ਮੇਰੇ ਲਈ ਭਾਲ਼ੀ ਹੋਈ ਸੀ। ਓਹਨੀਂ ਦਿਨੀਂ ਮੁਸਲਮਾਨ ਲੋਕ ਵੀ ਗਾਣ ਵਜਾਣ ਦੇ ਕੰਮ ਤੋਂ ਕੰਨੀ ਖਾਂਦੇ ਸਨ। ਕੋਈ ਮਾੜਾ ਜੇਹਾ ਵੀ ਸੰਗੀਤ ਸਿੱਖਣ ਛੋਂਹਦਾ ਲੋਕ ਸਮਝ ਲੈਂਦੇ ਵੈਲੀ ਹੋਇਆ ਕਿ ਹੋਇਆ। ਰਿਸ਼ਤਾ ਵੀ ਨਹੀਂ ਸਨ ਦੇਂਦੇ। ਰਾਏਪੁਰੀਏ ਕੁਝ ਹੋਰਵੀਂ ਵਸੋਂ ਸਨ। ਮੈਂ ਆਫ਼ਤਾਬ ਦੀਨ ਦਾ ਭਰਾ ਸਾਂ, ਹਰ ਕਿਸੇ ਨੂੰ ਮੇਰੀਆਂ ਕਸਮਾਂ ਦਿੱਤੀਆਂ ਹੋਈਆਂ ਸਾਸੂ। ਮੇਰੀ ਛੁੱਟੀ ਮੁੱਕਦੀ ਪਈ ਸੀ। ਘਰ ਵਾਲ਼ਿਆਂ ਪੰਜਾਹ ਰੁਪਈਏ ਦਿੱਤੇ, ਕਲਕੱਤੇ ਦਾ ਭਾੜਾ। ਵੀਰ ਨੇ ਪਹਿਲੋਂ ਰਾਏਪੁਰ ਜਾਣ ਦਾ ਮਤਾ ਪਕਾਇਆ, ਅਖੇ ਓਥੋਂ ਕਲਕੱਤੇ ਨਿਕਲ਼ ਜਾਈਂ। ਘਰ ਦਿਆਂ ਵੀ ਓਥੋਂ ਵਿਦਿਆ ਕਰਨ ਕਰਨਾ ਸੀ। ਸ਼ਾਮੀਂ ਅਸੀਂ ਰਾਏਪੁਰ ਅੱਪੜੇ ਤਾਂ ਜਵਾਨ ਕੁੜੀਆਂ ਝੁਰਮਟ ਘੱਤ ਲਿਆ। ਮੇਰੇ ਗੁੱਟ ਨਾਲ ਗਾਨਾ ਬੰਨ੍ਹ ਦਿੱਤਾ। ਵੌਹਟੀ ਦੇ ਨਿੱਕੇ ਭਰਾ ਅਡੋਲ ਮੇਰੇ ਕੰਨ ਵਿੱਚ ਆਖਿਆ, "ਮੇਰੀ ਵੱਡੀ ਭੈਣ ਨਾਲ ਪਰਣੇਂਦਾ ਪਿਆ ਏਂ। ਸ਼ਹਿਰ ਵਾਸੀਆਂ ਦੇ ਘਣੇ ਇਕੱਠ ਸਾਹਵੇਂ ਵਿਆਹ ਦੀ ਰਸਮ ਹੋਈ। ਰੋਟੀ ਮਗਰੋਂ ਸਾਨੂੰ ਕੋਠੇ ਵਿੱਚ ਵਾੜ ਦਿੱਤੇ ਨੇਂ। ਵੌਹਟੀ ਮਸਾਂ ਦਸਾਂ ਵਰ੍ਹਿਆਂ ਦੀ ਹੋਣੀ ਏ। ਘਾਬਰੀ ਹੋਈ, ਕੁਝ ਸਮਝ ਨਹੀਂ ਸਾਸੂ। ਲੰਮੀ ਪਈ ਤੇ ਝਟਾ-ਪਟ ਸੌਂ ਈ। ਮੈਂ ਰਾਤ ਸੌਂ ਨਾ ਸਕਿਆ। ਸਮਝ ਗਿਆ, ਘਰ ਵਾਲਿਆਂ ਸੰਗੀਤ ਛੁਡਾਵਣ ਦਾ ਆਹਰ ਕੀਤਾ ਏ। ਅੱਧੀ ਰਾਤੀਂ ਤਿੰਨ ਸੌ ਰੁਪੱਈਆ ਸਲਾਮੀਆਂ ਤੇ ਵੌਹਟੀ ਦੇ ਗਹਿਣੇ ਸਾਂਭੇ ਤੇ ਅਲੀ-ਪੰਜ ਹੋ ਗਿਆ (ਅੱਠ ਕੁ ਮੀਲ ਨੱਸਿਆ ਹੋਸਾਂ। ਓੜਕ, ਕਲਕੱਤੇ ਜਾਂਦੀ ਭਾਫ਼ ਬੇੜੀ ਵਾਲੇ ਤੜੇ ਅੱਪੜ ਗਿਆ)। ਕਲਕੱਤੇ ਪੰਡਤ ਨਾਨੂ ਗੋਪਾਲ ਦੇ ਚਲਾਣੇ ਦੀ ਭੈੜੀ ਖ਼ਬਰ ਮਿਲ ਗਈ। ਭਾਣਾ ਮੇਰੇ ਆਉਣੋਂ ਹਫ਼ਤਾ ਅਗਦੇ ਵਰਤਿਆ ਸੀ। ਮੈਂ ਝੂਨਿਆ ਗਿਆ। ਮੇਰਾ ਗਵੱਈਆ ਬਣਨ ਵਿੱਚੇ ਰਹਿ ਗਿਆ। ਮਕੱਦਰੋਂ ਗੁਰੂ ਫੜੀਜਾ ਸੀ। ਬਸ, ਹੋਰ ਗੁਰੂ ਨਹੀਂ ਫੜਨਾ। ਗਵੱਈਆ ਬਣਨ ਦਾ ਰੂਹ ਈ ਮੁੱਕ ਗਿਆ। ਸੰਗੀਤ ਗਿਆਨ ਤਾਂ ਟੁਰਿਆ ਰਹਿਆ ਪਰ ਗਾਇਨ ਦੀ ਥਾਂ ਸੰਗੀਤ ਵਾਦਾਂ ਮੱਲ ਲਈ।

ਇਕ ਵਾਰ ਫੇਰ ਡਾਕਟਰ ਭੱਟਾਚਾਰੀਆ ਦੀ ਦਵਾ ਖ਼ਾਨੀ ਟਿਕ ਪਿਆ। ਨਵੇਂ ਉਸਤਾਦ ਦੀ ਢੂੰਡ ਕਰਨ ਲੱਗਾ। ਸਵਾਮੀ ਵਿਵੇਕਾਨੰਦ ਦੇ ਭਰਾ ਦੇਵ ਦੱਤ ਵੇਲੇ ਦੇ ਵੱਡੇ ਸਾਜ਼ਕਾਰ ਸਨ। ਬੰਗਾਲੀ ਥੇਟਰ ਭਖਿਆ ਹੋਇਆ ਸੀ। ਯੂਰਪੀ ਸਾਜ਼ ਮੰਡਲੀ ਵਾਕਣ ਸਟੇਜ ਤੇ ਹਿੰਦੋਸਤਾਨੀ ਮੰਡਲੀ ਬਠਾਵਣ ਦਾ ਰਿਵਾਜ ਪੁੰਗਰਦਾ ਪਿਆ ਸੀ। ਲਹਿਰ ਦੇ ਅੱਗੇ ਹੇਵ ਦੱਤ ਸਨ। ਓਹਨਾਂ ਨੂੰ ਮਿਲ਼ਿਆ ਸਾਜ਼ਕਾਰੀ ਦੱਸੀ। ਅਜ਼ਮਾਣ ਲੱਗੇ। ਵਾਇਲਨ ਉੱਤੇ ਇਕ ਟੁਕੜੀ ਆਖਿਓਂ ਨੇਂ, ਮੈਂ ਪਲ ਨਾ ਲਾਇਆ ਸਰਗਮ ਕਰ ਵਖਾਈ। ਰਾਜ਼ੀ ਹੋਏ। ਵਾਇਲਨ ਸਿਖਾਣਾ ਮੰਨ ਗਏ। ਮੇਰੇ ਪੈਸੇ ਮੁੱਕ ਗਏ ਤਰਲਾ ਲਿਆ ਮਸ਼ਹੂਰ ਰਾਸ ਲਿਖਿਆਰ ਗਰੀਸ਼ ਚੰਦਰ ਘੋਸ਼ ਕੋਲ ਘੱਲ ਦਿਓ। ਘੱਲ ਦਿੱਤੋਂ ਨੇਂ। ਗਰੀਸ਼ ਬਾਬੂ ਸਭ ਤੋਂ ਪਹਿਲਾਂ ਮੈਨੂੰ ਹਿੰਦੂ ਨਾਂ ਪ੍ਰਸੰਨਾ ਕੁਮਾਰ ਵਿਸ਼ਵਾਸ ਰੱਖਣ ਦਾ ਆਖਿਆ ਤੇ ਫੇਰ ਆਪਣੀ ਥੇਟਰ ਕੰਪਨੀ ਲੈ ਗਏ। ਸਟੇਜ 'ਤੇ ਪਕਾਉਤ (ਪਰੈਕਟਿਸ) ਪਈ ਹੋਂਦੀ ਸੀ। ਕੋਈ ਚਾਲ੍ਹੀ ਪੰਜਾਹ ਕੁੜੀਆਂ ਨਾਲ, ਕੁਝ ਗਭਰੂ ਐਕਟਰ ਤਿਆਰੀ ਵੱਟਣ ਡੜ੍ਹੇ ਹੋਵਣ। ਗਰੀਸ਼ ਬਾਬੂ ਆਖਿਆ, "ਵੇਖੀਂ ਏਹਨਾਂ ਨਾਲ਼ ਵਾਹ ਪੈਣਾ ਈ। ਜੀਵੇਂ ਵਰਤਣ ਕੁਝ ਨਾ ਆਖੀਂ। ਸਾਜ਼ ਮੰਡਲੀ ਦਾ ਬੰਦਾ ਏਂ। ਆਪਣੇ ਕੰਮ ਲੱਗਾ ਰਹੀਂ। ਏਹ ਮਸ਼ਕੜੇ (ਮੁਸ਼ਟੰਡੇ) ਜੋ ਚਾਹਣ ਪਏ ਕਰਨ। ਟੁੱਕਰ ਕੰਪਨਿਉਂ ਪਿਆ ਢੈਸੀ। ਜੇਹੜਾ ਵੇਲਾ ਮਿਲੇ ਮਿਹਨਤ ਕੀਤੀ ਰੱਖੀਂ।"

ਕਲਾਨਣ ਮੈਨੂੰ ਚੋਖਾ ਪੋਹਿਆ (ਚੰਗਾ, ਅਸਰ ਕਰਨਾ) ਚਾਹਵਾਂ, ਏਹ ਆ ਜਾਵੇ। ਹੇਵ ਦੱਤ ਹੋਰਾਂ ਨੂੰ ਆਖਿਆ ਓਹਨਾਂ ਬੈਂਡ ਮਾਸਟਰ ਲੋਬੋ ਕੋਲ਼ ਘੱਲ ਦਿੱਤਾ। ਲੋਬੋ ਹੋਰਾਂ ਅੰਗਰੇਜ਼ੀ ਸੰਗੀਤ ਲਿਪੀ ਸਿਖਾਈ ਤੇ ਕਲਾਨਟ ਵਜਾਣੀ ਦੱਸੀ। ਸ਼ਹਿਨਾਈ ਵਾਲ਼ਾ ਮੈਂ ਆਪ ਲੱਭ ਲਿਆ। ਤਿੰਨ ਗੁਰੂ ਹੋ ਗਏ, ਤਿੰਨੇ ਵੱਖ-ਵੱਖ ਸਾਜ਼ ਦੱਸਣ। ਹਰ ਸਾਜ਼ ਨੂੰ ਦੋ ਤੋਂ ਤਿੰਨ ਘੰਟੇ ਲਾਵਾਂ। ਸ਼ਾਮੀਂ ਮੰਡਲੀਆਂ ਵਿੱਚ ਕੰਮ ਕਰਾਂ। ਤਿੰਨ ਵਰ੍ਹੇ ਏਸੇ ਤਾਰ ਕੀਤਾ। ਵਾਇਲਨ ਵਾਹਵਾ ਆ ਗਿਆ। ਅੰਗਰੇਜ਼ੀ ਸੰਗੀਤ ਲਿਪੀ ਦੇ ਆਸਰੇ ਕਲਾਨਟ ਤੇ ਕੋਰਨੈਟ ਵੀ ਵਜਾ ਲੈਨਾ। ਸ਼ਹਿਨਾਈ ਵਲੋਂ ਵੀ ਵਧਦਾ ਪਿਆ ਸਾਂ। ਅਠਾਰਾਂ ਵਰ੍ਹਿਆਂ ਦਾ ਹੋਸਾਂ। ਹਰ ਕਿਸੇ ਚਾਅ ਕਰਨਾ। ਫੂਕ ਜੇਹੀ ਹੋਈ ਰਹਿਣੀ। ਕਈਂ ਗਵੱਈਏ ਸਾਜ਼ਿੰਦੇ ਦੌਰਿਆਂ ਤੇ ਰਹਿੰਦੇ, ਪੈਸੇ ਵਾਹਵਾ ਸਾਰੇ ਕਮਾ ਲਿਆਉਂਦੇ। ਮੇਰਾ ਦਿਲ ਵੀ ਕਰੇ। ਓੜਕ ਸਾਜ਼ ਚੁੱਕੇ ਤੇ ਦੁਰਗਾ ਪੂਜਾ ਦੇਹਾੜੇ ਮੁਕਤ ਗਾਛਾ ਦੇ ਜ਼ਮੀਂਦਾਰ ਜਗਤ ਕਿਸ਼ੋਰ ਕੋਲ਼ ਚਲਾ ਗਿਆ। ਓਹਨੇ ਅੱਠ ਵਜੇ ਸਵੇਰ ਦਾ ਵੇਲਾ ਦਿੱਤਾ। ਮੈਂ ਜ਼ਰੀ ਪਹਿਲਾਂ ਈ ਅੱਪੜ ਗਿਆ। ਹੋਰ ਕਲਾਕਾਰ ਵੀ ਸਾਜ਼ ਲਈ ਬੈਠੇ ਹੋਵਣ। ਕੋਈ ਖ਼ਾਂ ਸਾਹਿਬ ਬਹੁੰ ਮਿਲ਼ੇ ਹੋਏ ਤੰਬੂਰੇ ਨਾਲ਼ ਸਰੋਦ ਸੁਰ ਪਏ ਕਰਦੇ ਸਨ। ਮਿਲ਼ ਗਿਆ ਤਾਂ ਖ਼ਾਂ ਸਾਹਿਬ ਟੋਡੀ ਛੋਹੀ। ਪਹਿਲਾ ਸੁਰ ਈ ਮੇਰਾ ਅੰਦਰ ਕੰਬਾ ਗਿਆ। ਥਹੁ ਨਾ ਰਹਿਆ। ਸੁਰਾਂ ਜੋੜ ਲਿਆ। ਤਿੰਨ ਘੰਟੇ ਸਰੋਦ ਵੱਜਿਆ। ਮੁੱਕਾ ਤਾਂ ਖ਼ਾਂ ਸਾਹਿਬ ਦੇ ਪੈਰੀਂ ਜਾ ਡਿੱਗਾ। ਓਹ ਉਠਾਣ। ਮੈਂ ਉੱਠਾਂ ਨਾ। ਇਕੋ ਤਰਲਾ ਪਾਵਾਂ, ਸ਼ਾਗਿਰਦ ਕਰੋ। ਵਿਚ ਜਗਤ ਕਿਸ਼ੋਰ ਪਿਆ ਤਾਂ ਖ਼ਾਂ ਸਾਹਿਬ ਮੰਨ ਗਏ। ਜਗਤ ਕਿਸ਼ੋਰ ਓਸੇ ਵੇਲੇ ਕਾਲ਼ਾ ਧਾਗਾ ਫੁੱਲ ਤੇ ਕੱਪੜੇ ਮੰਗਾਏ। ਖ਼ਾਂ ਸਾਹਿਬ ਨੂੰ ਚਾਰ ਸੌ ਰੁਪੱਈਆ ਨਜ਼ਰ ਕੀਤਾ। ਮੈਨੂੰ ਬੜਾ ਵਧੀਆ ਸਰੋਦ ਦਿੱਤਾ। ਖ਼ਾਂ ਸਾਹਿਬ ਮੇਰੇ ਗੁੱਟ ਦਵਾਲ਼ੇ ਧਾਗਾ ਬੰਨ੍ਹ ਦਿੱਤਾ। ਗਾਉਣ ਮੈਂ ਉੱਕਾ ਛੱਡ ਦਿੱਤਾ। ਹੁਣ ਸਰੋਦ ਈ ਮੇਰੀਆਂ ਰਗਾਂ ਸੀ।

ਸਰੋਦ ਗੁਰੂ ਖ਼ਾਨ ਸਾਹਿਬ ਅਹਿਮਦ ਅਲੀ ਅਰਬਾਂ ਪਤੀ ਮਾਰਵਾੜੀ ਸੇਠ ਦੁਨੀ ਚੰਦ ਤੋਂ ਲੰਮੀ ਚੌੜੀ ਤਨਖ਼ਾਹ ਲੈਂਦੇ ਸਨ। ਦੁਨੀ ਚੰਦ ਸੰਗੀਤ ਦਾ ਰਸੀਆ ਸੀ। ਗੌਹਰ ਖ਼ਾਨ, ਮੌਜ ਦੀਨ ਖ਼ਾਂ, ਗਣਪਤ ਭਈਆ ਤੇ ਖ਼ਾਨ ਸਾਹਿਬ ਅੱਲ੍ਹਾ ਦੀਆਂ ਖ਼ਾਂ ਵਰਗੇ ਮਹਾ ਗੁਣੀ ਤੇ ਕਸਬੀ ਓਹਦੇ ਕੋਲ਼ ਰਹਿ ਗਏ ਸਨ। ਸੇਠ ਦੀ ਸੰਧਿਆ ਪੂਜਾ ਤਨਖ਼ਾਹੀ ਕਸਬੀਆਂ ਦੇ ਗਾਇਨ ਜਾਂ ਵਾਦਨ ਨਾਲ਼ ਪੂਰੀ ਹੋਂਦੀ। ਅੱਲ੍ਹਾ ਦੀਏ ਖ਼ਾਂ ਦੀ ਸ਼ਾਗਿਰਦ ਤਾਰਾ ਬਾਈ ਵਲੇਨਕਰ ਵੀ ਸੇਠ ਦੀ ਤਨਖ਼ਾਹ ਦਾਰ ਸੀ। ਖ਼ਾਂ ਸਾਹਿਬ ਅਹਿਮਦ ਅਲੀ ਖ਼ਾਂ ਮੁਕਤ ਗਾਛਾ ਤੋਂ ਮੇਰੇ ਸਣੇ ਕਲਕੱਤੇ ਮੁੜੇ।

ਮੇਰੇ ਵਿਆਹ ਨੂੰ ਹਾਲਾਂ ਛੇ ਸੱਤ ਵਰ੍ਹੇ ਹੋ ਗਏ ਸਨ, ਪਰ ਅਸੀਂ ਦੋਵੇਂ ਜੀ ਇਕ ਵਾਰ ਵੀ ਇਕੱਠੇ ਨਹੀਂ ਸਾਂ ਰਹੇ। ਮੇਰਾ ਸਹੁਰਾ ਮੇਰੇ ਉੱਤੇ ਬੜਾ ਤੱਤਾ ਹੋਇਆ ਫਿਰੇ। ਓਹਨੇ ਮੈਨੂੰ ਹਰ ਵੰਨ ਦੀ ਲੀਕ ਲਾ ਛੱਡੀ। ਸਾਰਾ ਮੁੱਦਾ ਵੀਰ ਜੀ ਉੱਤੇ ਪਾਵੇ। ਵੀਰ ਜੀ ਗੁੱਸੇ ਨਾਲ਼ ਮੈਨੂੰ ਚਿੱਠੀਆਂ ਲਿਖਣ। ਓੜਕ ਇਕ ਹੋਰ ਕੁੜੀ ਨਾਲ਼ ਮੇਰਾ ਵਿਆਹ ਕਰ ਦਿੱਤੋ ਨੇਂ ਬਈ ਖ਼ਬਰੇ ਘਰ ਗ੍ਰਿਹਿਸਤੀ ਵਿੱਚ ਪੈ ਜਾਵਾਂ। ਸ਼ੋਹਦੇ ਕੀ ਜਾਨਣ ਸੰਗੀਤ ਮੇਰੇ ਹੱਡੀਂ ਵਸ ਗਿਆ ਸੀ। ਵਿਆਹ ਕਰਾਕੇ ਮੈਂ ਖ਼ਾਨ ਸਾਹਿਬ ਅਹਿਮਦ ਅਲੀ ਖ਼ਾਂ ਕੋਲ਼ ਰੋਜ਼ ਦੇ ਪੁਰਾਣੇ ਆਹਰੇ ਲੱਗ ਗਿਆ।

ਖ਼ਾਨ ਸਾਹਿਬ ਅਲਫ਼ੋਂ ਬੇ ਕਰਾਣੀ (ਕੁਝ ਨਾ ਆਖਣਾ) ਵੀ ਛੱਡ ਦਿੱਤੀ। ਅੜੀ ਕਰਨੀ ਤਾਂ ਐਵੇਂ ਟਰਕਾ-ਟਰਕੂ ਛੱਡਣਾ। ਕੋਈ ਨਤਾਰੀ ਘੜੀ ਸ਼ਕਲ ਨਾ ਦੱਸਣੀ। ਸੁਣ-ਸੁਣ ਕੇ ਮੈਨੂੰ ਵੀ ਅਟਕਲ (ਜਾਚ, ਚੱਜ, ਢੰਗ, ਤਰੀਕਾ) ਆ ਗਈ। ਇਕ ਦਿਨ ਦਰਬਾਰੀ ਕਾਨ੍ਹੜੇ ਦੀ ਅਲਾਪੀ ਕਰਦਾ ਹੋਵਾਂ, ਉੱਤੋਂ ਆ ਗਏ। ਬਾਹਰੋਂ ਸੁਣ ਲਿਆ ਸਨ ਨੇਂ। ਬੂਹੇ ਨੂੰ ਠੁੱਡਾ ਮਾਰ ਅੰਦਰ ਵੜੇ ਤੇ ਕੜਕੇ, "ਬੰਦ ਕਰ ਏਹ। ਜੋ ਦੱਸਿਆ ਏ ਓਹੋ ਕਰਿਆ ਕਰ।" ਸਮਝ ਲਿਆ ਸਨ ਨੇਂ ਮੈਂ ਓਹਨਾਂ ਦੀ ਕਲਾ ਚੁਪ-ਚੁਪੀਤੇ ਹੱਥ-ਕਰੂ (ਧੋਖਾ ਦੇਣਾ, ਚਾਲਬਾਜ਼ੀ ਖੇਡ ਜਾਣਾ) ਸਾਂ। ਮੇਰੇ ਨਾਲ਼ ਠਰੇ-ਠਰੇ ਜੇਹੇ ਰਹਿਣ ਲੱਗ ਪਏ। ਕੁਝ ਦਿਨ ਪਏ ਤਾਂ ਮਹੀਨੇ ਦੀ ਛੁੱਟੀ ਕਰਕੇ ਮੈਨੂੰ ਨਾਲ਼ ਲਿਆ ਤੇ ਰਾਮਪੁਰ ਆ ਗਏ। ਰਾਹ ਵਿੱਚ ਬਨਾਰਸ ਓਹਨਾਂ ਸਰੋਦ ਵਾਦਨ ਦੀਆਂ ਬੈਠਕਾਂ ਕੀਤੀਆਂ। ਪੈਸੇ ਆਏ ਪਰ ਏਸ ਵਾਰੀ ਮੇਰਾ ਵਿਸਾਹ ਨਾ ਕੀਤਾ ਤੇ ਧੇਲਾ ਵੀ ਮੇਰੇ ਕੋਲ਼ ਨਾ ਰੱਖਿਆ। ਜੀਵੇਂ ਲੱਗਦਾ ਹੋਣੈਂ ਕਲਾ ਵਾਕਣ ਕਿਧਰੇ ਪੈਸੇ ਵੀ ਨਾ ਲੈ ਉੱਡਾਂ।

ਰਾਮਪੁਰ ਵਿੱਚ ਖ਼ਾਨ ਸਾਹਿਬ ਦਾ ਘਰ ਕੁੱਲੀ ਈ ਸਮਝ ਛੱਡੋ। ਇਕ ਦਿਨ ਆਪਣੇ ਪਿਓ ਨਾਲ਼ ਬੈਠੇ ਹੋਣ, ਮੈਂ ਕਹਿਆ, "ਤੁਸੀਂ ਚਾਰ ਵਰ੍ਹਿਆਂ ਤੋਂ ਮੇਰੇ ਕੋਲ਼ ਪੈਸੇ ਰਖਾਂਦੇ ਓ, ਹਿਸਾਬ ਵੀ ਪੁੱਛਿਆ ਜੇ ਕਦੀਂ ?" "ਹਿਸਾਬ ਕਾਹਦਾ ? ਮੈਨੂੰ ਦੇਹਾੜੀ ਵਿੱਚ ਜਿੰਨੀ ਲੋੜ ਹੋਂਦੀ ਏ ਲੈ ਲੈਨਾਂ ਤੇਰੇ ਕੋਲ਼ੋਂ ? ਕਿਸੇ ਵੀ ਕਦੀਂ ਹਿਸਾਬ ਨਹੀਂ ਦਿੱਤਾ। ਆਖ ਦੇਂਦੇ ਨੇ ਪੈਸੇ ਲੱਗ ਗਏ ਨੇਂ। ਹੋਰ ਕੋਈ ਹਿਸਾਬ ਨਹੀਂ ਹੋਇਆ ਕਦੀਂ ?" ਮੈਂ ਆਪਣੇ ਕੋਲ਼ ਪਏ ਹੋਏ ਪੈਸਿਆ ਦਾ ਦੱਸਿਆ ਤਾਂ ਬੋਲੇ, ਲਿਆ ਵਖਾ। ਮੈਂ ਸੰਦੂਕੜੀ ਖੋਲਕੇ ਇੱਕ ਪੋਟਲੀ ਕੱਢੀ ਜੇਹਦੇ ਵਿੱਚ ਕਰੰਸੀ ਪਈ ਸੀ। ਨੋਟ ਤੇ ਸਿੱਕੇ ਪਾ ਕੇ ਕੋਈ ਪੰਜ ਹਜ਼ਾਰ ਰੁਪੱਈਆ ਹੋਵੇ। ਖ਼ਾਨ ਸਾਹਿਬ ਦੇ ਅੰਮਾਂ ਜੀ ਪਰਦੇ ਥਾਣਿਉਂ ਵੇਖਦੇ ਪਏ ਸਨ। ਓਹਨਾਂ ਪੂਰੀ ਜ਼ਿੰਦਗੀ ਐਨਾ ਪੈਸਾ ਨਹੀਂ ਸੀ ਡਿੱਠਾ। ਸਾਹਮਣੇ ਆ ਕੇ ਮੈਨੂੰ ਜੱਫੀ ਪਾ ਲਈ ਤੇ ਕਹਿਆ, "ਅੱਗੇ ਮੇਰਾ ਇਕ ਪੁੱਤਰ ਸੀ ਹੁਣ ਮੇਰੇ ਦੋ ਹੋ ਗਏ ਨੇਂ।" ਮੈਂ ਸਲਾਹ ਦਿੱਤੀ, ਘਰ ਵੱਡਾ ਤੇ ਪੱਕਾ ਕੀਤਾ ਜਾਵੇ। ਅਗਲੇ ਦਿਨ ਦੋ ਦਿਹਾੜੀਦਾਰ ਲਿਆਂਦੇ ਤੇ ਘਰ ਦੀ ਉਸਾਰੀ ਦਾ ਕੰਮ ਛੋਹ ਦਿੱਤਾ। ਪੰਜਾਂ ਮਹੀਨਿਆਂ ਵਿੱਚ ਘਰ ਉਸਰ ਪਿਆ। ਮੈਨੂੰ ਵਾਹਵਾ ਜਾਨ ਮਾਰਨੀ ਪਈ, ਮੇਰੇ ਢਿੱਡ ਵਿੱਚ ਸੂਲ਼ ਰਹਿਣ ਲੱਗ ਪਿਆ। ਤੇ ਮੈਂ ਚੋਖਾ ਮਾਂਦਾ ਹੋ ਗਿਆ। ਰੋਗ ਜੀਵੇਂ ਦਾਇਮੀ ਹੋ ਗਿਆ।

ਛੁੱਟੀ ਮੁੱਕੀ, ਖ਼ਾਨ ਸਾਹਿਬ ਦਰਬਾਰ ਚਲੇ ਗਏ। ਮੈਂ ਬਾਬੇ ਕੋਲ ਈ ਟਿਕ ਰਹਿਆ। ਮੇਰੀ ਕੀਤੀ ਓਹਨਾਂ ਨੂੰ ਭਾਈ ਨਹੀਂ ਸੀ। ਏਹਦੇ ਬਾਰੇ ਆਖ ਦਿੱਤੋ ਨੇਂ, "ਕੁਝ ਨਹੀਂ ਸਿੱਖਿਆ ਤੂੰ। ਮੈਂ ਜੋ ਵਜਾਇਆ, ਜੇਹੜਾ ਰਾਗ ਵਜਾਇਆ ਤੂੰ ਗੁਲੱਛਿਆ ਈ ਏ। ਸਭ ਤੋਂ ਵੱਡੀ ਇੱਕ ਹੋਰ ਵੀ ਕਸਰ ਏ ਤੈਨੂੰ! ਤੂੰ ਗੋਸ਼ਤ ਨਹੀਂ ਖਾਂਦਾ, ਤੈਨੂੰ ਕੋਈ ਵੈਲ ਨਹੀਂ। ਰੁਪਏ ਪੈਸੇ ਦੇ ਮਾਮਲਿਆਂ ਵਿੱਚ ਤੇਰੀ ਇਮਾਨਦਾਰੀ ਤੋਂ ਮੈਨੂੰ ਡਰ ਆਉਂਦਾ ਏ। ਤੂੰ ਬੰਦਾ ਨਹੀਂ ਬਣ ਸਕਦਾ। ਜੇ ਬਣ ਸਕਦਾ ਹੋਂਦੋਂ ਤਾਂ ਵੈਲਾ ਤੋਂ ਕੀਵੇਂ ਬਚ ਸਕਦੋਂ ? ਏਸ ਕਰਕੇ ਮੈਂ ਤੈਨੂੰ ਕਦੀਂ ਨਹੀਂ ਦੱਸਣਾ।"

ਮੈਂ ਆਪਣੀ ਈਮਾਨਦਾਰੀ ਦੀ ਸਜ਼ਾ ਭੁਗਤਦਾ ਪਿਆ ਸਾਂ।

ਗਵਾਂਢ ਈ ਇਕ ਮਸੀਤ ਸੀ ਜਿੱਥੇ ਮੈਂ ਨਮਾਜ਼ ਪੜ੍ਹਣ ਜਾਣਾ। ਮੁੱਲਾਂ ਬੜਾ ਚੰਗਾ ਬੰਦਾ ਸੀ। ਉਹਨੂੰ ਮੇਰੀ ਬੜੀ ਚਾਹ ਰਹਿੰਦੀ। ਮੈਂ ਕੋਈ ਨਵਾਂ ਉਸਤਾਦ ਲੱਭਣਾ ਛੋਹ ਦਿੱਤਾ। ਓਦੋਂ ਉਸਤਾਦ ਵਜ਼ੀਰ ਖ਼ਾਂ ਨੂੰ ਰਾਮਪੁਰ ਵਿੱਚ ਸਭ ਤੋਂ ਵੱਡਾ ਗੁਣੀ ਮੰਨਿਆ ਜਾਂਦਾ ਸੀ। ਰਾਮਪੁਰ ਦਾ ਨਵਾਬ ਵੀ ਓਹਨਾਂ ਦਾ ਸ਼ਾਗਿਰਦ ਸੀ। ਵਜ਼ੀਰ ਖ਼ਾਂ ਹੋਰੀਂ ਸ਼ਹਿਜ਼ਾਦਿਆਂ ਵਾਕਣ ਰਹਿੰਦੇ ਸਨ। ਚਾਰ ਯਾ ਪੰਜ ਮਹੀਨੇ ਸਵੇਰ ਤੋਂ ਸ਼ਾਮ ਤੋੜੀ ਮੈਂ ਓਹਨਾਂ ਦੇ ਬੂਹੇ ਅੱਗੇ ਖਲੋਤਾ ਰਹਿਆ, ਹੈ ਜੇ ਮੇਰੇ ਵਲ ਧਿਆਨ ਕਰ ਜਾਣ! ਬੂਹੇ 'ਤੇ ਹਰ ਵੇਲੇ ਪਹਿਰਾ ਹੋਂਦਾ ਸੀ। ਅੰਦਰ ਕੀਵੇਂ ਜਾ ਸਕਦਾ ਸਾਂ। ਉਸਤਾਦ ਹੋਰੀਂ ਕਦੀਂ ਬਾਹਰ ਆਉਂਦੇ ਤਾਂ ਸਲਾਮ ਕਰਦਾ। ਓਹਨਾਂ ਨੂੰ ਕੀ ਪਈ ਸੀ ਮੇਰੇ ਵਰਗੇ ਦਲਿਦਰੀ ਵਲ ਤੱਕਣ ਦੀ। ਮੈਥੋਂ ਜਰਨ ਔਖਾ ਹੋ ਗਿਆ। ਜੀਵਣ ਦੀ ਚਾਹ ਮੁੱਕ ਗਈ। ਦਮੜੀ ਨਾ ਲੱਭੇ। ਖ਼ੈਰਾਤ ਘਰਾਂ ਤੋਂ ਪੀਨੀਆਂ (ਮੰਗ ਕੇ ਖਾਣ ਵਾਲੇ (ਮੰਗਤੇ) ਨੂੰ ਜੋ ਰੁੱਖਾ-ਸੁੱਕਾ ਜੁੜਦਾ ਏ, ਪਿੰਨ ਕੇ (ਮੰਗ ਕੇ) ਖਾ ਛੱਡਾਂ। ਘਰ ਵਾਲੇ ਮੈਥੇ ਵਿਗੜੇ ਰਹਿਣ। ਗਵੱਈਆ ਤਾਂ ਬਣ ਈ ਸਕਦਾ ਸਾਂ। ਏਡੀ ਵੱਡੀ ਦੁਨੀਆ ਵਿੱਚੋਂ ਮੇਰੀ ਮਰਜ਼ੀ ਦਾ ਉਸਤਾਦ ਕਿੱਥੋਂ ਲੱਭੇ ? ਇਕ ਨਾਨੂ ਗੋਪਾਲ ਮਿਲ਼ੇ ਸਨ। ਮੇਰੇ ਸੰਗੀਤਕਾਰ ਬਣਨੋਂ ਅਗੇਰੇ ਈ ਟੁਰਦੇ ਹੋਏ। ਅਹਿਮਦ ਅਲੀ ਦੇ ਘਰ ਹਰ ਕੋਈ ਮੈਥੇ ਰਿੰਜ ਸੀ, ਮੈਂ ਹਰ ਚੀਜ਼ ਤੁਰਤ ਸਿੱਖ ਲੈਂਦਾ ਸਾਂ, ਤਾਂ ਕਰਕੇ ? ਰਾਹੀਂ ਮੈਂ ਰੋਂਦਾ ਰਹਿਆ। ਵੱਡੇ ਵੇਲੇ ਦੋ ਰੁਪੱਈਆਂ ਦੀ ਫ਼ੀਸ ਲਿਆਇਆ। ਨੀਤ ਸੀ ਸ਼ਾਮ ਦੀ ਨਮਾਜ਼ ਪਿੱਛੋਂ ਖ਼ੁਦਕਸ਼ੀ ਕਰ ਲੈਣੀ ਏ। ਮਸੀਤੇ ਗਿਆ ਤਾਂ ਮੌਲਵੀ ਹੋਰਾਂ ਮੇਰਾ ਮੂੰਹ ਪੜ੍ਹ ਲਿਆ। ਕੋਲ ਬਿਠਾਕੇ ਪਿਆਰ ਨਾਲ਼ ਹਕੀਕਤ ਪੁੱਛੀ। ਓਹਨਾਂ ਦੀ ਚਿੰਤਾ ਤੋਂ ਮੈਂ ਸਾਰੀ ਗੱਲ ਕਰ ਦਿੱਤੀ ਨਾਲ਼ੇ ਪੱਲੇ ਬੱਧੀ ਫ਼ੀਮ ਵੀ ਵਖਾਈ। ਓਹਨਾਂ ਦਿਲ ਧਰਾਇਆ। ਕਹਿਣ ਲੱਗੇ, "ਖ਼ੁਦਕਸ਼ੀ ਵੱਡਾ ਗੁਨਾਹ ਏ...ਬੰਦੇ ਦੇ ਸਭ ਗੁਨਾਹਵਾਂ ਤੋਂ ਵੱਡਾ। ਦਿਲ ਨਾ ਛੱਡ। ਢੂੰਡ ਰੱਖੇਂ ਤਾਂ ਰੱਬ ਤੇਰੀ ਸੁਣ ਲੈਸੀ। ਇੱਕ ਗੱਲ ਦੱਸਾਂ, ਨਵਾਬ ਨੂੰ ਆਪ ਵੀ ਬੜੀ ਲਗਨ ਏ ਸੰਗੀਤ ਦੀ। ਧੁਰਪਦ ਧਮਾਰ ਚੰਗਾ ਭਲਾ ਗੌਂ ਲੈਂਦਾ ਏ। ਮੈਂ ਤੈਨੂੰ ਅਰਜ਼ੀ ਲਿਖ ਦੇਨਾਂ, ਜਾ ਕੇ ਨਵਾਬ ਨੂੰ ਹੱਥੀਂ ਫੜਾ ਦਈਂ। ਸ਼ਾਮ ਨੂੰ ਥੇਟਰ ਜਾਂਦਾ ਏ ਰਾਹ ਵਿੱਚ ਖਲੋਤਾ ਰਵ੍ਹੀਂ ਜੀਵੇਂ ਵੇਹਲ ਵੇਖੀਂ ਫੜਾ ਦੇਵੀਂ।"

ਸਲਾਹ ਦਿਲ ਨੂੰ ਲੱਗੀ। ਨਵਾਬ ਸਾਹਿਬ ਦੀ ਗੱਡੀ ਸ਼ੂੰ ਕਰਦੀ ਲੰਘ ਗਈ। ਮੈਂ ਖਲੋਤਾ ਰਹਿ ਗਿਆ। ਇਕ ਦਿਨ ਨਵਾਬ ਨੇ ਵਜ਼ੀਰ ਖ਼ਾਂ ਦਾ ਲਿਖਿਆ ਨਾਟਕ ਵੇਖਣ ਜਾਣਾ ਸੀ। ਦੁਪਹਿਰੀਂ ਮਹਿਲ ਵਿੱਚ ਜਸ਼ਨ ਸੀ, ਸ਼ਹਿਰ ਦੇ ਤਗੜੇ ਲੋਕ ਕਾਰਾਂ ਵਿੱਚ ਆਏ ਹੋਏ ਸਨ। ਜਸ਼ਨ ਮੁੱਕਿਆ ਤਾਂ ਕਾਰਾਂ ਦੀ ਲਾਮ-ਡੋਰੀ ਨਿਕਲੀ ਪਈ। ਨਵਾਬ ਦੀ ਕਾਰ ਸਭ ਦੇ ਮਗਰੇ-ਮਗਰ ਜੂੰ ਹਾਰ ਸਰਕਦੀ ਹੋਈ। ਪੱਜ ਲੱਗ ਗਿਆ, ਅੱਗੇ ਆ ਕੇ ਨਵਾਬ ਦੀ ਕਾਰ ਖਲਿਹਾਰਨ ਦਾ। ਪਹਿਰੇਦਾਰਾਂ ਤੇ ਲੋਕਾਂ ਵਿੱਚ ਭਾਜੜ ਪੈ ਗਈ। ਅਜ਼ਾਦੀ ਲਹਿਰ ਦੇ ਦੇਹਾੜੇ ਸਨ, ਖ਼ਾਸ ਕਰ ਬੰਗਾਲ ਵਿੱਚ, ਅੰਗਰੇਜ਼ ਅਫ਼ਸਰਾਂ ਉੱਤੇ ਬੰਬ ਪਏ ਸੁੱਟੇਂਦੇ ਸਨ। ਬੰਗਾਲੀ ਤੇ ਓਹ ਵੀ ਮੇਰੇ ਵਰਗੇ ਨੂੰ ਕਾਰ ਡੱਕਦਿਆਂ ਵੇਖ ਕੇ ਪੁਲਸ ਅਫ਼ਸਰ ਉੱਡ ਕੇ ਆਏ। ਚਹੁੰ ਬੰਨਿਉਂ ਚਾਟਾਂ ਮਾਰਦੇ ਮੈਨੂੰ ਨਵਾਬ ਕੋਲ ਲੈ ਗਏ। ਮੈਂ ਮੌਲਵੀ ਹੋਰਾਂ ਦੀ ਲਿਖੀ ਅਰਜ਼ੀ ਕੱਢੀ ਤੇ ਨਵਾਬ ਦੇ ਹੱਥ ਫੜਾ ਦਿੱਤੀ। ਨਵਾਬ ਨੇ ਸੈਕਟਰੀ ਨੂੰ ਪੜ੍ਹਨ ਲਈ ਆਖਿਆ। ਮੇਰਾ ਕੁੱਲ ਅਹਿਵਾਲ ਲਿਖਿਆ ਸੀ, ਖ਼ੁਦਕਸ਼ੀ ਦਾ ਮਤਾ ਪਕਾਵਣ ਤੀਕਰ। ਨਵਾਬ ਮੁਸਕਰਾਇਆ। ਅਖੇ, "ਫ਼ੀਮ ਕਿੱਥੇ ਈ ?" ਮੈਂ ਬੱਧੀ ਹੋਈ ਲੀਰ ਕੱਢ ਫੜਾਈ। ਮੈਨੂੰ ਕਾਰ ਵਿੱਚ ਬਹਾਕੇ ਮਹਿਲ ਨੂੰ ਮੁੜਾ ਲਇਓਸ। ਅਖੇ, "ਕੇਹੜਾ ਕੇਹੜਾ ਸਾਜ਼ ਵਜਾ ਲੈਨਾ ਏਂ ? ਮੈਂ ਪੰਜ ਛੇ ਸਾਜ਼ਾਂ ਦੇ ਨਾਂ ਗਿਣਾ ਦਿੱਤੇ। ਏਹਵਾ ਸਾਜ਼ ਮੰਗਾ ਲਇਓਸ ਤੇ ਮੇਰਾ ਇਮਤਿਹਾਨ ਸ਼ੁਰੂ। ਵਾਰੀ-ਵਾਰੀ ਮੈਂ ਕਲਾਨਟ ਕੋਰ ਨਟ, ਸ਼ਹਿਨਾਈ ਤੇ ਅਸਰਾਜ ਵਜਾਏ। ਵਾਇਲਨ ਸਭ ਤੋਂ ਪਿੱਛੋਂ ਆਇਆ। ਮੈਂ ਛੋਹਿਆ ਤਾਂ ਨਵਾਬ ਬੜਾ ਰਾਜ਼ੀ ਹੋਇਆ। ਓਹਨੂੰ ਅਚੰਭਾ ਸੀ ਮੈਂ ਅੰਗਰੇਜ਼ੀ ਸਾਜ਼ ਉੱਤੇ ਹਿੰਦੋਸਤਾਨੀ ਸੰਗੀਤ ਪਾਣੀ ਵਾਕਣ ਵਜਾਂਦਾ ਪਿਆ ਸਾਂ। ਓਹ ਧੁਰਪਦ ਧਮਾਰ ਅੰਗ ਦਾ ਗਾਇਨ ਕਰਨ ਲੱਗਾ, ਮੈਂ ਬਿਨਾ ਕਿਸੇ ਔਖਿਆਈ ਦੇ ਓਹਦੀ ਸੰਗਤ ਕਰਨ ਲੱਗ ਪਿਆ। ਮੈਨੂੰ ਪੁੱਛਿਓਸ, "ਟੱਪਾ ਆਉਂਦਾ ਈ ? ਮੈਂ ਕਹਿਆ, "ਨਹੀਂ ਸਰਕਾਰ, ਆਉਂਦਾ ਤੇ ਨਹੀਂ ਜੇ ਤੁਸੀਂ ਗੰਵੋ ਤਾਂ ਤੁਹਾਡੇ ਨਾਲ਼ ਜਿੰਨਾ ਹੋ ਸਕਿਆ ਵੱਸ ਜ਼ਰੂਰ ਲਾਸ਼ਾਂ।" ਨਵਾਬ ਟੱਪਾ ਛੋਹ ਦਿੱਤਾ। ਮੈਂ ਕਦੇ ਸੁਣਿਆ ਨਹੀਂ ਸੀ। ਤਰਿਖੀਆਂ ਤਾਨਾਂ ਮੈਥੋਂ ਉਂਜ ਤਾਂ ਨਾ ਨਿਕਲਣ ਜੀਵੇਂ ਬਣਾ ਕੇ ਕੱਢਣ ਦਾ ਹੱਕ ਸੀ। ਮੈਂ ਵਾਇਲਨ ਥੱਲੇ ਰੱਖਿਆ ਚਾ, ਹੱਥ ਬੰਨ੍ਹਕੇ ਆਪਣੀ ਹਾਰ ਕਬੂਲ ਕਰ ਲਈ।" ਤੁਹਾਡੇ ਗਾਇਨ ਨਾਲ ਸੰਗਤ ਦਾ ਹੱਕ ਮੈਥੋਂ ਪੂਰਾ ਨਹੀਂ ਹੋਂਦਾ," ਮੈਂ ਆਖਿਆ। ਓਹ ਮੈਥੇ ਬੜਾ ਈ ਰਾਜ਼ੀ ਹੋਇਆ। ਜਿਸ ਵੇਲੇ ਮੇਰਾ ਇਮਤਹਾਨ ਪਿਆ ਹੋਂਦਾ ਸੀ, ਦਰਬਾਰ ਦੇ ਸਾਰੇ ਕਲਾਵੰਤ ਵੀ ਆ ਜੁੜੇ ਸਨ। ਮੈਂ ਨਵਾਬ ਨੂੰ ਵਜ਼ੀਰ ਖ਼ਾਂ ਦਾ ਸ਼ਾਗਿਰਦ ਪਵਾਵਣ ਦੀ ਮਿਨਤ ਕੀਤੀ। ਨਵਾਬ ਨੇ ਓਸੇ ਵੇਲੇ ਗੱਡੀ ਘੱਲ ਕੇ ਵਜ਼ੀਰ ਖ਼ਾਂ ਨੂੰ ਸੱਦਾ ਘੱਲਿਆ। ਇਕ ਹਜ਼ਾਰ ਰੁਪਈਆ ਰੋਕ, ਕੱਪੜੇ ਓਨ੍ਹਾਂ ਨੂੰ ਦਿੱਤਿਓਸ ਤੇ ਮੇਰੇ ਹੱਥ ਤੇ ਕਾਲ਼ਾ ਧਾਗਾ ਬੰਨ੍ਹਵਾਇਓ ਨੇਂ। ਏਦੋਂ ਪਹਿਲਾਂ ਉਸਤਾਦ ਵਜ਼ੀਰ ਖ਼ਾਂ ਨੇ ਮੈਥੋਂ ਕਸਮ ਅਖਵਾਈ, "ਮੈਂ ਮਾਲਜ਼ਾਦਿਆਂ ਦੇ ਘਰੇਂ ਨਾ ਜਾਸਾਂ, ਓਹਨਾਂ ਘਰੋਂ ਟੁਕੜਾ ਨਾ ਲਈਸਾਂ, ਨਾ ਈ ਓਹਨਾਂ ਨੂੰ ਕਸਬ ਸਿਖਾਈਸਾਂ।" ਏਨੀ ਗੱਲ ਅਖਵਾ ਕੇ ਓਹਨਾਂ ਧਾਗਾ ਮੇਰੇ ਗੁੱਟ ਤੇ ਚਾ ਬੰਨ੍ਹਿਆ। ਮਿਠਾਈ ਵੰਡੀ ਗਈ। ਨਵਾਬ ਨੇ ਵਜ਼ੀਰ ਖ਼ਾਂ ਦੇ ਗਵਾਂਢ ਮੇਰਾ ਬੰਦੋਬਸਤ ਕਰਵਾ ਦਿੱਤਾ, ਪਰ ਰੋਟੀ ਟੁੱਕਰ ਵਿਸਰ ਗਇਓਸ।

ਏਨਾ ਫ਼ਰਕ ਪਿਆ, ਅੱਗੇ ਬਾਹਰ ਖਲੋਤਾ ਰਹਿੰਦਾ ਸਾਂ, ਹੁਣ ਅੰਦਰ ਟੁਰ ਜਾਂਦਾ ਸਾਂ। ਇਲਮ ਦੱਸਣ ਵਲ ਓਹਨਾਂ ਦਾ ਧਿਆਨ ਨਹੀਂ ਸੀ। ਮੈਂ ਸੱਤ ਵਜੇ ਸਵੇਰੇ ਟੁਰ ਜਾਂਦਾ। ਉਗਲਦਾਨ ਤੇ ਜੁੱਤੀਆਂ ਵੀ ਸਾਫ਼ ਕਰਨ ਲੱਗ ਪਿਆ। ਓਹ ਸਮਝਣ ਨੌਕਰ ਕਰਦੇ ਨੇਂ। ਓਹਨੋਂ ਨੂੰ ਵਡਿਆਵਣ। ਘਰ ਦੇ ਨਿਗਾਹਵਾਨ ਅਬਦੁਲ ਰਹੀਮ ਉਹਨਾਂ ਨੂੰ ਦੱਸ ਈ ਦਿੱਤਾ, ਏਹ ਸਾਰਾ ਕੰਮ ਨਵਾਂ ਬੰਗਾਲੀ ਸ਼ਾਗਿਰਦ ਪਿਆ ਕਰਦਾ ਏ। ਨੌਕਰ ਮੇਰੇ ਨਾਲ਼ ਖਾਰ ਖਾਣ ਲੱਗ ਪਏ।

ਅਬਦੁਲ ਰਹੀਮ ਕੌਮ ਦਾ ਨਾਈ ਸੀ। ਓਹਦੇ ਤੇ ਉਸਤਾਦ ਹੋਰਾਂ ਦੇ ਖ਼ਾਨਦਾਨ ਵਿੱਚ ਅਜਬ ਜੇਹੀ ਰਿਸ਼ਤੇਦਾਰੀ ਸੀ। ਅਬਦੁਲ ਰਹੀਮ ਦੇ ਖ਼ਾਨਦਾਨ ਦੇ ਲੋਕ ਖ਼ਾਨ ਸਾਹਿਬ ਦੇ ਕੰਮ ਨੂੰ ਆਪਣਾ ਸਮਝਕੇ ਕਰਦੇ ਸਨ। ਸੌਦਾ ਢੋਣ ਵਾਲ਼ੇ ਤੋਂ ਲੈ ਕੇ ਖਜ਼ਾਨਚੀ ਤਾਈਂ ਓਹੋ ਲੋਕ ਸਨ। ਗਵੱਈਏ ਤੇ ਨਹੀਂ ਸਨ ਪਰ ਸੁਣ-ਸੁਣਕੇ ਓਹਨਾਂ ਨੂੰ ਘਰਾਣੇ-ਬੰਦ ਸੰਗੀਤ ਦੀ ਚੰਗੀ ਸੂਰਤ ਹੋ ਗਈ ਹੋਈ ਸੀ। ਖ਼ਾਨ ਸਾਹਿਬ ਨੂੰ ਕੋਈ ਚੀਜ਼ ਵਿਸਰ ਜਾਂਦੀ ਤਾਂ ਓਹ ਚੇਤੇ ਕਰਾ ਦੇਂਦੇ। ਖ਼ਾਨ ਸਾਹਿਬ ਦੇ ਘਰਾਣੇ ਦੇ ਚੇਤਾ ਭੰਡਾਰ ਸਨ। ਘਰਾਣੇ ਦਾ ਸਰਕੋਪ ਬੰਦਾ ਜੇ ਕੋਈ ਵਾਰਸ ਤਿਆਰ ਕੀਤੇ ਬਿਨਾ ਮਰ ਜਾਂਦਾ ਤਾਂ ਸੇਵਾਦਾਰ ਓਹਨੂੰ ਚੀਜ਼ਾਂ ਦੱਸ-ਦੱਸਕੇ ਖ਼ਾਨ ਸਾਹਿਬ ਬਣਾ ਦੇਂਦੇ।

ਢਾਈ ਵਰ੍ਹੇ ਇੰਜੇ ਲੰਘ ਗਏ। ਭੋਰਾ ਵੀ ਨਾ ਸਿੱਖਣ ਹੋਇਆ। ਇਕ ਨਵਾਂ ਰਾਹ ਜ਼ਰੂਰ ਖੁਲ ਪਿਆ।

ਨਵਾਬ ਇੰਗਲਸਤਾਨ ਵਿੱਚੋਂ ਮਹਾ ਸਿੰਫ਼ਨੀ ਆਰਕੈਸਟਰਾ ਤੱਕ ਆਇਆ ਸੀ। ਓਹਨੇ ਕਈਂ ਸਾਜ਼ਕਾਰਾਂ ਨੂੰ ਰਾਮਪੁਰ ਇਕੱਠਾ ਕਰਕੇ ਇਕ ਵੱਡੀ ਸਾਜ਼ ਮੰਡਲੀ ਬਣਾ ਘਿੱਦੀ। ਮੰਡਲੀ ਦੇ ਆਗੂ ਲਖਨਊ ਦੇ ਬੜੇ ਜਾਣੂ ਸੰਗੀਤਕਾਰ ਰਜ਼ਾ ਹੁਸੈਨ ਸਨ। ਬੜੇ ਵੱਡੇ ਧੁਰਪਦੀਏ, ਧੁਰਪਦ ਧਮਾਰ ਦੀਆਂ ਹਜ਼ਾਰਾਂ ਬੰਦਸ਼ਾਂ ਆਉਂਦੀਆਂ ਸਨ ਨੇਂ। ਮੇਰੀ ਆਦਤ ਬਣ ਗਈ ਮੰਡਲੀ ਦਾ ਕੰਮ ਵੇਖਣ ਦੀ। ਰਜ਼ਾ ਹੁਸੈਨ ਵੇਖਿਆ ਤੇ ਵਾਇਲਨ ਫੜਾਕੇ ਵਿੱਚ ਬਿਠਾ ਲਿਆ। ਮੇਰਾ ਵਾਇਲਨ ਵਜਾਵਣ ਹਰ ਕਿਸੇ ਪਰਵਾਨਿਆ। ਰਜ਼ਾ ਹੁਸੈਨ ਭਾਵੇਂ ਰੀਤਲ਼ (ਰਵਾਇਤੀ, ਰਿਵਾਜ ਅਨੁਕੂਲ) ਢੰਗ ਦੇ ਬਹੁੰ ਵੱਡੇ ਸੰਗੀਤਕਾਰ ਸਨ ਪਰ ਸਾਜ਼ ਮੰਡਲੀ ਸਭਣਾ ਓਹਨਾਂ ਦੇ ਵੱਸੋਂ ਬਾਹਰ ਸੀ। ਧੁਰਪਦ ਧਮਾਰ ਦਾ ਏਸ ਨਾਲ ਸਾਂਗਾ (ਸੰਬੰਧ, ਨਾਤਾ) ਨਹੀਂ ਸੀ। ਮੈਨੂੰ ਕਲਕੱਤੇ ਦੇ ਥੇਟਰਾਂ ਵਿਚ ਏਸ ਕੰਮ ਨਾਲ ਵਾਹ ਰਹਿਆ ਸੀ। ਮੈਂ ਏਹਦਾ ਜਾਣੂ ਸਾਂ। ਰਜ਼ਾ ਹੁਸੈਨ ਮੈਨੂੰ ਸੰਗੀਤ ਦੱਸਣ ਤੇ ਤਿਆਰ ਹੋ ਗਏ, ਜੇ ਮੈਂ ਓਹਨਾਂ ਦੀ ਸਾਜ਼ ਮੰਡਲੀ ਦੇ ਕੰਮ ਵਿੱਚ ਮਦਦ ਕਰਾਂ। ਮੈਂ ਧਮਾਰ ਅੰਗ ਦੀਆਂ ਕਈਆਂ ਸ਼ੈਈਂ ਬਣਾ ਦਿੱਤੀਆਂ। ਮੰਡਲੀ ਦੇ ਕਈ ਗੁਣੀ ਬੰਦਿਆਂ ਨਾਲ ਮੇਰੀ ਗੂੜ੍ਹੀ ਪੈ ਗਈ। ਹਰ ਕੋਈ ਮੈਨੂੰ ਸ਼ਾਗਿਰਦ ਕਰਨਾ ਚਾਹੁੰਦਾ ਸੀ। ਮੈਂ ਕਹਿਆ, "ਮੈਂ ਵਜ਼ੀਰ ਖ਼ਾਂ ਦਾ ਸ਼ਾਗਿਰਦ ਆਂ, ਏਸ ਲਈ ਏਹ ਨਹੀਂ ਹੋ ਸਕਦਾ।" ਮੈਨੂੰ ਡਰ ਸੀ ਵਜ਼ੀਰ ਖ਼ਾਂ ਨੂੰ ਕਿੱਧਰੇ ਹੋਰ ਦੇ ਸ਼ਾਗਿਰਦ ਪੈਣ ਦੀ ਸੁਰ ਹੋ ਗਈ ਤਾਂ ਰਾਮਪੁਰੋਂ ਬਾਰਾਂ-ਪੱਥਰ (ਛਾਉਣੀ ਦੀ ਹੱਦ) ਕਰਵਾ ਦੇਸਣ। ਮੈਂ ਵੇਖਿਆ ਸਾਜ਼ਕਾਰਾਂ ਨੂੰ ਵਜ਼ੀਰ ਖ਼ਾਂ ਦੀ ਲਿਸ਼ਕ ਨਹੀਂ ਸੀ। ਇੰਜ ਓਹ ਸਾਰੇ ਗੁਣੀ ਗਿਆਨੀ ਲੋਕ ਮੈਨੂੰ ਆਪਣਾ ਛੋਟਾ ਸੰਗਤੀ ਸਮਝਕੇ ਸਿਖਾਵਣ-ਸਮਝਾਵਣ ਲੱਗ ਪਏ।

ਇਕ ਰਾਤੀਂ ਮੈਂ ਓਹਨਾਂ ਗੁਣਵੰਤਿਆਂ ਨੂੰ ਆਪਣੇ ਘਰ ਸੱਦ ਲਿਆ। ਹੁੱਕੇ ਤੇ ਪਾਨ ਦਾ ਬੰਦੋਬਸਤ ਕਰ ਦਿੱਤਾ। ਘਰ ਵੱਡਾ ਵੀ ਸੀ ਤੇ ਸੁਥਰਾ ਵੀ। ਛੜਾ-ਛਾਂਟ ਰਹਿੰਦਾ ਸਾਂ। ਪਰਦੇ ਦਾ ਵੀ ਰੱਫੜ ਨਹੀਂ ਸੀ। ਓਹ ਲੋਕ ਆਏ। ਥੋੜਾ ਚਿਰ ਸੰਗੇ ਰਹੇ ਫੇਰ ਖੁੱਲ ਗਏ। ਓਹ ਰੌਣਕ ਲੱਗੀ ਰਹੇ ਰੱਬ ਦਾ ਨਾਂ। ਮੈਂ ਰੋਜ਼ ਆਵਣ ਲਈ ਆਖ ਦਿੱਤਾ। ਆਵਣ ਲੱਗ ਪਏ। ਪਹਿਲਾਂ ਤੇ ਹੁੱਕਾ ਪਾਨ ਚੱਲਦਾ। ਫੇਰ ਸੰਗੀਤ ਦੀਆਂ ਗੱਲਾਂ ਛਿੜ ਪੈਂਦੀਆਂ। ਕੋਈ ਅਲਾਪ ਦੱਸਦਾ, ਕੋਲ਼ੋਂ ਦੂਜਾ ਟੋਕਦਾ, "ਨਹੀਂ ਇੰਜ ਨਹੀਂ, ਮੇਰੇ ਅੱਬੇ ਇੰਜ ਦੱਸਿਆ ਸੀ।" ਕਰਕੇ ਵਖਾਣਾ। ਕਿਸੇ ਹੋਰ ਓਹਦਾ ਆਖਿਆ ਪਰਵਾਨਣਾ। ਫੇਰ ਚੀਜ਼ਾਂ ਚੱਲ ਪੈਣੀਆਂ। ਜੇਹਨੂੰ ਜੇਹੜੀ ਜੇਹੜੀ ਚੀਜ਼ ਆਉਂਦੀ ਓਹਨੇ ਸੁਣਾਣੀ। ਕਦੀ ਦੋ ਲਫ਼ਜ਼, ਕਦੀ ਅਧੂਰੀ। ਓਹਨਾਂ ਦੇ ਜਾਣ ਮਗਰੋਂ ਮੈਂ ਇਕ ਇਕ ਗੱਲ ਲਿਖ ਲੈਣੀ। ਅਗਲੇ ਦਿਨ ਓਹ ਚੀਜ਼ਾਂ ਸਿਖਾਵਣ ਦਾ ਆਖਣਾ। ਓਹਨਾਂ ਸਿਖਾਣ ਲੱਗ ਪੈਣਾ। ਇੰਜ ਮੇਰਾ ਸਿੱਖਣ-ਪੁੱਛਣ ਟੁਰ ਪਿਆ।

ਮੇਰੀ ਦੂਜੀ ਵੌਹਟੀ ਨੇ ਬੜੇ ਤਰਲੇ ਲਏ ਮੈਂ ਕਿਸੇ ਤਰ੍ਹਾਂ ਓਹਦੇ ਨਾਲ ਆ ਵਸਾਂ। ਮੇਰਾ ਧਿਆਨ ਈ ਨਾ ਜਾਵੇ। ਅਖ਼ੀਰ ਓਹ ਥੱਕ-ਹਾਰ ਗਈ। ਕਈਂ ਵਾਰ ਮਰਨ ਦਾ ਚਾਰਾ ਕੀਤੋਸ, ਪਰ ਹਰ ਵਾਰੀ ਮੇਰੀ ਮਾ ਬਚਾ ਲੈਂਦੀ। ਓੜਕ ਇਕ ਦਿਨ ਓਹਦਾ ਦਿਲ ਆਪ ਈ ਆਤਰ ਹੋ ਗਿਆ ਤੇ ਓਹ ਦੁਨੀਆ ਤੋਂ ਲੱਦ ਗਈ। ਮੇਰੇ ਭਰਾ ਆਫ਼ਤਾਬ ਦੀਨ ਨੇ ਤਾਰ ਕੀਤੀ। ਤਾਰ ਵਜ਼ੀਰ ਖ਼ਾਂ ਦੇ ਨਾਂ ਆਈ। ਪੁੱਛਣ ਲੱਗੇ, "ਕੀ ਸਿੱਖਿਆ ਈ ਢਾਈਆਂ ਸਾਲਾਂ ਵਿੱਚ ?" ਮੈਂ ਕਹਿਆ, "ਕੁਝ ਨਾ।" ਅਖੇ, "ਘਰ ਨਹੀਂ ਜਾਂਦਾ ?" ਮੈਂ ਕਹਿਆ, "ਸੰਗੀਤਕਾਰ ਬਣਨ ਘਰੋਂ ਨੱਸਿਆ ਤਾਂ ਅੱਠਾਂ ਸਾਲਾਂ ਦਾ ਸਾਂ। ਅੱਜ ਤੀਕਰ ਮੁਰਾਦ ਪੂਰੀ ਨਹੀਂ ਹੋਈ। ਕਰੋ ਚਾ ਮੈਂ ਟੁਰ ਜਾਸਾਂ। ਤੁਹਾਡੇ ਹੱਥ ਏ।" "ਵਿਆਹਿਆ ਏਂ ?" "ਜੀ ਦੋ ਵਾਰ।" "ਘਰ ਵਸਾ ਜਾ ਕੇ।" "ਹਜ਼ੂਰ ਮੈਂ ਤੇ ਕਹਿਆ ਏ ਜੋ ਬਣਣ ਆਇਆ ਬਣ ਦਿਓ ਘਰ ਵਸਾ ਲੈਸਾਂ।" ਵਜ਼ੀਰ ਖ਼ਾਂ ਨੂੰ ਪੋਹ (ਚੰਗਾ ਲੱਗਣਾ, ਅਸਰ ਕਰਨਾ) ਗਈ। ਮੇਰੀ ਦੂਜੀ ਵੌਹਟੀ ਦੇ ਮਰਨ ਦਾ ਦੱਸਿਓ ਨੇਂ। ਮੈਂ ਚੁੱਪ ਕਰ ਰਹਿਆ। ਅਖ਼ੀਰ ਪੁੱਤਰਾਂ ਨੂੰ ਦੱਸਕੇ ਕਹਿਆ, "ਏਹਨੂੰ ਆਪਣਾ ਸੰਗੀਤ ਦੱਸਿਆ ਕਰੋ।"

ਵਜ਼ੀਰ ਖ਼ਾਂ ਦੇ ਵੱਡੇ ਪੁੱਤਰ ਪਿਆਰ ਖ਼ਾਂ ਧੁਰਪਦ ਧਮਾਰ ਗਾਉਂਦੇ ਸਨ। ਓਹਨਾਂ ਮੈਨੂੰ ਇਲਮ ਦੇਣਾ ਛੋਹ ਲਿਆ। ਖ਼ਾਨ ਸਾਹਿਬ ਬਗ਼ੀਚੇ ਵਿੱਚ ਸੈਲ ਕਰਦਿਆਂ ਦੱਸਦੇ ਰਹਿੰਦੇ। ਛੇ ਸੱਤ ਵਰ੍ਹੇ ਹੋਂਦਾ ਰਹਿਆ। ਓੜਕ ਕਹਿਣ ਲੱਗੇ, "ਜਾ ਹੋਰਾਂ ਨੂੰ ਸੁਣਾ ਨਾਲ਼ੇ ਸੁਣ। ਤੇਰੀ ਮੁਰਾਦ ਪੂਰੀ ਹੋਈ।"

ਅੱਠੋਂ ਵਰ੍ਹਿਆਂ ਦਾ ਘਰੋਂ ਫੁੱਟਿਆ ਸਾਂ। ਹੁਣ ਪੈਂਤੀਹ ਵਰ੍ਹਿਆਂ ਦਾ ਹੋਕੇ ਮੁਰਾਦ ਪਾਈ। 1911 ਵਿੱਚ ਕਲਕੱਤੇ ਆਇਆ। ਬੜਾ ਵਜਾਇਆ ਸੁਣਾਇਆ। ਧੁਮਾਂ ਪੈ ਗਈਆਂ। ਬੜੀ ਦੁਨੀਆ ਬੇਲੀ ਬਣ ਗਈ। ਸ਼ਾਮ ਲਾਲ ਖੱਤਰੀ ਗਣਪਤ ਭਈਏ ਦਾ ਸ਼ਾਗਿਰਦ ਹੋਂਦਾ ਸੀ। ਕਲਕੱਤੇ ਦਾ ਟੂਰਨੇ ਸਿਰ ਬੰਦਾ। ਜਾਣੂ ਬਣ ਗਿਆ। ਮੇਹਾਰ ਰਿਆਸਤ ਦੇ ਰਾਜੇ ਨੂੰ ਉਸਤਾਦ ਦੀ ਲੋੜ ਸੀ, ਜੇਹੜਾ ਗਵੱਈਆ ਈ ਨਹੀਂ ਚਾਰ ਪੰਜ ਸਾਜ਼ ਵੀ ਵਜਾ ਲੈਂਦਾ ਹੋਵੇ। ਖੱਤਰੀ ਮੇਰੀ ਦੱਸ ਪਾਈ। ਮੈਂ ਚਲਾ ਗਿਆ, ਰਾਜੇ ਡੇਢ੍ਹ ਸੌ ਰੁਪਏ ਮਹੀਨੇ ਤੇ ਰੱਖ ਲਿਆ। ਓਹ ਮੇਰਾ ਗੰਢੇ-ਬੰਨ੍ਹ ਸ਼ਾਗਿਰਦ ਹੋਣਾ ਚਾਹੁੰਦਾ ਸੀ। ਮੈਂ ਮੰਨ ਗਿਆ। ਗੰਢਾ ਮੈਂ ਵਜ਼ੀਰ ਖ਼ਾਂ ਹੋਰਾਂ ਤੋਂ ਲਿਆਂਦਾ। ਮਹਾਰਾਜੇ ਦੇ ਤੁਹਫ਼ੇ ਵੀ ਓਹਨਾਂ ਨੂੰ ਦੇ ਆਇਆ। ਪਹਿਲੀ ਵੌਹਟੀ ਹਾਲੇ ਮਾਪਿਆਂ ਦੇ ਬੈਠੀ ਸੀ। ਬਥੇਰਾ ਆਖਣ, ਤਲਾਕ ਲੈ ਲੈ, ਕਿੱਧਰੇ ਹੋਧਰੇ ਵਿਆਹ ਕਰ ਦੇਨੇ ਆਂ ਚੰਗਾ ਜੇਹਾ ਵਰ ਵੇਖਕੇ। ਓਹ ਨਾ ਮੰਨੇ। ਅਖੇ ਜੇਹਦੇ ਨਾਲ ਇਕ ਵਾਰੀ ਹੋ ਗਿਆ ਏ ਓਹ ਈ ਮੇਰਾ ਸਾਈਂ ਏ। ਮੈਨੂੰ ਸੌਹਰੇ ਛੱਡ ਆਉ। ਮਾਪੇ ਨਾ ਮੰਨਣ। ਓੜਕ ਭਰਾਵਾਂ ਨੂੰ ਹਾੜੇ ਪਾਏ, ਓਹ ਮੰਨ ਗਏ ਤੇ ਸਾਡੀ ਦਹਿਲੀਜ਼ ਤੇ ਛੱਡ ਗਏ। ਮੇਰੇ ਭਰਾਵਾਂ ਨੂੰ ਮੇਰੇ ਮੇਹਾਰ ਰਿਆਸਤ ਵਿੱਚ ਨੌਕਰ ਹੋਣ ਦਾ ਪਤਾ ਲੱਗਾ ਤਾਂ ਓਹ ਓਹਨੂੰ ਲੈ ਕੇ ਆ ਗਏ। ਏਥੋਂ ਮੇਰਾ ਵਿਆਹੁਤਾ ਜੀਵਨ ਚਾਲੂ ਹੋਇਆ। ਫੇਰ ਬਾਲ ਹੋ ਪਏ। ਅਜੇ ਨਿੱਕੇ ਈ ਸਨ, ਮੈਂ ਸੰਗੀਤ ਦੱਸਣ ਲੱਗ ਪਿਆ। ਚਾਹੁੰਦਾ ਸਾਂ ਅਲੀ ਅਕਬਰ ਬੀ ਏ ਪਾਸ ਕਰੇ। ਓਹਨੇ ਦਸ ਕਰਕੇ ਛੱਡ ਦਿੱਤਾ। ਸੰਗੀਤ ਵੱਲ ਧਿਆਨ ਸੀ। ਓਹਨੇ ਸਾਰਾ ਟਿੱਲ ਸੰਗੀਤ ਉੱਤੇ ਲਾ ਦਿੱਤਾ।

ਅਨਪੂਰਨਾ ਸਿੱਖਦੀ ਪਈ ਸੀ। ਓਹਨੂੰ ਦੋ ਹਜ਼ਾਰ ਧੁਰਪਦ ਧਮਾਰ ਚੇਤੇ ਹੋ ਗਏ। ਨਾਲ ਓਹ ਸੁਰ ਬਹਾਰ ਵੀ ਬਹੁੰ ਚੰਗਾ ਵਜਾਂਦੀ ਸੀ। ਕੁਝ ਸਾਲਾਂ ਮਗਰੋਂ ਰਵੀ ਸ਼ੰਕਰ ਮੇਰੇ ਕੋਲ਼ ਰਹਿ ਕੇ ਸਿਤਾਰ ਸਿੱਖਣ ਆ ਗਿਆ। ਮੈਨੂੰ ਓਹਦੇ ਨਾਲ ਬੜਾ ਪਿਆਰ ਸੀ। ਓਹਨੇ ਵੀ ਮੇਰੇ ਤੋਂ ਬੜੀ ਜਾਨ ਮਾਰਕੇ ਸਿਤਾਰ ਸਿੱਖਿਆ। ਤਿੰਨੇ ਬਾਲ ਸਾਹਮਣੇ ਬਹਿ ਕੇ ਸਬਕ ਲੈਂਦੇ। ਬੜੇ ਚੰਗੇ ਦੇਹਾੜੇ ਸਨ। ਚੇਤੇ ਆਉਂਦੇ ਨੇਂ। ਮੇਰੇ ਜੀਵਨ ਦੇ ਸਭ ਤੋਂ ਖ਼ੁਸ਼ੀਆਂ ਭਰੇ ਦਿਨ ਰੰਗਾਂ ਵਾਲ਼ੇ। ਮੈਨੂੰ ਆਪਣੀ ਧੀ ਅਨਪੂਰਨਾ ਨਾਲ਼ ਅੰਤਾਂ ਦਾ ਪਿਆਰ ਸੀ। ਇਕ ਦਿਨ ਤਿੰਨਾਂ ਨੂੰ ਸਿਖਾਂਦਿਆਂ-ਸਿਖਾਂਦਿਆਂ ਕੁਦਰਤ ਦੀ ਮਿਹਰ ਨਾਲ ਮੈਨੂੰ ਖ਼ਿਆਲ ਆਇਆ, ਕਦੀਂ ਰਵੀ ਸ਼ੰਕਰ ਈ ਮੇਰਾ ਜਵਾਈ ਬਣ ਜਾਏ ਹਾਂ ? ਮੈਂ ਨਿਹਾਲ ਹੋ ਗਿਆ। ਗੱਲ ਕੀਤੀ ਓਹ ਮੰਨ ਗਿਆ। ਹੁਣ ਉਦੇ ਸ਼ੰਕਰ ਹਾਂ ਕਰਨੀ ਸੀ। ਓਹ ਵੀ ਮੰਨ ਗਿਆ। ਖ਼ਬਰੇ ਵਡਕਿਆਂ ਦੀ ਕੋਈ ਚੰਗੀ ਕੀਤੀ ਮੇਰੇ ਕੰਮ ਆਈ ਤੇ ਮੈਨੂੰ ਬਾਹਮਣ ਜਵਾਈ ਲਭ ਗਿਆ।

ਖ਼ਾਨ ਸਾਹਿਬ ਨੂੰ ਆਮ ਦੁਨੀਆ 1952 ਵਿੱਚ ਜਾਨਣ ਲੱਗੀ। ਸਰਕਾਰ ਨੇ ਓਹਨਾਂ ਨੂੰ ਐਵਾਰਡ ਦਿੱਤਾ ਫੇਰ ਪਦਮ ਭੂਸ਼ਨ ਵੀ ਹੋ ਗਏ। ਓਹ ਉਂਜੇ ਸੰਗੀਤ ਦੀ ਭੇਤਕਾਰੀ ਵਿੱਚ ਡੁੱਬੇ ਰਹੇ। ਬੂਟੇ ਲਾਣ ਦਾ ਵੀ ਬੜਾ ਸ਼ੌਕ ਸਨ ਨੇਂ। ਵੰਨ-ਸਵੰਨੇ ਰੁੱਖ ਲਾਏ ਹੋਏ ਸਨ। ਵੇਖ-ਵੇਖ ਰਾਜ਼ੀ ਹੋਂਦੇ।

ਮੁਸਲਮਾਨ ਸੰਗੀਤਕਾਰਾਂ ਦੇ ਜੰਮਣ ਵਾਰ ਦਾ ਰੌਲ਼ਾ ਈ ਰਹਿੰਦਾ ਏ। ਲਿਖਤ-ਪੜ੍ਹਤ ਨਹੀਂ ਹੋਂਦੀ, ਨਾ ਕੁਝ ਸਾਂਭਿਆ ਹੋਂਦਾ ਏ। 1948 ਵਿੱਚ ਖ਼ਾਨ ਸਾਹਿਬ ਮੈਨੂੰ ਦੱਸਿਆ ਅਖੇ ਮੈਂ 1869 ਵਿੱਚ ਹੋਇਆ ਸਾਂ। 1955-56 ਵਿੱਚ ਕਹਿਣ ਲੱਗੇ ਏਸ ਤੋਂ ਵੀ ਪਹਿਲਾਂ ਦਾ ਆਂ। 1962 ਵਿੱਚ ਸੌ ਵਰ੍ਹਿਆਂ ਦਾ ਹੋਣ ਦਾ ਆਖ ਦਿੱਤੋ ਨੇਂ। ਅਲੀ ਅਕਬਰ ਖ਼ਾਂ, ਰਵੀ ਸ਼ੰਕਰ ਤੇ ਸ਼ਾਗਿਰਦਾਂ ਰਲ਼ਕੇ ਮੇਹਾਰ ਵਿੱਚ ਓਹਨਾਂ ਦਾ ਸੌਵਾਂ ਵਰ੍ਹਾ ਮਨਾਇਆ।

1971 ਵਿੱਚ ਸਰਕਾਰ ਨੇ ਪਦਮ ਵਿਭੂਸ਼ਨ ਵੀ ਦਿੱਤਾ। 6 ਸਤੰਬਰ 1972 ਨੂੰ ਓਹ ਬੀਮਾਰੀ ਭੋਗਕੇ ਏਸ ਦੁਨੀਆ ਤੋਂ ਉਡਾਰੀ ਕਰ ਗਏ।

*ਸੰਪਰਕ- 89683-43252*